**Thinking Real Estate?**
**BUYERS** we'll find the right home for you.
We have a common goal: Making you a homeowner.
**SELLERS** we know your local markets
COLDWELL BANKER
Residential Brokerage
*Pradeep Singh*
847-322-5832
iShowHomes@Yahoo.com
www.Tajhomegroup.com
20 S. Roselle Rd.,
Schaumburg, IL 60193

**BIG BAZAAR**
Grocery, Sweets & Catering
5425 E. Thompson Rd. Indianapolis IN 46237
*Fresh Vegetables Every Thursday
Buffet Mon to Sat. 11am to 3pm
Sunday 2pm to 7pm
*Book your catering now.
Ask for, Baljinder S. Ben Ph: 317-640-2400
Like our Facebook page: BigBazaarIndianGrocery

**Buying/Selling *in Michigan***
All types of Residential & Commercial properties. Gas Stations, Liquor Stores, Hotels, Plazas, Truck Terminals etc.
All types of loans.
Landmark Realty
40600 Ann Arbor Rd., Suite# 150,
Plymouth, MI 48170
Call: 734-751-4455
rajsshergill@yahoo.com
Raj Shergill
*Associate Broker*

Twenty First Year of Publication
ਮਿਡਵੈਸਟ ਐਡੀਸ਼ਨ
Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 21, Issue 51, December 19, 2020 | 20451 N. Plum Grove Rd., Palatine, IL 60074 | Ph:847-359-0746, Fax:847-705-9388

# ਕਿਸਾਨ ਅੰਦੋਲਨ: ਕੁੰਢੀਆਂ ਦੇ ਸਿੰਗ ਫਸ ਗਏ...

## ਇਕ ਪਾਸੇ ਖੇਤਾਂ ਦੇ ਪੁੱਤ ਤੇ ਦੂਜੇ ਪਾਸੇ ਵਪਾਰੀਆਂ ਦੇ ਖੈਰ-ਖਵਾਹ



**ਚੰਡੀਗੜ੍ਹ:** ਮੋਦੀ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਖਿਲਾਫ ਉਠੀ ਰੋਹ ਦੀ ਲਹਿਰ ਫਿਲਹਾਲ ਕਿਸੇ ਤਣ-ਪੱਤਣ ਲੱਗਦੀ ਨਜ਼ਰ ਨਹੀਂ ਆ ਰਹੀ। ਕਿਸਾਨ ਜਥੇਬੰਦੀਆਂ ਤਿੰਨੇ ਕਾਨੂੰਨ ਨੂੰ ਰੱਦ ਕੀਤੇ ਬਿਨਾਂ ਹੋਰ ਕੋਈ ਗੱਲ ਕਰਨ ਲਈ ਤਿਆਰ ਨਹੀਂ ਅਤੇ ਸਰਕਾਰ ਦੀ ਸੂਈ ਸੋਧਾਂ ਵਾਲੀ ਰਟ ਉਤੇ ਅੜ ਗਈ ਹੈ। ਮੌਜੂਦਾ ਹਾਲਾਤ ਇਹ ਹਨ ਕਿ ਦੋਵਾਂ ਧਿਰਾਂ ਵਿਚਕਾਰ ਗੱਲਬਾਤ ਰੁਕੀ ਹੋਈ ਹੈ। ਇਸ ਸਮੇਂ ਕਿਸਾਨ, ਸੰਘਰਸ਼ ਨੂੰ ਹੋਰ ਤਿੱਖਾ ਕਰਕੇ ਕੇਂਦਰ ਨੂੰ ਸੇਕਾ ਦੇਣ ਦੀਆਂ ਰਣਨੀਤੀਆਂ ਬਣਾ ਰਹੇ ਹਨ ਅਤੇ ਦੂਜੇ ਬੰਨੇ, ਸਰਕਾਰ ਕਿਸਾਨਾਂ ਨੂੰ ਬੈਠ ਕੇ ਮਸਲਾ ਨਿਬੇੜਨ ਦੇ ਸੱਦੇ ਦੇ ਨਾਲ-ਨਾਲ ਅੰਦਰਖਾਤੇ ਸੰਘਰਸ਼ ਨੂੰ ਖਾਲਿਸਤਾਨੀਆਂ ਤੇ ਮਾਓਵਾਦੀਆਂ ਨਾਲ ਜੋੜ ਕੇ ਖਦੇੜਨ ਦੀਆਂ ਵਿਉਂਤਾਂ ਘੜ ਰਹੀ ਹੈ।

ਇਸੇ ਦੌਰਾਨ, ਕੇਂਦਰੀ ਮੰਤਰੀ ਕੁਝ ਕਥਿਤ ਭਾਜਪਾ ਹਮਾਇਤੀ ਕਿਸਾਨ ਜਥੇਬੰਦੀਆਂ ਤੋਂ ਕਾਨੂੰਨਾਂ ਦੇ ਹੱਕ ਵਿਚ ਮੰਗ ਪੱਤਰ ਵੀ ਇਕੱਠੇ ਕਰਨ ਵਿਚ ਜੁਟੇ ਹੋਏ ਹਨ। ਕੇਂਦਰ ਸਰਕਾਰ ਨੂੰ ਸਭ ਤੋਂ ਵੱਡਾ ਫਿਕਰ ਭਾਜਪਾ ਹਕੂਮਤਾਂ ਵਾਲੇ ਸੂਬਿਆਂ, ਖਾਸ ਕਰਕੇ ਹਰਿਆਣਾ ਤੋਂ ਕਿਸਾਨ ਸੰਘਰਸ਼ ਨੂੰ ਮਿਲ ਰਹੀ ਹਮਾਇਤ ਦਾ ਹੈ। ਕੁਝ ਦਿਨਾਂ ਤੋਂ ਦੋਵਾਂ ਸੂਬਿਆਂ (ਪੰਜਾਬ-ਹਰਿਆਣਾ) ਵਿਚ ਪਿਛਲੇ ਲੰਮੇ ਸਮੇਂ ਤੋਂ ਚੱਲ ਰਹੇ ਪਾਣੀਆਂ ਦੇ ਵਿਵਾਦ ਨੂੰ ਹਵਾ ਦੇਣਾ ਵੀ ਭਾਜਪਾ ਦੀ ਇਸੇ ਰਣਨੀਤੀ ਨਾਲ ਜੋੜਿਆ ਜਾ ਰਿਹਾ ਹੈ। ਅਸਲ ਵਿਚ, ਕਿਸਾਨ ਸੰਘਰਸ਼ ਨੂੰ ਇੰਨੇ ਵੱਡੇ ਪੱਧਰ ਉਤੇ ਮਿਲੀ ਹਮਾਇਤ ਕਾਰਨ ਭਗਵਾ ਧਿਰ ਅੰਦਰੋਂ ਹਿੱਲ ਗਈ ਹੈ ਤੇ ਮਸਲੇ ਨੂੰ ਛੇਤੀ ਨਿਬੇੜਨ ਲਈ ਹੱਥ ਪੈਰ ਮਾਰ ਰਹੀ ਹੈ। ਇਹੀ ਕਾਰਨ ਹੈ ਕਿ ਕਿਸਾਨ ਨੂੰ ਕਾਨੂੰਨਾਂ ਵਿਚ ਆਪਣੇ ਹਿਸਾਬ ਨਾਲ ਸੋਧ ਕਰਨ ਲਈ ਹਾਕਾਂ ਮਾਰੀਆਂ ਜਾ ਰਹੀਆਂ ਹਨ। ਦੂਜੇ ਪਾਸੇ ਕਿਸਾਨਾਂ ਦਾ ਖਦਸ਼ਾ ਹੈ ਕਿ ਇਨ੍ਹਾਂ ਕਾਨੂੰਨਾਂ ਨੂੰ ਜਿੰਨਾ ਮਰਜ਼ੀ ਖੋਖਲਾ ਕਰ ਦਿੱਤਾ ਜਾਵੇ, ਇਹ ਫਿਰ ਵੀ ਕਿਸਾਨੀ ਨੂੰ ਤਬਾਹ ਕਰਨ ਦਾ ਸਾਹ-ਸਤ ਰੱਖਦੇ ਹਨ। ਇਸ ਲਈ ਇਨ੍ਹਾਂ ਦੇ ਪੱਕੇ ਨਿਬੇੜੇ ਨਾਲ ਹੀ ਗੱਲ ਮੁੱਕਣੀ ਹੈ।

ਕਿਸਾਨ ਜਥੇਬੰਦੀਆਂ ਹੁਣ ਇਹ ਗੱਲ ਖੁੱਲ੍ਹ ਕੇ ਆਖਣ ਲੱਗੀਆਂ ਹਨ ਕਿ ਉਹ ਵੇਲੇ ਲੰਘ ਚੁੱਕਾ ਹੈ ਕਿ ਕਿ ਕੁਝ ਆਗੂ ਅੰਦਰ ਵੜ ਕੇ ਸਰਕਾਰ ਨਾਲ ਗੱਲ ਨਿਬੇੜ ਆਉਣ। ਸੰਘਰਸ਼ ਦਾ ਵੱਡਾ ਹਿੱਸਾ ਉਹ ਲੋਕ ਹਨ ਜੋ ਆਪ ਮੁਹਾਰੇ ਹੀ ਕਿਸਾਨੀ ਤੇ ਪੰਜਾਬ ਦੇ ਹੱਕਾਂ ਲਈ ਆ ਖੜ੍ਹੇ ਹੋਏ ਹਨ। ਗੱਲ ਹੁਣ ਸੂਬੇ ਦੇ ਸੰਵਿਧਾਨਕ ਹੱਕਾਂ ਦੀ ਹੈ ਤੇ ਕਾਨੂੰਨਾਂ ਨੂੰ ਰੱਦ ਕਰਵਾ ਕੇ ਮੋਦੀ ਹਕੂਮਤ ਨੂੰ ਇਹ ਸਖਤ ਸੁਨੇਹਾ ਦੇਣ ਹੈ ਕਿ ਉਹ ਮੁੜ ਕੇ ਸੰਘੀ ਢਾਂਚੇ ਨੂੰ ਤਬਾਹ ਕਰਨ ਵਾਲੀ ਸੋਚ ਛੱਡ ਦੇਵੇ। ਉਧਰ, ਇਸ ਮਸਲੇ ਉਤੇ ਨਜ਼ਰ ਰੱਖ ਰਹੇ ਸਿਆਸੀ ਮਾਹਰ ਵੀ ਰਾਇ ਰੱਖਣ ਲੱਗੇ ਹਨ ਕਿ ਸਰਕਾਰ ਕੋਲ ਵੇਲਾ ਸੀ ਕਿ ਉਹ ਇਹ ਮਸਲਾ ਆਪਣੀ ਸਿਆਣਪ ਨਾਲ ਨਿਬੇੜ ਲੈਂਦੀ ਪਰ ਹੁਣ ਬਾਜ਼ੀ ਕਿਸਾਨਾਂ ਹੱਥ ਹੈ ਤੇ ਉਨ੍ਹਾਂ ਦੀ 'ਅੜੀ' ਅੱਗੇ ਝੁਕਣ ਦੇ ਸਿਵਾਏ ਕੋਈ ਚਾਰਾ ਨਹੀਂ ਬਚਿਆ।

ਅਸਲ ਵਿਚ, ਪਹਿਲਾਂ ਤਾਂ ਕੇਂਦਰ ਸਰਕਾਰ ਇਸ ਅੰਦੋਲਨ ਦੀ ਅਣਦੇਖੀ ਕਰਦੀ ਰਹੀ ਪਰ ਸਮਾਂ ਬੀਤਣ ਨਾਲ ਉਸ ਨੂੰ ਕਿਸਾਨ ਵਰਗ ਵਿਚ ਉਠੇ ਇਸ ਰੋਹ ਦਾ ਅਹਿਸਾਸ ਹੋਣਾ ਸ਼ੁਰੂ ਹੋਇਆ। ਕਿਸਾਨ ਜਥੇਬੰਦੀਆਂ ਨਾਲ ਕੇਂਦਰੀ ਮੰਤਰੀਆਂ ਦੀਆਂ ਹੋਈਆਂ ਲੰਮੀਆਂ ਤੇ ਵਿਸਥਾਰਤ ਮੀਟਿੰਗਾਂ ਇਸੇ ਕੜੀ ਦਾ ਹਿੱਸਾ ਹਨ। ਚਾਹੇ ਇਹ ਵੱਡੀ ਹੱਦ ਤੱਕ ਬੇਸਿੱਟਾ ਰਹੀਆਂ ਹਨ

***(ਬਾਕੀ ਸਫਾ 6 ਉਤੇ)***

## ਸਿੱਖਾਂ ਨਾਲ ਮੋਦੀ ਦੇ 'ਨਿੱਘੇ ਰਿਸ਼ਤਿਆਂ' ਨੂੰ ਉਭਾਰਨ ਦੀ ਕੋਸ਼ਿਸ਼

**ਨਵੀਂ ਦਿੱਲੀ:** ਪੰਜਾਬ ਵਿਚੋਂ ਕੇਂਦਰੀ ਹਕੂਮਤ ਖਿਲਾਫ ਉਠੀ ਰੋਹ ਦੀ ਲਹਿਰ ਪਿੱਛੋਂ ਮੋਦੀ ਹਕੂਮਤ ਨੇ ਸਿੱਖਾਂ ਉਤੇ ਡੋਰੇ ਪਾਉਣੇ ਸ਼ੁਰੂ ਕਰ ਦਿੱਤੇ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਗੁਜਰਾਤ ਦੇ ਕੱਛ ਜ਼ਿਲ੍ਹੇ ਵਿਚ ਵੱਸੇ ਸਿੱਖ ਕਿਸਾਨਾਂ ਨਾਲ ਭੁੰਜੇ ਬੈਠ ਕੇ ਗੱਲਬਾਤ ਨੂੰ ਇਸੇ ਕੜੀ ਨਾਲ ਜੋੜਿਆ ਜਾ ਰਿਹਾ ਹੈ। ਇਸ ਤੋਂ ਪਹਿਲਾਂ ਇੰਡੀਅਨ ਰੇਲਵੇ ਕੈਟਰਿੰਗ ਐਂਡ ਟੂਰਿਜ਼ਮ ਕਾਰਪੋਰੇਸ਼ਨ (ਆਈ. ਆਰ. ਸੀ. ਟੀ. ਸੀ.) ਨੇ 8 ਦਸੰਬਰ ਤੋਂ 12 ਦਸੰਬਰ ਵਿਚਾਲੇ ਆਪਣੇ ਗਾਹਕਾਂ ਨੂੰ ਤਕਰੀਬਨ ਦੋ ਕਰੋੜ ਈਮੇਲਾਂ ਭੇਜੀਆਂ ਹਨ, ਜਿਸ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਸਿੱਖ ਭਾਈਚਾਰੇ ਦੇ ਹੱਕ ਵਿਚ ਕੀਤੇ 13 ਫੈਸਲਿਆਂ ਦੀ ਸੂਚੀ ਦਿੱਤੀ ਗਈ ਹੈ। ਆਈ.ਆਰ.ਸੀ.ਟੀ.ਸੀ., ਰੇਲਵੇ ਦਾ ਸਰਕਾਰੀ ਮਾਲਕੀ ਵਾਲਾ ਅਦਾਰਾ ਹੈ, ਜਿਸ ਨੇ ਆਪਣੇ ਗਾਹਕਾਂ ਨੂੰ 47 ਪੰਨਿਆਂ ਦਾ ਕਿਤਾਬਚਾ 'ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਸ ਦੀ ਸਰਕਾਰ ਨਾਲ ਸਿੱਖਾਂ ਦੇ ਵਿਸ਼ੇਸ਼ ਸਬੰਧ' ਭੇਜਿਆ ਹੈ ਜੋ ਲੋਕਾਂ ਨੂੰ ਬਿਲਾਂ ਬਾਰੇ ਜਾਗਰੂਕ ਕਰਨ ਅਤੇ ਉਸ ਬਾਰੇ ਫੈਲੇ ਭੁਲੇਖਿਆਂ ਨੂੰ ਦੂਰ ਕਰਨ ਦੀ ਸਰਕਾਰ ਦੀ 'ਲੋਕ ਹਿੱਤ' ਸੋਚ ਦਾ ਹਿੱਸਾ ਹੈ। ਇਹ ਕਿਤਾਬਚੇ ਹਿੰਦੀ, ਅੰਗਰੇਜ਼ੀ ਅਤੇ ਪੰਜਾਬੀ ਵਿਚ ਹਨ।



**India Palace Restaurant**
And Banquet Hall
*Restaurant-Fine Indian Cuisine*
4213 Lafayette Road, Indianapolis, IN
(Ph:317-298-0773)
Banquet Hall Available Up to 550 People
**Amber Indian Restaurant**
*Restaurant-Fine Indian Cuisine*
12510 N. Meridian St.,
Carmel, IN
Ph: 317-580-0828
We do private party's & catering at your home or business.
*Call, Lakhvir S. Johal*
*Ph: 317-709-7800*
www.indianpalaceindy.com
www.AmberIndianRestaurantCarmel.com

**WorldWide Travel, Inc**
ਅੱਜ ਹੀ ਕਾਲ ਕਰੋ
24 ਘੰਟੇ ਐਮਰਜੈਂਸੀ ਸੇਵਾ
ਦਿੱਲੀ $895
ਟੈਕਸ ਸਮੇਤ
734 838 9998
Fare shown above is for departure from Jan 15th, 2020 and subject to availability, other conditions apply. Please call for more details

REGAL'S KLUB
The Outlet Store
Find Us On
Etsy
www.RegalsKlub.com
ਸਭ ਤੋਂ ਪਹਿਲਾ ਸੋਨੇ ਦਾ ਆੱਨਲਾਈਨ ਆਊਟਲੈੱਟ ਸਟੋਰ
ਘੱਟ ਕੀਮਤ • ਜਿਆਦਾ ਸੋਨਾ • ਮੁਫ਼ਤ ਡਲਿਵਰੀ
First Ever Gold Online Outlet Store
Low Price • More Gold • Free Delivery
RAJVEER SINGH GILL
ਰਾਜਵੀਰ ਸਿੰਘ ਗਿੱਲ
REGALSKLUB@GMAIL.COM
847·907·1525

# ਸ਼ਿਕਾਗੋ 'ਚ ਕਿਸਾਨਾਂ ਦੇ ਹੱਕ ਵਿਚ ਤੇ ਖੇਤੀ ਕਾਨੂੰਨਾਂ ਖਿਲਾਫ ਰੈਲੀ

**ਸ਼ਿਕਾਗੋ (ਬਿਊਰੋ):** 'ਸ਼ਿਕਾਗੋ ਐਨ. ਆਰ. ਆਈ. ਫਾਰ ਫਾਰਮਰਜ਼' ਗਰੁੱਪ ਅਤੇ ਸਿੱਖ ਤੇ ਸਾਊਥ ਏਸ਼ੀਅਨ ਭਾਈਚਾਰਿਆਂ ਦੇ ਪ੍ਰਤੀਨਿਧਾਂ ਨੇ ਲੰਘੇ ਐਤਵਾਰ ਕੜਾਕੇ ਦੀ ਠੰਢ ਵਿਚ ਚਾਰ ਸੌ ਤੋਂ ਵੱਧ ਦਾ ਵੱਡਾ ਇਕੱਠ ਕਰ ਕੇ ਭਾਰਤ ਵਿਚ ਕਿਸਾਨਾਂ ਖਿਲਾਫ ਪਾਸ ਕੀਤੇ ਗਏ ਖੇਤੀ ਬਿਲਾਂ ਦੇ ਵਿਰੋਧ ਵਿਚ ਸਫਲ ਰੈਲੀ ਕੀਤੀ। ਵਧੇਰੇ ਖਿਚ ਦੀ ਗੱਲ ਇਹ ਸੀ ਕਿ ਸਿੱਖ ਯੂਥ ਨੇ ਅੱਗੇ ਹੋ ਕੇ ਰੈਲੀ ਦੀ ਵਾਗਡੋਰ ਸੰਭਾਲੀ। ਪੂਰਾ ਤਸੱਲੀਯੋਗ ਪਲਾਨ ਤੇ ਇੰਤਜ਼ਾਮ ਨੌਜਵਾਨ ਲੜਕੇ ਤੇ ਲੜਕੀਆ ਨੇ ਕੀਤਾ, ਜੋ ਆਪਣੇ ਆਪਣੇ ਖੇਤਰ ਵਿਚ ਮਾਹਿਰ ਕਿੱਤੇ ਵਿਚ ਡਟੇ ਹੋਏ ਹਨ, ਪਰ ਉਨ੍ਹਾਂ ਦੇ ਹਿਰਦੇ ਵਿਚ ਨਾਇਨਸਾਫੀ ਖਿਲਾਫ ਇਨਕਲਾਬ ਦੀ ਅੱਗ ਭੜਕ ਰਹੀ ਹੈ। ਜ਼ਿਕਰਯੋਗ ਹੈ ਕਿ ਦਿੱਲੀ ਤੇ ਭਾਰਤ ਦੇ ਹੋਰ ਵੱਡੇ ਸ਼ਹਿਰਾਂ ਵਿਚ ਕਿਸਾਨ ਅੰਦੋਲਨ 'ਤੇ ਬੈਠੇ ਹਨ ਤੇ ਹੋਰ ਵਰਗਾਂ ਦੇ ਲੋਕ ਵੀ ਇਨ੍ਹਾਂ ਦੀ ਮਦਦ 'ਤੇ ਆ ਖੜ੍ਹਾ ਹੋਏ ਹਨ ਤੇ ਗੁਹਾਰ ਪਾ ਰਹੇ ਹਨ ਕਿ ਇਹ ਕਾਨੂੰਨ ਨਾ ਸਿਰਫ ਗੈਰ-ਕਾਨੂੰਨੀ ਹਨ, ਸਗੋਂ ਪੂੰਜੀਪਤੀਆਂ ਦਾ ਆਮ ਇਨਸਾਨ ਨਾਲ ਸਰਾਸਰ ਧੱਕਾ ਹੈ। ਭਾਰਤ ਦੀ ਸੁਪਰੀਮ ਕੋਰਟ ਦੀ ਬਾਰ ਕੌਂਸਲ ਤੇ ਉਸ ਦੀਆਂ ਸ਼ਾਖਾਵਾਂ, ਦਿੱਲੀ ਹਾਈ ਕੋਰਟ ਦੀ ਬਾਰ ਕੌਂਸਲ, ਪੰਜਾਬ ਤੇ ਹਰਿਆਣਾ ਹਾਈ ਕੋਰਟ ਦੀ ਬਾਰ ਕੌਂਸਲ ਇਨ੍ਹਾਂ ਕਾਨੂੰਨਾਂ ਨੂੰ ਗੈਰ ਕਾਨੂੰਨੀ ਕਰਾਰ ਦੇ ਚੁਕੀਆਂ ਹਨ, ਪਰ ਕੇਂਦਰ ਸਰਕਾਰ ਇਨ੍ਹਾਂ ਕਾਨੂੰਨਾਂ ਨੂੰ ਕਿਸਾਨ ਹਿੱਤ ਕਰਾਰ ਦੇਣ 'ਤੇ ਤੁਲੀ ਹੋਈ ਹੈ।




ਸ਼ਿਕਾਗੋ ਦੇ ਡਾਊਨ ਟਾਊਨ ਵਿਚ ਕਰੀਬ ਦੋ ਘੰਟੇ ਹੋਈ ਰੈਲੀ ਪੂਰੀ ਦੀ ਪੂਰੀ ਸ਼ਾਂਤਮਈ ਤੇ ਜੋਸ਼ ਭਰਪੂਰ ਸੀ। ਰੈਲੀ ਵਿਚ ਨੇੜਲੇ ਸੂਬਿਆਂ ਵਿਸਕਾਨਸਿਨ, ਇੰਡੀਆਨਾ, ਮਿਸ਼ੀਗਨ ਤੇ ਓਹਾਇਓ ਤੋਂ ਵੀ ਲੋਕਾਂ ਨੇ ਸ਼ਮੂਲੀਅਤ ਕੀਤੀ। ਕਰੋਨਾ ਦੇ ਡਰ ਕਰ ਕੇ ਬਜੁਰਗਾਂ ਦੀ ਸ਼ਮੂਲੀਅਤ ਘੱਟ ਸੀ, ਪਰ ਬੱਚਿਆਂ ਨੇ ਇਸ ਰੈਲੀ ਵਿਚ ਵਧ ਚੜ੍ਹ ਕੇ ਹਿੱਸਾ ਲਿਆ। ਲੋਕਾਂ ਦੇ ਗੂੜ੍ਹੇ ਹਰੇ ਰੰਗ ਦੀਆਂ ਪੱਗਾਂ ਬੰਨ੍ਹੀਆਂ ਤੇ ਬੀਬੀਆਂ ਨੇ ਚੁੰਨੀਆਂ ਲਈਆਂ ਹੋਈਆਂ ਸਨ। ਬਹੁਤਿਆਂ ਨੇ ਡੌਲਿਆਂ 'ਤੇ ਗੂੜ੍ਹੇ ਹਰੇ ਕਿਸਾਨੀ ਰੰਗ ਦੇ ਰੀਬਨ ਬੰਨ੍ਹੇ ਹੋਏ ਸਨ।







ਰੈਲੀ ਦੀ ਸ਼ੁਰੂਆਤ ਕਰੀਬ ਇਕ ਵਜੇ ਗੁਰਦੁਆਰਾ ਵ੍ਹੀਟਨ ਦੇ ਹੈਡ ਗ੍ਰੰਥੀ ਭਾਈ ਮਹਿੰਦਰ ਸਿੰਘ ਨੇ ਅਰਦਾਸ ਨਾਲ ਕੀਤੀ। ਉਪਰੰਤ ਜੈਕਾਰੇ 'ਤੇ ਜੈਕਾਰੇ ਵੱਜਣ ਨਾਲ ਉਚੀਆਂ ਇਮਾਰਤਾਂ ਗੂੰਜ ਉਠੀਆਂ। ਰੈਲੀ ਸ਼ਿਕਾਗੋ ਦੀ ਮਸ਼ਹੂਰ ਇਮਾਰਤ ਫੈਡਰਲ ਪਲਾਜ਼ਾ 'ਤੇ ਕੀਤੀ ਗਈ ਤੇ ਇਮਾਰਤ ਦਾ ਵਿਹੜਾ ਇਕੱਠ ਨਾਲ ਪੂਰਾ ਭਰ ਗਿਆ ਸੀ। 'ਜੈ ਜਵਾਨ, ਜੈ ਕਿਸਾਨ', 'ਨੋ ਫਾਰਮਰਜ਼, ਨੋ ਫੂਡ', 'ਕਿਸਾਨ-ਮਜ਼ਦੂਰ ਏਕਤਾ ਜ਼ਿੰਦਾਬਾਦ', 'ਇਨਕਲਾਬ ਜ਼ਿੰਦਾਬਾਦ', 'ਦੇਗ ਤੇਗ ਫਤਹਿ' ਆਦਿ ਜੈਕਾਰੇ ਪੂਰੇ ਜੋਸ਼ ਨਾਲ ਵੱਜਦੇ ਰਹੇ। ਨੇੜਿਓਂ ਲੰਘਦੀਆਂ ਬੱਸਾਂ ਤੇ ਕਾਰਾਂ ਵਾਲਿਆਂ ਨੇ ਹਮਾਇਤ ਪ੍ਰਗਟਾਉਣ ਲਈ ਹਾਰਨ ਵਜਾਏ। ਕੁਝ ਲੋਕ ਸਿਹਤ ਕਰਕੇ ਜਾਂ ਠੰਢ ਕਰਕੇ ਕਾਰਾਂ ਵਿਚ ਤਖਤੀਆਂ ਲੈ ਕੇ ਚੱਕਰ ਲਾਉਂਦੇ ਰਹੇ। ਜਿਹੜੇ ਲੋਕ ਭਾਰਤ ਵਿਚ ਕਿਸਾਨ ਅੰਦੋਲਨ ਵਿਚ ਜਾਨਾਂ ਗਵਾ ਗਏ ਹਨ, ਉਨ੍ਹਾਂ ਨਮਿਤ ਉਨ੍ਹਾਂ ਦੀਆਂ ਫੋਟੋਆਂ ਫੁੱਲਾਂ ਸਮੇਤ ਸਟੈਂਡਾਂ 'ਤੇ ਲਾਈਆਂ ਗਈਆਂ ਸਨ।

ਇਸ ਮੌਕੇ ਗੁਰਮੁਖ ਸਿੰਘ ਭੁੱਲਰ ਨੇ ਵੱਖ ਵੱਖ ਸਟੇਟਾਂ ਤੋਂ ਆਏ ਸੱਜਣਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਪ੍ਰੋਗਰਾਮ ਸਿਰਫ ਨਵੇਂ ਖੇਤੀ ਕਾਨੂੰਨਾਂ ਦੇ ਖਿਲਾਫ ਅਤੇ ਕਿਸਾਨ ਸੰਘਰਸ਼ ਦੀ ਹਮਾਇਤ ਵਿਚ ਹੈ ਅਤੇ ਇਹ ਕਿਸੇ ਰਾਜਨੀਤਿਕ ਜਾਂ ਧਾਰਮਿਕ ਏਜੰਡੇ 'ਤੇ ਨਹੀਂ ਹੈ। ਉਨ੍ਹਾਂ ਭਾਰਤ ਵਿਚ ਕਿਸਾਨ ਸੰਘਰਸ਼ ਵਿਚ ਆਪਣੇ ਯੋਗਦਾਨ ਪਾ ਰਹੇ ਬਜੁਰਗਾਂ ਦੇ ਜਜ਼ਬੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਹੱਕਾਂ ਦੀ ਜੰਗ ਹੁਣ ਇਕੱਲੇ ਕਿਸਾਨਾਂ ਦੀ ਨਹੀਂ ਰਹਿ ਗਈ, ਸਗੋਂ ਇਸ ਕਾਫਲੇ ਵਿਚ ਉਹ ਕਿਰਤੀ ਮਜ਼ਦੂਰ ਤੇ ਹੋਰ ਵਰਗਾਂ ਦੇ ਲੋਕ ਵੀ ਸ਼ਾਮਲ ਹੋ ਗਏ ਹਨ, ਜੋ ਰੋਜ਼ੀ-ਰੋਟੀ ਲਈ ਲੜ ਰਹੇ ਹਨ। ਅਜਿਹੀਆਂ ਲਹਿਰਾਂ ਸਾਨੂੰ ਬੜਾ ਕੁਝ ਸਿਖਾ ਜਾਂਦੀਆਂ ਹਨ। ਉਨ੍ਹਾਂ ਰੈਲੀ ਦੌਰਾਨ ਕਿਸੇ ਵੀ ਤਰ੍ਹਾਂ ਦਾ ਮਤਭੇਦ ਭੁਲਾ ਕੇ ਤਹੱਮਲ ਨਾਲ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ।

ਇਸ ਮੌਕੇ ਕੁਝ ਬੁਲਾਰਿਆਂ ਨੇ ਨਵੇਂ ਖੇਤੀ ਕਾਨੂੰਨਾਂ ਤੇ ਧੱਕੇਸ਼ਾਹੀ ਬਾਰੇ ਲੋਕਾਂ ਨਾਲ ਜਾਣਕਾਰੀ ਸਾਂਝੀ ਕੀਤੀ। ਕਾਰਪੋਰੇਟ ਵਕੀਲ ਕਿਰਨ ਕੌਰ ਗਿੱਲ ਨੇ ਕਾਨੂੰਨਾਂ ਬਾਰੇ ਸੰਖੇਪ ਜਾਣਕਾਰੀ ਦਿੱਤੀ। ਸਵਰਾਜ ਅਭੀਮਾਨ ਸ਼ਿਕਾਗੋ ਦੀ ਮੋਤਿਕਾ ਅਨੰਦ ਨੇ ਭਾਰਤੀ ਹਕੂਮਤ ਦੀ ਘੱਟ ਗਿਣਤੀਆਂ ਨਾਲ ਵਧੀਕੀਆਂ 'ਤੇ ਚਾਨਣਾ ਪਾਇਆ। ਅਮਨੀਤ ਕੌਰ ਨੇ ਸਿੱਖ ਵਿਰਸੇ ਦੀ ਮਹੱਤਤਾ ਬਾਰੇ ਦੱਸਿਆ ਕਿ ਸਿੱਖ ਨਾਇਨਸਾਫੀ ਖਿਲਾਫ ਹਮੇਸ਼ਾ ਡਟੇ ਰਹੇ ਹਨ, ਭਾਵੇਂ ਜਾਨ-ਧੜ ਦੀ ਬਾਜੀ ਲੱਗ ਜਾਵੇ। ਦਸੰਬਰ ਦਾ ਮਹੀਨਾ ਵੈਸੇ ਵੀ ਸਿੱਖਾਂ ਨੂੰ ਕੁਰਬਾਨੀਆਂ ਦੀ ਯਾਦ ਦਿਵਾਉਂਦਾ ਹੈ।

ਇੰਡੀਅਨ ਅਮੈਰਿਕਨ ਮੁਸਲਿਮ ਕੌਂਸਲ ਦੀ ਅਮੀਨਾ ਅਹਿਮਦ ਨੇ ਏਕਤਾ ਦਾ ਸੱਦਾ ਦਿੱਤਾ ਕਿ ਮੁਸਲਿਮ ਜਮਾਤ ਇਸ ਅਨਿਆਏ ਖਿਲਾਫ ਪੂਰਾ ਸਮਰਥਨ ਦੇਵੇਗੀ। ਪਰਮਿੰਦਰ ਸਿੰਘ ਮਾਨ ਨੇ ਭਾਜਪਾ ਸਰਕਾਰ ਦਾ ਫਿਰਕਾਪ੍ਰਸਤੀ ਰਵੱਈਆ ਚੇਤੇ ਕਰਵਾਇਆ।

ਰੈਲੀ ਵਿਚ ਕਰੋਨਾ ਨੂੰ ਮੁੱਖ ਰੱਖਦਿਆਂ ਮਾਸਕ ਪਾਉਣ ਦੀ ਜ਼ੋਰਦਾਰ ਅਪੀਲ ਕੀਤੀ ਗਈ। ਮੁਫਤ ਮਾਸਕ ਵੀ ਦਿੱਤੇ ਗਏ। ਠੰਢ ਤੋਂ ਬਚਾਓ ਲਈ ਗਰਮਾ ਗਰਮ ਚਾਹ ਤੇ ਸਮੋਸਿਆਂ ਦਾ ਇੰਤਜ਼ਾਮ ਸੀ। ਆਉਂਦੇ ਸਮੇਂ ਵੀ ਹੋਰ ਰੈਲੀਆਂ ਕਰਨ ਦੀ ਸੰਭਾਵਨਾ ਦਰਸਾਈ ਗਈ। ਰੈਲੀ ਵਿਚ ਪੇਪਰ ਵੀ ਵੰਡੇ ਗਏ, ਜਿਨ੍ਹਾਂ 'ਤੇ ਕਾਨੂੰਨਾਂ ਬਾਰੇ ਜਾਣਕਾਰੀ ਦਿੱਤੀ ਗਈ ਸੀ।





















# ਸਿਆਟਲ 'ਚ ਨੌਜਵਾਨਾਂ ਵਲੋਂ ਰੋਸ ਮੁਜਾਹਰਾ




**ਸਿਆਟਲ:** ਇਥੋਂ ਦੀ ਸਪੇਸ ਨੀਡਲ ਸਾਹਮਣੇ ਕਿਸਾਨਾਂ ਦੇ ਹੱਕ ਵਿਚ ਰੋਸ ਮੁਜਾਹਰਾ ਕੀਤਾ ਗਿਆ ਤੇ ਭਾਰਤ ਸਰਕਾਰ ਨੂੰ ਖੇਤੀ ਨਾਲ ਸਬੰਧਤ ਤਿੰਨੋਂ ਨਵੇਂ ਬਿਲ ਰੱਦ ਕਰਨ ਦੀ ਅਪੀਲ ਕੀਤੀ ਗਈ। ਵੱਖ ਵੱਖ ਯੂਨੀਵਰਸਿਟੀਆਂ, ਕਾਲਜਾਂ ਤੇ ਸਕੂਲਾਂ ਤੋਂ ਇਲਾਵਾ ਮਾਈਕਰੋਸੌਫਟ, ਬੋਇੰਗ, ਐਮਾਜ਼ਾਨ, ਸਟਾਰਬਕ ਕਾਫੀ, ਟੀ-ਮੋਬਾਈਲ ਤੇ ਇਨਸਾਈਕਲੋਪੀਡੀਆ ਵਿਚ ਉਚ ਅਹੁਦਿਆਂ 'ਤੇ ਕੰਮ ਕਰ ਰਹੇ ਹਜ਼ਾਰ ਤੋਂ ਵੱਧ ਨੌਜਵਾਨ ਮੁੰਡੇ-ਕੁੜੀਆਂ ਨੇ ਰੋਸ ਮੁਜਾਹਰੇ ਵਿਚ ਸ਼ਾਮਲ ਹੋ ਕੇ 'ਜੈ ਜਵਾਨ, ਜੈ ਕਿਸਾਨ' ਅਤੇ 'ਕਿਸਾਨ ਏਕਤਾ ਜ਼ਿੰਦਾਬਾਦ' ਦੇ ਨਾਅਰੇ ਲਾਏ।

ਇਸ ਮੌਕੇ ਵੱਖ ਵੱਖ ਬੁਲਾਰਿਆਂ ਨੇ ਭਾਰਤ ਸਰਕਾਰ ਵਲੋਂ ਕਿਸਾਨਾਂ ਨਾਲ ਧੱਕੇ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਕਿਸਾਨਾਂ ਦੇ ਬੱਚੇ ਹੀ ਅਮੀਰਕਾ-ਕੈਨੇਡਾ ਦੇ ਵੱਖ ਵੱਖ ਸ਼ਹਿਰਾਂ ਵਿਚੋਂ ਪਹੁੰਚ ਕੇ ਰੋਸ ਮੁਜਾਹਰੇ ਕਰ ਰਹੇ ਹਨ। ਸਿਆਟਲ ਦੇ ਮੁਜਾਹਰੇ ਵਿਚ ਨੌਜਵਾਨਾਂ ਨੇ ਭਾਰਤ ਸਰਕਾਰ 'ਤੇ ਏਕਤਾ ਭੰਗ ਕਰਨ ਦਾ ਦੋਸ਼ ਲਾਇਆ ਅਤੇ ਕਿਸਾਨਾਂ ਦਾ ਤਨ, ਮਨ, ਧਨ ਨਾਲ ਸਹਿਯੋਗ ਕਰਨ ਦੀ ਗੱਲ ਕਹੀ।

# ਸੰਘਰਸ਼ ਨੂੰ ਖਾਲਿਸਤਾਨੀਆਂ ਤੇ ਮਾਓਵਾਦੀਆਂ ਨਾਲ ਜੋੜਨ ਦੀ ਚੁਫੇਰਿਉਂ ਆਲੋਚਨਾ



**ਨਵੀਂ ਦਿੱਲੀ:** ਕੇਂਦਰ ਸਰਕਾਰ ਵੱਲੋਂ ਕਿਸਾਨੀ ਸੰਘਰਸ਼ ਨੂੰ ਖਾਲਿਸਤਾਨੀਆਂ ਤੇ ਮਾਓਵਾਦੀਆਂ ਨਾਲ ਜੋੜੇ ਜਾਣ ਦੀ ਛੇੜੀ ਮੁਹਿੰਮ ਦੀ ਚੁਫੇਰਿਉਂ ਆਲੋਚਨਾ ਹੋ ਰਹੀ ਹੈ। ਸਾਬਕਾ ਕੇਂਦਰੀ ਮੰਤਰੀ ਤੇ ਸੀਨੀਅਰ ਕਾਂਗਰਸ ਆਗੂ ਪੀ ਚਿਦੰਬਰਮ ਨੇ ਸਵਾਲ ਕੀਤਾ ਹੈ ਕਿ ਜੇਕਰ ਕਿਸਾਨ ਖਾਲਿਸਤਾਨੀ ਜਾਂ ਮਾਓਵਾਦੀ ਹਨ ਤਾਂ ਸਰਕਾਰ ਮੁਜ਼ਾਹਰਾਕਾਰੀਆਂ ਨਾਲ ਗੱਲਬਾਤ ਕਿਉਂ ਕਰ ਰਹੀ ਹੈ। ਸ੍ਰੀ ਚਿਦੰਬਰਮ ਨੇ ਟਵੀਟ ਕੀਤਾ, 'ਕੇਂਦਰ ਸਰਕਾਰ ਦੇ ਮੰਤਰੀ ਖੇਤੀ ਕਾਨੂੰਨਾਂ ਦਾ ਵਿਰੋਧ ਕਰ ਰਹੇ ਮੁਜ਼ਾਹਰਾਕਾਰੀਆਂ ਨੂੰ ਕਦੀ ਖਾਲਿਸਤਾਨੀ, ਕਦੀ ਪਾਕਿਸਤਾਨ ਤੇ ਚੀਨ ਦੇ ਏਜੰਟ, ਕਦੀ ਮਾਓਵਾਦੀ ਅਤੇ ਕਦੀ 'ਟੁਕੜੇ-ਟੁਕੜੇ ਗੈਂਗ' ਨਾਲ ਸਬੰਧਤ ਦੱਸ ਰਹੇ ਹਨ। ਤੁਹਾਡੇ ਅਨੁਸਾਰ ਇਨ੍ਹਾਂ ਹਜ਼ਾਰਾਂ ਮੁਜ਼ਾਹਰਾਕਾਰੀਆਂ 'ਚ ਕੋਈ ਵੀ ਕਿਸਾਨ ਨਹੀਂ ਹੈ। ਜੇਕਰ ਇਥੇ ਕੋਈ ਵੀ ਕਿਸਾਨ ਨਹੀਂ ਹੈ ਤਾਂ ਸਰਕਾਰ ਉਨ੍ਹਾਂ ਨਾਲ ਗੱਲਬਾਤ ਕਿਉਂ ਕਰ ਰਹੀ ਹੈ?'

ਸ਼ਿਵ ਸੈਨਾ ਦੇ ਸੰਸਦ ਮੈਂਬਰ ਸੰਜੇ ਰਾਊਤ ਨੇ ਕੇਂਦਰੀ ਮੰਤਰੀ ਰਾਓਸਾਹਿਬ ਦਾਨਵੇ ਦੀ ਟਿੱਪਣੀ ਕਿ ਕਿਸਾਨਾਂ ਦੇ ਅੰਦੋਲਨ ਪਿੱਛੇ ਚੀਨ ਤੇ ਪਾਕਿਸਤਾਨ ਦਾ ਹੱਥ ਹੈ, ਉਤੇ ਸਖਤ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਜੇਕਰ ਇਸ 'ਚ ਪਾਕਿਸਤਾਨ ਦਾ ਹੱਥ ਹੈ ਤਾਂ ਕੇਂਦਰ ਨੂੰ ਇਸ ਸਬੰਧੀ 'ਸਰਜੀਕਲ ਸਟ੍ਰਾਈਕ' ਕਰਨੀ ਚਾਹੀਦੀ ਹੈ। ਸੰਜੇ ਰਾਊਤ ਨੇ ਕਿਹਾ ਕਿ ਜੇਕਰ ਕੇਂਦਰ ਦਾ ਇਕ ਮੰਤਰੀ ਇਹ ਜਾਣਕਾਰੀ ਦੇ ਰਿਹਾ ਹੈ ਕਿ ਜੋ ਕਿਸਾਨ ਅੰਦੋਲਨ ਚੱਲ ਰਿਹਾ ਹੈ, ਇਸ ਪਿੱਛੇ ਚੀਨ ਤੇ ਪਾਕਿਸਤਾਨ ਦਾ ਹੱਥ ਹੈ ਤਾਂ ਰੱਖਿਆ ਮੰਤਰੀ ਨੂੰ ਤੁਰਤ ਚੀਨ ਅਤੇ ਪਾਕਿਸਤਾਨ ਉਤੇ 'ਸਰਜੀਕਲ ਸਟ੍ਰਾਈਕ' ਕਰਨੀ ਚਾਹੀਦੀ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਆਖਿਆ ਕਿ ਕਿਸਾਨ ਸੰਘਰਸ਼ ਅਤੇ ਕਿਸਾਨਾਂ ਨੂੰ ਵੱਖਵਾਦੀ, ਅਤਿਵਾਦੀ ਅਤੇ ਖਾਲਿਸਤਾਨੀ ਆਖ ਕੇ ਬਦਨਾਮ ਕਰਨ ਵਾਲੇ ਆਗੂਆਂ ਨੂੰ ਕਿਸਾਨਾਂ ਕੋਲੋਂ ਮੁਆਫੀ ਮੰਗਣੀ ਚਾਹੀਦੀ ਹੈ। ਉਨ੍ਹਾਂ ਖਦਸ਼ਾ ਪ੍ਰਗਟਾਇਆ ਕਿ ਕਿਸਾਨ ਸੰਘਰਸ਼ ਨੂੰ ਇਕ ਧਰਮ ਦਾ ਅੰਦੋਲਨ ਦੱਸ ਕੇ ਢਾਹ ਲਾਈ ਜਾ ਸਕਦੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਕਿਸਾਨਾਂ ਨਾਲ ਗੱਲਬਾਤ ਟੁੱਟਣ ਮਗਰੋਂ ਇਸ ਸੰਘਰਸ਼ ਨੂੰ ਬਦਨਾਮ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਕੁਝ ਲੋਕ ਇਨ੍ਹਾਂ ਨੂੰ ਵੱਖਵਾਦੀ, ਅਤਿਵਾਦੀ ਅਤੇ ਖਾਲਿਸਤਾਨੀ ਆਖ ਰਹੇ ਹਨ, ਜੋ ਅਫਸੋਸ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਨੇ ਸਦਾ ਦੇਸ਼ ਦੀ ਸੇਵਾ ਕੀਤੀ ਹੈ ਤੇ ਅੰਨ ਨਾਲ ਦੇਸ਼ ਵਾਸੀਆਂ ਦਾ ਢਿੱਡ ਭਰਿਆ ਹੈ। ਕਿਸਾਨਾਂ ਖਿਲਾਫ ਬਿਆਨ ਦੇਣ ਵਾਲੇ ਆਗੂਆਂ ਨੂੰ ਕਿਸਾਨਾਂ ਕੋਲੋਂ ਮੁਆਫੀ ਮੰਗਣੀ ਚਾਹੀਦੀ ਹੈ।

ਦੱਸ ਦਈਏ ਕਿ ਕੇਂਦਰੀ ਮੰਤਰੀ ਪਿਊਸ਼ ਗੋਇਲ ਨੇ ਦਾਅਵਾ ਕੀਤਾ ਹੈ ਕਿ ਇਹ ਪ੍ਰਦਰਸ਼ਨ ਹੁਣ ਕਿਸਾਨਾਂ ਦਾ ਅੰਦੋਲਨ ਨਹੀਂ ਰਿਹਾ ਕਿਉਂਕਿ ਇਸ ਵਿਚ 'ਖੱਬੇ-ਪੱਖੀ ਅਤੇ ਮਾਓਵਾਦੀ ਤੱਤਾਂ ਨੇ ਘੁਸਪੈਠ' ਕਰ ਲਈ ਹੈ, ਜੋ 'ਦੇਸ਼-ਵਿਰੋਧੀ ਕਾਰਵਾਈਆਂ' ਲਈ ਸਲਾਖਾਂ ਪਿੱਛੇ ਡੱਕੇ ਲੋਕਾਂ ਦੀ ਰਿਹਾਈ ਮੰਗ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਸਪੱਸ਼ਟ ਤੌਰ ਉਤੇ ਸਰਕਾਰ ਵਲੋਂ ਲਿਆਂਦੇ ਖੇਤੀਬਾੜੀ ਸੁਧਾਰਾਂ ਨੂੰ ਲੀਹੋਂ ਲਾਉਣ ਦੀ ਕਾਰਵਾਈ ਸੀ। ਗੋਇਲ ਨੇ ਇਹ ਨਹੀਂ ਦੱਸਿਆ ਕਿ ਸਰਕਾਰ ਵਲੋਂ ਪ੍ਰਦਰਸ਼ਨ ਦੌਰਾਨ ਨਜ਼ਰ ਆਏ ਪਾਬੰਦੀਸ਼ੁਦਾ ਜਥੇਬੰਦੀਆਂ ਦੇ ਕਿਸੇ ਵਿਅਕਤੀ ਖਿਲਾਫ ਕੋਈ ਕਾਰਵਾਈ ਕੀਤੀ ਗਈ ਹੈ ਜਾਂ ਕੀਤੇ ਜਾਣ ਦੀ ਯੋਜਨਾ ਹੈ।

ਉਧਰ, ਖੇਤੀ ਮੰਤਰੀ ਨਰਿੰਦਰ ਸਿੰਘ ਤੋਮਰ ਨੇ ਦਾਅਵਾ ਕੀਤਾ ਹੈ ਕਿ ਕੁਝ 'ਸਮਾਜ ਵਿਰੋਧੀ ਅਨਸਰ' ਕਿਸਾਨਾਂ ਦੇ ਭੇਸ ਵਿਚ ਕਿਸਾਨ ਅੰਦੋਲਨ ਨੂੰ ਖਰਾਬ ਕਰਨ ਦੀਆਂ ਸਾਜ਼ਿਸ਼ਾਂ ਘੜ ਰਹੇ ਹਨ। ਉਨ੍ਹਾਂ ਸੰਘਰਸ਼ ਦੇ ਰਾਹ ਪਏ ਕਿਸਾਨ ਭਾਈਚਾਰੇ ਨੂੰ ਅਪੀਲ ਕੀਤੀ ਕਿ ਉਹ ਚੌਕਸ ਰਹਿਣ ਤੇ ਅਜਿਹੇ ਅਨਸਰਾਂ ਨੂੰ ਆਪਣੇ ਮੰਚ ਦੀ ਵਰਤੋਂ ਨਾ ਕਰਨ ਦੇਣ।

ਤੋਮਰ ਨੇ ਕਿਹਾ ਕਿ ਸਰਕਾਰ ਕਿਸਾਨਾਂ ਪ੍ਰਤੀ ਸੰਵੇਦਨਸ਼ੀਲ ਹੈ ਅਤੇ ਖੇਤੀ ਕਾਨੂੰਨਾਂ ਬਾਰੇ ਉਨ੍ਹਾਂ ਦੇ ਫਿਕਰਾਂ ਨੂੰ ਦੂਰ ਕਰਨ ਲਈ ਉਨ੍ਹਾਂ ਦੇ ਨੁਮਾਇੰਦਿਆਂ ਨਾਲ ਗੱਲਬਾਤ ਕਰ ਰਹੀ ਹੈ। ਵੱਖ-ਵੱਖ ਦੋਸ਼ਾਂ ਤਹਿਤ ਗ੍ਰਿਫਤਾਰ ਕੁਝ ਕਾਰਕੁਨਾਂ/ਬੁੱਧੀਜੀਵੀਆਂ ਨੂੰ ਰਿਹਾਅ ਕਰਨ ਦੀ ਮੰਗ ਨਾਲ ਜੁੜੇ ਕੁਝ ਪੋਸਟਰ ਟਿਕਰੀ ਬਾਰਡਰ ਉਤੇ ਲੱਗੇ ਕਿਸਾਨ ਧਰਨੇ 'ਚ ਦਿਖਾਈ ਦੇਣ ਨਾਲ ਸਬੰਧਤ ਮੀਡੀਆ ਰਿਪੋਰਟ ਟੈਗ ਕਰਦਿਆਂ ਤੋਮਰ ਨੇ ਟਵੀਟ ਕੀਤਾ, 'ਕੁਝ ਗੈਰ ਸਮਾਜੀ ਅਨਸਰ ਕਿਸਾਨਾਂ ਦੇ ਭੇਸ 'ਚ ਕਿਸਾਨ ਅੰਦੋਲਨ ਨੂੰ ਖਰਾਬ ਕਰਨਾ ਚਾਹੁੰਦੇ ਹਨ। ਕਿਸਾਨ ਚੌਕਸ ਰਹਿਣ ਤੇ ਆਪਣਾ ਮੰਚ ਅਜਿਹੇ ਅਨਸਰਾਂ ਨੂੰ ਨਾ ਵਰਤਣ ਦੇਣ।'

## ਢੇਸੀ ਨੇ ਕਿਸਾਨਾਂ ਨੂੰ ਅਤਿਵਾਦੀ ਦੱਸਣ ਦੀ ਕੀਤੀ ਨਿੰਦਾ

**ਚੰਡੀਗੜ੍ਹ:** ਬਰਤਾਨਵੀ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੇ ਕਿਸਾਨਾਂ ਬਾਰੇ ਗੁੰਮਰਾਹਕੁਨ ਪ੍ਰਚਾਰ ਕਰਕੇ ਉਨ੍ਹਾਂ ਨੂੰ ਵੱਖਵਾਦੀ ਤੇ ਅਤਿਵਾਦੀ ਦੱਸਣ ਲਈ ਮੀਡੀਆ ਦੀ ਆਲੋਚਨਾ ਕੀਤੀ ਹੈ। ਢੇਸੀ ਨੇ ਟਵੀਟ ਕੀਤਾ, 'ਤੁਹਾਡੀ ਮੰਦੀ ਸ਼ਬਦਾਵਲੀ ਤੇ ਡਰਾਵੇ ਮੈਨੂੰ ਸੱਚ ਕਹਿਣ ਤੋਂ ਨਹੀਂ ਰੋਕ ਸਕਦੇ।' ਉਨ੍ਹਾਂ ਕਿਹਾ, 'ਕੁਝ ਮੀਡੀਆ ਅਦਾਰੇ ਸ਼ਾਂਤੀਮਈ ਢੰਗ ਨਾਲ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਅਤੇ ਕਿਸਾਨਾਂ ਦੇ ਹੱਕ 'ਚ ਬੋਲਣ ਵਾਲਿਆਂ ਨੂੰ ਵੱਖਵਾਦੀ ਜਾਂ ਅਤਿਵਾਦੀ ਕਹਿ ਰਹੇ ਹਨ। ਤੁਸੀਂ ਆਪਣੇ ਮੁਲਕ ਤੇ ਆਪਣੇ ਪੇਸ਼ੇ ਦਾ ਨੁਕਸਾਨ ਕਰ ਰਹੇ ਹੋ। ਤੁਹਾਡੀ ਮੰਦੀ ਸ਼ਬਦਾਵਲੀ ਤੇ ਡਰਾਵੇ ਮੈਨੂੰ ਸੱਚ ਕਹਿਣ ਤੋਂ ਨਹੀਂ ਰੋਕ ਸਕਦੇ।'

## ਸਰਕਾਰ ਦੀਆਂ ਵੰਡਪਾਊ ਚਾਲਾਂ ਨੂੰ ਪਛਾੜਨ ਦਾ ਸੱਦਾ


**ਨਵੀਂ ਦਿੱਲੀ:** ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਨੇ ਭਾਜਪਾ ਸਰਕਾਰ ਦੀਆਂ ਭੜਕਾਊ ਤੇ ਵੰਡਪਾਊ ਚਾਲਾਂ ਨੂੰ ਜ਼ੋਰ ਨਾਲ ਪਛਾੜਨ ਤੇ ਸੰਘਰਸ਼ ਨੂੰ ਹੋਰ ਤਿੱਖਾ ਕਰਨ ਦਾ ਸੱਦਾ ਦਿੱਤਾ ਹੈ। ਜਥੇਬੰਦੀ ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਕਿ ਮੋਦੀ ਸਰਕਾਰ ਇਕ ਪਾਸੇ ਕਾਨੂੰਨਾਂ ਵਿਚ ਨਿਗੂਣੀਆਂ ਸੋਧਾਂ ਕਰਨ ਦੀ ਤਜਵੀਜ਼ ਪੇਸ਼ ਕਰ ਰਹੀ ਹੈ ਤੇ ਦੂਜੇ ਪਾਸੇ ਕਿਸਾਨ ਸੰਘਰਸ਼ ਬਾਰੇ ਭੜਕਾਊ ਪ੍ਰਚਾਰ ਕਰ ਰਹੀ ਹੈ। ਉਨ੍ਹਾਂ ਵੱਲੋਂ ਬੁੱਧੀਜੀਵੀਆਂ ਦੀ ਰਿਹਾਈ ਦੀ ਮੰਗ ਕਰਨ ਨੂੰ ਨਕਸਲੀਆਂ ਦੀ ਘੁਸਪੈਠ ਕਿਹਾ ਜਾ ਰਿਹਾ ਹੈ, ਕਦੇ ਸੰਘਰਸ਼ ਨੂੰ ਖਾਲਿਸਤਾਨੀਆਂ ਦੇ ਸੰਘਰਸ਼ ਵਜੋਂ ਪੇਸ਼ ਕੀਤਾ ਜਾ ਰਿਹਾ ਹੈ।

## ਕੇਂਦਰ ਸਰਕਾਰ ਦੀਆਂ ਲਿਖਤੀ ਤਜਵੀਜ਼ਾਂ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਅੰਦੋਲਨ ਕਰ ਰਹੇ ਕਿਸਾਨਾਂ ਨੂੰ ਲਿਖਤੀ ਤਜਵੀਜ਼ਾਂ ਭੇਜੀਆਂ ਹਨ ਜਿਸ 'ਚ ਕਿਸਾਨਾਂ ਦੀ ਸਭ ਤੋਂ ਵੱਡੀ ਮੰਗ ਘੱਟੋ-ਘੱਟ ਸਮਰਥਨ ਮੁੱਲ (ਐਮ. ਐਸ. ਪੀ.) ਜਾਰੀ ਰਹਿਣ, ਵਿਵਾਦ ਦੀ ਸੂਰਤ 'ਚ ਅਦਾਲਤ ਜਾਣ ਦਾ ਬਦਲ ਦੇਣ ਦਾ ਲਿਖਤੀ ਭਰੋਸਾ ਦਿੱਤੇ ਜਾਣ ਦੀ ਗੱਲ ਕਹੀ ਗਈ। ਸਰਕਾਰ ਵਲੋਂ ਦਿੱਤੀ ਤਜਵੀਜ਼ 'ਚ ਇਹ ਵੀ ਕਿਹਾ ਗਿਆ ਕਿ ਸਰਕਾਰ ਬਿਜਲੀ (ਸੋਧ) ਬਿੱਲ 2020 ਨਹੀਂ ਲਿਆਵੇਗੀ, ਜਿਸ ਉਤੇ ਕਿਸਾਨ ਜਥੇਬੰਦੀਆਂ ਵਲੋਂ ਇਤਰਾਜ਼ ਪ੍ਰਗਟਾਇਆ ਗਿਆ ਸੀ, ਨਾਲ ਹੀ ਪਰਾਲੀ ਬਾਰੇ ਵੀ ਕਿਸਾਨਾਂ ਦੇ ਸ਼ੰਕੇ ਦੂਰ ਕਰਨ ਨੂੰ ਤਜਵੀਜ਼ਾਂ 'ਚ ਸ਼ਾਮਲ ਕੀਤਾ ਗਿਆ।

MEHAR INSURANCE
Health Insurance
Qualified Health Plans Under Affordable Care Act
Hurry! Only 45 Days.
Open Enrollment From 11-01-2020 to 12-15-2020
We also have short term Medical, Dental & Vision plans.
We are licensed in Indiana, Ohio & Texas.
Contact:
Ph: 317-900-5151
Fax: 317-900-5152
E-Mail: health@meharinsurance.com
Office Address:
12574 Promise Creek Ln.
Suite# 114
Fishers, IN 46038
www.meharinsurance.com

Baljinder Singh Saini

Low Interest Rates in History
No Cost Refinancing Available!

Madan Khatri
NMLS # 1980752
Call Madan Khatri
Ph: 847-530-1550
Madan@MoonstarMortgage.com
An Illinois Mortgage Loan Licensee
Who Can Work With You From Beginning to End!
Call Now For Quote.
Moonstar Mortgage Inc.
NMLS # 217352
Ph: 1-847-278-7220
MOONSTAR Mortgage
Licensed in IL, CA, NJ, IN, and MA
953 Plum Grove Road, Unit B, Schaumburg, IL 60173

Personalized Service-Committed To Quality
Solutions Financial Mortgage Company
Purchase & Refinance Your Home Loans

Cell 312-608-0006
2700 Patriot Blvd., Suite 110
Glenview IL 60026. Direct 312-608-0006
Office: 847-834-0100, Fax: 847-834-0106
AMRIK P. SINGH
Mortgage Loan Originator
NMLS # 232904
Illinois Residential Mortgage Licensee.
Email: asingh@gosfmc.com
Web: www.gosfmc.com

# ਕਿਸਾਨਾਂ ਦਾ ਐਲਾਨ: ਖੇਤੀ ਕਾਨੂੰਨ ਰੱਦ ਕਰਨ ਤੋਂ ਘੱਟ ਕੁਝ ਵੀ ਪ੍ਰਵਾਨ ਨਹੀਂ

**ਨਵੀਂ ਦਿੱਲੀ:** ਪ੍ਰਦਰਸ਼ਨ ਕਰ ਰਹੀਆਂ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਸਾਫ ਕਰ ਦਿੱਤਾ ਹੈ ਕਿ ਉਹ ਸਰਕਾਰ ਨਾਲ ਗੱਲਬਾਤ ਲਈ ਤਿਆਰ ਹਨ ਪਰ ਪਹਿਲਾਂ ਤਿੰਨ ਨਵੇਂ ਖੇਤੀ ਕਾਨੂੰਨ ਰੱਦ ਕਰਨ ਬਾਰੇ ਵਿਚਾਰ ਵਟਾਂਦਰਾ ਕਰਨਗੇ। ਆਗੂਆਂ ਨੇ ਚੱਲ ਰਹੇ ਸੰਘਰਸ਼ ਨੂੰ ਹੋਰ ਤੇਜ਼ ਕਰਨ ਦਾ ਐਲਾਨ ਵੀ ਕੀਤਾ। ਆਗੂਆਂ ਦਾ ਕਹਿਣਾ ਹੈ ਕਿ ਜੇਕਰ ਸਰਕਾਰ ਗੱਲਬਾਤ ਕਰਨਾ ਚਾਹੁੰਦੀ ਹੈ ਤਾਂ ਉਹ ਤਿਆਰ ਹਨ ਪਰ ਤਿੰਨੋਂ ਖੇਤੀ ਕਾਨੂੰਨ ਰੱਦ ਕਰਨ ਦੀ ਸਾਡੀ ਮੁੱਖ ਮੰਗ ਕਾਇਮ ਹੈ। ਇਸ ਪਿਛੋਂ ਹੀ ਅਸੀਂ ਆਪਣੀਆਂ ਹੋਰਨਾਂ ਮੰਗਾਂ ਬਾਰੇ ਚਰਚਾ ਕਰਾਂਗੇ।

ਦੱਸ ਦਈਏ ਕਿ ਕੁਝ ਕਿਸਾਨ ਜਥੇਬੰਦੀਆਂ ਵਲੋਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਹੋਈ ਗੈਰ-ਰਸਮੀ ਗੱਲਬਾਤ ਤੋਂ ਅਗਲੇ ਦਿਨ ਕੇਂਦਰੀ ਖੇਤੀ ਮੰਤਰੀ ਨਰਿੰਦਰ ਸਿੰਘ ਤੋਮਰ ਵਲੋਂ ਨਵੇਂ ਖੇਤੀ ਕਾਨੂੰਨਾਂ ਵਿਚ ਕੁਝ ਸੋਧਾਂ ਦੀ ਤਜਵੀਜ਼ ਪੇਸ਼ ਕੀਤੀ ਗਈ। ਇਨ੍ਹਾਂ ਦਾ ਐਲਾਨ ਉਨ੍ਹਾਂ ਨੇ ਲਿਖਤੀ ਰੂਪ ਵਿਚ ਵੀ ਕਰ ਦਿੱਤਾ। ਉਨ੍ਹਾਂ ਇਹ ਵੀ ਕਿਹਾ ਕਿ ਇਨ੍ਹਾਂ ਸੋਧਾਂ ਦਾ ਆਧਾਰ ਪਿਛਲੇ ਸਮੇਂ ਵਿਚ ਕਿਸਾਨ ਜਥੇਬੰਦੀਆਂ ਨਾਲ ਹੋਈਆਂ ਮੀਟਿੰਗਾਂ ਤੋਂ ਬਾਅਦ ਮੁੱਖ ਰੂਪ ਵਿਚ ਸਾਹਮਣੇ ਆਉਣ ਵਾਲੀਆਂ ਗੱਲਾਂ ਹਨ। ਜਿਨ੍ਹਾਂ ਮੱਦਾਂ ਉਤੇ ਲਗਾਤਾਰ ਇਤਰਾਜ਼ ਕੀਤੇ ਜਾ ਰਹੇ ਸਨ, ਉਨ੍ਹਾਂ ਨੂੰ ਇਨ੍ਹਾਂ ਕਾਨੂੰਨਾਂ 'ਚੋਂ ਹਟਾ ਦਿੱਤਾ ਜਾਵੇਗਾ ਤਾਂ ਜੋ ਕਿਸਾਨਾਂ 'ਚ ਉਠੇ ਸ਼ੰਕੇ ਨਿਵਿਰਤ ਹੋ ਸਕਣ।



ਇਨ੍ਹਾਂ ਸੋਧਾਂ ਦਾ ਲਿਖਤੀ ਖਰੜਾ ਮਿਲਣ ਤੋਂ ਬਾਅਦ 31 ਜਥੇਬੰਦੀਆਂ ਦੇ ਕਿਸਾਨ ਆਗੂਆਂ ਦੀ ਕੀਤੀ ਆਪਣੀ ਮੀਟਿੰਗ ਤੋਂ ਬਾਅਦ ਕਿਸਾਨ ਆਗੂਆਂ ਵਲੋਂ ਮੀਡੀਆ ਨੂੰ ਕਿਹਾ ਗਿਆ ਕਿ ਹੁਣ ਸਰਕਾਰ ਨਾਲ ਗੱਲਬਾਤ ਲਈ ਤਾਂ ਹੀ ਵਿਚਾਰ ਹੋਵੇਗਾ, ਜੇਕਰ ਕੋਈ ਠੋਸ ਤਜਵੀਜ਼ ਆਵੇਗੀ। ਪਰ ਇਸ ਤੋਂ ਪਹਿਲਾਂ ਸਰਕਾਰ ਨੇ ਲਿਖਤੀ ਰੂਪ ਵਿਚ ਆਪਣੀਆਂ ਠੋਸ ਤਜਵੀਜ਼ਾਂ ਕਿਸਾਨਾਂ ਨੂੰ ਭੇਜ ਦਿੱਤੀਆਂ ਸਨ। ਇਸ ਦੇ ਨਾਲ ਹੀ ਕਿਸਾਨ ਆਗੂਆਂ ਨੇ ਆਪਣੀ ਇਸ ਗੱਲ ਨੂੰ ਦੁਹਰਾਇਆ ਹੈ ਕਿ ਇਹ ਕਾਨੂੰਨ ਵਪਾਰੀਆਂ ਅਤੇ ਕਾਰਪੋਰੇਟ ਘਰਾਣਿਆਂ ਦੀ ਸਹੂਲਤ ਲਈ ਬਣਾਏ ਗਏ ਹਨ ਅਤੇ ਇਹ ਤਿੰਨੇ ਹੀ ਕਾਨੂੰਨ ਰੱਦ ਹੋਣੇ ਚਾਹੀਦੇ ਹਨ। ਉਨ੍ਹਾਂ ਨੇ ਇਹ ਵੀ ਕਿਹਾ ਕਿ ਜੇਕਰ ਕਾਨੂੰਨ ਵਾਪਸ ਲੈਣ ਦੀਆਂ ਉਨ੍ਹਾਂ ਦੀਆਂ ਮੰਗਾਂ ਨਾ ਮੰਨੀਆਂ ਗਈਆਂ ਤਾਂ ਮੁੜ ਦੇਸ਼ ਵਿਚ ਰੇਲ ਪਟੜੀਆਂ ਜਾਮ ਕੀਤੀਆਂ ਜਾਣਗੀਆਂ। ਕਿਸਾਨ ਆਗੂਆਂ ਨੇ ਇਹ ਵੀ ਦੱਸਿਆ ਕਿ ਮੌਜੂਦਾ ਕਿਸਾਨ ਘੋਲ ਵਿਚ ਲੱਖਾਂ ਕਿਸਾਨ ਘਰ ਛੱਡ ਕੇ ਦਿੱਲੀ ਆ ਕੇ ਬੈਠੇ ਹਨ।

ਇਸ ਦੇ ਨਾਲ ਹੀ ਪੰਜਾਬ ਵਿਚ ਵੀ ਸੰਘਰਸ਼ ਪੂਰੇ ਜ਼ੋਰਾਂ ਉਤੇ ਚੱਲ ਰਿਹਾ ਹੈ। ਅੰਬਾਨੀਆਂ ਦੇ ਸ਼ਾਪਿੰਗ ਮਾਲ ਤੇ ਤੇਲ ਪੰਪ ਬੰਦ ਹਨ ਅਤੇ ਭਾਜਪਾ ਆਗੂਆਂ ਦੇ ਘਿਰਾਓ ਵੀ ਜਾਰੀ ਹਨ। ਉਨ੍ਹਾਂ ਇਹ ਵੀ ਕਿਹਾ ਕਿ 15 ਦਿਨਾਂ ਦਾ ਦਿੱਤਾ ਅਲਟੀਮੇਟਮ ਦਾ ਸਮਾਂ ਵੀ ਪੂਰਾ ਹੋ ਚੁੱਕਾ ਹੈ।

ਪੰਜਾਬ ਦੀਆਂ ਜਥੇਬੰਦੀਆਂ ਨੇ ਮੁੜ ਰੇਲ ਰੋਕੋ ਅੰਦੋਲਨ ਸ਼ੁਰੂ ਕਰਨ ਦਾ ਸੱਦਾ ਦਿੱਤਾ ਹੈ। ਇਹ ਅੰਦੋਲਨ ਹੁਣ ਪੂਰੇ ਦੇਸ਼ ਵਿਚ ਚਲਾਇਆ ਜਾਏਗਾ। ਇਸ ਦਾ ਫੈਸਲਾ ਸੰਯੁਕਤ ਕਿਸਾਨ ਮੋਰਚੇ ਵਿਚ ਲਿਆ ਜਾਏਗਾ। ਕਿਸਾਨ ਸੰਗਠਨਾਂ ਵਲੋਂ ਪ੍ਰਗਟਾਏ ਇਸ ਪ੍ਰਤੀਕਰਮ ਤੋਂ ਬਾਅਦ ਇਕ ਵਾਰ ਫਿਰ ਖੇਤੀਬਾੜੀ ਮੰਤਰੀ ਨਰਿੰਦਰ ਸਿੰਘ ਤੋਮਰ ਨੇ ਜਥੇਬੰਦੀਆਂ ਨੂੰ ਮੁੜ ਗੱਲਬਾਤ ਸ਼ੁਰੂ ਕਰਨ ਦੀ ਅਪੀਲ ਕੀਤੀ ਹੈ ਤੇ ਕੇਂਦਰੀ ਰੇਲ ਮੰਤਰੀ ਪਿਊਸ਼ ਗੋਇਲ ਨੇ ਵੀ ਇਹ ਕਿਹਾ ਹੈ ਕਿ ਸਰਕਾਰ ਦਾ ਮਨ ਅਗਲੇ ਵਿਚਾਰ-ਵਟਾਂਦਰੇ ਲਈ ਖੁੱਲ੍ਹਾ ਹੈ।


ਤੰਦੂਰੀਏ, ਵੇਟਰ ਤੇ ਕਿਚਨ ਹੈਲਪਰ ਦੀ ਲੋੜ ਹੈ

ਸੇਂਟ ਪੌਲ, ਮਿਨੀਸੋਟਾ ਵਿਚ ਭਾਰਤੀ ਰੈਸਟੋਰੈਂਟ ਲਈ ਅਨੁਭਵੀ ਤੰਦੂਰੀਏ, ਵੇਟਰ ਤੇ ਕਿਚਨ ਹੈਲਪਰ ਦੀ ਲੋੜ ਹੈ।



ਚੰਗੀ ਤਨਖਾਹ, ਰਿਹਾਇਸ਼ ਦਾ ਪ੍ਰਬੰਧ

ਸੰਪਰਕ ਕਰੋ:

ਫੋਨ: 651-353-9584

49-


## ਕਿਸਾਨੀ ਸੰਘਰਸ਼ ਸਿਰਫ ਕੇਂਦਰੀ ਕਾਨੂੰਨਾਂ ਖਿਲਾਫ: ਬੁਰਜਗਿੱਲ

**ਨਵੀਂ ਦਿੱਲੀ:** ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਦੇ ਪ੍ਰਧਾਨ ਬੂਟਾ ਸਿੰਘ ਬੁਰਜਗਿੱਲ ਨੇ ਇਹ ਸਪੱਸ਼ਟ ਕੀਤਾ ਹੈ ਕਿ 32 ਜਥੇਬੰਦੀਆਂ ਦੀ ਸਾਂਝੀ ਮੀਟਿੰਗ 'ਚ ਭਾਕਿਯੂ (ਏਕਤਾ ਉਗਰਾਹਾਂ) ਗਰੁੱਪ ਵੱਲੋਂ ਜੇਲ੍ਹਾਂ 'ਚ ਬੰਦ ਬੁੱਧੀਜੀਵੀਆਂ ਬਾਰੇ ਕੀਤੇ ਗਏ ਸਮਾਗਮ ਦਾ ਸਾਂਝੇ ਕਿਸਾਨੀ ਸੰਘਰਸ਼ ਨਾਲ ਕੋਈ ਸਬੰਧ ਨਹੀਂ ਹੈ। ਉਨ੍ਹਾਂ ਕਿਹਾ ਕਿ ਭਾਵੇਂ ਇਹ ਮਨੁੱਖੀ ਅਧਿਕਾਰਾਂ ਦਾ ਵੱਡਾ ਮੁੱਦਾ ਹੈ ਪਰ ਸਾਂਝਾ ਕਿਸਾਨੀ ਸੰਘਰਸ਼ ਕੇਂਦਰ ਸਰਕਾਰ ਵੱਲੋਂ ਬਣਾਏ ਤਿੰਨ ਖੇਤੀ ਕਾਨੂੰਨਾਂ, ਵਾਤਾਵਰਨ ਸਬੰਧੀ ਆਰਡੀਨੈਂਸ ਅਤੇ ਤਜਵੀਜ਼ਤ ਬਿਜਲੀ ਸੋਧ ਬਿੱਲ ਖਿਲਾਫ ਹੈ। ਉਗਰਾਹਾਂ ਦੇ ਇਸ ਕਦਮ ਨਾਲ ਕਿਸਾਨ ਸੰਘਰਸ਼ ਨੂੰ ਠੇਸ ਪਹੁੰਚੀ ਹੈ।

## ਖੇਤੀ ਕਾਨੂੰਨਾਂ ਬਾਰੇ ਸੰਸਦ ਦਾ ਵਿਸ਼ੇਸ਼ ਸੈਸ਼ਨ ਸੱਦਣ ਦੀ ਮੰਗ

**ਨਵੀਂ ਦਿੱਲੀ:** ਪੰਜਾਬ ਕਾਂਗਰਸ ਦੇ ਆਗੂਆਂ ਵੱਲੋਂ ਦਿੱਲੀ ਦੇ ਜੰਤਰ ਮੰਤਰ ਉਤੇ ਧਰਨਾ ਜਾਰੀ ਹੈ ਤੇ ਉਹ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਲਈ ਸੰਸਦ ਦਾ ਵਿਸ਼ੇਸ਼ ਸੈਸ਼ਨ ਸੱਦਣ ਦੀ ਮੰਗ ਲੈ ਕੇ ਦਬਾਅ ਪਾ ਰਹੇ ਹਨ। ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਧਰਨੇ 'ਚ ਸ਼ਾਮਲ ਹੁੰਦਿਆਂ ਕਿਹਾ ਕਿ ਕਾਂਗਰਸ ਵੱਲੋਂ ਬਿੱਲਾਂ ਦੇ ਕਾਨੂੰਨ ਬਣਨ ਸਮੇਂ ਹੀ ਜ਼ੋਰਦਾਰ ਆਵਾਜ਼ ਉਠਾਈ ਗਈ ਸੀ, ਜਿਸ ਖਿਲਾਫ ਹੁਣ ਕਿਸਾਨ ਸੰਘਰਸ਼ ਕਰ ਰਹੇ ਹਨ। ਧਰਨੇ ਵਿਚ ਲੁਧਿਆਣੇ ਤੋਂ ਸੰਸਦ ਮੈਂਬਰ ਰਵਨੀਤ ਬਿੱਟੂ ਤੇ ਹੋਰ ਆਗੂ ਸ਼ਾਮਲ ਹੋਏ। ਸੰਸਦ ਮੈਂਬਰ ਮਨੀਸ਼ ਤਿਵਾੜੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੁਰਤ ਖੇਤੀਬਾੜੀ ਕਾਨੂੰਨ ਰੱਦ ਕਰਨ ਤੇ ਵਿਸ਼ੇਸ਼ ਸੈਸ਼ਨ ਸੱਦਣ ਕਿਉਂਕਿ ਇਹ ਕਾਨੂੰਨ ਦੇਸ਼ ਦੇ ਕਿਸਾਨਾਂ ਦੇ ਹਿੱਤ ਵਿਚ ਨਹੀਂ ਹਨ। ਕਾਂਗਰਸੀ ਆਗੂਆਂ ਵੱਲੋਂ ਧਰਨੇ ਵਿਚ ਲਗਾਤਾਰ ਸ਼ਿਰਕਤ ਕੀਤੀ ਜਾ ਰਹੀ ਹੈ।


LAW OFFICES OF VIVEK MALIK

Follow us on :



ACCOMPLISHED IMMIGRATION Attorneys help FAMILIES REUNITE in the UNITED STATES

Our Global & Nationwide Services in the field of U.S. Immigration & Nationality Law

Come talk to an experienced immigration attorney

Toll Free No. 866-424-4000

Business Immigration & Worksite Compliance
ਬਿਜ਼ਨੈਸ ਇੰਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇਸ

Family & General Immigration
ਫੈਮਿਲੀ ਐਂਡ ਜਨਰਲ ਇੰਮੀਗਰੇਸ਼ਨ

Naturalization & Citizenship
ਨੈਚੁਰਲਾਈਜ਼ੇਸ਼ਨ ਐਂਡ ਸਿਟੀਜ਼ਨਸ਼ਿਪ

Removal Defense & Waivers
ਰੀਮੂਵਲ ਡਿਫੈਂਸੀ ਐਂਡ ਵੈਵੇਰਸ

OUR OFFICES
- 432 S Emerson Ave, Suite 220, Greenwood, IN 46143 Phone: 317.560.4777
- 1067 N Mason Rd., Suite 4, St Louis, Missouri 63141 Phone: 314.416.8000
- 2440 W Shaw Ave., Suite 205, Fresno, California 93711 Phone: 559.578.4344

www.usa-immigrationlaw.com

Languages SPOKEN Punjabi | Hindi | Urdu | Spanish & English



Moving to Indiana?

Contact Ray Dhaliwal @ 317-993-4987



Ray Dhaliwal
Real Estate Broker

for Free Consultation!!!

Listing and Selling Homes in Indianapolis Area.

Good relations with all the well reputed leading Builders in the Area.

Specialized in Pre-Sale homes for Investment and Residential purposes.

Helpful in Easy and Accessible Home Loans at low Interest Rates.

CENTURY 21 SCHEETZ RAYD@C21Scheetz.com





Rajwinder Gill
(Your Real Estate Pro.)
MBA (Finance)
Red 1 Realty

"Serving All Your Real Estate Needs"

Columbus, Ohio is one of the fastest growing city in USA and With Best Schools.

ਜੇ ਤੁਸੀਂ ਕੋਲੰਬਸ, ਓਹਾਇਓ ਵਿਚ ਘਰ ਖਰੀਦਣਾ, ਵੇਚਣਾ ਜਾਂ ਕਿਸੇ ਵੀ ਤਰ੍ਹਾਂ ਦੀ ਇਨਵੈਸਟਮੈਂਟ ਕਰਨਾ ਚਾਹੁੰਦੇ ਹੋ ਤਾਂ ਸੰਪਰਕ ਕਰੋ:

ਰਾਜਵਿੰਦਰ ਗਿੱਲ, ਫੋਨ: 740-621-4455

Email: Realtorgill1@gmail.com

Website: www.gill-realty.com

# ਸਿਨਸਿਨੈਟੀ ਵਿਚ ਕਿਸਾਨ ਸੰਘਰਸ਼ ਦੀ ਹਮਾਇਤ ‘ਚ ਵਿਸ਼ਾਲ ਰੈਲੀ

**ਸਿਨਸਿਨੈਟੀ, ਓਹਾਇਓ (ਬਿਊਰੋ):** ਭਾਰਤ ਦੇ ਵੱਖ ਵੱਖ ਰਾਜਾਂ ਦੇ ਕਿਸਾਨਾਂ ਵਲੋਂ ਦਿੱਲੀ ਵਿਖੇ ਚੱਲ ਰਹੇ ਕੇਂਦਰੀ ਸਰਕਾਰ ਦੇ ਕਿਸਾਨ ਮਾਰੂ ਜਬਰ ਵਿਰੁਧ ਭਾਰਤੀ ਲੋਕਾਂ ਅਤੇ ਖਾਸ ਕਰ ਪੰਜਾਬ ਦੇ ਅਮਰੀਕਾ ਵਿਚ ਰਹਿੰਦੇ ਲੋਕਾਂ ਨੇ ਵਿਸ਼ਾਲ ਰੈਲੀ ਕੱਢ ਕੇ ਕਿਸਾਨਾਂ ਦੇ ਹੱਕ ਵਿਚ



ਜ਼ੋਰਦਾਰ ਪ੍ਰਦਰਸ਼ਨ ਕੀਤਾ। ਰੈਲੀ ਵਿਚ ਚਾਰ ਸੌ ਤੋਂ ਵੱਧ ਕਾਰਾਂ ਤੇ ਹੋਰ ਵਹੀਕਲਾਂ ਰਾਹੀਂ ਦੋ ਹਜ਼ਾਰ ਤੋਂ ਵੱਧ ਲੋਕਾਂ ਨੇ ਸ਼ਮੂਲੀਅਤ ਕੀਤੀ।

ਇਹ ਰੈਲੀ ਸਿਨਸਿਨੈਟੀ ਦੇ ਗੁਰਦੁਆਰਾ ਸਾਹਿਬ ਤੋਂ ਸ਼ੁਰੂ ਹੋ ਕੇ ਸ਼ਹਿਰ ਦੇ ਵੱਖ ਵੱਖ ਕੇਂਦਰਾਂ ਤੋਂ ਹੁੰਦੀ ਹੋਈ ਵੈਸਟ ਚੈਸਟਰ ਦੇ ਯੂਨੀਅਨ ਸਕੁਏਅਰ ਵਿਖੇ ਸ਼ਾਮ 5 ਵਜੇ ਸਮਾਪਤ ਹੋਈ। ਰੈਲੀ ਵਿਚ ਸਿਨਸਿਨੈਟੀ ਨਾਲ ਲੱਗਦੇ ਸ਼ਹਿਰਾਂ-ਡੇਅਟਨ, ਕੋਲੰਬਸ, ਲੂਈਵਿਸ, ਮਿਸ਼ੀਗਨ, ਇੰਡੀਆਨਾ ਤੇ ਹੋਰ ਸ਼ਹਿਰਾਂ ਵਿਚੋਂ ਆਏ ਲੋਕਾਂ ਨੇ ਕਿਸਾਨਾਂ ਦੇ ਹੱਕ ਵਿਚ ਜ਼ੋਰਦਾਰ ਵਿਖਾਵਾ ਕਰਦਿਆਂ ਕਿਸਾਨ ਵਿਰੋਧੀ ਆਰਡੀਨੈਂਸ ਤੁਰੰਤ ਵਾਪਸ ਲੈਣ ਦੀ ਅਪੀਲ ਕੀਤੀ।

ਰੈਲੀ ਨੂੰ ਸੰਬੋਧਨ ਕਰਨ ਵਾਲਿਆਂ ਵਿਚ ਤਰਲੋਚਨ ਸਿੰਘ, ਡਾ. ਸਤਿੰਦਰ ਸਿੰਘ ਭਰਾਜ, ਅਨਮੋਲ ਸਿੰਘ ਮਾਵੀ, ਹਰੀਸ਼ ਵਰਮਾ (ਫਿਲਮ ਅਦਾਕਾਰ), ਬੌਬ ਖਹਿਰਾ, ਭੁਪਿੰਦਰ ਕੌਰ ਮਾਵੀ, ਗੁਰਦੀਪ ਸਿੱਧੂ, ਪਰਮਿੰਦਰ ਬਾਸੀ, ਜਤਿੰਦਰ ਕੌਰ, ਲਵਪ੍ਰੀਤ ਸਿੰਘ ਪਾਬਲਾ, ਐਰਕ ਸਿੰਘ, ਅਸੀਸ ਕੌਰ, ਪ੍ਰਿੰਸੀਪਲ ਰਣਦੀਪ ਧਾਰਨੀ, ਬਲਵਿੰਦ ਕੌਰ ਫੰਟੂ ਅਤੇ ਹੈਮਿਲਟਨ ਕਾਉਂਟੀ ਕਲਰਕ ਆਫ ਕੋਰਟ ਆਫਤਾਬ ਪੁਰੇਵਾਲ ਸ਼ਾਮਲ ਸਨ।

ਇਸ ਮੌਕੇ ਵੱਖ ਵੱਖ ਬੁਲਾਰਿਆਂ ਨੇ ਭਾਰਤ ਦੀ ਕੇਂਦਰ ਸਰਕਾਰ ‘ਤੇ ਦੋਸ਼ ਲਾਇਆ ਕਿ ਉਸ ਵਲੋਂ ਅਨੇਕਾਂ ਟੀ. ਵੀ. ਚੈਨਲਾਂ ‘ਤੇ ਦਬਾਅ ਪਾ ਕੇ ਕਿਸਾਨ ਸੰਘਰਸ਼ ਵਿਰੁਧ ਗਲਤ ਪ੍ਰਚਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕਿਸਾਨ ਆਪਣੇ ਬਲਬੂਤੇ ਸੰਘਰਸ਼ ਕਰ ਰਹੇ ਹਨ, ਜਿਨ੍ਹਾਂ ਨੂੰ ਦੁਨੀਆਂ ਭਰ ਦੇ ਲੋਕਾਂ ਅਤੇ ਕਿਸਾਨਾਂ ਦੀ ਪੂਰੀ ਹਮਾਇਤ ਪ੍ਰਾਪਤ ਹੈ। ਉਨ੍ਹਾਂ ਕਿਹਾ ਕਿ ਪੰਜਾਬ ਅਤੇ ਦੇਸ਼ ਦੇ ਸਮੂਹ ਲੋਕਾਂ ਵਲੋਂ ਮਿਲ ਰਹੇ ਹੁੰਗਾਰੇ ਨੂੰ ਕੇਂਦਰ ਸਰਕਾਰ ਚੰਗੀ ਤਰ੍ਹਾਂ ਜਾਣ ਰਹੀ ਹੈ, ਕਿਸਾਨਾਂ ਦੀ ਜਿੱਤ ਜਰੂਰ ਹੀ ਹੋਵੇਗੀ। ਬੁਲਾਰਿਆਂ ਨੇ ਕਿਹਾ ਕਿ ਇਸ ਸਮੇਂ ਕੇਂਦਰ ਸਰਕਾਰ ਨਾਲ ਸਬੰਧਤ ਭਾਜਪਾ ਦੇ ਐਮ. ਪੀ. ਤੇ ਹੋਰ ਬੁਲਾਰੇ ਫਿਰਕੂਪੁਣੇ ਨੂੰ ਹਵਾ ਦੇਣ ਲਈ ਹਰ ਤਰ੍ਹਾਂ ਦੇ ਗਲਤ ਰੁਝਾਨ ਵਿਚ ਲੱਗੇ ਹੋਏ ਹਨ।

ਬੁਲਾਰਿਆਂ ਨੇ ਮੁੱਖ ਤੌਰ ‘ਤੇ ਕਿਹਾ ਕਿ ਜੇ ਕੇਂਦਰ ਨੇ ਕਿਸਾਨਾਂ ਦੇ ਸ਼ਾਂਤਮਈ ਅੰਦੋਲਨ ਵਿਚ ਗਲਤ ਦਖਲ ਦੇਣ ਦੀ ਕੋਸ਼ਿਸ਼ ਕੀਤੀ ਤਾਂ ਇਸ ਦੇ ਗੰਭੀਰ ਸਿੱਟੇ ਨਿਕਲ ਸਕਦੇ ਹਨ। ਉਨ੍ਹਾਂ ਕਿਹਾ ਕਿ ਦੇਸ਼ ਦਾ ਹਰ ਵਿਅਕਤੀ ਸਿੱਧੇ ਜਾਂ ਅਸਿੱਧੇ ਤੌਰ ‘ਤੇ ਖੇਤੀਬਾੜੀ ਨਾਲ ਜੁੜਿਆ ਹੋਇਆ ਹੈ ਤੇ ਅਜਿਹਾ ਕਰ ਕੇ ਸਮੁੱਚੇ ਲੋਕ ਕਿਸਾਨੀ ਸੰਘਰਸ਼ ਨਾਲ ਸਬੰਧਤ ਹਨ। ਕੇਂਦਰ ਸਰਕਾਰ ਨੂੰ ਕਿਸਾਨ ਵਿਰੋਧੀ ਆਰਡੀਨੈਂਸ ਤੁਰੰਤ ਵਾਪਸ ਲੈਣਾ ਚਾਹੀਦਾ ਹੈ। ਰੈਲੀ ਦੀ ਸਟੇਜ ਦਾ ਸੰਚਾਲਨ ਕੁਮਾਰ ਪਵਨਦੀਪ ਨੇ ਕੀਤਾ।













# ਕਲੀਵਲੈਂਡ ਵਿਚ ਪੰਜਾਬੀ ਭਾਈਚਾਰੇ ਵਲੋਂ ਕਿਸਾਨਾਂ ਦੇ ਹੱਕ ’ਚ ਰੋਸ ਮੁਜਾਹਰਾ

**ਕਲੀਵਲੈਂਡ, ਓਹਾਇਓ (ਬਿਊਰੋ):** ਕਲੀਵਲੈਂਡ ਏਰੀਏ ਦੇ ਸਮੂਹ ਪੰਜਾਬੀ ਭਾਈਚਾਰੇ ਵਲੋਂ ਭਾਰਤ ਵਿਚ ਸੰਘਰਸ਼ ਕਰ ਰਹੇ ਕਿਸਾਨਾਂ ਦੇ ਹੱਕ ਵਿਚ ਇਕ ਕਾਰ ਰੈਲੀ ਕੀਤੀ ਗਈ। ਸਭ ਤੋਂ ਪਹਿਲਾਂ ਸੋਲਨ ਦੇ ਕਮਿਊਨਿਟੀ ਸੈਂਟਰ ਵਿਚ ਆਲੇ-ਦੁਆਲੇ ਦਾ ਸਮੁੱਚਾ ਪੰਜਾਬੀ ਭਾਈਚਾਰਾ ਇੱਕਠਾ ਹੋਇਆ, ਜਿਸ ਵਿਚ ਕੋਲੰਬਸ ਅਤੇ ਸਿਨਸਿਨੈਟੀ ਤੋਂ ਵੀ ਪੰਜਾਬੀ ਪਰਿਵਾਰ ਸ਼ਾਮਲ ਹੋਣ ਲਈ ਆਏ ਹੋਏ ਸਨ। ਇਸ ਇਕੱਠ ਵਿਚ ਵੱਡੀ ਗਿਣਤੀ ਵਿਚ ਲੋਕ ਆਪਣੇ ਪਰਿਵਾਰਾਂ, ਬੱਚਿਆਂ, ਔਰਤਾਂ ਅਤੇ ਬਜੁਰਗਾਂ ਸਮੇਤ ਹਾਜਰ ਸਨ, ਜਿਨ੍ਹਾਂ ਨੇ ਕਿਸਾਨਾਂ ਦੇ ਹੱਕ ਵਿਚ ਵੱਡੇ ਵੱਡੇ ਪੋਸਟਰ, ਬੈਨਰ ਅਤੇ ਲੋਗੋ ਫੜੇ ਹੋਏ ਸਨ। ਕਾਰ



ਰੈਲੀ ਦੇ ਸ਼ੁਰੂ ਵਿਚ ਪ੍ਰਬੰਧਕਾਂ ਵਲੋਂ ਇਸ ਕਾਰ ਰੈਲੀ ਦੇ ਮਨੋਰਥ ਬਾਰੇ ਦੱਸਿਆ ਗਿਆ। ਸਭ ਨੂੰ ਮਾਸਕ ਪਾ ਕੇ ਅਤੇ ਸੋਸ਼ਲ ਡਿਸਟੈਂਸ ਨੂੰ ਬਰਕਰਾਰ ਰੱਖ ਕੇ ਇਸ ਕਾਰ ਰੈਲੀ ਨੂੰ ਕਾਮਯਾਬ ਕਰਨ ਲਈ ਆਖਿਆ।




ਇਸ ਤੋਂ ਬਾਅਦ ਇਹ ਕਾਰ ਰੈਲੀ ਸੋਲਨ ਤੋਂ ਸ਼ੁਰੂ ਹੋਈ, ਜੋ ਵੱਖ ਵੱਖ ਸੜਕਾਂ ਰਾਹੀਂ ਹੁੰਦੀ ਹੋਈ ਕਲੀਵਲੈਂਡ ਡਾਊਨ ਟਾਊਨ ਵਿਚ ਪਹੁੰਚੀ। ਸਾਰੇ ਰੂਟ ਦੌਰਾਨ ਪੰਜਾਬੀ ਨੌਜਵਾਨਾਂ ਵਲੋਂ ਕਿਸਾਨਾਂ ਦੇ ਹੱਕ ਵਿਚ ਪੋਸਟਰ ਲਹਿਰਾਏ ਗਏ ਅਤੇ ਬੈਨਰਾਂ ਰਾਹੀਂ ਆਪਣਾ ਸੁਨੇਹਾ ਕਲੀਵਲੈਂਡ ਵਾਸੀਆਂ ਨੂੰ ਪਹੁੰਚਾਇਆ। ਕਾਰ ਰੈਲੀ ਵਿਚ 500 ਤੋਂ ਜ਼ਿਆਦਾ ਕਾਰਾਂ ਸਨ। ਬਹੁਤ ਠੰਢੇ ਮੌਸਮ ਦੇ ਬਾਵਜੂਦ ਭਾਈਚਾਰੇ ਦੀ ਭਰਵੀਂ ਸ਼ਮੂਲੀਅਤ ਸਦਕਾ ਇਹ ਕਾਰ ਰੈਲੀ ਆਪਣਾ ਪ੍ਰਭਾਵ ਛੱਡਣ ਅਤੇ ਅਮਰੀਕਾ ਵਾਸੀਆਂ ਨੂੰ ਕਿਸਾਨਾਂ ਨੂੰ ਦਰਪੇਸ਼ ਮੁਸ਼ਕਿਲਾਂ ਤੇ ਉਨ੍ਹਾਂ ਦੇ ਸੰਘਰਸ਼ ਬਾਰੇ ਸੁਚਾਰੂ ਸੁਨੇਹਾ ਪਹੁੰਚਾਉਣ ਵਿਚ ਕਾਮਯਾਬ ਰਹੀ।








**Punjab Times**
**Established in 2000**
**21st Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਮਹਿੰਗਾਈ ਦਰ ਘਟ ਕੇ 6.93 ਫੀਸਦ ਹੋਈ

**ਨਵੀਂ ਦਿੱਲੀ:** ਖਾਣ-ਪੀਣ ਦਾ ਸਾਮਾਨ ਸਸਤਾ ਹੋਣ ਨਾਲ ਪ੍ਰਚੂਨ ਮਹਿੰਗਾਈ ਦਰ ਨਵੰਬਰ ਮਹੀਨੇ ਘੱਟ ਕੇ 6.93 ਫੀਸਦ ਉਤੇ ਆ ਗਈ ਹੈ। ਹਾਲਾਂਕਿ ਇਹ ਅਜੇ ਵੀ ਭਾਰਤੀ ਰਿਜ਼ਰਵ ਬੈਂਕ (ਆਰ.ਬੀ.ਆਈ.) ਦੇ ਤਸੱਲੀਬਖਸ਼ ਪੱਧਰ ਤੋਂ ਉਪਰ ਬਣੀ ਹੋਈ ਹੈ। ਖਪਤਕਾਰ ਮੁੱਲ ਸੂਚਕ ਅੰਕ (ਸੀ.ਪੀ.ਆਈ.) ਆਧਾਰਿਤ ਪ੍ਰਚੂਨ ਮਹਿੰਗਾਈ ਦਰ ਇਕ ਮਹੀਨਾ ਪਹਿਲਾਂ ਅਕਤੂਬਰ 'ਚ 7.61 ਫੀਸਦ ਸੀ।

ਸਰਕਾਰ ਵੱਲੋਂ ਜਾਰੀ ਕੀਤੇ ਗਏ ਸੀ.ਪੀ.ਆਈ. ਅੰਕੜਿਆਂ ਅਨੁਸਾਰ ਨਵੰਬਰ 'ਚ ਖੁਰਾਕੀ ਵਸਤਾਂ ਦੀ ਮਹਿੰਗਾਈ ਦਰ ਘਟ ਕੇ 9.46 ਫੀਸਦ ਰਹੀ ਜੋ ਪਿਛਲੇ ਮਹੀਨੇ 11 ਫੀਸਦ ਉਤੇ ਸੀ। ਆਰ.ਬੀ.ਆਈ. ਨੀਤੀਗਤ ਦਰਾਂ ਬਾਰੇ ਫੈਸਲਾ ਲੈਣ ਸਮੇਂ ਮੁੱਖ ਤੌਰ ਉਤੇ ਪ੍ਰਚੂਨ ਮਹਿੰਗਾਈ ਦਰ 'ਤੇ ਗੌਰ ਕਰਦਾ ਹੈ। ਸਰਕਾਰ ਨੇ ਕੇਂਦਰੀ ਬੈਂਕ ਨੂੰ ਦੋ ਫੀਸਦ ਦੇ ਘਾਟੇ-ਵਾਧੇ ਨਾਲ ਮਹਿੰਗਾਈ ਦਰ 4 ਫੀਸਦ ਤੱਕ ਰੱਖਣ ਦਾ ਟੀਚਾ ਦਿੱਤਾ ਹੈ। ਇਸੇ ਕਾਰਨ ਆਰ. ਬੀ. ਆਈ. ਨੇ ਇਸ ਮਹੀਨੇ ਨੀਤੀਗਤ ਦਰਾਂ 'ਚ ਕੋਈ ਤਬਦੀਲੀ ਨਹੀਂ ਕੀਤੀ।

## ਅਮਰੀਕਾ 'ਚ ਕਰੋਨਾ ਟੀਕਾਕਰਨ ਮੁਹਿੰਮ ਸ਼ੁਰੂ

**ਵਾਸ਼ਿੰਗਟਨ:** ਰਾਸ਼ਟਰਪਤੀ ਡੋਨਲਡ ਟਰੰਪ ਅਤੇ ਉਪ-ਰਾਸ਼ਟਰਪਤੀ ਮਾਈਕ ਪੈਂਸ ਨਾਲ ਕੰਮ ਕਰਨ ਵਾਲੇ ਵਾਈਟ ਹਾਊਸ ਦੇ ਕੁਝ ਸੀਨੀਅਰ ਅਧਿਕਾਰੀਆਂ ਨੂੰ ਇਸ ਹਫਤੇ ਕਰੋਨਾ ਵਾਇਰਸ ਵੈਕਸੀਨ ਦਾ ਟੀਕਾ ਲਾਇਆ ਜਾਵੇਗਾ, ਜਦਕਿ ਇਸ ਦੀ ਜਨਤਕ ਵੰਡ ਅਜੇ ਤੱਕ ਕੇਵਲ ਮੂਹਰਲੀ ਕਤਾਰ ਦੇ ਸਿਹਤ ਕਾਮਿਆਂ, ਨਰਸਿੰਗ ਹੋਮਜ਼ ਤੇ ਸੰਭਾਲ ਘਰਾਂ ਵਿਚ ਕੰਮ ਕਰਦੇ ਲੋਕਾਂ ਤੱਕ ਸੀਮਤ ਹੈ। ਪਹਿਲਾ ਵੈਕਸੀਨ ਨਰਸ ਨੂੰ ਦਿੱਤਾ ਗਿਆ ਹੈ।

ਇਸ ਮਾਮਲੇ ਤੋਂ ਜਾਣੂ ਦੋ ਵਿਅਕਤੀਆਂ ਨੇ ਪੁਸ਼ਟੀ ਕੀਤੀ ਕਿ ਪ੍ਰਵਾਨਗੀ ਪ੍ਰਾਪਤ ਨਵੀਂ ਫਾਈਜ਼ਰ ਵੈਕਸੀਨ ਮੁਲਕ ਦੇ ਸਿਖਰਲੇ ਦਫਤਰ ਦੇ ਅਧਿਕਾਰੀਆਂ ਨੂੰ ਉਪਲਬਧ ਕਰਵਾਈ ਜਾਵੇਗੀ। ਉਨ੍ਹਾਂ ਕਿਹਾ ਕਿ ਇਹ ਕਦਮ ਵਾਈਟ ਹਾਊਸ ਵਿਚ ਕਰੋਨਾ ਵਾਇਰਸ ਦਾ ਫੈਲਾਅ ਰੋਕਣ ਲਈ ਚੁੱਕਿਆ ਗਿਆ ਹੈ, ਜਿਥੇ ਪਹਿਲਾਂ ਹੀ ਟਰੰਪ ਅਤੇ ਹੋਰ ਉਚ ਅਧਿਕਾਰੀਆਂ ਸਣੇ ਕਈ ਜਣੇ ਪਾਜੀਟਿਵ ਹੋ ਚੁੱਕੇ ਹਨ।

# ਕਿਸਾਨਾਂ ਵੱਲੋਂ ਇਕ ਰੋਜ਼ਾ ਭੁੱਖ ਹੜਤਾਲ ਨਾਲ ਮੋਦੀ ਸਰਕਾਰ ਨੂੰ ਸਖਤ ਸੁਨੇਹਾ

**ਨਵੀਂ ਦਿੱਲੀ:** ਖੇਤੀ ਕਾਨੂੰਨ ਰੱਦ ਕਰਵਾਉਣ ਅਤੇ ਹੋਰ ਮੰਗਾਂ ਮਨਵਾਉਣ ਲਈ ਦਿੱਲੀ ਦੇ ਸਿੰਘੂ, ਟਿਕਰੀ, ਗਾਜ਼ੀਪੁਰ ਅਤੇ ਪਲਵਲ ਬਾਰਡਰ ਸਮੇਤ ਹੋਰ ਥਾਵਾਂ ਉਤੇ ਅੰਦੋਲਨ ਕਰ ਰਹੇ ਕਿਸਾਨ ਆਗੂਆਂ ਨੇ ਇਕ ਰੋਜ਼ਾ ਭੁੱਖ ਹੜਤਾਲ ਕੀਤੀ। ਕੇਂਦਰ ਸਰਕਾਰ ਉਪਰ ਦਬਾਅ ਪਾਉਣ ਲਈ ਪੰਜਾਬ ਦੀਆਂ 32 ਅਤੇ ਸੰਯੁਕਤ ਕਿਸਾਨ ਮੋਰਚੇ ਨਾਲ ਜੁੜੀਆਂ ਦੇਸ਼ ਦੀਆਂ ਕਿਸਾਨ ਜਥੇਬੰਦੀਆਂ ਵੱਲੋਂ ਇਹ ਭੁੱਖ ਹੜਤਾਲ ਸਵੇਰੇ 8 ਤੋਂ ਸ਼ਾਮ 5 ਵਜੇ ਤੱਕ ਕੀਤੀ ਗਈ। ਸਿੰਘੂ ਬਾਰਡਰ ਉਤੇ ਮੋਰਚੇ ਦੀ ਸਫਲਤਾ ਅਤੇ ਕਿਸਾਨਾਂ ਦੀ ਚੜ੍ਹਦੀ ਕਲਾ ਦੇ ਨਾਲ-ਨਾਲ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਵਰਤ ਤੋੜਿਆ ਗਿਆ।

ਇਸ ਦੌਰਾਨ ਸਿੰਘੂ ਬਾਰਡਰ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ' ਦੇ ਜੈਕਾਰਿਆਂ ਨਾਲ ਗੂੰਜ ਪਿਆ। ਕਿਸਾਨ ਆਗੂਆਂ ਨੇ ਕੇਂਦਰ ਸਰਕਾਰ ਨੂੰ ਲੋਕਤੰਤਰੀ ਢੰਗ ਨਾਲ ਨਿੱਗਰ ਸੁਨੇਹਾ ਦੇਣ ਦੀ ਕੋਸ਼ਿਸ਼ ਕੀਤੀ। ਮੁੱਖ ਬੁਲਾਰਿਆਂ ਦੀ ਸੁਰ ਮੋਦੀ ਸਰਕਾਰ ਖਿਲਾਫ ਤਿੱਖੀ ਰਹੀ ਅਤੇ ਇਹ ਇਰਾਦਾ ਜ਼ਾਹਰ ਕਰ ਦਿੱਤਾ ਕਿ ਕਿਸਾਨ ਝੁਕਣ ਵਾਲੇ ਨਹੀਂ ਹਨ। ਮੁਲਕ ਦੇ ਕਈ ਹੋਰ ਹਿੱਸਿਆਂ 'ਚ ਵੀ ਕਿਸਾਨਾਂ ਨੇ ਭੁੱਖ ਹੜਤਾਲ ਕਰਕੇ ਖੇਤੀ ਕਾਨੂੰਨ ਰੱਦ ਕਰਨ ਦੀ ਮੰਗ ਕੀਤੀ।

## ਆਕਸਫੋਰਡ ਦੇ ਵਿਦਿਆਰਥੀ ਤੇ ਸਟਾਫ ਕਿਸਾਨਾਂ ਦੀ ਹਮਾਇਤ 'ਚ ਡਟੇ

**ਲੰਡਨ:** ਬਰਤਾਨੀਆ ਦੀ ਉਘੀ ਆਕਸਫੋਰਡ ਯੂਨੀਵਰਸਿਟੀ ਦੇ ਵਿਦਿਆਰਥੀਆਂ, ਫੈਕਲਟੀ, ਬਾਕੀ ਸਟਾਫ ਮੈਂਬਰਾਂ ਤੇ ਪੁਰਾਣੇ ਵਿਦਿਆਰਥੀਆਂ ਨੇ ਭਾਰਤ ਵਿਚ ਕੇਂਦਰੀ ਖੇਤੀ ਕਾਨੂੰਨਾਂ ਖਿਲਾਫ ਜਾਰੀ ਕਿਸਾਨ ਅੰਦੋਲਨ ਦੀ ਹਮਾਇਤ ਕੀਤੀ ਹੈ। ਆਕਸਫੋਰਡ ਵਿਚ ਖੇਤੀ ਕਾਨੂੰਨਾਂ ਖਿਲਾਫ ਪ੍ਰਗਟਾਏ ਰੋਸ ਮੌਕੇ ਕਈ ਵਿਦਿਆਰਥੀ ਤੇ ਅਕਾਦਮਿਕ ਸ਼ਖਸੀਅਤਾਂ ਹਾਜ਼ਰ ਸਨ। ਸਾਂਝੇ ਬਿਆਨ ਵਿਚ ਕਿਹਾ ਗਿਆ ਹੈ ਕਿ ਤਿੰਨੋਂ ਖੇਤੀ ਕਾਨੂੰਨਾਂ ਦੇ ਮਾੜੇ ਅਸਰ ਹੋਣਗੇ। ਉਨ੍ਹਾਂ ਕਿਹਾ ਕਿ ਇਨ੍ਹਾਂ ਨਾਲ ਖੇਤੀ ਉਤਪਾਦਾਂ ਦੀਆਂ ਕੀਮਤਾਂ ਵੀ ਪ੍ਰਭਾਵਿਤ ਹੋਣਗੀਆਂ ਤੇ ਛੋਟੇ ਕਿਸਾਨ ਕਾਰਪੋਰੇਟ ਘਰਾਣਿਆਂ ਉਤੇ ਨਿਰਭਰ ਹੋ ਜਾਣਗੇ। ਯੂਨੀਵਰਸਿਟੀ ਦੇ ਵੱਖ-ਵੱਖ ਵਿਸ਼ਿਆਂ ਦੇ ਵਿਦਿਆਰਥੀਆਂ ਨੇ ਕਿਹਾ ਕਿ ਭਾਰਤ ਸਰਕਾਰ ਨੇ ਇਹ ਕਾਨੂੰਨ ਕਿਸਾਨਾਂ ਨਾਲ ਸਲਾਹ-ਮਸ਼ਵਰੇ ਬਗੈਰ ਹੀ ਲਾਗੂ ਕਰ ਦਿੱਤੇ ਹਨ ਜੋ ਕਿ ਗੈਰ-ਜਮਹੂਰੀ ਹੈ।

## ਸ਼੍ਰੋਮਣੀ ਅਕਾਲੀ ਦਲ ਨੇ ਸ਼ਤਾਬਦੀ ਸਮਾਗਮ ਮਨਾਇਆ

**ਅੰਮ੍ਰਿਤਸਰ:** ਅਕਾਲ ਤਖਤ ਵਿਚ ਸ਼੍ਰੋਮਣੀ ਅਕਾਲੀ ਦਲ ਦਾ 100 ਸਾਲਾ ਸਥਾਪਨਾ ਦਿਵਸ ਮਨਾਇਆ ਗਿਆ। ਇਸ ਦੌਰਾਨ ਅਖੰਡ ਪਾਠ ਦੇ ਭੋਗ ਮਗਰੋਂ ਪਾਰਟੀ ਦੀ ਚੜ੍ਹਦੀ ਕਲਾ ਅਤੇ ਕਿਸਾਨੀ ਸੰਘਰਸ਼ ਦੀ ਸਫਲਤਾ ਲਈ ਅਰਦਾਸ ਕੀਤੀ ਗਈ। ਸਮਾਗਮ ਮਗਰੋਂ ਗੱਲਬਾਤ ਕਰਦਿਆਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਖੇਤਰੀ ਅਤੇ ਹਮਖਿਆਲੀ ਪਾਰਟੀਆਂ ਦੇ ਸਹਿਯੋਗ ਨਾਲ ਦੇਸ਼ ਵਿਚ ਸੰਘੀ ਢਾਂਚਾ ਸਥਾਪਤ ਕਰਨ ਲਈ ਮੁਹਿੰਮ ਛੇੜੇਗਾ।

ਸੁਖਬੀਰ ਬਾਦਲ ਨੇ ਆਖਿਆ ਕਿ ਜੇ ਦੇਸ਼ ਵਿਚ ਸੰਘੀ ਢਾਂਚਾ ਸਥਾਪਤ ਹੁੰਦਾ ਤਾਂ ਅੱਜ ਉਪਜਿਆ ਕਿਸਾਨੀ ਸੰਕਟ ਪੈਦਾ ਨਾ ਹੁੰਦਾ। ਉਨ੍ਹਾਂ ਕਿਹਾ ਕਿ ਖੇਤੀਬਾੜੀ ਸੂਬਾਈ ਸਰਕਾਰਾਂ ਦਾ ਕਾਰਜ ਖੇਤਰ ਹੈ ਪਰ ਕੇਂਦਰ ਸਰਕਾਰ ਨੇ ਆਪਣੇ ਪੱਧਰ ਉਤੇ ਖੇਤੀ ਕਾਨੂੰਨ ਬਣਾ ਦਿੱਤੇ ਹਨ, ਜਿਸ 'ਚ ਕਿਸਾਨਾਂ ਤੇ ਖੇਤਰੀ ਪਾਰਟੀਆਂ ਦੀ ਸਲਾਹ ਤਕ ਨਹੀਂ ਲਈ ਗਈ। ਸ਼੍ਰੋਮਣੀ ਅਕਾਲੀ ਦਲ ਦੇਸ਼ 'ਚ ਸੰਘੀ ਢਾਂਚੇ ਦੀ ਸਥਾਪਨਾ ਲਈ ਖੇਤਰੀ ਪਾਰਟੀਆਂ ਦੇ ਸਹਿਯੋਗ ਨਾਲ ਮੁਹਿੰਮ ਛੇੜੇਗਾ। ਇਸ ਸਬੰਧੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

## ਕੈਪਟਨ ਨੇ ਕੇਜਰੀਵਾਲ ਨਾਲ ਲਾਇਆ ਆਢਾ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵਿਚ ਸ਼ਬਦੀ ਜੰਗ ਤਿੱਖੀ ਹੁੰਦੀ ਜਾ ਰਿਹਾ ਹੈ। ਕੈਪਟਨ ਨੇ ਅਰਵਿੰਦ ਕੇਜਰੀਵਾਲ ਨੂੰ ਬੁਜ਼ਦਿਲ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕੇਜਰੀਵਾਲ ਮਾਣਹਾਨੀ ਕੇਸ ਵਿਚ ਘਿਰ ਜਾਣ ਪਿਛੋਂ ਡਰ ਗਿਆ ਤੇ ਅਕਾਲੀ ਨੇਤਾ ਬਿਕਰਮ ਸਿੰਘ ਮਜੀਠੀਆ ਤੋਂ ਮੁਆਫੀ ਮੰਗ ਲਈ, ਜਿਸ ਕਰਕੇ ਹੁਣ ਆਪਣੀ ਸਾਖ ਬਚਾਉਣ ਲਈ ਹੱਥ-ਪੈਰ ਮਾਰ ਰਿਹਾ ਹੈ। ਉਨ੍ਹਾਂ ਕਿਹਾ ਕਿ ਕੇਜਰੀਵਾਲ ਕਿਸਾਨੀ ਹਿੱਤਾਂ ਦੀ ਰਾਖੀ ਕਰਨ ਵਿਚ ਫੇਲ੍ਹ ਰਿਹਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਹਰੇਕ ਪੰਜਾਬੀ ਜਾਣਦਾ ਹੈ ਕਿ ਉਹ ਈਡੀ ਦੇ ਝੂਠੇ ਕੇਸਾਂ ਤੋਂ ਡਰਨ ਵਾਲੇ ਨਹੀਂ ਹਨ। ਇਸ ਤੋਂ ਪਹਿਲਾਂ ਕੇਜਰੀਵਾਲ ਨੇ ਕੈਪਟਨ 'ਤੇ ਦੋਸ਼ ਲਾਇਆ ਸੀ ਕਿ ਉਨ੍ਹਾਂ ਆਪਣੇ ਪੁੱਤ ਨੂੰ ਬਚਾਉਣ ਲਈ ਕਿਸਾਨੀ ਅੰਦੋਲਨ ਨੂੰ ਵੇਚ ਦਿੱਤਾ ਹੈ। ਕੇਜਰੀਵਾਲ ਵੱਲੋਂ ਕਿਸਾਨਾਂ ਦੇ ਹੱਕ ਵਿਚ ਕੀਤੇ ਜਾ ਰਹੇ ਵਰਤ ਨੂੰ ਕੈਪਟਨ ਨੇ ਡਰਾਮਾ ਦੱਸਿਆ ਸੀ।

## ਅੱਧਾ ਭਾਰਤ ਭੁੱਖਾ, ਸੰਸਦੀ ਇਮਾਰਤ 'ਤੇ ਪੈਸਾ ਖਰਚਣ ਦੀ ਕੀ ਲੋੜ: ਕਮਲ ਹਸਨ

**ਚੇਨੱਈ:** ਸਿਆਸੀ ਧਿਰ ਐਮ.ਐਨ.ਐਮ. ਦੇ ਮੁਖੀ ਕਮਲ ਹਸਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੁੱਛਿਆ ਕਿ ਨਵੀਂ ਸੰਸਦੀ ਇਮਾਰਤ ਉਸਾਰੇ ਜਾਣ ਪਿਛਲਾ ਕਾਰਨ ਕੀ ਹੈ, ਉਹ ਲੋਕਾਂ ਨੂੰ ਵੀ ਦੱਸਣ। ਉਨ੍ਹਾਂ ਕਿਹਾ ਕਿ ਇਕ ਹਜ਼ਾਰ ਕਰੋੜ ਰੁਪਿਆ ਨਵੀਂ ਇਮਾਰਤ ਉਤੇ ਖਰਚਿਆ ਜਾ ਰਿਹਾ ਹੈ, ਉਹ ਵੀ ਉਦੋਂ 'ਜਦ ਅੱਧਾ ਭਾਰਤ ਭੁੱਖਾ ਹੈ, ਕਰੋਨਾ ਵਾਇਰਸ ਕਾਰਨ ਲੋਕਾਂ ਦੇ ਵੱਡੀ ਗਿਣਤੀ ਵਿਚ ਰੁਜ਼ਗਾਰ ਖੁੱਸ ਗਏ ਹਨ।' 'ਦਿ ਗ੍ਰੇਟ ਵਾਲ ਆਫ ਚਾਈਨਾ' ਨੂੰ ਨਵੀਂ ਇਮਾਰਤ ਦੀ ਉਸਾਰੀ ਨਾਲ ਜੋੜਦਿਆਂ ਦੱਖਣ ਭਾਰਤ ਦੇ ਫਿਲਮ ਸੁਪਰਸਟਾਰ ਨੇ ਕਿਹਾ ਕਿ 'ਹਜ਼ਾਰਾਂ ਲੋਕ ਇਸ ਦੀ ਉਸਾਰੀ ਦੌਰਾਨ ਮਰ ਗਏ ਤੇ ਡਰੈਗਨ ਮੁਲਕ ਦੇ ਸ਼ਾਸਕਾਂ ਦਾ ਤਰਕ ਸੀ ਕਿ ਇਸ ਨੂੰ ਲੋਕਾਂ ਦੀ ਰੱਖਿਆ ਲਈ ਬਣਾਇਆ ਜਾ ਰਿਹਾ ਹੈ।' ਟਵੀਟ ਕਰਦਿਆਂ ਕਮਲ ਹਸਨ ਨੇ ਪ੍ਰਧਾਨ ਮੰਤਰੀ ਤੋਂ ਇਮਾਰਤ ਦੀ ਉਸਾਰੀ ਬਾਰੇ ਜਵਾਬ ਮੰਗਿਆ। ਐਮ.ਐਨ.ਐਮ. ਮੁਖੀ ਨੇ ਤਾਮਿਲਨਾਡੂ ਵਿਧਾਨ ਸਭਾ ਚੋਣਾਂ ਲਈ ਪ੍ਰਚਾਰ ਆਰੰਭ ਦਿੱਤਾ ਹੈ। ਚੋਣਾਂ ਅਪਰੈਲ-ਮਈ 2021 ਦੌਰਾਨ ਹੋਣੀਆਂ ਹਨ।

# ਕਿਸਾਨ ਅੰਦੋਲਨ: ਕੁੰਢੀਆਂ ਦੇ ਸਿੰਗ ਫਸ ਗਏ...

*(ਸਫਾ ਇਕ ਦੀ ਬਾਕੀ)*

ਪਰ ਕੇਂਦਰ ਸਰਕਾਰ ਨੂੰ ਇਹ ਸਮਝ ਜ਼ਰੂਰ ਆ ਗਈ ਹੈ ਕਿ ਇਨ੍ਹਾਂ ਕਾਨੂੰਨਾਂ ਵਿਚ ਕਿਸਾਨ ਵਰਗ ਦੇ ਸ਼ੰਕਿਆਂ ਨੂੰ ਨਵਿਰਤ ਕਰਨ ਲਈ ਸੋਧਾਂ ਕੀਤੀਆਂ ਜਾਣੀਆਂ ਜ਼ਰੂਰੀ ਹਨ ਪਰ ਇਸ ਅੰਦੋਲਨ ਨੂੰ ਇਸ ਹੱਦ ਤੱਕ ਵੱਡਾ ਹੁੰਗਾਰਾ ਮਿਲਿਆ ਹੈ ਕਿ ਕਿਸਾਨ ਜਥੇਬੰਦੀਆਂ ਨੇ ਜਿਥੇ ਇਨ੍ਹਾਂ ਕਾਨੂੰਨਾਂ ਨੂੰ ਵਾਪਸ ਲੈਣ ਦੀ ਗੱਲ ਰੱਖੀ, ਉਥੇ ਸਾਰੀਆਂ ਫਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ 'ਤੇ ਖਰੀਦ ਸਬੰਧੀ ਵੀ ਕਾਨੂੰਨ ਬਣਾਏ ਜਾਣ ਉਤੇ ਜ਼ੋਰ ਦੇਣਾ ਸ਼ੁਰੂ ਕਰ ਦਿੱਤਾ।

ਇਸੇ ਸਾਲ ਸਤੰਬਰ ਦੇ ਮਹੀਨੇ ਵਿਚ ਕੇਂਦਰ ਸਰਕਾਰ ਵਲੋਂ ਪਾਸ ਕੀਤੇ ਗਏ ਤਿੰਨ ਖੇਤੀ ਕਾਨੂੰਨਾਂ ਬਾਰੇ ਹਰ ਪੱਧਰ ਉਤੇ ਵੱਡੀ ਚਰਚਾ ਹੁੰਦੀ ਰਹੀ ਹੈ। ਇਕ ਪਾਸੇ ਕਰੋਨਾ ਦੀ ਮਹਾਂਮਾਰੀ ਦਾ ਦੌਰ ਜਾਰੀ ਸੀ, ਦੂਜੇ ਪਾਸੇ ਸਰਕਾਰ ਵਲੋਂ ਸੰਸਦ ਵਿਚੋਂ ਇਨ੍ਹਾਂ ਬਿੱਲਾਂ ਨੂੰ ਕਾਹਲੀ ਨਾਲ ਪਾਸ ਕਰਵਾਉਣ ਦੀ ਸਖਤ ਆਲੋਚਨਾ ਵੀ ਹੋਈ ਸੀ। ਵੱਡੇ ਕਿਸਾਨ ਵਰਗ ਨੂੰ ਇਹ ਵੀ ਗਿਲਾ ਰਿਹਾ ਹੈ ਕਿ ਖੇਤੀ ਕਾਨੂੰਨ ਬਣਾਉਣ ਸਮੇਂ ਉਨ੍ਹਾਂ ਨੂੰ ਇਨ੍ਹਾਂ ਸਬੰਧੀ ਵਿਸ਼ਵਾਸ ਵਿਚ ਨਹੀਂ ਲਿਆ ਗਿਆ। ਇਨ੍ਹਾਂ ਕਾਨੂੰਨਾਂ ਵਿਚ ਕੁਝ ਅਜਿਹੀਆਂ ਖਾਮੀਆਂ ਸਾਹਮਣੇ ਆਈਆਂ ਸਨ, ਜਿਨ੍ਹਾਂ ਨੇ ਕਿਸਾਨ ਵਰਗ ਵਿਚ ਬੇਚੈਨੀ ਅਤੇ ਚਿੰਤਾ ਪੈਦਾ ਕੀਤੀ ਸੀ।

ਇਨ੍ਹਾਂ ਦੇ ਵਿਸਥਾਰ ਨਾਲ ਕਿਸਾਨਾਂ ਨੂੰ ਇਹ ਜਾਪਣ ਲੱਗਾ ਸੀ ਕਿ ਖੇਤੀ ਵਪਾਰ ਤੇ ਉਤਪਾਦਨ ਵਿਚ ਸਰਕਾਰ ਵੱਡੇ ਵਪਾਰੀਆਂ ਤੇ ਕਾਰਪੋਰੇਟਾਂ ਨੂੰ ਲਿਆਉਣਾ ਚਾਹੁੰਦੀ ਹੈ। ਉਹ ਖੇਤੀ ਦੇ ਸਮੁੱਚੇ ਕਿੱਤੇ ਅਤੇ ਵਪਾਰ ਉਤੇ ਕਬਜ਼ਾ ਕਰ ਲੈਣਗੇ। ਇਸ ਨਾਲ ਮੰਡੀਆਂ ਦਾ 5 ਦਹਾਕਿਆਂ ਦਾ ਸਥਾਪਤ ਹੋਇਆ ਪ੍ਰਬੰਧ ਖੇਰੂੰ-ਖੇਰੂੰ ਹੋ ਜਾਵੇਗਾ। ਕਿਸਾਨ ਨੂੰ ਕਣਕ ਤੇ ਝੋਨਾ ਵੇਚਣ ਵਿਚ ਮੁਸ਼ਕਲ ਆਵੇਗੀ ਅਤੇ ਅਖੀਰ ਉਹ ਵੱਡੀਆਂ ਕਾਰਪੋਰੇਟ ਕੰਪਨੀਆਂ ਦੇ ਰਹਿਮੋ-ਕਰਮ ਉਤੇ ਹੋ ਜਾਣਗੇ। ਇਹ ਵੀ ਇਤਰਾਜ਼ ਸਾਹਮਣੇ ਆਇਆ ਸੀ ਕਿ ਇਹ ਕਾਨੂੰਨ ਬਣਾ ਕੇ ਰਾਜਾਂ ਦੇ ਅਧਿਕਾਰਾਂ ਵਿਚ ਵੱਡਾ ਦਖਲ ਦਿੱਤਾ ਹੈ। ਖਾਸ ਤੌਰ ਉਤੇ ਛੋਟੇ ਕਿਸਾਨਾਂ ਦੇ ਮਨ ਵਿਚ ਇਨ੍ਹਾਂ ਕਾਨੂੰਨਾਂ ਨੂੰ ਲੈ ਕੇ ਵਧੇਰੇ ਅਨਿਸ਼ਚਿਤਤਾ ਪੈਦਾ ਹੋਈ ਸੀ, ਉਹ ਵੱਡੇ ਵਪਾਰੀਆਂ ਨਾਲ ਠੇਕਾ ਖੇਤੀ ਸਬੰਧੀ ਲੈਣ-ਦੇਣ ਕਰਨ ਅਤੇ ਸਮਝੌਤਿਆਂ ਨੂੰ ਸਿਰੇ ਚੜ੍ਹਾਉਣ 'ਚ ਆਪਣੇ-ਆਪ ਨੂੰ ਅਸਮਰੱਥ ਸਮਝਦੇ ਸਨ। ਨਵੇਂ ਕਾਨੂੰਨਾਂ ਵਿਚ ਸਥਾਪਤ ਮੰਡੀਆਂ ਦੇ ਨਾਲ-ਨਾਲ ਹਰ ਥਾਂ 'ਤੇ ਖੋਲ੍ਹੀਆਂ ਜਾਣ ਵਾਲੀਆਂ ਨਿੱਜੀ ਮੰਡੀਆਂ ਨੂੰ ਇਹ ਵੀ ਰਿਆਇਤ ਦਿੱਤੀ ਗਈ ਸੀ ਕਿ ਪ੍ਰਸਤਾਵਿਤ ਟੈਕਸਾਂ ਤੋਂ ਉਹ ਮੁਕਤ ਹੋਣਗੀਆਂ। ਇਸ ਮੱਦ ਨਾਲ ਨਿੱਜੀ ਵਪਾਰੀਆਂ ਦਾ ਪਲੜਾ ਭਾਰੀ ਹੋ ਜਾਂਦਾ ਸੀ ਅਤੇ ਉਹ ਆਰਜ਼ੀ ਤੌਰ ਉਤੇ ਕਿਸਾਨਾਂ ਦੀ ਉਪਜ ਸਬੰਧੀ ਕਈ ਤਰ੍ਹਾਂ ਦੇ ਲਾਲਚ ਦੇਣ ਦੇ ਸਮਰੱਥ ਹੋ ਜਾਂਦੇ ਸਨ।

ਸਰਕਾਰੀ ਮੰਡੀਆਂ ਦੇ ਕਮਜ਼ੋਰ ਹੋ ਜਾਣ ਨਾਲ ਕਿਸਾਨਾਂ ਨੂੰ ਸ਼ੰਕਾ ਸੀ ਕਿ ਵਪਾਰੀ ਵਰਗ ਅਤੇ ਕਾਰਪੋਰੇਟਰਾਂ ਦਾ ਹੀ ਖੇਤੀ 'ਤੇ ਅਧਿਕਾਰ ਹੋ ਜਾਏਗਾ। ਪੰਜਾਬ, ਹਰਿਆਣਾ ਅਤੇ ਪੱਛਮੀ ਉਤਰ ਪ੍ਰਦੇਸ਼ ਵਿਚ ਕਈ ਦਹਾਕਿਆਂ ਤੋਂ ਸਥਾਪਤ ਮੰਡੀਆਂ ਵਿਚੋਂ ਘੱਟੋ-ਘੱਟ ਸਮਰਥਨ ਮੁੱਲ ਦੇ ਆਧਾਰ ਉਤੇ ਕੇਂਦਰੀ ਏਜੰਸੀ ਫੂਡ ਕਾਰਪੋਰੇਸ਼ਨ ਆਫ ਇੰਡੀਆ ਵੱਡੀ ਹੱਦ ਤੱਕ ਕਣਕ ਝੋਨਾ ਖਰੀਦਦੀ ਰਹੀ ਹੈ। ਪੰਜਾਬ ਦੀਆਂ ਖਰੀਦ ਏਜੰਸੀਆਂ ਵੀ ਉਸ ਲਈ ਹੀ ਖਰੀਦ ਕਰਦੀਆਂ ਰਹੀਆਂ ਹਨ। ਸਿਆਸੀ ਮਾਹਰਾਂ ਦਾ ਕਹਿਣਾ ਹੈ ਕਿ ਜੇਕਰ ਸਰਕਾਰ ਸਿਆਣਪ ਵਰਤਦੀ ਤੇ ਕਿਸਾਨਾਂ ਦੇ ਖਦਸ਼ੇ ਦੂਰ ਕਰਨ ਲਈ ਤੁਰਤ ਪਹਿਲ ਕਰਦੀ ਤਾਂ ਇਹ ਦਿਨ ਨਾ ਵੇਖਣੇ ਪੈਂਦੇ। ਹੁਣ ਕੇਂਦਰ ਰੋਹ ਦੀ ਉਚੀ ਹੁੰਦੀ ਲਹਿਰ ਅੱਗੇ ਬੇਵੱਸ ਹੈ ਤੇ ਬਾਜ਼ੀ ਸੰਘਰਸ਼ੀਆਂ ਹੱਥ ਹੈ।

## ਕੇਂਦਰ ਸਰਕਾਰ ਦਾ ਬੇਵਸੀ ਵਾਲਾ ਆਲਮ

ਕੇਂਦਰ ਸਰਕਾਰ ਇਸ ਸਮੇਂ ਬੇਵਸੀ ਵਾਲੇ ਆਲਮ ਵਿਚੋਂ ਲੰਘ ਰਹੀ ਹੈ; ਖਾਸ ਕਰਕੇ ਭਾਜਪਾ ਦੀ ਪੰਜਾਬ ਦੀ ਲੀਡਰਸ਼ਿਪ ਵੱਲੋਂ ਹਾਈ ਕਮਾਂਡ ਕੋਲ ਮਾਰੇ ਜਾ ਰਹੇ ਗੇੜੇ ਸਰਕਾਰ ਦਾ ਫਿਕਰ ਵਧਾ ਰਹੇ ਹਨ। ਪੰਜਾਬ ਤੇ ਹਰਿਆਣਾ ਤੋਂ ਭਾਜਪਾ ਆਗੂ ਦਿੱਲੀ ਡੇਰੇ ਲਾਈ ਬੈਠੀ ਹਨ ਅਤੇ ਕੇਂਦਰੀ ਮੰਤਰੀਆਂ ਨਾਲ ਧੜਾ-ਧੜ ਮੀਟਿੰਗਾਂ ਦਾ ਦੌਰ ਚੱਲ ਰਿਹਾ ਹੈ। ਯਾਦ ਰਹੇ ਕਿ ਪਿਛਲੇ ਦੋ ਮਹੀਨਿਆਂ ਤੋਂ ਪੰਜਾਬ ਵਿਚ ਭਾਜਪਾ ਆਗੂਆਂ ਦੇ ਘਰਾਂ ਦੀ ਘੇਰਾਬੰਦੀ ਕੀਤੀ ਹੋਈ ਹੈ ਤੇ ਇਹ ਸਿਲਸਲਾ ਹੁਣ ਹਰਿਆਣਾ ਵਿਚ ਵੀ ਸ਼ੁਰੂ ਹੋ ਗਿਆ ਹੈ। ਖਾਪ ਪੰਚਾਇਤਾਂ ਦੇ ਖੁੱਲ੍ਹ ਕੇ ਕਿਸਾਨ ਸਮਰਥਨ ਵਿਚ ਆ ਜਾਣ ਕਾਰਨ ਸਰਕਾਰ ਦੀ ਚਿੰਤਾ ਵਧ ਗਈ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ

# ਖੇਤੀ ਕਾਨੂੰਨਾਂ ਖਿਲਾਫ ਸੁਪਰੀਮ ਕੋਰਟ ਪੁੱਜੀ ਕਿਸਾਨ ਜਥੇਬੰਦੀ

**ਨਵੀਂ ਦਿੱਲੀ:** ਕਿਸਾਨਾਂ ਵੱਲੋਂ ਤਿੰਨ ਖੇਤੀ ਕਾਨੂੰਨਾਂ ਖਿਲਾਫ ਦਿੱਲੀ ਦੀਆਂ ਸਰਹੱਦਾਂ ਉਤੇ ਲਾਏ ਧਰਨਿਆਂ ਦਰਮਿਆਨ ਭਾਰਤੀ ਕਿਸਾਨ ਯੂਨੀਅਨ ਭਾਨੂੰ (ਬੀ.ਕੇ.ਯੂ.ਬੀ.) ਨੇ ਸੁਪਰੀਮ ਕੋਰਟ ਦਾ ਰੁਖ ਕਰਦਿਆਂ (ਖੇਤੀ) ਕਾਨੂੰਨਾਂ ਦੀ ਸੰਵਿਧਾਨਕ ਵੈਧਤਾ ਨੂੰ ਚੁਣੌਤੀ ਦੇਣ ਨਾਲ ਸਬੰਧਤ ਬਕਾਇਆ ਪਟੀਸ਼ਨਾਂ 'ਚ ਇਕ ਧਿਰ ਵਜੋਂ ਸ਼ਾਮਲ ਕੀਤੇ ਜਾਣ ਦੀ ਮੰਗ ਕੀਤੀ ਹੈ। ਭਾਰਤ ਦੇ ਚੀਫ ਜਸਟਿਸ ਐਸ.ਏ.ਬੋਬੜੇ ਦੀ ਅਗਵਾਈ ਵਾਲੇ ਬੈਂਚ ਨੇ ਆਰ.ਜੇ.ਡੀ. ਆਗੂ ਤੇ ਰਾਜ ਸਭਾ ਮੈਂਬਰ ਮਨੋਜ ਝਾਅ ਤੇ ਡੀ.ਐਮ.ਕੇ. ਦੇ ਰਾਜ ਸਭਾ ਮੈਂਬਰ ਤਿਰੁਚੀ ਸ਼ਿਵਾ ਤੇ ਛੱਤੀਸਗੜ੍ਹ ਕਿਸਾਨ ਕਾਂਗਰਸ ਦੇ ਰਾਕੇਸ਼ ਵੈਸ਼ਨਵ ਵੱਲੋਂ ਦਾਇਰ ਪਟੀਸ਼ਨਾਂ ਉਤੇ (ਖੇਤੀ) ਕਾਨੂੰਨਾਂ ਦੀ ਸੰਵਿਧਾਨਕ ਵੈਧਤਾ ਦੀ ਨਿਰਖ-ਪਰਖ ਲਈ ਸਹਿਮਤੀ ਦਿੰਦਿਆਂ ਕੇਂਦਰ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਸੀ। ਤਿੰਨ ਖੇਤੀ ਕਾਨੂੰਨ, ਕਿਸਾਨ (ਸਸ਼ਕਤੀਕਰਨ ਤੇ ਸੁਰੱਖਿਆ) ਕੀਮਤਾਂ ਦੇ ਭਰੋਸੇ ਤੇ ਖੇਤੀ ਸੇਵਾਵਾਂ ਐਕਟ 2020, ਕਿਸਾਨਾਂ ਦੀ ਜਿਣਸ ਵਪਾਰ ਤੇ ਵਣਜ (ਪ੍ਰਮੋਸ਼ਨ ਤੇ ਫੈਸਿਲੀਟੇਸ਼ਨ) ਐਕਟ 2020 ਤੇ ਜ਼ਰੂਰੀ ਵਸਤਾਂ (ਸੋਧ) ਐਕਟ 2020 ਰਾਸ਼ਟਰਪਤੀ ਰਾਮ ਨਾਥ ਕੋਵਿੰਦ ਦੀ ਸਹੀ ਮਗਰੋਂ 27 ਸਤੰਬਰ ਤੋਂ ਹੋਂਦ ਵਿਚ ਆ ਗਏ ਸਨ। ਭਾਰਤੀ ਕਿਸਾਨ ਯੂਨੀਅਨ ਭਾਨੂੰ ਨੇ ਮਥੁਰਾ ਆਧਾਰਿਤ ਆਪਣੇ ਪ੍ਰਧਾਨ ਭਾਨੂੰ ਪ੍ਰਤਾਪ ਸਿੰਘ ਰਾਹੀਂ ਡੀ.ਐਮ.ਕੇ. ਦੇ ਕਾਨੂੰਨਸਾਜ਼ ਤਿਰੁਚੀ ਸ਼ਿਵਾ ਵੱਲੋਂ ਪਾਈ ਮੁੱਖ ਪਟੀਸ਼ਨ ਵਿਚ ਧਿਰ ਬਣਾਉਣ ਦੀ ਮੰਗ ਕੀਤੀ ਹੈ।

ਵਕੀਲ ਏ.ਪੀ.ਸਿੰਘ ਰਾਹੀਂ ਦਾਇਰ ਪਟੀਸ਼ਨ ਵਿਚ ਕਿਸਾਨ ਜਥੇਬੰਦੀ ਨੇ ਦਾਅਵਾ ਕੀਤਾ ਕਿ ਇਹ ਕਾਨੂੰਨ ਗੈਰਕਾਨੂੰਨੀ ਤੇ ਆਪਹੁਦਰੇ ਹਨ ਤੇ ਇਨ੍ਹਾਂ ਨਾਲ ਖੇਤੀ ਉਤਪਾਦਾਂ ਦੀ ਜੁੱਟਬੰਦੀ ਤੇ ਵਪਾਰੀਕਰਨ ਲਈ ਰਾਹ ਪੱਧਰਾ ਹੋ ਜਾਵੇਗਾ। ਜਥੇਬੰਦੀ ਨੇ ਕਿਹਾ, 'ਜੇ ਇਹ ਕਾਨੂੰਨ ਕਾਇਮ ਰਹਿੰਦੇ ਹਨ ਤਾਂ ਅਸੀਂ ਆਪਣੇ ਮੁਲਕ ਨੂੰ ਪੂਰੀ ਤਰ੍ਹਾਂ ਨਾਲ ਬਰਬਾਦ ਕਰ ਦੇਵਾਂਗੇ ਕਿਉਂਕਿ ਕਾਰਪੋਰੇਟ ਇਕੋ ਹੱਲੇ 'ਚ ਬਿਨਾਂ ਕਿਸੇ ਕੰਟਰੋਲ/ਰੈਗੂਲੇਸ਼ਨ ਦੇ ਸਾਡੇ ਖੇਤੀ ਉਤਪਾਦ ਬਰਾਮਦ ਕਰ ਸਕਣਗੇ। ਨਤੀਜੇ ਵਜੋਂ ਖੇਤੀ ਉਤਪਾਦਾਂ ਦਾ ਕਾਲ ਵੱਖਰਾ ਪਏਗਾ।'

## ਪਾਕਿਸਤਾਨ ਜਾਣ ਵਾਲੇ ਸ਼ਰਧਾਲੂਆਂ ਦੇ ਪਾਸਪੋਰਟ ਮੰਗੇ

**ਅੰਮ੍ਰਿਤਸਰ:** ਵਿਸਾਖੀ ਮੌਕੇ ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਵਿਚ ਖਾਲਸਾ ਸਾਜਨਾ ਦਿਵਸ (ਵਿਸਾਖੀ) ਮਨਾਉਣ ਲਈ ਸਿੱਖ ਸ਼ਰਧਾਲੂਆਂ ਦਾ ਜਥਾ ਭੇਜਣ ਵਾਸਤੇ ਸ਼੍ਰੋਮਣੀ ਕਮੇਟੀ ਨੇ ਸਿੱਖ ਸ਼ਰਧਾਲੂਆਂ ਕੋਲੋਂ 31 ਦਸੰਬਰ ਤੱਕ ਪਾਸਪੋਰਟ ਮੰਗੇ ਹਨ। ਦੱਸਣਯੋਗ ਹੈ ਕਿ ਵਿਸਾਖੀ ਮੌਕੇ ਪਾਕਿਸਤਾਨ ਦੇ ਗੁਰਧਾਮਾਂ ਦੀ ਯਾਤਰਾ ਲਈ ਸ਼ਰਧਾਲੂਆਂ ਦਾ ਇਹ ਜਥਾ ਅਪਰੈਲ 2021 ਵਿਚ ਪਾਕਿਸਤਾਨ ਜਾਵੇਗਾ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਸ਼ਰਧਾਲੂ 31 ਦਸੰਬਰ ਤੱਕ ਆਪਣੇ ਪਾਸਪੋਰਟ ਜਮ੍ਹਾਂ ਕਰਵਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਸਿੱਖ ਸ਼ਰਧਾਲੂ ਸ਼੍ਰੋਮਣੀ ਕਮੇਟੀ ਦੇ ਹਲਕਾ ਮੈਂਬਰ ਦੀ ਸਿਫਾਰਸ਼ ਸਣੇ ਆਪਣੇ ਪਾਸਪੋਰਟ ਸ਼੍ਰੋਮਣੀ ਕਮੇਟੀ ਦੇ ਮੁੱਖ ਦਫਤਰ ਅੰਮ੍ਰਿਤਸਰ ਵਿਚ ਭੇਜਣ।

## ਲੇਖਕ ਜਗਤਾਰ ਗਿੱਲ ਨੂੰ ਸਦਮਾ, ਪਿਤਾ ਸੁਰਗਵਾਸ

**ਫਰਿਜ਼ਨੋ (ਬਿਊਰੋ):** ਜਗਤਾਰ ਸਿੰਘ ਗਿੱਲ (ਪੁਰਾਣੇਵਾਲਾ, ਜਿਲਾ ਮੋਗਾ) ਦੇ ਪਿਤਾ ਜਥੇਦਾਰ ਹਰਬੰਤ ਸਿੰਘ ਗਿੱਲ ਪਿਛਲੇ ਦਿਨੀਂ 92 ਸਾਲ ਦੀ ਖੁਸ਼ਹਾਲ ਜ਼ਿੰਦਗੀ ਭੋਗ ਕੇ ਇਸ



ਫਾਨੀ ਦੁਨੀਆਂ ਨੂੰ ਸਦਾ ਲਈ ਅਲਵਿਦਾ ਆਖ ਗਏ। ਉਹ ਪਿਛਲੇ ਕਰੀਬ 22 ਸਾਲ ਤੋਂ ਜਗਤਾਰ ਸਿੰਘ ਗਿੱਲ ਕੋਲ ਫਰੀਮਾਂਟ ਵਿਖੇ ਰਹਿੰਦੇ।

ਸਵਰਗੀ ਜਥੇਦਾਰ ਹਰਬੰਤ ਸਿੰਘ ਗਿੱਲ ਆਪਣੇ ਪਿੱਛੇ ਹਰਿਆ-ਭਰਿਆ ਪਰਿਵਾਰ ਛੱਡ ਗਏ ਹਨ। ਉਨ੍ਹਾਂ ਦਾ ਅੰਤਿਮ ਸਸਕਾਰ ਲੰਘੇ ਸਨਿਚਰਵਾਰ ਕਰ ਦਿੱਤਾ ਗਿਆ। ਪਰਿਵਾਰ ਨਾਲ ਸੰਪਰਕ ਜਗਤਾਰ ਸਿੰਘ ਗਿੱਲ ਨਾਲ 408-857-4455 ਰਾਹੀਂ ਕੀਤਾ ਜਾ ਸਕਦਾ ਹੈ।


SUPER TRAVEL
847-676-9090, 773-465-5566
E-mail: supertravel2003@live.com
Lowest Fares With Excellent Service
United Airlines
British Airways

Etihad, Air India, KLM, Lufthansa, Delta, Qatar Airlines.
For Emergency Call anytime at 847-673-3825
EARLY BIRD SALE!!!!
Domestic fares available

ਟਰੱਕ ਡਰਾਈਵਰਾਂ ਦੀ ਲੋੜ ਹੈ

ਕੈਂਟਨ, ਮਿਸ਼ੀਗਨ ਵਿਚ ਟਰੱਕ ਡਰਾਈਵਰਾਂ ਦੀ ਲੋੜ ਹੈ। ਰੋਜ਼ਾਨਾ ਕੰਮ, ਚੰਗੀ ਤਨਖਾਹ ਵੀਕਐਂਡ 'ਤੇ ਘਰ
Wanted CDL Truck Driver
In Canton, Michigan
Daily Work, Good Pay
Week end Home.
ਸੰਪਰਕ ਕਰੋ
ਫੋਨ: 734-366-5300 ਜਾਂ 734-231-1871
49-


# Matrimonials

### ਲੜਕੀ ਦੀ ਲੋੜ ਹੈ

Wanted suitable match for US citizen Grewal boy 33, 5'-9" tall from Fresno, California; has a computer degree. Bride's family send bio to groom directly at what's app +1 (510) 512-8055
47-50

ਸੈਣੀ ਸਿੱਖ, ਉਮਰ 35 ਸਾਲ, ਕੱਦ 5'-9'', ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 319-670-8892
46-

Wanted suitable match for handsome Jatt Sikh boy, 5'-11", 27 years, completed Engineering Masters in US, landlord family. Currently working in USA. Please send detailed particulars to email: singhusa93@gmail.com
44-

### ਲੜਕੇ ਦੀ ਲੋੜ ਹੈ


Wanted suitable match for green card, Sikh Khatri, pretty girl, 35, 5'-5", MBA (India) MS (USA), working MNC in NY upstate. Divorced issueless. Looking for an educated Sikh Boy who working in USA E-mail: singhfdb@gmail.com or W/app +1-913-742-1102
40-41

Wanted suitable match for US citizen Sikh Khatri girl, 34 yrs, 5'-4", B. Pharmacy (India), Doctorate of Pharmacy (USA), MBA (USA), working full time inpatient Pharmacist in Michigan. Divorced, no children. Looking for an educated Sikh boy who resides in USA. Caste no bar. Please email/text, Ph: 1-262-506-4748, sukhmanpreet007@gmail.com
36-39

*Visit us on the web:* ***www.punjabtimesusa.com***


To Advertise with Punjab Times Call: 847-359-0746
Visit us on the web:wwwpunjabtimesusa.com

ਸਰਵਰ, ਕੁੱਕ ਅਤੇ ਤੰਦੂਰੀਏ ਦੀ ਲੋੜ ਹੈ
ਸਿਨਸਿਨੈਟੀ (ਓਹਾਇਓ) ਇਲਾਕੇ ਵਿਚ ਇੰਡੀਅਨ ਰੈਸਟੋਰੈਂਟ ਵਾਸਤੇ ਸਰਵਰ, ਕੁੱਕ ਅਤੇ ਤੰਦੂਰੀਏ ਦੀ ਲੋੜ ਹੈ।
ਵਾਜਬ ਤਨਖਾਹ ਤੇ ਹੋਰ ਸਹੂਲਤਾਂ
ਸੰਪਰਕ ਕਰੋ, ਫੋਨ: 513-203-6315
43-

Sistar Mortgage
Minimizing Cost, Maximizing Investment
www.SistarMortgage.com

Balbir (Bill) Grewal, Loan Officer (NMLS 353442)
Residential & Commercial Loans
(734) 330-8859 Mobile
(586) 802-7385 Fax
Balbir.Grewal@SistarMortgage.com
Loans Available In Most States!
*Refinance up to 125% value of the house.
•Residential Loans (Purchase, Refinance & Cash Out Refinance). •Self Employed and H1 Visa •Jumbo loans •Commercial Property With Business or Business Only. •Business Equity Line of Credit. •Multi Unit Investment Property.

Desi Bazar
Under new management.
916 E. Main Street #118, Greenwood, IN, 46143
Tel: 317-888-2040, Fax: 317-887-6116
Lakhvir S. Johal, Ph: 317-709-7800
Help Wanted in the Kitchen
We specialize in all kind of Indian Groceries and Sweets
• FRESH VEGETABLES EVERY THURSDAY
• FRESH GOAT MEAT
10% off on all Gurudwara supplies and Religious programs!!
We Are Open 7 Days a Week
ਖੁਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

# ਜਦੋਂ ਵਿਆਹ ਦੀ ਜਾਗੋ 'ਕਿਸਾਨ ਸੰਘਰਸ਼ ਦੀ ਜਾਗੋ' ਹੋ ਨਿਬੜੀ

**ਨਾਭਾ (ਬਿਊਰੋ):** ਨੇੜਲੇ ਪਿੰਡ ਦੁਲੱਦੀ ਵਿਖੇ ਵਿਆਹ ਸਮਾਗਮ ਉਤੇ ਖੇਤੀ ਪੁੱਤਰਾਂ ਦੇ ਸੰਘਰਸ਼ ਦਾ ਗੂੜ੍ਹਾ ਪ੍ਰਛਾਵਾਂ ਉਦੋਂ ਦੇਖਣ ਨੂੰ ਮਿਲਿਆ, ਜਦੋਂ ਪਰਿਵਾਰ ਨੇ ਬੀ. ਕੇ. ਯੂ. ਏਕਤਾ ਉਗਰਾਹਾਂ ਦੇ ਝੰਡੇ ਤੇ 'ਕਾਲੇ ਖੇਤੀ ਕਾਨੂੰਨ ਵਾਪਸ ਲਓ' ਦੇ ਸਲੋਗਨਾਂ ਵਾਲੀਆਂ ਤਖਤੀਆਂ ਹੱਥਾਂ ਵਿਚ ਲੈ ਕੇ ਜਾਗੋ ਕੱਢੀ। ਇਸ ਜਾਗੋ ਵਿਚ ਰਵਾਇਤੀ ਵਿਆਹ ਦੇ ਗੀਤਾਂ ਦੀ ਥਾਂ 'ਕਾਰਪੋਰੇਟ ਪੱਖੀ ਕੇਂਦਰ ਸਰਕਾਰ ਮੁਰਦਾਬਾਦ', 'ਕਿਸਾਨ-ਮਜ਼ਦੂਰ ਏਕਤਾ ਜ਼ਿੰਦਾਬਾਦ' ਤੇ 'ਹੱਕ ਲਵਾਂਗੇ ਏਕੇ ਨਾਲ' ਦੇ ਨਾਅਰਿਆਂ ਨੇ ਕਿਸਾਨੀ ਸੰਘਰਸ਼ ਦਾ ਮਾਹੌਲ ਸਿਰਜ ਦਿੱਤਾ। ਵਿਆਹ ਦੀ ਜਾਗੋ ਦੇ ਨਾਂ 'ਤੇ ਤਾਂ ਸਿਰਫ ਜਾਗੋ ਵਾਲੀ ਗਾਗਰ ਹੀ ਵਿਖਾਈ ਦੇ ਰਹੀ ਸੀ।



ਦੁਲੱਦੀ ਵਾਸੀ ਅਮਨਦੀਪ ਸਿੰਘ ਘੁਮਾਣ ਪੁੱਤਰ ਆੜਤੀ ਇੰਦਰਜੀਤ ਸਿੰਘ ਘੁਮਾਣ ਦਾ ਵਿਆਹ ਇੰਡੀਆਨਾ (ਅਮਰੀਕਾ) ਵਾਸੀ ਪੰਜਾਬੀ ਮੂਲ ਦੇ ਗੁਰਜੰਟ ਸਿੰਘ ਤੇ ਬੀਬੀ ਜਸਵਿੰਦਰ ਕੌਰ ਦੀ ਧੀ ਅਮਨਜੋਤ ਕੌਰ ਪਟਿਆਲਾ ਨਾਲ ਹੋਇਆ ਹੈ। ਅਮਨਦੀਪ ਸਿੰਘ ਦੇ ਮਰਹੂਮ ਦਾਦਾ ਖੇਤੀ ਮਾਹਰ ਮੁਖਤਿਆਰ ਸਿੰਘ ਘੁਮਾਣ ਉਗਰਾਹਾਂ ਯੂਨੀਅਨ ਦਾ ਸਰਗਰਮ ਮੈਂਬਰ ਸੀ। ਪੰਜਾਬੀ ਯੂਨੀਵਰਸਟੀ ਪਟਿਆਲਾ ਤੋਂ ਪੋਸਟ ਗ੍ਰੈਜੂਏਟ ਅਮਨਦੀਪ ਸਿੰਘ ਨੇ ਦਾਦੇ ਦੀ ਯਾਦ ਵਿਚ ਇਸ ਜਾਗੋ ਸਮਾਗਮ ਨੂੰ ਕਿਸਾਨ ਮੋਰਚੇ ਨੂੰ ਸਮਰਪਤਿ ਕਰਨ ਲਈ ਆਪਣੇ ਚਾਚਾ ਗੁਰਚਰਨ ਸਿੰਘ ਦੁਲੱਦੀ ਤੇ ਅਵਤਾਰ ਸਿੰਘ ਘੁਮਾਣ ਨਾਲ ਸਲਾਹ ਕੀਤੀ, ਜਿਸ ਦੀ ਸਾਰੇ ਪਰਿਵਾਰ ਨੇ ਹਾਮੀ ਭਰ ਦਿੱਤੀ, ਕਿਉਂਕਿ ਉਹ ਤੇ ਨਾਨਕਾ ਪਰਿਵਾਰ ਵਿਆਹ ਤੋਂ ਪਹਿਲਾਂ ਹੀ ਦਿੱਲੀ ਕਿਸਾਨ ਮੋਰਚੇ ਤੋਂ ਵਾਪਸ ਆਏ ਸਨ।

ਨੌਜਵਾਨਾਂ ਨੇ ਇਸ ਵਿਆਹ ਦੀ ਜਾਗੋ ਨੂੰ ਜਦੋਂ ਕਿਸਾਨ ਸੰਘਰਸ਼ ਦੇ ਮਾਰਚ ਵਿਚ ਤਬਦੀਲ ਕੀਤਾ ਤਾਂ ਸਾਰਾ ਪਿੰਡ ਹੀ ਪਿਛੇ ਹੋ ਤੁਰਿਆ। ਜਾਗੋ 'ਤੇ ਜਗਦੀ ਮਸ਼ਾਲ ਨਾਲ ਸਾਰੇ ਪਿੰਡ ਦੀ ਫਿਰਨੀ ਨੂੰ ਕਿਸਾਨ ਮੋਰਚੇ ਦਾ ਹੀ ਰੂਪ ਦੇ ਦਿੱਤਾ ਸੀ। ਭੰਗੜੇ-ਗਿੱਧੇ ਦੀ ਥਾਂ ਜੋਸ਼ੀਲੇ ਨਾਅਰਿਆਂ ਨੇ ਵਿਆਹ ਸਮਾਗਮ ਵਿਚ ਨਵਾਂ ਹੀ ਹੁਲਾਸ ਭਰ ਦਿੱਤਾ ਸੀ। ਲਾੜੇ ਦੇ ਦੋਸਤਾਂ, ਰਿਸ਼ਤੇਦਾਰਾਂ ਸਾਕ ਸਬੰਧੀਆਂ ਨੇ ਪਿੰਡ ਵਿਚ ਜਾਗਣ ਦਾ ਸੁਨੇਹਾ ਦਿੱਤਾ ਤੇ ਡੀ. ਜੇ. ਉਤੇ ਕਿਸਾਨ ਸੰਘਰਸ਼ ਦੇ ਗੀਤ ਵਜਾਏ। ਘੁਮਾਣ ਪਰਿਵਾਰ ਦੇ ਨਵੇਂ ਨਵੇਲੇ ਅਮਰੀਕਾ ਵਾਸੀ ਰਿਸ਼ਤੇਦਾਰ ਹਸਤਾਖਰ ਮੁਹਿੰਮ ਤੇ ਰੋਸ ਪ੍ਰਦਰਸ਼ਨਾਂ ਵਿਚ ਹਿੱਸਾ ਲੈ ਕੇ ਕਿਸਾਨੀ ਸੰਘਰਸ਼ ਵਿਚ ਆਪਣਾ ਯੋਗਦਾਨ ਪਾ ਰਹੇ ਹਨ।

ਅਮਨਦੀਪ ਸਿੰਘ ਤੇ ਪਰਿਵਾਰ ਨੇ ਆਪਣੇ ਪਿਓ-ਦਾਦੇ ਦੇ ਪਦ ਚਿੰਨਾਂ 'ਤੇ ਚਲਦਿਆਂ ਅਜਿਹੀ ਮਿਸਾਲ ਪੇਸ਼ ਕੀਤੀ ਕਿ ਇਸ ਦੀ ਚਾਰੇ ਪਾਸੇ ਚਰਚਾ ਹੈ।

# ਲਾਹੌਰ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ ਦੀ ਭੰਨਤੋੜ

**ਲਾਹੌਰ:** ਇਥੇ ਲਾਹੌਰ ਦੇ ਕਿਲ੍ਹੇ ਵਿਚ 19ਵੀਂ ਸਦੀ ਦੇ ਸਿੱਖ ਸ਼ਾਸਕ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ ਦੀ ਭੰਨਤੋੜ ਕੀਤੀ ਗਈ ਹੈ। ਮਹਾਰਾਜਾ ਰਣਜੀਤ ਸਿੰਘ ਦੇ ਬੁੱਤ ਦੀ 2019 ਵਿਚ ਇਸ ਦੇ ਉਦਘਾਟਨ ਤੋਂ ਬਾਅਦ ਦੂਜੀ ਵਾਰ ਭੰਨਤੋੜ ਕੀਤੀ ਗਈ ਹੈ। ਇਹ ਬੁੱਤ ਕਿਲ੍ਹੇ ਦੀ 'ਮਾਈ ਜਿੰਦਾ' ਹਵੇਲੀ ਵਿਚ ਲਾਇਆ ਗਿਆ ਹੈ। ਇਸ ਘਟਨਾ ਤੋਂ ਬਾਅਦ, ਅਧਿਕਾਰੀਆਂ ਨੇ ਬੁੱਤ ਵਾਲੀ ਥਾਂ ਨੂੰ ਸੈਲਾਨੀਆਂ ਲਈ ਬੰਦ ਕਰ ਦਿੱਤਾ ਹੈ।

ਲਾਹੌਰ ਵਾਲਡ ਸਿਟੀ ਅਥਾਰਿਟੀ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਇਥੇ ਆਏ ਇਕ ਨੌਜਵਾਨ ਨੇ ਮਹਾਰਾਜਾ ਦੇ ਬੁੱਤ ਦੀ ਬਾਂਹ ਤੋੜ ਦਿੱਤੀ ਸੀ। ਉਸ ਨੇ ਦੱਸਿਆ ਕਿ ਉਥੇ ਤਾਇਨਾਤ ਸੁਰੱਖਿਆ ਗਾਰਡਾਂ ਨੇ ਲੜਕੇ ਨੂੰ ਗ੍ਰਿਫਤਾਰ ਕਰ ਲਿਆ ਅਤੇ ਉਸ ਨੂੰ ਪੁਲਿਸ ਹਵਾਲੇ ਕਰ ਦਿੱਤਾ। ਪੁਲਿਸ ਨੇ ਸ਼ੱਕੀ ਖਿਲਾਫ ਵੱਖ-ਵੱਖ ਧਾਰਾਵਾਂ ਹੇਠ ਕੇਸ ਦਰਜ ਕੀਤਾ ਹੈ। ਸ਼ੱਕੀ ਨੇ ਪੁਲਿਸ ਨੂੰ ਦੱਸਿਆ ਕਿ ਕਿਲ੍ਹੇ ਵਿਚ ਇਕ ਸਿੱਖ ਸ਼ਾਸਕ ਦਾ ਬੁੱਤ ਦੇਖ ਕੇ ਉਸ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪੁੱਜੀ ਸੀ।

ਇਸ ਤੋਂ ਪਹਿਲਾਂ ਮੌਲਾਨਾ ਖੈਮ ਰਿਜ਼ਵੀ ਦੀ ਧਾਰਮਿਕ ਪਾਰਟੀ ਤਹਿਰੀਕ ਲਬਾਇਕ ਪਾਕਿਸਤਾਨ ਨਾਲ ਸਬੰਧਤ ਦੋ ਨੌਜਵਾਨਾਂ ਨੇ ਅਗਸਤ 2019 ਦੀ ਸ਼ੁਰੂਆਤ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ ਦੀ ਭੰਨਤੋੜ ਕੀਤੀ ਸੀ।

ਜ਼ਿਕਰਯੋਗ ਹੈ ਕਿ ਜੂਨ 2019 ਵਿਚ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ ਦਾ ਇਕ ਰੰਗਾਰੰਗ ਸਮਾਰੋਹ ਵਿਚ ਉਦਘਾਟਨ ਕੀਤਾ ਗਿਆ ਜਿਸ ਵਿਚ ਭਾਰਤ, ਪਾਕਿਸਤਾਨ ਅਤੇ ਹੋਰਨਾਂ ਦੇਸ਼ਾਂ ਦੇ ਕਈ ਸਿੱਖ ਪ੍ਰਤੀਨਿਧਾਂ ਨੇ ਹਿੱਸਾ ਲਿਆ ਸੀ।


ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

**Live on Jas TV**
Saturday 9:30AM and Sunday 4PM (Pacific Time)

7021 Village Park Way, Dublin, CA 94568

Email: Homeomedicine@yahoo.com








MIDWAY Business Broker
We Build Your Dreams

**For All Your Commercial Real Estate Needs**
*Gas Station *Commercial
*Liquor Store *Hotel/Motel
*Miscellaneous Store

MIDWAY REALTY GROUP
MIDWAY REALTY GROUP
For all your Residential Real Estate Needs
Join our team, we are hiring real estate agents.
We Build Your Dreams

We help you to
- Home Selling
- Home Buying
- Rental / Lease
- New Construction
- Foreclosed / Short Sale
- REO'S / HUD Property

WE WILL ASSIST YOU TO PROVIDE FUNDING FROM $25K TO 500K IN 48HRS

List your business at WWW.MBBBIZ.COM
AJEET SINGH : 847-529-9778
NICK VERMA : 630-664-1435





**The Law Firm Of Fatima Johnson**

3737 N. Meridian St., Ste 106, Indianapolis, IN 46208

vitalvisa THE LAW FIRM OF FATIMA JOHNSON

ਤੁਸੀਂ ਸਾਡੇ ਲਈ ਬਹੁਤ ਅਹਿਮ ਹੋ

Are you planning on going to your immigration interview or court alone? Don't do it!
ਕੀ ਤੁਸੀਂ ਇਕੱਲੇ ਇਮੀਗ੍ਰੇਸ਼ਨ ਇੰਟਰਵਿਊ ਜਾਂ ਅਦਾਲਤ ਜਾਣਾ ਚਾਹੁੰਦੇ ਹੋ? ਇੰਜ ਨਾ ਕਰੋ!
Did you enter the U.S. without a visa?
ਕੀ ਤੁਸੀਂ ਯੂਨਾਈਟਿਡ ਸਟੇਟ ਵਿਚ ਕਿਸੇ ਵੀਜ਼ੇ ਦੇ ਬਿਨਾ ਦਾਖਲ ਹੋਏ ਹੋ?
Do you have family members outside the U.S.?
ਕੀ ਤੁਹਾਡੇ ਪਰਿਵਾਰ ਦੇ ਮੈਂਬਰ ਅਮਰੀਕਾ ਤੋਂ ਬਾਹਰ ਹਨ?
Does your application keep getting denied?
ਕੀ ਤੁਹਾਡੀ ਦਰਖਾਸਤ ਵਾਰ ਵਾਰ ਰੱਦ ਹੋ ਰਹੀ ਹੈ?

*We are experienced in.*
•Deportation Defense •VAWA •Asylum •Work Permit
•Family and Marriage Based •Investor Visa (H1B, E-2, EB-5)
•SIJS (Special Immigration Juvenile Status)

Come talk to an experienced immigration attorany. Call to schedule an appointment today
ਇੱਕ ਤਜਰਬੇਕਾਰ ਇਮੀਗ੍ਰੇਸ਼ਨ ਅਟਾਰਨੀ ਨਾਲ ਗੱਲ ਕਰੋ। ਅੱਜ ਇਕ ਮੁਲਾਕਾਤ ਤੈਅ ਕਰਨ ਲਈ ਕਾਲ ਕਰੋ

Languages Spoken
•English •Hindi •Punjabi •Urdu •Spanish •French •Arabic •Chinese
ਅਸੀਂ ਅੰਗਰੇਜ਼ੀ, ਹਿੰਦੀ, ਪੰਜਾਬੀ, ਉਰਦੂ, ਸਪੈਨਿਸ਼, ਫਰੈਂਚ, ਅਰਬੀ ਤੇ ਚੀਨੀ ਬੋਲਦੇ ਹਾਂ

*Licensed to Practice Immigration Law in all 50 States.*

**Ph: 317-252-0013**
info@vitalvisa.com
*This is an attorney advertisement*

# ਦਿੱਲੀ ਦੀਆਂ ਹੱਦਾਂ ਉਤੇ ਖੇਤੀ ਕਾਨੂੰਨਾਂ ਖਿਲਾਫ ਲਾਮਿਸਾਲ ਲਾਮਬੰਦੀ

**ਸਿੰਘੂ ਬਾਰਡਰ:** ਖੇਤੀ ਕਾਨੂੰਨ ਖਿਲਾਫ ਉਠੀ ਲਹਿਰ ਨੇ ਦਿੱਲੀ ਨੂੰ ਚੁਫੇਰਿਉਂ ਘੇਰਿਆ ਹੋਇਆ ਹੈ। ਕਿਸਾਨ ਜਥੇਬੰਦੀਆਂ ਵਲੋਂ ਕਾਨੂੰਨਾਂ ਦਾ ਵਿਰੋਧ ਲਾਮਿਸਾਲ ਬਣ ਚੁੱਕਿਆ ਹੈ। ਜਥੇਬੰਦੀਆਂ ਤੇ ਸਰਕਾਰ ਵਿਚਕਾਰ ਛੇ ਬੈਠਕਾਂ ਦਾ ਕੋਈ ਸਾਰਥਕ ਨਤੀਜਾ ਨਹੀਂ ਨਿਕਲਿਆ।

ਸਿੱਟੇ ਵਜੋਂ ਪੰਜਾਬ, ਹਰਿਆਣਾ, ਹਿਮਾਚਲ ਤੇ ਜੰਮੂ ਕਸ਼ਮੀਰ ਤੋਂ ਦਿੱਲੀ ਜਾਣ ਵਾਲੇ ਪ੍ਰਵੇਸ਼ ਦੁਆਰ ਸਿੰਘੂ ਬਾਰਡਰ ਉਤੇ ਕੁੰਭ ਦੇ ਮੇਲੇ ਨਾਲੋਂ ਵਡੇਰਾ ਇਕੱਠ ਜਮ੍ਹਾਂ ਹੋ ਚੁੱਕਿਆ ਹੈ, ਜਿਥੇ ਇਸ ਪਾਸੇ ਦੇ ਕਿਸਾਨ ਔਰਤਾਂ ਤੇ ਬੱਚਿਆਂ ਸਮੇਤ ਟਰੈਕਟਰ-ਟਰਾਲੀਆਂ ਤੇ ਹੋਰ ਵਾਹਨਾਂ ਉਤੇ ਏਨਾ ਰਸਦ ਪਾਣੀ ਰੱਖ ਕੇ ਪਹੁੰਚ ਚੁੱਕੇ ਹਨ ਕਿ ਉਹ ਅੰਤਾਂ ਦੀ ਠੰਢ ਦੇ ਬਾਵਜੂਦ ਲੰਮਾ ਡੇਰਾ ਲਾਈ ਰੱਖਣ ਦੇ ਸਮਰੱਥ ਹਨ। ਸਿੰਘੂ ਤੇ ਟਿਕਰੀ ਬਾਰਡਰਾਂ ਉਤੇ ਕਿਸਾਨਾਂ ਦੇ ਟਰੈਕਟਰ ਟਰਾਲੀਆਂ ਦੀਆਂ ਲਾਈਨਾਂ ਰੋਜ਼ਾਨਾ ਇਕ ਕਿਲੋਮੀਟਰ ਤੱਕ ਲੰਬੀਆਂ ਹੋ ਰਹੀਆਂ ਹਨ। ਸਿੰਘੂ ਬਾਰਡਰ ਉਤੇ ਹਰ ਰੋਜ਼ 700 ਤੋਂ ਲੈ ਕੇ 800 ਤੱਕ ਵਾਹਨ ਵਧ ਰਹੇ ਹਨ। ਇਸੇ ਤਰ੍ਹਾਂ ਟਿਕਰੀ ਬਾਰਡਰ ਉਤੇ 300 ਤੋਂ ਲੈ ਕੇ 400 ਤੱਕ ਵਾਹਨ ਰੋਜ਼ਾਨਾ ਆ ਰਹੇ ਹਨ। ਟਿਕਰੀ ਤੋਂ ਰੋਹਤਕ ਵੱਲ ਜਾਂਦੀ ਸੜਕ ਤੋਂ ਇਲਾਵਾ ਬਹਾਦਰਗੜ੍ਹ ਵਾਲੀ ਸੜਕ ਵੀ ਪੂਰੀ ਭਰ ਗਈ ਹੈ। ਜੇਕਰ ਦੋ ਵਾਹਨ ਵਾਪਸ ਜਾਂਦੇ ਹਨ ਤਾਂ 10 ਆ ਰਹੇ ਹਨ, ਨੇੜਲੀਆਂ ਲਿੰਕ ਸੜਕਾਂ ਸਮੇਤ ਖੁੱਲ੍ਹੀਆਂ ਗਲੀਆਂ 'ਚ ਵਾਹਨ ਖੜ੍ਹੇ ਹਨ।



ਲੋਕ ਪਿੰਡਾਂ ਤੋਂ ਤੁਰਨ ਲੱਗੇ ਗੁਰੂ ਘਰਾਂ 'ਚੋ ਇਹ ਅਰਦਾਸ ਕਰਕੇ ਚਲ ਰਹੇ ਹਨ ਕਿ ਕਾਨੂੰਨ ਵਾਪਸੀ ਤੋਂ ਬਿਨਾਂ ਉਹ ਘਰਾਂ ਨੂੰ ਵਾਪਸ ਨਹੀਂ ਆਉਣਗੇ। ਇਸੇ ਕਾਰਨ ਵੀ ਲੋਕਾਂ ਦੀ ਵਾਪਸੀ ਘੱਟ ਅਤੇ ਦਿੱਲੀ ਵੱਲ ਆਮਦ ਜ਼ਿਆਦਾ ਹੋ ਰਹੀ ਹੈ।

ਸਿੰਘੂ ਬਾਰਡਰ ਉਪਰ ਲੱਗੇ ਕਿਸਾਨ ਮੋਰਚੇ ਵਿਚ ਹਰ ਵਰਗ ਦੇ ਲੋਕਾਂ ਦੀ ਸ਼ਮੂਲੀਅਤ ਵਧਣ ਨਾਲ ਇਹ ਅੰਦੋਲਨ ਵਿਸ਼ਾਲ ਮੇਲੇ ਦਾ ਰੂਪ ਧਾਰ ਗਿਆ ਹੈ ਤੇ ਲੋਕਾਂ ਦਾ ਇਕੱਠ ਦਿਨੋ-ਦਿਨ ਵਧ ਰਿਹਾ ਹੈ। ਤਾਜ਼ਾ ਹਾਲਾਤ ਇਹ ਹਨ ਕਿ ਤਕਰੀਬਨ 15 ਕਿੱਲੋਮੀਟਰ ਦੇ ਘੇਰੇ 'ਚ ਕਿਧਰੇ ਵੀ ਤਿਲ ਸੁੱਟਣ ਨੂੰ ਥਾਂ ਨਹੀਂ ਸੀ ਮਿਲ ਰਹੀ। ਕਿਧਰੇ ਟਰੈਕਟਰਾਂ ਉਪਰ ਖੇਤੀ ਕਾਨੂੰਨਾਂ ਤੇ ਕਿਸਾਨ ਸੰਘਰਸ਼ ਬਾਰੇ ਗਾਇਕਾਂ ਵਲੋਂ ਗਾਏ ਗੀਤ ਵੱਜ ਰਹੇ ਸਨ, ਕਿਧਰੇ ਲੰਗਰ ਚੱਲ ਰਹੇ ਸਨ, ਕਿਧਰੇ ਜੋਸ਼ੀਲੇ ਕਿਸਾਨਾਂ ਦੇ ਗਰਜਦੇ ਬੋਲ ਠੰਢੇ ਮਾਹੌਲ 'ਚ ਗਰਮਜੋਸ਼ੀ ਭਰ ਰਹੇ ਸਨ।

ਨਿਹੰਗ ਸਿੰਘਾਂ ਦੇ ਗਤਕੇ ਦੇ ਜੌਹਰ ਲੋਕਾਂ ਦਾ ਵੱਖਰਾ ਧਿਆਨ ਖਿੱਚ ਰਹੇ ਸਨ। ਪਰਿਵਾਰਾਂ ਸਮੇਤ ਮੋਰਚੇ 'ਚ ਹਾਜ਼ਰੀ ਲਗਾਉਣ ਤੇ ਸੰਘਰਸ਼ਸ਼ੀਲ ਕਿਸਾਨਾਂ ਨਾਲ ਗੂੜ੍ਹੀ ਸਾਂਝ ਦਾ ਪ੍ਰਗਟਾਵਾ ਕਰਨ ਲਈ ਲੋਕ ਪੁੱਜੇ ਹੋਏ ਸਨ।

### ਸਿੰਘੂ ਸਰਹੱਦ 'ਤੇ ਚਿੱਤਰ ਪ੍ਰਦਰਸ਼ਨੀ ਬਣੀ ਖਿੱਚ ਦਾ ਕੇਂਦਰ

**ਨਵੀਂ ਦਿੱਲੀ:** ਸਿੰਘੂ ਬਾਰਡਰ ਉਤੇ ਧਰਨੇ ਵਿਚ ਵਿਦਿਆਰਥੀਆਂ ਤੇ ਨੌਜਵਾਨਾਂ ਵੱਲੋਂ ਲਾਈ ਜਾ ਰਹੀ ਚਿੱਤਰਾਂ ਦੀ ਪ੍ਰਦਰਸ਼ਨੀ ਖਿੱਚ ਦਾ ਕੇਂਦਰ ਬਣੀ ਹੋਈ ਹੈ। ਕਿਸਾਨੀ ਮੁੱਦਿਆਂ ਨਾਲ ਜੁੜੇ ਵਿਸ਼ਿਆਂ ਦੇ ਇਹ ਚਿੱਤਰ ਜਿਥੇ ਕਲਾ ਸਿੱਖ ਰਹੇ ਵਿਦਿਆਰਥੀਆਂ ਵੱਲੋਂ ਬਣਾਏ ਜਾ ਰਹੇ ਹਨ, ਉਥੇ ਹੀ ਧਰਨੇ ਵਿਚ ਸ਼ਾਮਲ ਲੋਕਾਂ ਵੱਲੋਂ ਵੀ ਬਣਾਏ ਜਾ ਰਹੇ ਹਨ। ਧਰਨੇ ਵਿਚ ਸ਼ਮੂਲੀਅਤ ਕਰਦੇ ਲੋਕਾਂ ਨੂੰ ਆਪਣਾ ਵਿਰੋਧ ਦਰਜ ਕਰਵਾਉਣ ਲਈ ਸਿਖਾਂਦਰੂ ਚਿੱਤਰਕਾਰਾਂ ਤੋਂ ਪੋਸਟਰ ਬਣਵਾ ਕੇ ਹਵਾ ਵਿਚ ਲਹਿਰਾਉਂਦੇ ਦੇਖਿਆ ਜਾ ਸਕਦਾ ਹੈ। ਇਹ ਸਭ ਵਿਦਿਆਰਥੀ ਦਿੱਲੀ ਯੂਨੀਵਰਸਿਟੀ ਦੀ ਜਥੇਬੰਦੀ ਭਗਤ ਸਿੰਘ ਵਿਦਿਆਰਥੀ ਏਕਤਾ ਮੰਚ ਨਾਲ ਜੁੜੇ ਹੋਏ ਹਨ।

### ਕੰਬਾਈਨਾਂ ਲੈ ਕੇ ਧਰਨਿਆਂ ਵਿਚ ਪਹੁੰਚਣ ਲੱਗੇ ਕਿਸਾਨ

**ਨਵੀਂ ਦਿੱਲੀ:** ਸਿੰਘੂ ਬਾਰਡਰ ਉਪਰ ਜਿਥੇ ਟਰੈਕਟਰਾਂ ਟਰਾਲੀਆਂ, ਕਾਰਾਂ, ਜੀਪਾਂ, ਬੱਸਾਂ ਤੇ ਹੋਰ ਗੱਡੀਆਂ ਨੇ ਕੌਮੀ ਸ਼ਾਹ ਰਾਹ ਘੇਰਿਆ ਹੋਇਆ ਹੈ, ਉਥੇ ਹੁਣ ਕਿਸਾਨ ਕੰਬਾਈਨਾਂ ਲੈ ਕੇ ਵੀ ਪਹੁੰਚਣ ਲੱਗੇ ਹਨ। ਅੰਬਾਲਾ ਦੇ ਪਿੰਡ ਲੰਗਰ ਛੰਨੀ ਦਾ ਹਰਪ੍ਰੀਤ ਸਿੰਘ ਆਪਣੀ ਕੰਬਾਈਨ ਲੈ ਕੇ ਪਹੁੰਚਿਆ ਤੇ ਉਸ ਨੇ ਇਹ ਕੰਬਾਈਨ ਸਿੰਘੂ ਬਾਰਡਰ ਨੇੜੇ ਕਰਕੇ ਖੜ੍ਹੀ ਕੀਤੀ ਹੈ। ਉਹ ਭਾਰਤੀ ਕਿਸਾਨ ਯੂਨੀਅਨ (ਚੜੂਨੀ) ਦਾ ਸਰਗਰਮ ਕਾਰਕੁਨ ਹੈ ਜਿਸ ਨੇ ਸਿੰਘੂ ਬਾਰਡਰ ਦੇ ਬੈਰੀਕੇਡ ਤੋੜੇ ਸਨ ਤੇ ਕੌਮੀ ਰਾਜਧਾਨੀ ਤੱਕ ਪਹੁੰਚਣ ਲਈ ਰੋਕਾਂ ਹਟਾਈਆਂ ਹਨ।

ਟਰੈਕਟਰ-ਟਰਾਲੀਆਂ, ਬੱਸਾਂ-ਟਰੱਕਾਂ ਰਾਹੀਂ ਕਿਸਾਨਾਂ ਦੇ ਕਾਫਲੇ ਲਗਾਤਾਰ ਸਿੰਘੂ ਬਾਰਡਰ ਉਪਰ ਪੁੱਜ ਰਹੇ ਸਨ। ਮੋਰਚੇ ਦੇ ਸਾਰੇ ਥਾਈਂ ਫਲਾਂ, ਖਾਣੇ, ਚਾਹ ਤੇ ਮਠਿਆਈਆਂ ਦੇ ਅਤੁੱਟ ਲੰਗਰ ਵਰਤ ਰਹੇ ਹਨ। ਇਉਂ ਲੱਗ ਰਿਹਾ ਸੀ ਜਿਵੇਂ ਹਰ ਪੰਜਾਬੀ ਪਰਿਵਾਰ ਸਿੰਘੂ ਬਾਰਡਰ ਦੇ ਮੋਰਚੇ 'ਚ ਸ਼ਮੂਲੀਅਤ ਕਰਨ ਲਈ ਉਤਾਵਲਾ ਹੋਇਆ ਬੈਠਾ ਹੈ। ਕਿਸਾਨ ਆਗੂ ਮੋਰਚੇ ਵਿਚ ਸਿਆਸੀ ਪਾਰਟੀਆਂ ਦੇ ਆਗੂਆਂ ਦੀ ਦਖਲਅੰਦਾਜ਼ੀ ਨਹੀਂ ਹੋਣ ਦੇ ਰਹੇ।

## ਮੋਦੀ ਸਰਕਾਰ, ਅੰਬਾਨੀ ਤੇ ਅਡਾਨੀ ਖਿਲਾਫ ਸੁਰ ਤਿੱਖੇ ਹੋਏ

**ਚੰਡੀਗੜ੍ਹ:** ਪੰਜਾਬ ਵਿਚ ਖੇਤੀ ਕਾਨੂੰਨਾਂ ਵਿਰੁੱਧ 32 ਕਿਸਾਨ ਜਥੇਬੰਦੀਆਂ ਦੇ ਪ੍ਰਦਰਸ਼ਨਾਂ 'ਚ ਮੋਦੀ ਸਰਕਾਰ ਅਤੇ ਦੇਸ਼ ਦੇ ਦੋ ਵੱਡੇ ਕਾਰਪੋਰੇਟ ਘਰਾਣਿਆਂ ਅੰਬਾਨੀ-ਅਡਾਨੀ ਖਿਲਾਫ ਸੁਰ ਤਿੱਖੀ ਹੁੰਦੀ ਜਾ ਰਹੀ ਹੈ। ਪੰਜਾਬ 'ਚ ਚੱਲ ਰਹੇ ਧਰਨਿਆਂ ਦੌਰਾਨ ਕਿਸਾਨਾਂ ਨੇ ਮੋਦੀ ਸਰਕਾਰ ਅਤੇ ਭਾਜਪਾ ਦੇ ਜੋਟੀਦਾਰਾਂ ਖਿਲਾਫ ਲੜਾਈ ਤਣ-ਪੱਤਣ ਲਾਉਣ ਦਾ ਸੱਦਾ ਦਿੱਤਾ ਹੈ। ਸੂਬੇ ਵਿਚ ਪਹਿਲੀ ਅਕਤੂਬਰ ਤੋਂ ਚੱਲ ਰਹੇ ਧਰਨਿਆਂ ਦਾ ਦੌਰ ਅੱਜ ਵੀ ਜਾਰੀ ਰਿਹਾ। ਪੰਜਾਬ ਦੇ ਧਰਨਿਆਂ ਦੌਰਾਨ ਕਿਸਾਨ ਆਗੂਆਂ ਨੇ ਐਲਾਨ ਕੀਤਾ ਕਿ ਕਿਸਾਨ ਮੋਰਚੇ ਵੱਲੋਂ ਅੰਦੋਲਨ ਜਾਂ ਬੰਦ ਦਾ ਜੋ ਵੀ ਸੱਦਾ ਦਿੱਤਾ ਜਾਵੇਗਾ, ਸੂਬੇ ਦੇ ਕਿਸਾਨ ਉਸ ਨੂੰ ਸਫਲ ਬਣਾਉਣ ਲਈ ਭਰਵੀਂ ਸ਼ਮੂਲੀਅਤ ਕਰਨਗੇ। ਕਿਸਾਨਾਂ ਨੇ ਭਾਜਪਾ ਆਗੂਆਂ ਦੇ ਘਰਾਂ ਮੂਹਰੇ, ਟੌਲ ਪਲਾਜ਼ਿਆਂ, ਅੰਬਾਨੀ-ਅਡਾਨੀ ਦੇ ਕਾਰੋਬਾਰੀ ਟਿਕਾਣਿਆਂ ਅਤੇ ਰੇਲਵੇ ਸਟੇਸ਼ਨਾਂ ਦੇ ਪਾਰਕਾਂ ਵਿਚ ਧਰਨੇ ਦਿੱਤੇ।

ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਦੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ, ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਜਨਰਲ ਸਕੱਤਰ ਜਗਮੋਹਨ ਸਿੰਘ ਅਤੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਪ੍ਰਧਾਨ ਸਤਨਾਮ ਸਿੰਘ ਪੰਨੂ ਨੇ ਵੱਖੋ ਵੱਖਰੇ ਬਿਆਨ 'ਚ ਕਿਹਾ ਕਿ ਭਾਜਪਾ ਸਰਕਾਰ ਦੇ ਮਨਸੂਬਿਆਂ ਨੂੰ ਫੇਲ੍ਹ ਕਰਦੇ ਹੋਏ ਕਿਸਾਨ ਨਾ ਤਾਂ ਅੱਕਣਗੇ ਅਤੇ ਨਾ ਹੀ ਥੱਕਣਗੇ। ਉਨ੍ਹਾਂ ਕਿਹਾ ਕਿ ਕਿਸਾਨ ਖੁਦ ਥੱਕਣ ਦੀ ਥਾਂ ਉਤੇ ਸਰਕਾਰ ਦੇ ਗੋਡੇ ਲਵਾਉਣਗੇ। ਆਗੂਆਂ ਨੇ ਕਿਹਾ ਕਿ ਪੰਜਾਬ ਦੇ ਹਰੇਕ ਪਿੰਡ ਅਤੇ ਸ਼ਹਿਰ ਦੇ ਹਰ ਵਰਗ ਵੱਲੋਂ ਕਿਸਾਨੀ ਅੰਦੋਲਨ ਦੀ ਤਨ, ਮਨ ਤੇ ਧਨ ਨਾਲ ਹਮਾਇਤ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੇ ਹਰ ਵਰਗ ਨੂੰ ਅਹਿਸਾਸ ਹੋ ਗਿਆ ਹੈ ਕਿ ਜੇਕਰ ਕਿਸਾਨੀ ਡੁੱਬ ਗਈ ਤਾਂ ਉਸ ਨੂੰ ਹਰਜ਼ਾ ਝੱਲਣਾ ਪਵੇਗਾ। ਦਿੱਲੀ ਜਾਣ ਵਾਲੇ ਕਾਫਲਿਆਂ ਦੀ ਗਿਣਤੀ ਵਧਣ ਦਾ ਦਾਅਵਾ ਕਰਦਿਆਂ ਉਨ੍ਹਾਂ ਕਿਹਾ ਕਿ ਕਿਸਾਨ ਸੰਘਰਸ਼ ਦੀ ਜਿੱਤ ਅਟੱਲ ਹੈ। ਪੰਜਾਬ ਵਿਚ ਚੱਲ ਰਹੇ ਧਰਨਿਆਂ ਨੂੰ ਸੰਬੋਧਨ ਕਰਦਿਆਂ ਕਿਸਾਨ ਆਗੂਆਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਿਰਫ ਦੋ ਅਮੀਰ ਬੰਦਿਆਂ ਨੂੰ ਖੁਸ਼ ਕਰਨ ਲਈ ਸਮੁੱਚੇ ਦੇਸ਼ ਨੂੰ ਭੱਠੀ ਵਿਚ ਝੋਕ ਰਿਹਾ ਹੈ। 'ਮੋਦੀ ਰੇਲਵੇ ਅਤੇ ਹਵਾਈ ਅੱਡਿਆਂ ਨੂੰ ਅੰਬਾਨੀ ਤੇ ਅਡਾਨੀ ਦੇ ਹਵਾਲੇ ਕਰਨ ਪਿਛੋਂ ਕਿਸਾਨਾਂ ਦਾ ਭਵਿੱਖ ਵੀ ਦੋਹਾਂ ਦੇ ਹਵਾਲੇ ਕਰਨ 'ਤੇ ਤੁਲਿਆ ਹੋਇਆ ਹੈ, ਪਰ ਕਿਸਾਨ ਮੋਦੀ ਤੇ ਉਸ ਦੇ ਜੋਟੀਦਾਰਾਂ ਦੇ ਸੁਪਨੇ ਕਿਸੇ ਵੀ ਸੂਰਤ ਵਿਚ ਪੂਰੇ ਨਹੀਂ ਹੋਣ ਦੇਣਗੇ।' ਉਨ੍ਹਾਂ ਕਿਹਾ, ਕਿਸਾਨ ਆਪਣੇ ਆਪ ਨੂੰ ਬਚਾਉਣ ਦੇ ਨਾਲ ਹੀ ਦੇਸ਼ ਨੂੰ ਬਚਾਉਣ ਲਈ ਵੀ ਜਨ ਅੰਦੋਲਨ ਦੀ ਅਗਵਾਈ ਕਰਨਗੇ।

## ਜੋਸ਼ੀਲੇ ਨਾਅਰਿਆਂ ਨਾਲ ਰੰਗੀਆਂ ਕੁੰਡਲੀ ਦੀਆਂ ਕੰਧਾਂ



**ਨਵੀਂ ਦਿੱਲੀ:** ਸਿੰਘੂ ਬਾਰਡਰ ਤੇ ਕੁੰਡਲੀ ਵੱਲ ਦੇ ਪਾਸੇ ਦੀਆਂ ਦੁਕਾਨਾਂ ਤੇ ਹੋਰ ਅਦਾਰਿਆਂ ਦੀਆਂ ਕੰਧਾਂ ਜੋਸ਼ੀਲੇ ਤੇ ਪ੍ਰੇਰਨਾਦਾਇਕ ਨਾਅਰਿਆਂ ਨਾਲ ਭਰੀਆਂ ਹੋਈਆਂ ਹਨ। ਇਹ ਨਾਅਰੇ ਖੇਤੀ ਕਾਨੂੰਨਾਂ ਦਾ ਵਿਰੋਧ ਕਰ ਰਹੇ ਨੌਜਵਾਨਾਂ ਨੇ ਲਿਖੇ ਹਨ।

'ਕਿਸਾਨ ਏਕਤਾ ਜ਼ਿੰਦਾਬਾਦ' ਦੇ ਨਾਅਰੇ ਤਾਂ ਕੰਧਾਂ ਤੋਂ ਲੈ ਕੇ ਟਰਾਲੀਆਂ, ਟਰੈਕਟਰਾਂ ਤੇ ਜੀਪਾਂ ਤੇ ਕਾਰਾਂ ਉਪਰ ਪ੍ਰਮੁੱਖਤਾ ਨਾਲ ਲਿਖੇ ਹੋਏ ਹਨ। ਇਥੇ ਮੌਜੂਦ ਕੁਝ ਨੌਜਵਾਨਾਂ ਨੇ ਦੱਸਿਆ ਕਿ 'ਕਿਸਾਨ ਏਕਤਾ' ਇਸ ਸਮੇਂ ਸਭ ਤੋਂ ਮੁੱਖ ਲੋੜ ਹੈ ਅਤੇ ਹਰੇਕ ਦੇ ਮਨ ਵਿੱਚ ਇਹੀ ਗੱਲ ਹੈ ਕਿ ਕੇਂਦਰ ਸਰਕਾਰ ਤੋਂ ਖੇਤੀ ਕਾਨੂੰਨ ਵਾਪਸ ਕਰਵਾਉਣ ਦਾ ਮੁੱਖ ਹਥਿਆਰ 'ਏਕਾ' ਹੀ ਹੈ। ਮਰਹੂਮ ਕਵੀ ਪਾਸ਼, ਸੰਤ ਰਾਮ ਉਦਾਸੀ ਦੀਆਂ ਪ੍ਰਸਿੱਧ ਰਚਨਾਵਾਂ ਨਾਅਰਿਆਂ ਦਾ ਸ਼ਿੰਗਾਰ ਬਣੀਆਂ ਹਨ। ਭਗਤ ਸਿੰਘ ਸਮੇਤ ਸਿੱਖ ਯੋਧਿਆਂ ਦੀ ਗੱਲ ਹਰੇਕ ਬੁਲਾਰੇ ਵੱਲੋਂ ਵੱਖ-ਵੱਖ ਪ੍ਰਸੰਗਾਂ ਵਿਚ ਅਕਸਰ ਹੀ ਕੀਤੀ ਜਾਂਦੀ ਹੈ।

ਸਿੰਘੂ ਤੋਂ ਸੋਨੀਪਤ ਵੱਲ ਨੂੰ ਜਾਂਦੀ ਜਰਨੈਲੀ ਸੜਕ ਦੇ ਦੋਵੇਂ ਪਾਸੇ ਦੀਆਂ ਇਮਾਰਤਾਂ ਉਪਰ ਲਿਖੇ ਨਾਅਰੇ ਕਿਸਾਨਾਂ ਨੂੰ ਹਲੂਣਦੇ ਹਨ। ਸੂਹੇ ਅੱਖਰਾਂ ਵਿੱਚ ਹਿੰਦੀ ਤੇ ਅੰਗਰੇਜ਼ੀ ਵਿਚ ਵੀ ਨਾਅਰੇ ਲਿਖੇ ਹੋਏ ਹਨ। ਥਾਂ-ਥਾਂ ਕਿਸਾਨਾਂ ਦੇ ਸਮੂਹ ਹੱਥਾਂ ਵਿਚ ਤਖਤੀਆਂ ਫੜੀ ਕੇਂਦਰ ਸਰਕਾਰ ਨੂੰ ਜਾਗਣ ਦਾ ਹੋਕਾ ਦਿੰਦੇ ਹਨ। ਦਿਨ ਭਰ ਵੱਖ-ਵੱਖ ਗਰੁੱਪ ਸਿੰਘੂ ਬਾਰਡਰ ਉਪਰ ਦਿੱਲੀ ਪੁਲਿਸ ਵੱਲੋਂ ਲਾਈਆਂ ਕੰਡੀਲੀਆਂ ਤਾਰਾਂ ਤੱਕ ਰੋਹ ਨਾਲ ਨਾਅਰੇਬਾਜ਼ੀ ਕਰਦੇ ਹੋਏ ਆਉਂਦੇ ਹਨ ਤੇ ਆਪਣੀ ਹਾਜ਼ਰੀ ਲਵਾ ਕੇ ਪਰਤਦੇ ਹਨ।

### ਖਿੱਚ ਦਾ ਕੇਂਦਰ ਬਣੇ ਨਿਹੰਗਾਂ ਦੇ ਘੋੜੇ ਤੇ ਬਾਜ਼

**ਨਵੀਂ ਦਿੱਲੀ:** ਸਿੰਘੂ ਬਾਰਡਰ ਉਤੇ ਨਿਹੰਗ ਸਿੰਘਾਂ ਦੇ ਘੋੜੇ ਤੇ ਬਾਜ਼ ਧਰਨੇ ਵਿਚ ਸ਼ਾਮਲ ਲੋਕਾਂ ਲਈ ਖਿੱਚ ਦਾ ਕਾਰਨ ਬਣੇ ਹੋਏ ਹਨ। ਨਿਹੰਗਾਂ ਨੇ ਇਕ ਬਾਜ਼ ਇਥੇ ਆਪਣੇ ਟੈਂਟ ਦੀ ਬਾਹੀ ਉਪਰ ਛੱਡਿਆ ਹੋਇਆ ਹੈ। ਇਹ ਉਡ ਨਹੀਂ ਸਕਦਾ ਕਿਉਂਕਿ ਉੱਡਣ ਵਿਚ ਮਦਦਗਾਰ ਉਸ ਦੇ ਖੰਭ ਕੁਤਰੇ ਹੋਏ ਹਨ। ਇਸੇ ਤਰ੍ਹਾਂ ਬਘੋਲਾ ਪਿੰਡ ਦੇ ਪ੍ਰਿਤਪਾਲ ਕੋਲ ਵੀ ਇਕ ਬਾਜ਼ ਹੈ, ਜਿਸ ਦੀ ਉਮਰ 6 ਮਹੀਨੇ ਹੈ। ਉਸ ਨੇ ਆਪਣੇ ਸਾਥੀਆਂ ਨਾਲ ਇਹ ਬਾਜ਼ 12 ਹਜ਼ਾਰ ਰੁਪਏ ਵਿਚ ਉਦੋਂ ਖਰੀਦਿਆ ਸੀ ਜਦੋਂ ਇਹ ਬਹੁਤ ਛੋਟਾ ਸੀ। ਉਸ ਨੂੰ ਰੋਜ਼ਾਨਾ ਦੀ ਖੁਰਾਕ ਵਜੋਂ ਮੱਛੀ, ਦਾਣਾ, ਬਦਾਮ ਤੇ ਫਲ ਦਿੱਤੇ ਜਾਂਦੇ ਹਨ। ਇਸ ਛੋਟੇ ਬਾਜ਼ ਨਾਲ ਬੱਚਿਆਂ ਵੱਲੋਂ ਖੂਬ ਸੈਲਫੀਆਂ ਖਿੱਚੀਆਂ ਗਈਆਂ ਹਨ। ਨਿਹੰਗਾਂ ਕੋਲ ਜੋ ਬਾਜ਼ ਹੈ, ਉਸ ਦੀ ਉਮਰ ਜ਼ਿਆਦਾ ਹੈ ਤੇ ਦਿੱਲੀ ਤੋਂ ਆਉਣ ਵਾਲੇ ਲੋਕ ਇਸ ਨੂੰ ਜ਼ਰੂਰ ਦੇਖਦੇ ਹਨ।

### ਕਿਸਾਨ ਅੰਦੋਲਨ ਮਗਰੋਂ ਸਿੱਖ ਮਸਲਿਆਂ ਦੇ ਹੱਲ ਲਈ ਯਤਨ ਸ਼ੁਰੂ ਹੋਣਗੇ: ਬ੍ਰਹਮਪੁਰਾ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਦੇ ਪ੍ਰਧਾਨ ਰਣਜੀਤ ਸਿੰਘ ਬ੍ਰਹਮਪੁਰਾ ਨੇ ਆਖਿਆ ਕਿ ਕਿਸਾਨ ਅੰਦੋਲਨ ਦੇ ਖਤਮ ਹੋਣ ਮਗਰੋਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਅਤੇ ਭਖਦੇ ਸਿੱਖ ਮਸਲਿਆਂ ਵੱਲ ਧਿਆਨ ਕੇਂਦਰਿਤ ਕੀਤਾ ਜਾਵੇਗਾ। ਸ਼੍ਰੋਮਣੀ ਕਮੇਟੀ ਦਾ ਮਾਣ-ਸਨਮਾਨ ਬਹਾਲ ਕਰਨ ਲਈ ਵੱਡੀ ਰੱਦੋ-ਬਦਲ ਅਤੇ ਇਸ ਨੂੰ ਪਰਿਵਾਰਵਾਦ ਤੋਂ ਮੁਕਤੀ ਦਿਵਾਉਣਾ ਜ਼ਰੂਰੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਸਿੱਖ ਸੰਸਥਾ ਵਿਚ ਨਿਘਾਰ ਆਇਆ ਹੈ ਅਤੇ ਭ੍ਰਿਸ਼ਟਾਚਾਰ ਵਧਿਆ ਹੈ। ਸੰਸਥਾ ਵੱਲੋਂ ਕੀਤੇ ਜਾ ਰਹੇ ਬੇਲੋੜੇ ਖਰਚਿਆਂ ਨੂੰ ਰੋਕਣਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਕਿਸਾਨ ਅੰਦੋਲਨ ਦੇ ਖਤਮ ਹੋਣ ਮਗਰੋਂ ਪਾਰਟੀ ਵੱਲੋਂ ਸਿੱਖ ਸੰਸਥਾ ਅਤੇ ਸਿੱਖ ਮਸਲਿਆਂ ਨੂੰ ਹੱਲ ਕਰਨ ਲਈ ਯਤਨ ਸ਼ੁਰੂ ਕੀਤੇ ਜਾਣਗੇ।

## ਦਿੱਲੀ ਨੂੰ ਖਿੱਚਾਂ ਪਾ ਰਿਹਾ ਹੈ ਪੰਜਾਬੀਆਂ ਦਾ ਸੇਵਾ-ਭਾਵਨਾ ਵਾਲਾ ਜਜ਼ਬਾ

**ਨਵੀਂ ਦਿੱਲੀ:** ਦਿੱਲੀ ਨੂੰ ਘੇਰਾ ਪਾਈ ਬੈਠੇ ਕਿਸਾਨਾਂ ਦਾ ਮੋਰਚਾ ਦਿੱਲੀ ਦੇ ਲੋਕਾਂ ਲਈ ਵੱਡੀ ਖਿੱਚ ਦਾ ਕੇਂਦਰ ਬਣਿਆ ਹੋਇਆ ਹੈ। ਲੋਕ ਪਰਿਵਾਰਾਂ ਸਮੇਤ ਮੋਰਚੇ ਨੂੰ ਦੇਖਣ ਆ ਰਹੇ ਹਨ ਤੇ ਸਿੰਘੂ ਬਾਰਡਰ ਉਪਰ ਤਕਰੀਬਨ 15 ਕਿੱਲੋਮੀਟਰ ਵਿਚ ਜੀ.ਟੀ. ਰੋਡ ਉਪਰ ਲੱਗੇ ਮੋਰਚੇ 'ਚ ਹਰ ਤਰ੍ਹਾਂ ਦੀ ਚਿੰਤਾ ਤੋਂ ਮੁਕਤ ਬੇਪ੍ਰਵਾਹ ਹੋ ਕੇ ਵਿਚਰਦੇ ਕਿਸਾਨਾਂ ਨੂੰ ਵੇਖਦਿਆਂ ਉਹ ਹੈਰਾਨ ਵੀ ਹੋ ਰਹੇ ਹਨ ਤੇ ਹਮਦਰਦੀ ਨਾਲ ਪਸੀਜਦੇ ਵੀ ਵੇਖੇ ਜਾਂਦੇ ਹਨ।

ਮੋਰਚੇ 'ਚ ਖਾਸ ਕਰ ਪੜ੍ਹੇ-ਲਿਖੇ ਨੌਜਵਾਨ ਮੁੰਡੇ-ਕੁੜੀਆਂ ਦੇ ਘੁੰਮਦੇ ਕਾਫਲੇ ਦੇਖ ਕੇ ਲੱਗਦਾ ਹੈ ਜਿਵੇਂ ਖੇਤਰ ਦੇ ਲੋਕ ਸੰਘਰਸ਼ੀ ਮੋਰਚੇ ਨੂੰ ਜਸ਼ਨ ਮਨਾਉਣ ਵਜੋਂ ਲੈ ਰਹੇ ਹਨ। ਦਿੱਲੀ ਤੋਂ ਆਏ ਇਕ ਨੌਜਵਾਨ ਵਪਾਰੀ ਤੇ ਨੌਕਰੀ ਕਰਦੀ ਦੋਸਤ ਤਾਂ ਕਿਸਾਨਾਂ ਦੇ ਲੱਗੇ ਲੰਗਰਾਂ ਤੋਂ ਹੀ ਏਨੇ ਪ੍ਰਭਾਵਿਤ ਸਨ ਕਿ ਉਨ੍ਹਾਂ ਨੂੰ ਸਮਝ ਹੀ ਨਹੀਂ ਆ ਰਹੀ ਸੀ ਕਿ ਕਿਸ ਮਿੱਟੀ ਦੇ ਲੋਕ ਹਨ। ਉਹ ਆਖ ਰਹੇ ਸਨ ਕਿ ਸਾਨੂੰ ਤਾਂ ਟੀ.ਵੀ. ਚੈਨਲ ਵੇਖ ਕੇ ਕੁਝ ਹੋਰ ਹੀ ਲੱਗਦਾ ਸੀ ਪਰ ਇਥੇ ਆ ਕੇ ਤਾਂ ਗੱਲ ਹੀ ਹੋਰ ਪਤਾ ਲੱਗੀ ਹੈ ਤੇ ਖਾਸਕਰ ਪੰਜਾਬ



ਤੇ ਪੰਜਾਬੀਆਂ ਬਾਰੇ ਉਨ੍ਹਾਂ ਦੀ ਸੋਚ ਹੀ ਬਦਲ ਗਈ ਹੈ।

ਸਿੰਘੂ ਤੇ ਟਿਕਰੀ ਬਾਰਡਰਾਂ ਉਪਰ ਕਿਸਾਨਾਂ ਵੱਲੋਂ ਖੇਤੀਬਾੜੀ ਕਾਨੂੰਨਾਂ ਖਿਲਾਫ 26-27 ਨਵੰਬਰ ਤੋਂ ਚੱਲ ਰਹੇ ਧਰਨਿਆਂ ਦੌਰਾਨ ਲੋਕਾਂ ਵੱਲੋਂ ਰੱਜ ਕੇ ਕੀਤੀ ਮਦਦ ਸਦਕਾ ਇਥੇ ਖਾਣ-ਪੀਣ ਦੀ ਕੋਈ ਕਮੀ ਨਹੀਂ ਹੈ। ਕੌਮਾਂਤਰੀ ਤੇ ਕੌਮੀ ਪੱਧਰ ਦੀਆਂ ਜਥੇਬੰਦੀਆਂ ਵੱਲੋਂ ਥਾਂ-ਥਾਂ ਲੰਗਰ ਲਾਏ ਹੋਏ ਹਨ। ਖੇਤੀ ਕਾਨੂੰਨਾਂ ਦਾ ਵਿਰੋਧ ਕਰ ਰਹੀਆਂ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਵੱਲੋਂ ਵੀ ਆਪਣੇ ਪੱਧਰ ਉਤੇ ਲੰਗਰਾਂ ਦਾ ਪ੍ਰਬੰਧ ਕੀਤਾ ਗਿਆ ਹੈ। ਖਾਲਸਾ ਏਡ, ਯੂਨਾਈਟਿਡ ਸਿੱਖਸ, ਬ੍ਰਿਟਿਸ਼ ਸਿੱਖ ਕੌਂਸਲ, ਹਜ਼ੂਰ ਸਾਹਿਬ ਨਾਂਦੇੜ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਪੰਜਾਬ ਦੀਆਂ ਵੱਖ-ਵੱਖ ਸਥਾਨਕ ਕਮੇਟੀਆਂ ਤੇ ਸੰਸਥਾਵਾਂ, ਕਈ ਯੂਥ ਕਲੱਬਾਂ ਵੱਲੋਂ ਦੋਵਾਂ ਬਾਰਡਰਾਂ ਉਪਰ ਸਟਾਲ ਲਾ ਕੇ ਲੰਗਰ ਲਾਏ ਹੋਏ ਹਨ। ਪਕੌੜੇ, ਮੂੰਗਫਲੀ, ਕੇਲੇ ਤੇ ਸੇਬ ਥਾਂ-ਥਾਂ ਵੰਡੇ ਜਾ ਰਹੇ ਹਨ। ਤੜਕੇ ਹੀ ਚਾਹ ਦੇ ਲੰਗਰ ਤਿਆਰ ਹੋ ਜਾਂਦੇ ਹਨ ਜਿਥੇ ਧਰਨੇ ਵਿਚ ਹਿੱਸਾ ਲੈਣ ਵਾਲਿਆਂ ਨੂੰ ਹਲਕੇ ਭੋਜਨ ਦਾ ਪ੍ਰਬੰਧ ਕੀਤਾ ਜਾਂਦਾ ਹੈ। ਹਰਿਆਣਾ ਤੋਂ ਕਿਸਾਨ ਆ ਕੇ ਧਰਨਾਕਾਰੀਆਂ ਲਈ ਖਾਣ ਦਾ ਸਾਮਾਨ ਪੁੱਜਦਾ ਕਰ ਰਹੇ ਹਨ। ਬਦਾਮ ਵੀ ਵੰਡੇ ਜਾਂਦੇ ਹਨ। ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਪੰਡਾਲ ਵਿਚ ਬਦਾਮਾਂ ਦੀ ਠੰਢਿਆਈ ਰੋਜ਼ਾਨਾ ਵਰਤਾਈ ਜਾ ਰਹੀ ਹੈ। ਨਿਹੰਗਾਂ ਵੱਲੋਂ ਵੀ ਖਾਣੇ ਦੇ ਸਮੁੱਚੇ ਪ੍ਰਬੰਧ ਕੀਤੇ ਹੋਏ ਹਨ।


### ਸਿੰਘੂ ਬਾਰਡਰ ਉਤੇ ਗੁਰਬਾਣੀ ਦੇ ਪ੍ਰਵਾਹ

**ਨਵੀਂ ਦਿੱਲੀ:** ਹਰਿਆਣਾ ਨੂੰ ਦਿੱਲੀ ਨਾਲ ਜੋੜਦੀ ਸਰਹੱਦ ਉਤੇ ਰੋਜ਼ਾਨਾ ਸਵੇਰੇ ਕਈ ਥਾਵਾਂ ਉਪਰ ਚੱਲਦੇ ਗੁਰਬਾਣੀ ਪ੍ਰਵਾਹ ਨਾਲ ਸਿੰਘੂ ਬਾਰਡਰ ਧਾਰਮਿਕ ਰੰਗ ਵਿਚ ਰੰਗਿਆ ਜਾਂਦਾ ਹੈ। ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਪੰਡਾਲ ਵਿਚ ਸਵੇਰੇ-ਸਵੇਰੇ ਕਥਾ ਪ੍ਰਵਾਹ ਚੱਲਦਾ ਹੈ। ਸੰਗਤ ਬਿਰਤੀ ਜੋੜ ਕੇ ਪ੍ਰਚਾਰਕਾਂ ਤੋਂ ਧਾਰਮਿਕ ਵਿਚਾਰ ਸੁਣਦੀ ਹੈ। ਬਾਬਾ ਬੁੱਢਾ ਦਲ ਨੇ ਵੀ ਪੁਲਿਸ ਰੋਕਾਂ ਕੋਲ ਬੱਸ ਖੜ੍ਹੀ ਕਰਕੇ ਸ਼ਾਨਦਾਰ ਟੈਂਟ ਲਾ ਰੱਖਿਆ ਹੈ ਤੇ ਇਥੇ ਸਵੇਰੇ ਪਾਠ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਗੁਰਦਾਸਪੁਰ ਦੇ ਬਟਾਲਾ ਦੇ ਪਿੰਡ ਮੜੀਆਂ ਵਾਲਾ ਤੋਂ ਨਿਹੰਗਾਂ ਦੇ ਜਥੇ ਵੱਲੋਂ ਟੀਡੀਆਈ ਮਾਲ ਦੇ ਹਰਿਆਲੀ ਵਾਲੀ ਥਾਂ ਉਪਰ ਟੈਂਟ ਗੱਡ ਕੇ ਪਾਠ ਕੀਤਾ ਜਾਂਦਾ ਹੈ ਤੇ ਗੁਰਬਾਣੀ ਵਿਚਾਰ ਸਾਂਝੇ ਕੀਤੇ ਜਾਂਦੇ ਹਨ। ਸਿੰਘਾਂ ਦੀ ਇਸ ਚੱਲਦੀ ਵਹੀਰ ਨਾਲ ਘੋੜੇ ਵੀ ਲਿਆਂਦੇ ਹੋਏ ਹਨ। ਇਸੇ ਤਰ੍ਹਾਂ ਰੋਪੜ ਦੇ ਪੰਜੋਲਾ ਪਿੰਡ ਤੋਂ ਧਰਨੇ ਵਿਚ ਸ਼ਾਮਲ ਲੋਕਾਂ ਵੱਲੋਂ ਸਵੇਰੇ ਗੁਰਬਾਣੀ ਦਾ ਪਾਠ ਕੀਤਾ ਜਾਂਦਾ ਹੈ।

# ਪੰਜਾਬ ਨੇ ਕਰੋਨਾ ਟੀਕਾਕਰਨ ਲਈ ਤਿਆਰੀਆਂ ਖਿੱਚੀਆਂ

**ਚੰਡੀਗੜ੍ਹ:** ਪੰਜਾਬ ਦੇ 729 ਕੋਲਡ ਚੇਨ ਪੁਆਇੰਟਾਂ ਨਾਲ ਕੋਵਿਡ ਵੈਕਸੀਨ ਦੀ ਸ਼ੁਰੂਆਤ ਲਈ ਪੂਰੀ ਤਰ੍ਹਾਂ ਤਿਆਰ ਹੋਣ ਦੇ ਮੱਦੇਨਜ਼ਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਿਹਤ ਵਿਭਾਗ ਨੂੰ ਕੋਵਿਡ ਵੈਕਸੀਨ ਦੀ ਵਰਤੋਂ ਲਈ ਸੂਬੇ ਦੀ ਰਣਨੀਤੀ ਵਿਚ ਦੂਜੇ ਸੀਰੋ ਸਰਵੇਖਣ ਦੇ ਨਤੀਜੇ ਸ਼ਾਮਲ ਕਰਨ ਦੇ ਨਿਰਦੇਸ਼ ਦਿੱਤੇ ਹਨ ਤਾਂ ਜੋ ਉਚ-ਜੋਖਮ ਵਾਲੀ ਆਬਾਦੀ ਨੂੰ ਤਰਜੀਹੀ ਆਧਾਰ ਉਤੇ ਕਵਰ ਕੀਤਾ ਜਾ ਸਕੇ।

ਸੂਬੇ ਵਿਚ ਕੋਵਿਡ ਸਥਿਤੀ ਦੀ ਸਮੀਖਿਆ ਲਈ ਉੱਚ ਪੱਧਰੀ ਵਰਚੁਅਲ ਮੀਟਿੰਗ ਵਿਚ ਮੁੱਖ ਮੰਤਰੀ ਨੇ ਤਰਜੀਹੀ ਆਧਾਰ ਉਤੇ ਤਿਆਰ ਸੂਚੀਆਂ ਦੇ ਡਾਟਾਬੇਸ, ਕੋਲਡ ਚੇਨ ਪ੍ਰਬੰਧਨ ਲਈ ਬੁਨਿਆਦੀ ਢਾਂਚੇ, ਟੀਕਾਕਰਨ ਕਰਨ ਵਾਲਿਆਂ ਦੀ ਪਛਾਣ ਅਤੇ ਸਿਖਲਾਈ, ਆਦਿ ਦੇ ਰੂਪ 'ਚ ਵੈਕਸੀਨ ਦੀ ਸ਼ੁਰੂਆਤ ਲਈ ਸੂਬੇ ਦੀਆਂ ਤਿਆਰੀਆਂ ਦਾ ਜ਼ਿਕਰ ਕੀਤਾ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਟੀਕਾਕਰਨ ਵਾਲੀ ਥਾਂ ਦੀ ਸੁਰੱਖਿਆ ਤੋਂ ਇਲਾਵਾ, ਸਹੀ ਤੇ ਸਮੇਂ ਸਿਰ ਜਾਣਕਾਰੀ ਦਾ ਆਦਾਨ-ਪ੍ਰਦਾਨ ਵੈਕਸੀਨ ਦੀ ਸਫਲ ਵਰਤੋਂ ਲਈ ਮਹੱਤਵਪੂਰਨ ਹਨ, ਜਿਸਦੇ ਭਾਰਤ ਵਿਚ ਜਲਦੀ




ਉਪਲਬਧ ਹੋਣ ਦੀ ਉਮੀਦ ਹੈ। ਪੰਜਾਬ ਵਿਚ ਵੈਕਸੀਨ ਦੀ ਵੰਡ ਲਈ ਇਕ ਸੂਬਾ-ਪੱਧਰੀ ਵੈਕਸੀਨ ਸਟੋਰ, 22 ਜ਼ਿਲ੍ਹਾ ਪੱਧਰੀ ਵੈਕਸੀਨ ਸਟੋਰ ਅਤੇ 127 ਬਲਾਕ ਪੱਧਰੀ ਵੈਕਸੀਨ ਸਟੋਰ ਤਿਆਰ ਕੀਤੇ ਜਾ ਰਹੇ ਹਨ ਜਿਨ੍ਹਾਂ ਦੇ 570 ਕੋਲਡ ਚੇਨ ਪੁਆਇੰਟ ਹੋਣਗੇ। ਫਿਰੋਜ਼ਪੁਰ ਵਿਖੇ ਇਕ ਵਾਕ-ਇਨ ਫ੍ਰੀਜ਼ਰ ਤੋਂ ਇਲਾਵਾ, ਭਾਰਤ ਸਰਕਾਰ ਨੇ ਚੰਡੀਗੜ੍ਹ ਵਿਚ ਇਕ ਅਜਿਹਾ ਹੋਰ ਵਾਕ-ਇਨ ਫ੍ਰੀਜ਼ਰ ਮੁਹੱਈਆ ਕਰਵਾਉਣ ਦਾ ਫੈਸਲਾ ਕੀਤਾ ਹੈ। ਇਸ ਤੋਂ ਇਲਾਵਾ ਸੂਬੇ ਕੋਲ ਅੰਮ੍ਰਿਤਸਰ, ਹੁਸ਼ਿਆਰਪੁਰ ਅਤੇ ਫਿਰੋਜ਼ਪੁਰ ਵਿਚ ਇਕ-ਇਕ ਵਾਕ-ਇਨ ਕੂਲਰ ਹੋਵੇਗਾ ਅਤੇ ਕੇਂਦਰ ਤੋਂ ਹੋਰ ਪ੍ਰਾਪਤ ਕੀਤੇ ਜਾਣਗੇ। ਇਸ ਤੋਂ ਇਲਾਵਾ, ਸੂਬੇ ਕੋਲ 1165 ਆਈਸ ਲਾਈਨਡ ਰੈਫਰੀਜੇਰੇਟਰ ਅਤੇ 1079 ਡੀਪ ਫ੍ਰੀਜ਼ਰ ਵੀ ਹਨ। ਕੇਂਦਰ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪਹਿਲੇ ਪੜਾਅ ਦੇ ਟੀਕਾਕਰਨ ਲਈ ਸੂਬਾ ਸਰਕਾਰ ਵਲੋਂ ਤਕਰੀਬਨ 1.25 ਲੱਖ ਹੈਲਥ ਕੇਅਰ ਵਰਕਰਾਂ (ਸਰਕਾਰੀ ਅਤੇ ਨਿੱਜੀ) ਦਾ ਡਾਟਾ ਤਿਆਰ ਕੀਤਾ ਗਿਆ ਹੈ।

## ਸਰਵੇ: ਪੰਜਾਬ ਦੀ 24.19 ਫੀਸਦੀ ਵਸੋਂ ਕਰੋਨਾ ਪੀੜਤ

**ਚੰਡੀਗੜ੍ਹ:** ਸੂਬੇ ਦੇ 12 ਜ਼ਿਲ੍ਹਿਆਂ ਵਿਚ ਕਰਵਾਏ ਦੂਜੇ ਸੀਰੋ ਸਰਵੇ ਮੁਤਾਬਕ ਪੰਜਾਬ ਦੀ ਕੁੱਲ ਆਬਾਦੀ 'ਚੋਂ 24.19 ਫੀਸਦੀ ਵਸੋਂ ਕਰੋਨਾ ਪਾਜ਼ੀਟਿਵ ਹੋ ਚੁੱਕੀ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਉੱਚ ਪੱਧਰੀ ਮੀਟਿੰਗ ਦੌਰਾਨ ਸਿਹਤ ਸਕੱਤਰ ਹੁਸਨ ਲਾਲ ਨੇ ਚੋਣਵੇਂ ਜ਼ਿਲ੍ਹਿਆਂ ਅਤੇ ਆਬਾਦੀ ਉਤੇ ਕੀਤੇ ਸਰਵੇ ਦੇ ਨਤੀਜੇ ਸਾਂਝੇ ਕਰਦਿਆਂ ਦੱਸਿਆ ਕਿ ਕੁੱਲ 4678 ਲੋਕਾਂ ਨਾਲ ਗੱਲਬਾਤ ਕੀਤੀ ਗਈ ਅਤੇ ਉਨ੍ਹਾਂ ਦੇ ਖੂਨ ਦੇ ਨਮੂਨੇ ਵੀ ਲਏ ਗਏ। ਇਨ੍ਹਾਂ ਵਿਚੋਂ 1201 ਵਿਅਕਤੀ ਆਈ.ਜੀ.ਜੀ. ਰਿਐਕਟਿਵ (ਐਂਟੀਬਾਡੀ) ਪਾਏ ਗਏ ਜਿਨ੍ਹਾਂ ਵਿਚੋਂ ਸਿਰਫ 4.03 ਫੀਸਦੀ 'ਚ ਲੱਛਣ ਪਾਏ ਗਏ ਜਦ ਕਿ 95.9 ਫੀਸਦੀ ਲੱਛਣਾਂ ਤੋਂ ਰਹਿਤ ਮਿਲੇ। ਸ਼ਹਿਰੀ ਇਲਾਕਿਆਂ ਵਿਚ 30.5 ਫੀਸਦੀ ਪਾਜ਼ੀਟਿਵ ਦਰ ਜਦਕਿ ਪੇਂਡੂ ਇਲਾਕਿਆਂ 'ਚ 21.0 ਫੀਸਦੀ ਪਾਜ਼ੀਟਿਵ ਦਰ ਪਾਈ ਗਈ। ਲੁਧਿਆਣਾ 'ਚ ਇਸ ਦੀ ਸਭ ਤੋਂ ਵੱਧ ਮਾਰ ਪਈ ਜਿਸ ਦੀ ਕੁੱਲ ਪਾਜ਼ੀਟਿਵ ਦਰ 54.6 ਫੀਸਦੀ ਪਾਈ ਗਈ ਜਦਕਿ ਸ਼ਹਿਰੀ ਖੇਤਰਾਂ 'ਚ ਇਹ ਦਰ 71.7 ਫੀਸਦੀ ਪਾਈ ਗਈ। ਇਸ ਤੋਂ ਬਾਅਦ ਫਿਰੋਜ਼ਪੁਰ, ਜਲੰਧਰ ਅਤੇ ਐਸ.ਏ.ਐਸ. ਨਗਰ (ਮੋਹਾਲੀ) ਵੱਧ ਪ੍ਰਭਾਵਿਤ ਹੋਏ। ਸ਼ਹਿਰੀ ਅਤੇ ਪੇਂਡੂ ਇਲਾਕਿਆਂ 'ਚ ਔਰਤਾਂ 'ਚ ਪਾਜ਼ੀਟਿਵ ਦਰ ਵੱਧ ਪਾਈ ਗਈ।

## ਵਿਸ਼ਵ ਬੈਂਕ ਵੱਲੋਂ ਪਾਕਿ ਨੂੰ 30 ਕਰੋੜ ਅਮਰੀਕੀ ਡਾਲਰ ਕਰਜ਼ ਦੀ ਪ੍ਰਵਾਨਗੀ

**ਇਸਲਾਮਾਬਾਦ:** ਵਿਸ਼ਵ ਬੈਂਕ ਨੇ ਆਰਥਿਕ ਤੰਗੀ ਨਾਲ ਜੂਝ ਰਹੇ ਪਾਕਿਸਤਾਨ ਨੂੰ ਵਾਤਾਵਰਨ ਤਬਦੀਲੀ ਸਬੰਧੀ ਮੁੱਦਿਆਂ ਨਾਲ ਸਿੱਝਣ ਲਈ 30 ਕਰੋੜ ਅਮਰੀਕੀ ਡਾਲਰ ਦਾ ਕਰਜ਼ਾ ਦੇਣ ਦੀ ਮਨਜ਼ੂਰੀ ਦੇ ਦਿੱਤੀ ਹੈ। ਮੀਡੀਆ ਰਿਪੋਰਟਾਂ ਮੁਤਾਬਕ, ਇਹ ਰਕਮ ਦੇਸ਼ ਵਿਚ ਹੜ੍ਹਾਂ ਵਰਗੇ ਹਾਲਾਤ ਨੂੰ ਘਟਾਉਣ, ਸਿਹਤ ਸਮੱਸਿਆਵਾਂ ਅਤੇ ਠੋਸ ਕੂੜਾ ਪ੍ਰਬੰਧਨ ਆਦਿ ਜਿਹੇ ਕੰਮਾਂ ਉਤੇ ਖਰਚੀ ਜਾਵੇਗੀ।

'ਐਕਸਪ੍ਰੈੱਸ ਟ੍ਰਿਬਿਊਨ' ਵਿਚ ਬੈਂਕ ਦੇ ਸਥਾਨਕ ਦਫਤਰ ਵੱਲੋਂ ਜਾਰੀ ਬਿਆਨ ਮੁਤਾਬਕ, ਸਿੰਧ ਦੀ ਰਾਜਧਾਨੀ ਕਰਾਚੀ ਵਿਚ ਕੁਦਰਤੀ ਆਫਤਾਂ ਦੇ ਟਾਕਰੇ ਲਈ 20 ਕਰੋੜ ਅਮਰੀਕੀ ਡਾਲਰ ਅਤੇ ਠੋਸ ਕੂੜਾ ਪ੍ਰਬੰਧਨ ਤੇ ਹੋਰ ਪ੍ਰੋਜੈਕਟਾਂ ਲਈ ਦਸ ਕਰੋੜ ਅਮਰੀਕੀ ਡਾਲਰ ਮਨਜ਼ੂਰ ਕੀਤੇ ਗਏ ਹਨ। ਵਿਸ਼ਵ ਬੈਂਕ ਦਾ ਇਸ ਸਹਾਇਤਾ ਪਿੱਛੇ ਉਦੇਸ਼ ਲੋਕਾਂ ਦੀ ਸਿਹਤ ਤੇ ਪਾਕਿਸਤਾਨ ਦੀ ਆਰਥਿਕਤਾ ਨੂੰ ਬਚਾਉਣਾ ਹੈ।

# ਕੰਟਰੋਲ ਰੇਖਾ 'ਤੇ ਜਵਾਬੀ ਕਾਰਵਾਈ ਵਿਚ 5 ਪਾਕਿਸਤਾਨੀ ਸੈਨਿਕ ਹਲਾਕ

**ਸ੍ਰੀਨਗਰ:** ਕੰਟਰੋਲ ਰੇਖਾ ਦੇ ਸੈਕਟਰਾਂ 'ਚ ਕੀਤੀ ਗਈ ਜੰਗਬੰਦੀ ਦੀ ਉਲੰਘਣਾ ਪਾਕਿਸਤਾਨ ਨੂੰ ਇਸ ਵਾਰ ਮਹਿੰਗੀ ਪਈ। ਭਾਰਤੀ



ਫੌਜ ਵਲੋਂ ਕੀਤੀ ਗਈ ਜਵਾਬੀ ਕਾਰਵਾਈ ਦੌਰਾਨ ਪਾਕਿ ਦੇ ਘੱਟੋ-ਘੱਟ 5 ਸੈਨਿਕਾਂ ਮਾਰੇ ਜਾਣ ਅਤੇ 3 ਹੋਰ ਦੇ ਜ਼ਖਮੀ ਹੋਣ ਦੀ ਸੂਚਨਾ ਮਿਲੀ ਹੈ।

ਇਸ ਦੌਰਾਨ ਪਾਕਿਸਤਾਨ ਵਲੋਂ ਪੁਣਛ ਦੇ ਮਨਕੋਟ ਅਤੇ ਕ੍ਰਿਸ਼ਨਾ ਘਾਟੀ ਸੈਕਟਰਾਂ 'ਚ ਜੰਗਬੰਦੀ ਉਲੰਘਣਾ ਕੀਤੀ। ਭਾਰੀ ਮੋਰਟਾਰ ਸ਼ੈਲਿੰਗ ਦੇ ਚੱਲਦੇ ਮਨਕੋਟ ਸੈਕਟਰ 'ਚ ਕਈ ਮਕਾਨ ਨੁਕਸਾਨੇ ਗਏ। ਸੂਤਰਾਂ ਅਨੁਸਾਰ ਪਾਕਿਸਤਾਨੀ ਸੈਨਿਕਾਂ ਵਲੋਂ ਮਨਕੋਟ ਸੈਕਟਰ ਦੇ ਆਸ-ਪਾਸ ਦੀਆਂ ਭਾਰਤੀ ਚੌਕੀਆਂ ਉਤੇ ਭਾਰੀ ਗੋਲੀਬਾਰੀ ਦੇ ਨਾਲ ਸ਼ੈਲਿੰਗ ਦਾ ਸਿਲਸਿਲਾ ਸ਼ੁਰੂ ਕੀਤਾ, ਜਿਸ ਉਤੇ ਫੌਜ ਨੇ ਆਪਣੀ ਸਾਰੀਆਂ ਚੌਕੀਆਂ ਨੂੰ ਚੌਕਸ ਕਰਦੇ ਜਵਾਬੀ ਕਾਰਵਾਈ ਸ਼ੁਰੂ ਕੀਤੀ, ਜਿਸ ਨਾਲ ਪਾਕਿ ਫੌਜ ਦੀਆਂ ਕੰਟਰੋਲ ਰੇਖਾ ਦੇ ਉਸ ਪਾਰ ਸਥਿਤ ਖੁਈ ਰਤਾ ਸੈਕਟਰ 'ਚ 4 ਚੌਕੀਆਂ ਤਬਾਹ ਹੋ ਗਈਆਂ ਅਤੇ 2 ਜਵਾਨ ਮਾਰੇ ਗਏ ਜਿਨ੍ਹਾਂ ਦੀ ਪਛਾਣ ਲਾਂਸਨਾਇਕ ਤਾਰਿਕ ਅਤੇ ਸਿਪਾਹੀ ਜ਼ਰੂਫ ਵਜੋਂ ਹੋਈ ਹੈ ਜਦਕਿ 4 ਜ਼ਖਮੀ ਹੋ ਗਏ। ਪਾਕਿ ਫੌਜ ਆਪਣੀ ਅਧਿਕਾਰਤ ਨੀਤੀ ਅਨੁਸਾਰ ਭਾਰਤੀ ਫੌਜ ਵਲੋਂ ਜਵਾਬੀ ਕਾਰਵਾਈ ਦੌਰਾਨ ਮਾਰੇ ਜਾਣ ਵਾਲੇ ਆਪਣੇ ਜਵਾਨਾਂ, ਅਧਿਕਾਰੀਆਂ ਦੀ ਪਛਾਣ-ਜ਼ਾਹਿਰ ਨਹੀਂ ਕਰਦੀ ਹੈ। ਜਾਣਕਾਰੀ ਅਨੁਸਾਰ ਇਨ੍ਹਾਂ 'ਚੋਂ 3 ਹੋਰ ਜਵਾਨ ਹਸਪਤਾਲ 'ਚ ਦਮ ਤੋੜ ਗਏ, ਹਾਲਾਂਕਿ ਪਾਕਿ ਫੌਜ ਨੇ ਸਿਰਫ 2 ਸੈਨਿਕਾਂ ਦੇ ਮਾਰੇ ਜਾਣ ਦੀ ਪੁਸ਼ਟੀ ਕੀਤੀ ਹੈ।

# 'ਟਾਈਮ' ਵੱਲੋਂ ਬਾਇਡਨ-ਹੈਰਿਸ 'ਪਰਸਨ ਆਫ ਦਿ ਯੀਅਰ'

**ਨਿਊ ਯਾਰਕ:** ਅਗਲੇ ਮਹੀਨੇ ਅਮਰੀਕੀ ਰਾਸ਼ਟਰਪਤੀ ਬਣਨ ਜਾ ਰਹੇ ਜੋਅ ਬਾਇਡਨ ਤੇ ਉਨ੍ਹਾਂ ਦੀ ਡਿਪਟੀ ਕਮਲਾ ਹੈਰਿਸ ਨੂੰ ਦੁਨੀਆਂ ਦੇ ਮੰਨੇ-ਪ੍ਰਮੰਨੇ 'ਟਾਈਮ' ਰਸਾਲੇ ਨੇ '2020 ਪਰਸਨ ਆਫ ਦਿ ਯੀਅਰ' ਐਲਾਨਿਆ ਹੈ। ਉਨ੍ਹਾਂ ਨੂੰ ਇਹ ਸਨਮਾਨ ਅਮਰੀਕਾ ਦਾ ਇਤਿਹਾਸ ਬਦਲਣ ਲਈ ਦਿੱਤਾ ਗਿਆ ਹੈ। ਰਸਾਲੇ ਮੁਤਾਬਕ ਇਨ੍ਹਾਂ ਦੀ ਜਿੱਤ ਦਰਸਾਉਂਦੀ ਹੈ ਕਿ ਹਮਦਰਦ ਤਾਕਤਾਂ ਵੰਡ ਦੇ ਪਾਗਲਪਣ ਨਾਲੋਂ ਤਕੜੀਆਂ ਹਨ। ਇਨ੍ਹਾਂ ਨੇ ਦੁਖੀ ਸੰਸਾਰ ਨੂੰ ਆਰਾਮ ਦੇ ਪੰਧ ਉਤੇ ਤੋਰਨ ਦਾ ਯਤਨ ਕੀਤਾ ਹੈ। ਡੈਮੋਕਰੈਟਿਕ ਆਗੂਆਂ ਨਾਲ ਖਿਤਾਬ ਦੀ ਦੌੜ ਵਿਚ ਸਿਹਤ ਕਾਮੇਂ, ਲਾਗ ਦੀਆਂ ਬੀਮਾਰੀਆਂ ਦੇ ਮਾਹਿਰ ਡਾ. ਐਂਥਨੀ ਫੌਚੀ, ਨਸਲੀ ਨਿਆਂ ਲਈ ਚੱਲਿਆ ਅੰਦੋਲਨ ਤੇ ਰਾਸ਼ਟਰਪਤੀ ਡੋਨਲਡ ਟਰੰਪ ਵੀ ਸ਼ਾਮਲ ਸਨ। 'ਟਾਈਮ' ਨੇ ਲਿਖਿਆ 'ਪਿਛਲੇ ਚਾਰ ਸਾਲਾਂ ਦੌਰਾਨ ਜੇ ਡੋਨਲਡ ਟਰੰਪ ਵੰਡ ਤੇ ਅੜਿੱਕੇ ਪਾਉਣ ਵਾਲੀ ਤਾਕਤ ਬਣਿਆ ਹੋਇਆ ਸੀ ਤਾਂ ਬਾਇਡਨ-ਹੈਰਿਸ ਨੇ ਨਵਾਂ ਰਾਹ ਦਿਖਾਇਆ ਤੇ ਲੋਕਾਂ ਨੂੰ ਦੱਸਿਆ ਕਿ ਮੁਲਕ ਕਿੱਧਰ ਨੂੰ ਜਾ ਰਿਹਾ ਹੈ।' ਰਸਾਲੇ ਨੇ ਡਾ. ਫੌਚੀ, ਸਿਹਤ ਕਾਮਿਆਂ ਤੇ ਨਸਲੀ ਨਿਆਂ ਲਈ ਲੜਨ ਵਾਲਿਆਂ ਨੂੰ '2020 ਗਾਰਡੀਅਨਜ਼ ਆਫ ਦਿ ਯੀਅਰ' ਐਲਾਨਿਆ ਹੈ। ਕਾਨਫਰੰਸਿੰਗ ਪਲੈਟਫਾਰਮ 'ਜ਼ੂਮ' ਦੇ ਸੀਈਓ ਐਰਿਕ ਯੁਆਨ ਨੂੰ ਸਾਲ ਦੇ ਕਾਰੋਬਾਰੀ ਦਾ ਖਿਤਾਬ ਦਿੱਤਾ ਗਿਆ ਹੈ। ਦੱਖਣੀ ਕੋਰਿਆਈ ਲੜਕਿਆਂ ਦੇ ਸੰਗੀਤ ਬੈਂਡ 'ਬੀਟੀਐਸ' ਨੂੰ 'ਐਂਟਰਟੇਨਰ ਆਫ ਦਿ ਯੀਅਰ' ਐਲਾਨਿਆ ਗਿਆ ਹੈ। ਜਦਕਿ ਅਮਰੀਕੀ ਬਾਸਕਟਬਾਲ ਖਿਡਾਰੀ ਲਿਬਰੋਨ ਜੇਮਸ ਨੂੰ ਸਾਲ ਦਾ ਬਿਹਤਰੀਨ ਅਥਲੀਟ ਐਲਾਨਿਆ ਗਿਆ ਹੈ। ਲੰਘੇ ਵਰ੍ਹੇ ਸੰਸਾਰ ਦਾ ਜਲਵਾਯੂ ਤਬਦੀਲੀ ਵੱਲ ਧਿਆਨ ਖਿੱਚਣ ਵਾਲੀ ਸਵੀਡਿਸ਼ ਕਾਰਕੁਨ ਗ੍ਰੇਟਾ ਥਨਬਰਗ ਨੂੰ 'ਟਾਈਮ' ਨੇ ਸਾਲ ਦੀ ਸ਼ਖਸੀਅਤ ਐਲਾਨਿਆ ਸੀ। 'ਟਾਈਮ' ਨੇ ਕਿਹਾ ਕਿ ਅਮਰੀਕੀ ਉਪ ਰਾਸ਼ਟਰਪਤੀ ਪਹਿਲਾਂ ਕਦੇ ਵੀ ਔਰਤ, ਸਿਆਹਫਾਮ ਜਾਂ ਏਸ਼ਿਆਈ ਅਮਰੀਕੀ ਨਹੀਂ ਰਹੀ, ਪਰ ਹੁਣ ਇਹ ਹੋਣ ਜਾ ਰਿਹਾ ਹੈ ਤੇ ਅਗਾਂਹ ਵੀ ਹੋਵੇਗਾ। ਸਿਆਹਫਾਮ ਜੌਰਜ ਫਲਾਇਡ ਦੀ ਹੱਤਿਆ ਖਿਲਾਫ ਮੁਜ਼ਾਹਰਾ ਕਰ ਰਹੇ 70 ਜਣਿਆਂ ਨੂੰ ਵਾਸ਼ਿੰਗਟਨ ਡੀਸੀ ਵਿਚਲੇ ਆਪਣੇ ਘਰ ਵਿਚ ਆਸਰਾ ਦੇਣ ਵਾਲੇ ਭਾਰਤੀ-ਅਮਰੀਕੀ ਰਾਹੁਲ ਦੂਬੇ ਨੂੰ 'ਟਾਈਮ' ਨੇ 'ਹੀਰੋਜ਼ ਆਫ 2020' ਵਿਚ ਥਾਂ ਦਿੱਤੀ ਹੈ। ਰਸਾਲੇ ਨੇ ਕਿਹਾ ਕਿ ਰਾਹੁਲ ਨੇ ਬਣਦੀ ਜ਼ਿੰਮੇਵਾਰੀ ਤੋਂ ਵਧ ਕੇ ਯੋਗਦਾਨ ਪਾਇਆ ਹੈ। ਇਸ ਤੋਂ ਇਲਾਵਾ ਆਸਟਰੇਲੀਆ ਦੇ ਅੱਗ ਬੁਝਾਊ ਅਮਲੇ ਦੇ ਮੈਂਬਰਾਂ, ਮਹਾਮਾਰੀ ਦੌਰਾਨ ਸਿੰਗਾਪੁਰ ਵਿਚ ਲੋਕਾਂ ਨੂੰ ਭੋਜਨ ਕਰਵਾਉਣ ਵਾਲੇ ਫੂਡ ਸਟਾਲ ਮਾਲਕ ਵੀ 2020 ਦੇ ਨਾਇਕਾਂ ਵਿਚ ਸ਼ਾਮਲ ਹਨ।

# ਅਮਰੀਕਾ ਵੱਲੋਂ ਫਾਈਜ਼ਰ ਦੇ ਟੀਕੇ ਦੀ ਵਰਤੋਂ ਨੂੰ ਮਨਜ਼ੂਰੀ




**ਵਾਸ਼ਿੰਗਟਨ:** ਅਮਰੀਕਾ ਨੇ ਫਾਈਜ਼ਰ ਵੱਲੋਂ ਕੋਵਿਡ-19 ਦੇ ਇਲਾਜ ਲਈ ਬਣਾਏ ਗਏ ਟੀਕੇ ਦੀ ਐਮਰਜੈਂਸੀ ਹਾਲਤ 'ਚ ਵਰਤੋਂ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਹ ਵੈਕਸੀਨ ਸਾਰੇ ਅਮਰੀਕੀਆਂ ਨੂੰ ਮੁਫਤ ਮੁਹੱਈਆ ਕਰਵਾਈ ਜਾਵੇਗੀ।

ਅਮਰੀਕਾ ਦੇ ਖੁਰਾਕ ਤੇ ਦਵਾ ਪ੍ਰਬੰਧਨ (ਐਫ.ਡੀ.ਏ.) ਨੇ ਅਮਰੀਕੀ ਦਵਾਈ ਨਿਰਮਾਤਾ ਕੰਪਨੀ ਫਾਈਜ਼ਰ ਅਤੇ ਉਸ ਦੀ ਸਹਿਯੋਗੀ ਜਰਮਨੀ ਦੀ ਬਾਇਓਐਂਨਟੈਕ ਵੱਲੋਂ ਤਿਆਰ ਵੈਕਸੀਨ ਦੀ ਐਮਰਜੈਂਸੀ ਵਰਤੋਂ ਅਧਿਕਾਰ (ਈ.ਏ.ਯੂ.) ਦੀ ਆਗਿਆ ਦਿੱਤੀ ਹੈ।

ਐਫ.ਡੀ.ਏ. ਵੱਲੋਂ ਮਨਜ਼ੂਰੀ ਤੋਂ ਤੁਰਤ ਮਗਰੋਂ ਅਮਰੀਕੀ ਸਦਰ ਡੋਨਲਡ ਟਰੰਪ ਨੇ ਇਕ ਵੀਡੀਓ ਵਿਚ ਕਿਹਾ, 'ਅੱਜ ਸਾਡੇ ਦੇਸ਼ 'ਚ ਇਕ ਮੈਡੀਕਲ ਚਮਤਕਾਰ ਹੋਇਆ ਹੈ। ਅਸੀਂ ਸਿਰਫ 9 ਮਹੀਨਿਆਂ ਵਿਚ ਹੀ ਇਕ ਸੁਰੱਖਿਅਤ ਅਤੇ ਅਸਰਦਾਰ ਦਵਾਈ ਤਿਆਰ ਕੀਤੀ ਹੈ।' ਟਰੰਪ ਨੇ ਕਿਹਾ, 'ਇਤਿਹਾਸ ਵਿਚ ਵਿਗਿਆਨ ਦੀਆਂ ਮਹਾਨ ਪ੍ਰਾਪਤੀਆਂ ਵਿਚੋਂ ਇਹ ਇਕ ਹੈ। ਇਹ ਲੱਖਾਂ ਜ਼ਿੰਦਗੀਆਂ ਨੂੰ ਬਚਾਏਗਾ ਅਤੇ ਜਲਦੀ ਹੀ ਮਹਾਮਾਰੀ ਨੂੰ ਖਤਮ ਕਰੇਗਾ।'

ਅਮਰੀਕੀ ਸਦਰ ਨੇ ਕਿਹਾ, 'ਮੈਨੂੰ ਇਹ ਕਹਿੰਦਿਆਂ ਬਹੁਤ ਮਾਣ ਮਹਿਸੂਸ ਹੋ ਰਿਹਾ ਹੈ ਕਿ ਅਸੀਂ ਯਕੀਨੀ ਬਣਾਇਆ ਕਿ ਇਹ ਟੀਕਾ ਸਾਰੇ ਅਮਰੀਕੀਆਂ ਨੂੰ ਮੁਫਤ ਮੁਹੱਈਆ ਕਰਵਾਇਆ ਜਾਵੇਗਾ।' ਐਫ.ਡੀ.ਏ. ਦੇ ਕਮਿਸ਼ਨਰ ਸਟੀਫਨ ਐਮ. ਹਹਨ ਨੇ ਇਸ ਨੂੰ ਕਰੋਨਾ ਮਹਾਮਾਰੀ ਖਿਲਾਫ ਇਕ 'ਅਹਿਮ ਮੀਲ ਪੱਥਰ' ਕਰਾਰ ਦਿੱਤਾ ਹੈ।

## ਟੀਕਾ ਜਨਤਕ ਤੌਰ 'ਤੇ ਲਵਾਵਾਂਗਾ: ਗੁਟੇਰੇਜ਼

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਐਂਟੋਨੀਓ ਗੁਟੇਰੇਜ਼ ਨੇ ਕਿਹਾ ਕਿ ਕੋਵਿਡ-19 ਤੋਂ ਬਚਾਅ ਲਈ ਟੀਕਾ ਆਉਣ ਉਤੇ ਉਹ ਖੁਦ ਲਗਵਾਉਣ ਦੀ ਇੱਛਾ ਰੱਖਦੇ ਹਨ। ਉਨ੍ਹਾਂ ਕਿਹਾ ਕਿ ਉਹ ਜਨਤਕ ਤੌਰ ਉਤੇ ਅਜਿਹਾ ਕਰਨਾ ਚਾਹੁੰਦੇ ਹਨ ਕਿਉਂਕਿ ਉਸ ਦੇ ਲਈ ਟੀਕਾਕਰਨ ਕਰਵਾਉਣਾ ਪੂਰੇ ਭਾਈਚਾਰੇ ਪ੍ਰਤੀ 'ਨੈਤਿਕ ਫਰਜ਼' ਹੈ। ਗੁਟੇਰੇਜ਼ ਨੇ ਅੱਜ ਕਿਹਾ, "ਜਦੋਂ ਵੀ ਟੀਕਾ ਉਪਲਬਧ ਹੋਵੇਗਾ, ਮੈਂ ਇਸ ਨੂੰ ਲਗਵਾਉਣ ਦੀ ਇੱਛਾ ਰੱਖਦਾ ਹਾਂ, ਚਾਹੇ ਕੋਈ ਵੀ ਸਥਿਤੀ ਹੋਵੇ। ਬੇਸ਼ੱਕ ਜਨਤਕ ਤੌਰ 'ਤੇ ਟੀਕਾ ਲਗਵਾਉਣ ਵਿਚ ਮੈਨੂੰ ਕੋਈ ਔਖ ਨਹੀਂ ਹੋਵੇਗੀ।"

## ਬਾਇਡਨ ਵੱਲੋਂ ਪਹਿਲੇ ਸੌ ਦਿਨਾਂ 'ਚ 10 ਕਰੋੜ ਟੀਕਿਆਂ ਦਾ ਵਾਅਦਾ

**ਵਾਸ਼ਿੰਗਟਨ:** ਅਮਰੀਕਾ ਦੇ ਨਾਮਜ਼ਦ ਰਾਸ਼ਟਰਪਤੀ ਜੋਅ ਬਾਇਡਨ ਦਾ ਕਹਿਣਾ ਹੈ ਕਿ ਉਹ ਆਪਣੇ ਕਾਰਜਕਾਲ ਦੇ ਪਹਿਲੇ 100 ਦਿਨਾਂ ਵਿਚ ਸਭ ਲਈ ਮਾਸਕ ਲਾਜ਼ਮੀ ਕਰਨਗੇ, 10 ਕਰੋੜ ਟੀਕਿਆਂ ਦਾ ਪ੍ਰਬੰਧ ਯਕੀਨੀ ਬਣਾਉਣਗੇ ਅਤੇ ਜ਼ਿਆਦਾਤਰ ਸਕੂਲ ਖੋਲ੍ਹਣਗੇ। ਉਨ੍ਹਾਂ ਅਮਰੀਕਾ ਵਾਸੀਆਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਦੀ 'ਸੰਕਟ ਮੋਚਨ' ਟੀਮ ਦੇ ਮਾਹਿਰਾਂ ਵਲੋਂ ਬਿਹਤਰ ਸਿਹਤ ਸੰਭਾਲ ਯਕੀਨੀ ਬਣਾਈ ਜਾਵੇਗੀ ਤੇ ਅਰਥਚਾਰੇ ਨੂੰ ਪੈਰਾਂ-ਸਿਰ ਕੀਤਾ ਜਾਵੇਗਾ।

## ਆਸਟਰੇਲੀਆ ਨੇ ਕੌਮਾਂਤਰੀ ਯਾਤਰਾ 'ਤੇ ਪਾਬੰਦੀ ਮਾਰਚ ਤੱਕ ਵਧਾਈ

**ਬ੍ਰਿਸਬੇਨ:** ਕੋਵਿਡ-19 ਮਹਾਮਾਰੀ ਕਾਰਨ ਆਸਟਰੇਲੀਆ ਸਰਕਾਰ ਨੇ ਆਪਣੀਆਂ ਨੀਤੀਆਂ 'ਚ ਸਖਤੀ ਕਰਦਿਆਂ ਆਪਣੇ ਨਾਗਰਿਕਾਂ ਅਤੇ ਸਥਾਈ ਨਿਵਾਸੀਆਂ ਨੂੰ ਅਗਲੇ ਸਾਲ ਮਾਰਚ ਦੇ ਅੱਧ ਤੱਕ ਦੇਸ਼ ਤੋਂ ਬਾਹਰ ਯਾਤਰਾ ਕਰਨ ਤੋਂ ਵਰਜਿਆ ਹੈ। ਗੌਰਤਲਬ ਹੈ ਕਿ ਮੁਲਕ ਤੋਂ ਬਾਹਰ ਜਾਣ ਲਈ ਅੰਤਰਰਾਸ਼ਟਰੀ ਯਾਤਰਾ ਉਤੇ ਇਹ ਪਾਬੰਦੀ 18 ਮਾਰਚ 2020 ਤੋਂ ਲਾਗੂ ਹੋਈ ਸੀ, ਜਿਸ ਦੀ ਮਿਆਦ 17 ਦਸੰਬਰ ਨੂੰ ਖਤਮ ਹੋਣੀ ਸੀ।

ਹੁਣ ਇਸ ਪਾਬੰਦੀ 'ਚ 17 ਮਾਰਚ 2021 ਤੱਕ ਵਾਧਾ ਕਰ ਦਿੱਤਾ ਗਿਆ ਹੈ। ਸੰਘੀ ਸਰਕਾਰ ਦਾ ਮੰਨਣਾ ਹੈ ਕਿ ਇਸ ਵਾਧੇ ਦਾ ਫੈਸਲਾ ਨਾਗਰਿਕਾਂ ਦੀ ਭਵਿੱਖੀ ਸਿਹਤ ਸੁਰੱਖਿਆ ਅਤੇ ਬਾਹਰੀ ਮੁਲਕਾਂ ਵਿਚ ਕਰੋਨਾ ਵਾਇਰਸ ਮਰੀਜ਼ਾਂ ਦੀ ਵੱਧ ਰਹੀ ਗਿਣਤੀ ਦੇ ਮੱਦੇਨਜ਼ਰ ਕੀਤਾ ਗਿਆ ਹੈ।

# ਪੰਜਾਬ 'ਚ ਨਵੇਂ ਸਾਲ ਤੱਕ ਜਾਰੀ ਰਹੇਗਾ ਰਾਤ ਦਾ ਕਰਫਿਊ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੋਵਿਡ-19 ਨਾਲ ਹੋ ਰਹੀਆਂ ਮੌਤਾਂ ਦੇ ਮੱਦੇਨਜ਼ਰ ਪੰਜਾਬ ਦੇ ਸਾਰੇ ਸ਼ਹਿਰਾਂ ਤੇ ਕਸਬਿਆਂ ਵਿਚ ਰਾਤ ਦਾ ਕਰਫਿਊ ਪਹਿਲੀ ਜਨਵਰੀ, 2021 ਤੱਕ ਵਧਾਉਣ ਦੇ ਹੁਕਮ ਜਾਰੀ ਕੀਤੇ ਹਨ। ਮੁੱਖ ਮੰਤਰੀ ਨੇ ਸਿਹਤ ਵਿਭਾਗ ਨੂੰ ਹਦਾਇਤ ਦਿੱਤੀ ਹੈ ਕਿ ਦਿੱਲੀ ਵਿਚ ਕੇਸਾਂ ਦੀ ਵਧੀ ਗਿਣਤੀ ਤੋਂ ਖਤਰੇ ਦੇ ਮੱਦੇਨਜ਼ਰ ਉਥੋਂ ਵਾਪਸ ਆਉਣ ਵਾਲੇ ਕਿਸਾਨਾਂ ਦੀ ਸਿਹਤ ਦੀ ਜਾਂਚ ਕੀਤੀ ਜਾਵੇਗੀ। ਇਸੇ ਤਰ੍ਹਾਂ ਵਿਆਹਾਂ ਤੇ ਪਾਰਟੀਆਂ ਦੌਰਾਨ ਕੋਵਿਡ ਦੀਆਂ ਰੋਕਾਂ ਦੀ ਵੱਡੀ ਪੱਧਰ ਉਤੇ ਉਲੰਘਣਾ ਦੀਆਂ ਸ਼ਿਕਾਇਤਾਂ ਮਿਲਣ ਮਗਰੋਂ ਮੁੱਖ ਮੰਤਰੀ ਨੇ ਸੂਬੇ ਵਿਚ ਪਹਿਲੀ ਜਨਵਰੀ, 2021 ਤੱਕ ਇਨਡੋਰ ਅਤੇ ਆਊਟਡੋਰ ਇਕੱਠਾਂ ਵਿਚ ਲੋਕਾਂ ਦੀ ਗਿਣਤੀ ਕ੍ਰਮਵਾਰ 100 ਅਤੇ 250 ਤੱਕ ਰੱਖਣ ਦੇ ਹੁਕਮ ਦਿੱਤੇ ਹਨ। ਉਲੰਘਣਾ ਦੀ ਸੂਰਤ ਵਿਚ ਮੇਜ਼ਬਾਨ ਉਤੇ ਜੁਰਮਾਨਾ ਲਾਉਣ ਲਈ ਆਖਿਆ ਗਿਆ ਹੈ। ਮੁੱਖ ਮੰਤਰੀ ਨੇ ਕੋਵਿਡ ਦੇ ਜਾਇਜ਼ੇ ਲਈ ਉਚ ਪੱਧਰੀ ਮੀਟਿੰਗ ਦੌਰਾਨ ਸਹਿ-ਰੋਗਾਂ ਤੋਂ ਪੀੜਤ 70 ਸਾਲ ਤੋਂ ਵੱਧ ਉਮਰ ਦੇ ਪਾਜ਼ੀਟਿਵ ਮਰੀਜ਼ਾਂ ਲਈ ਘਰੇਲੂ ਇਕਾਂਤਵਾਸ ਖਤਮ ਕਰਨ ਦੇ ਹੁਕਮ ਵੀ ਦਿੱਤੇ ਹਨ, ਬਸ਼ਰਤੇ ਕਿ ਘਰ ਵਿਚ ਢੁੱਕਵੀਆਂ ਮੈਡੀਕਲ ਸਹੂਲਤਾਂ ਮੁਹੱਈਆ ਹੋ ਸਕਦੀਆਂ ਹੋਣ। ਵਰਚੁਅਲ ਮੀਟਿੰਗ ਦੌਰਾਨ ਸਿਹਤ ਸਕੱਤਰ ਹੁਸਨ ਲਾਲ ਨੇ ਦੱਸਿਆ ਕਿ ਵੱਡੀ ਗਿਣਤੀ ਵਿਚ ਕੋਵਿਡ ਮੌਤਾਂ ਘਰੇਲੂ ਇਕਾਂਤਵਾਸ ਕੇਸਾਂ ਵਿਚੋਂ ਸਾਹਮਣੇ ਆਈਆਂ ਹਨ। ਪੰਜਾਬ ਸਰਕਾਰ ਨੇ ਸਾਰੇ ਪ੍ਰਾਈਵੇਟ ਹਸਪਤਾਲਾਂ ਦੀ ਵਿਸਥਾਰਤ ਜਾਂਚ ਦੇ ਹੁਕਮ ਦਿੱਤੇ ਹਨ। ਮੁੱਖ ਮੰਤਰੀ ਨੇ ਕਿਹਾ ਕਿ



ਅਜਿਹੀਆਂ ਸਹੂਲਤਾਂ ਦੀ ਘਾਟ ਵਾਲੇ ਹਸਪਤਾਲਾਂ ਨੂੰ ਮਰੀਜ਼ ਹੋਰ ਹਸਪਤਾਲਾਂ ਵਿਚ ਰੈਫਰ ਕਰ ਦੇਣਾ ਚਾਹੀਦਾ ਹੈ। ਅਮਰਿੰਦਰ ਸਿੰਘ ਨੇ ਕਿਹਾ ਕਿ ਭਾਵੇਂ ਪਿਛਲੇ ਤਿੰਨ ਹਫਤਿਆਂ ਤੋਂ ਪੰਜਾਬ ਵਿਚ ਘੱਟ ਰਹੀ ਪਾਜ਼ੇਟਿਵ ਦਰ ਸਵਾਗਤਯੋਗ ਹੈ ਪਰ ਮੌਤ ਦਰ ਅਜੇ ਵੀ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਨੇ ਸਿਹਤ ਵਿਭਾਗ ਨੂੰ ਆਰ.ਟੀ.ਪੀ.ਸੀ.ਆਰ. ਸੈਂਪਲਿੰਗ/ਟੈਸਟਿੰਗ ਦਰ ਪ੍ਰਤੀ ਦਿਨ 30,000 ਦੀ ਸੀਮਾ ਬਰਕਰਾਰ ਰੱਖਣ ਲਈ ਆਖਿਆ ਅਤੇ ਸੰਭਾਵੀ ਤੌਰ ਉਤੇ ਕਰੋਨਾ ਫੈਲਾਉਣ ਵਾਲਿਆਂ ਨੂੰ ਸ਼ਾਮਲ ਕਰਨ ਲਈ ਟੀਚਾਗਤ ਸੈਂਪਲਿੰਗ ਉਤੇ ਹੋਰ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਜ਼ਿਲ੍ਹਿਆਂ ਨੂੰ 'ਇਤਿਹਾਸ' ਪੋਰਟਲ ਦੀ ਪੂਰੀ ਵਰਤੋਂ ਕਰਨ ਲਈ ਹੱਲਾਸ਼ੇਰੀ ਦੇਣੀ ਚਾਹੀਦੀ ਹੈ। ਕੈਪਟਨ ਨੇ ਕੰਟੇਨਮੈਂਟ ਅਤੇ ਮਾਈਕ੍ਰੋ-ਕੰਟੇਨਮੈਂਟ ਜ਼ੋਨਾਂ ਵਿਚ ਟੈਸਟਿੰਗ ਵਧਾਉਣ ਅਤੇ 100 ਫੀਸਦੀ ਸੈਂਪਲਿੰਗ ਨੂੰ ਯਕੀਨੀ ਬਣਾਉਣ ਦੀ ਲੋੜ ਉਤੇ ਜ਼ੋਰ ਦਿੱਤਾ।

# ਪੰਜਾਬ ਕਾਂਗਰਸ ਦਾ ਪੁਨਰਗਠਨ ਨਗਰ ਨਿਗਮ ਦੀਆਂ ਚੋਣਾਂ ਤੋਂ ਬਾਅਦ?

**ਚੰਡੀਗੜ੍ਹ:** ਪੰਜਾਬ ਵਿਚ ਕਾਂਗਰਸ ਦੀ ਪ੍ਰਦੇਸ਼ ਇਕਾਈ ਦਾ ਪੁਨਰਗਠਨ ਫਰਵਰੀ 'ਚ ਹੋਣ ਵਾਲੀਆਂ ਨਗਰ ਨਿਗਮ ਅਤੇ ਨਗਰ ਪੰਚਾਇਤਾਂ ਚੋਣਾਂ ਦੇ ਬਾਅਦ ਹੀ ਹੋਣ ਦੀ ਸੰਭਾਵਨਾ ਹੈ। ਇਹ ਸੰਕੇਤ ਕਾਂਗਰਸ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਹਰੀਸ਼ ਰਾਵਤ ਨੇ ਦਿੱਤੇ ਹਨ।

ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਹਰੀਸ਼ ਰਾਵਤ ਵਿਚਾਲੇ ਸਬੰਧੀ ਚਰਚਾ ਹੋਈ ਹੈ। ਜਿਸ ਦੌਰਾਨ ਹਰੀਸ਼ ਰਾਵਤ ਨੇ ਕਿਹਾ ਕਿ ਇਸ ਸਮੇਂ ਪੰਜਾਬ ਦੇ ਸਾਰੇ ਕਿਸਾਨ ਕੇਂਦਰ ਸਰਕਾਰ ਖਿਲਾਫ ਅੰਦੋਲਨ 'ਚ ਸ਼ਾਮਲ ਹਨ ਅਤੇ ਦਿੱਲੀ ਦੀਆਂ ਸਰਹੱਦਾਂ ਉਤੇ ਡਟੇ ਹੋਏ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਵੀ ਕਿਸਾਨਾਂ ਦੇ ਨਾਲ ਹੈ ਅਤੇ ਅੰਦੋਲਨ ਨੂੰ ਪੂਰਾ ਸਮਰਥਨ ਦੇ ਰਹੀ ਹੈ। ਅਜਿਹੇ 'ਚ ਰਾਜ ਇਕਾਈ ਦੇ ਪੁਨਰਗਠਨ ਵਰਗੇ ਮਸਲਿਆਂ ਨੂੰ ਫਿਲਹਾਲ ਟਾਲ ਦੇਣਾ ਹੀ ਠੀਕ ਰਹੇਗਾ, ਕਿਉਂਕਿ ਪਾਰਟੀ ਦਾ ਪੂਰਾ ਧਿਆਨ ਕਿਸਾਨ ਅੰਦੋਲਨ ਉਤੇ ਟਿਕਿਆ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ 'ਚ ਸੂਬਾ ਪ੍ਰਧਾਨ ਸੁਨੀਲ ਜਾਖੜ ਨਾਲ ਵੀ ਗੱਲ ਹੋ ਗਈ ਹੈ। ਕਿਸਾਨ ਅੰਦੋਲਨ ਦੇ ਕਾਰਨ ਪੰਜਾਬ ਕਾਂਗਰਸ ਨੇ ਕਈ ਹੋਰ ਸਿਆਸੀ ਗਤੀਵਿਧੀਆਂ ਨੂੰ ਵੀ ਮੁਲਤਵੀ ਕਰ ਦਿੱਤਾ ਹੈ। ਅੰਦੋਲਨ ਖਤਮ ਹੋਣ ਦੇ ਬਾਅਦ ਇਨ੍ਹਾਂ ਗਤੀਵਿਧੀਆਂ ਨੂੰ ਅੱਗੇ ਵਧਾਇਆ ਜਾਵੇਗਾ। ਕੈਪਟਨ ਤੇ ਨਵਜੋਤ ਸਿੰਘ ਸਿੱਧੂ ਵਿਚਾਲੇ ਹੋਈ ਬੈਠਕ ਨੂੰ ਲੈ ਕੇ ਜਾਰੀ ਅਟਕਲਾਂ ਸਬੰਧੀ ਹਰੀਸ਼ ਰਾਵਤ ਨੇ ਕਿਹਾ ਕਿ ਦੋਵਾਂ ਹੀ ਪਾਰਟੀ ਦੇ ਸੀਨੀਅਰ ਨੇਤਾ ਹਨ ਅਤੇ ਦੋਵੇਂ ਸੂਝਵਾਨ ਹਨ। ਉਨ੍ਹਾਂ ਕਿਹਾ ਕਿ ਦੋਵਾਂ 'ਚ ਅੱਗੇ ਵੀ ਅਜਿਹੀਆਂ ਬੈਠਕਾਂ ਹੋਣਗੀਆਂ, ਜਿਸ ਦੇ ਨਾਲ ਪੂਰੀ ਉਮੀਦ ਹੈ ਕਿ ਮਾਹੌਲ ਵਧੀਆ ਬਣਦਾ ਜਾਵੇਗਾ।



### ਨਵਜੋਤ ਸਿੱਧੂ ਦੀ ਪੰਜਾਬ ਵਜ਼ਾਰਤ 'ਚ ਵਾਪਸੀ ਟਲੀ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਸੀਨੀਅਰ ਆਗੂ ਤੇ ਵਿਧਾਇਕ ਨਵਜੋਤ ਸਿੰਘ ਸਿੱਧੂ ਦੀ ਵਜ਼ਾਰਤ 'ਚ ਵਾਪਸੀ ਦਾ ਮਾਮਲਾ ਕਿਸਾਨ ਅੰਦੋਲਨ ਕਰਕੇ ਫਿਲਹਾਲ ਟਲ ਗਿਆ ਹੈ। ਪੰਜਾਬ ਕਾਂਗਰਸ ਮਾਮਲਿਆਂ ਦੇ ਇੰਚਾਰਜ ਅਤੇ ਸਾਬਕਾ ਮੁੱਖ ਮੰਤਰੀ ਹਰੀਸ਼ ਰਾਵਤ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਮੁਲਾਕਾਤ ਕੀਤੀ। ਸੂਤਰ ਦੱਸਦੇ ਹਨ ਕਿ ਇਸ ਮੁਲਾਕਾਤ ਮੌਕੇ ਉਨ੍ਹਾਂ ਨੇ ਮੁੱਖ ਮੰਤਰੀ ਨਾਲ ਪੰਜਾਬ ਕਾਂਗਰਸ ਦੇ ਢਾਂਚੇ ਦੇ ਪੁਨਰਗਠਨ ਅਤੇ ਸੀਨੀਅਰ ਆਗੂ ਨਵਜੋਤ ਸਿੰਘ ਸਿੱਧੂ ਦੀ ਵਜ਼ਾਰਤ ਵਿਚ ਵਾਪਸੀ ਅਤੇ ਉਨ੍ਹਾਂ ਨੂੰ ਦਿੱਤੇ ਜਾਣ ਵਾਲੇ ਵਿਭਾਗ ਦੇ ਮਾਮਲੇ 'ਤੇ ਵਿਚਾਰ ਚਰਚਾ ਕੀਤੀ ਜਿਸ ਵਿਚ ਇਹੋ ਸਹਿਮਤੀ ਬਣੀ ਕਿ ਕਿਸਾਨ ਅੰਦੋਲਨ ਦੇ ਸਿਰੇ ਲੱਗਣ ਤੱਕ ਇਸ ਮਾਮਲਾ ਪੈਂਡਿੰਗ ਰੱਖ ਲਿਆ ਜਾਵੇ।

# ਜਥੇਦਾਰ ਵੱਲੋਂ ਕਿਸਾਨਾਂ ਦੇ ਘੋਲ ਨੂੰ ਖਾਲਿਸਤਾਨ ਨਾਲ ਜੋੜਨ ਦਾ ਵਿਰੋਧ

## ਟਾਲ-ਮਟੋਲ ਛੱਡ ਕੇ ਖੇਤੀ ਕਾਨੂੰਨ ਵਾਪਸ ਲੈਣ ਦੀ ਸਲਾਹ

**ਅੰਮ੍ਰਿਤਸਰ:** ਕੇਂਦਰ ਸਰਕਾਰ ਵਲੋਂ ਕਿਸਾਨਾਂ ਦੀਆਂ ਮੰਗਾਂ ਬਾਰੇ ਅਪਣਾਈ ਗਈ ਟਾਲ-ਮਟੋਲ ਦੀ ਨੀਤੀ ਦਾ ਸਖਤ ਵਿਰੋਧ ਕਰਦਿਆਂ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਖਿਆ ਹੈ ਕਿ ਲੋਕ ਰੋਹ ਨੂੰ ਦੇਖਦਿਆਂ ਸਰਕਾਰ ਨੂੰ ਬਿਨਾਂ ਦੇਰ ਕੀਤੇ ਕਾਲੇ ਕਾਨੂੰਨ ਤੁਰੰਤ ਵਾਪਸ ਲੈਣੇ ਚਾਹੀਦੇ ਹਨ। ਉਨ੍ਹਾਂ ਕਿਸਾਨ ਸੰਘਰਸ਼ ਨੂੰ ਖਾਲਿਸਤਾਨੀ ਸੰਘਰਸ਼ ਦਾ ਨਾਂ ਦਿੱਤੇ ਜਾਣ ਦਾ ਵੀ ਸਖਤ ਵਿਰੋਧ ਕੀਤਾ ਹੈ। ਜਥੇਦਾਰ ਨੇ ਆਖਿਆ ਕਿ ਸਰਕਾਰ ਲੋਕਾਂ ਲਈ ਹੈ ਅਤੇ ਕਾਨੂੰਨ ਲੋਕਾਂ ਦੇ ਹਿੱਤਾਂ ਲਈ ਬਣਾਏ ਜਾਂਦੇ ਹਨ ਪਰ ਜੇਕਰ ਲੋਕਾਂ ਨੂੰ ਅਜਿਹੇ ਕਾਨੂੰਨ ਪ੍ਰਵਾਨ ਨਹੀਂ ਹਨ ਤਾਂ ਸਰਕਾਰ ਬਿਨਾਂ ਸ਼ਰਤ ਇਨ੍ਹਾਂ ਕਾਨੂੰਨਾਂ ਨੂੰ ਤੁਰਤ ਵਾਪਸ ਲਵੇ। ਉਨ੍ਹਾਂ ਕਿਹਾ ਕਿ ਕਿਸਾਨਾਂ ਨੇ ਲੰਮੇ ਸਮੇਂ ਤੋਂ ਸੰਘਰਸ਼ ਵਿੱਢਿਆ ਹੋਇਆ ਹੈ ਪਰ ਅਜੇ ਤੱਕ ਸਰਕਾਰ ਦੇ ਕੰਨਾਂ ਉਤੇ ਜੂੰ ਨਹੀਂ ਸਰਕੀ ਹੈ। ਉਨ੍ਹਾਂ ਕਿਹਾ ਕਿ ਅਜਿਹੇ ਖੇਤੀ ਸਬੰਧੀ ਕਾਨੂੰਨ ਪਾਸ ਕਰਨ ਤੋਂ ਪਹਿਲਾਂ ਕਿਸਾਨਾਂ ਅਤੇ ਮਾਹਿਰਾਂ ਦੀ ਰਾਏ ਲਈ ਜਾਣੀ ਚਾਹੀਦੀ ਸੀ। ਇਸ ਸਬੰਧੀ ਲੋਕ ਸਭਾ ਅਤੇ ਰਾਜ ਸਭਾ ਵਿਚ ਭਰਵੀਂ ਬਹਿਸ ਵੀ ਹੋਣੀ ਚਾਹੀਦੀ ਸੀ ਪਰ ਕਰੋਨਾ ਦੀ ਆੜ ਹੇਠ ਸਰਕਾਰ ਨੇ ਇਹ ਕਾਨੂੰਨ ਚੁੱਪ-ਚੁਪੀਤੇ ਪਾਸ ਕਰ ਦਿੱਤੇ, ਜਿਸ ਕਾਰਨ ਸਰਕਾਰ ਦੀ ਨੀਅਤ ਉਤੇ ਵੀ ਸ਼ੱਕ ਪੈਦਾ ਹੁੰਦਾ ਹੈ ਕਿ ਇਹ ਕਾਨੂੰਨ ਕਾਰਪੋਰੇਟ ਘਰਾਣਿਆਂ ਦੇ ਹਿੱਤ ਵਿਚ ਹਨ। ਦੁਨੀਆਂ ਵਿਚ ਆਰਥਿਕਤਾ ਨੂੰ ਲੱਗ ਰਹੀ ਢਾਹ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਵੇਲੇ ਖੇਤੀ ਹੀ ਇਕ ਅਜਿਹਾ ਧੰਦਾ ਹੈ, ਜੋ ਦੇਸ਼ ਦੀ ਆਰਥਿਕਤਾ ਨੂੰ ਬਚਾਅ ਰਿਹਾ ਹੈ। 'ਜੇਕਰ ਕਰੋਨਾ ਕਾਲ ਦੌਰਾਨ ਖੇਤੀ ਮਜ਼ਬੂਤ ਨਾ ਹੁੰਦੀ ਤਾਂ ਫਸਲਾਂ ਦਾ ਉਤਪਾਦਨ ਘੱਟ ਹੋਣਾ ਸੀ। ਅਜਿਹੀ ਸਥਿਤੀ ਵਿਚ ਦੇਸ਼ ਦੇ ਹਾਲਾਤ ਬਦਤਰ ਹੋ ਜਾਣੇ ਸਨ।' ਕਿਸਾਨਾਂ ਵਲੋਂ ਸ਼ਾਂਤਮਈ ਢੰਗ ਨਾਲ ਕੀਤੇ ਜਾ ਰਹੇ ਸੰਘਰਸ਼ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਕਿਹਾ ਕਿ ਅਜਿਹੇ ਸੰਘਰਸ਼ ਵਿਚ ਜ਼ਾਬਤਾ ਬਣਾ ਕੇ ਰੱਖਣਾ ਚਾਹੀਦਾ ਹੈ ਅਤੇ ਸ਼ਾਂਤੀ ਕਾਇਮ ਰਹਿਣੀ ਚਾਹੀਦੀ ਹੈ। ਉਨ੍ਹਾਂ ਕਿਸਾਨਾਂ ਦੇ ਸੰਘਰਸ਼ ਵਿਚ ਸਹਿਯੋਗ ਦੇ ਰਹੀਆਂ ਸਮੂਹ ਧਿਰਾਂ ਦਾ ਧੰਨਵਾਦ ਕਰਦਿਆਂ ਆਖਿਆ ਕਿ ਮੌਜੂਦਾ ਹਾਲਾਤ ਵਿਚ ਕਿਸਾਨੀ ਨੂੰ ਬਚਾਇਆ ਜਾਵੇ। 'ਜੇਕਰ ਕਿਸਾਨੀ ਬਚੇਗੀ ਤਾਂ ਅੰਨ ਦਾ ਵਧੇਰੇ ਉਤਪਾਦਨ ਹੋਵੇਗਾ। ਜੇਕਰ ਕਿਸਾਨੀ ਕਮਜ਼ੋਰ ਹੋਵੇਗੀ ਤਾਂ ਅੰਨ ਘੱਟ ਪੈਦਾ ਹੋਵੇਗਾ, ਜਿਸ ਨਾਲ ਲੋਕਾਂ ਲਈ ਵਧੇਰੇ ਮੁਸ਼ਕਲਾਂ ਪੈਦਾ ਹੋਣਗੀਆਂ।' ਕਿਸਾਨ ਸੰਘਰਸ਼ ਨੂੰ ਖਾਲਿਸਤਾਨੀਆਂ ਦਾ ਸੰਘਰਸ਼ ਆਖੇ ਜਾਣ ਦਾ ਸਖਤ ਵਿਰੋਧ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਸੰਘਰਸ਼ ਨੂੰ ਤਾਰਪੀਡੋ ਕਰਨ ਦੀ ਡੂੰਘੀ ਸਾਜ਼ਿਸ਼ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਦੇ ਸੰਘਰਸ਼ ਦਾ ਖਾਲਿਸਤਾਨ ਨਾਲ ਕੋਈ ਸਬੰਧ ਨਹੀਂ ਹੈ।

# ਸ਼ਰਾਬ ਮਾਮਲਾ: 'ਆਪ' ਨੇ ਮੁੱਖ ਮੰਤਰੀ ਦੀ ਭੂਮਿਕਾ ਉਤੇ ਚੁੱਕੇ ਸਵਾਲ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਵਿਰੋਧੀ ਧਿਰ ਦੇ ਆਗੂ ਹਰਪਾਲ ਸਿੰਘ ਚੀਮਾ ਨੇ ਪੰਜਾਬ ਦੇ ਰਾਜਪਾਲ ਨੂੰ ਪੱਤਰ ਲਿਖ ਕੇ ਸੂਬੇ ਵਿਚ ਕਾਂਗਰਸੀ ਆਗੂਆਂ ਵੱਲੋਂ ਚਲਾਈਆਂ ਜਾ ਰਹੀਆਂ ਨਾਜਾਇਜ਼ ਸ਼ਰਾਬ ਦੀਆਂ ਫੈਕਟਰੀਆਂ ਖਿਲਾਫ ਕਾਰਵਾਈ ਮੰਗੀ ਹੈ।

ਇਸ ਦੇ ਨਾਲ ਹੀ ਉਨ੍ਹਾਂ ਰਾਜਪਾਲ ਤੋਂ ਮਿਲਣ ਦਾ ਸਮਾਂ ਵੀ ਮੰਗਿਆ ਹੈ। ਉਨ੍ਹਾਂ ਕਿਹਾ ਕਿ ਪਿਛਲੇ ਲੰਬੇ ਸਮੇਂ ਤੋਂ ਪੰਜਾਬ ਵਿਚ ਨਕਲੀ ਸ਼ਰਾਬ ਦਾ ਕਾਰੋਬਾਰ ਜ਼ੋਰਾਂ ਉਤੇ ਚੱਲ ਰਿਹਾ ਹੈ ਅਤੇ ਹਰ ਵਾਰ ਇਸ ਦਾ ਸਬੰਧ ਕਿਸੇ ਨਾ ਕਿਸੇ ਕਾਂਗਰਸੀ ਆਗੂ ਨਾਲ ਹੀ ਨਿਕਲਦਾ ਹੈ। ਵਿਰੋਧੀ ਧਿਰ ਦੇ ਆਗੂ ਨੇ ਕਿਹਾ ਕਿ ਪਿਛਲੇ ਲੰਬੇ ਸਮੇਂ ਤੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਜ਼ਿਲ੍ਹੇ ਪਟਿਆਲਾ ਵਿਚ ਚੱਲਦੀਆਂ ਨਾਜਾਇਜ਼ ਸ਼ਰਾਬ ਦੀਆਂ ਫੈਕਟਰੀਆਂ ਪੁਲਿਸ ਵੱਲੋਂ ਫੜੀਆਂ ਗਈਆਂ ਹਨ। ਉਨ੍ਹਾਂ ਦੋਸ਼ ਲਾਇਆ ਕਿ ਫੜੀਆਂ ਗਈਆਂ ਸਾਰੀਆਂ ਫੈਕਟਰੀਆਂ ਦੇ ਦੋਸ਼ੀ ਕਥਿਤ ਕਾਂਗਰਸੀ ਵਰਕਰ ਹਨ ਅਤੇ ਉਨ੍ਹਾਂ ਦੇ ਰਾਜਪੁਰਾ ਤੋਂ ਵਿਧਾਇਕ ਹਰਦਿਆਲ ਕੰਬੋਜ ਤੇ ਘਨੌਰ ਦੇ ਵਿਧਾਇਕ ਮਦਨ ਲਾਲ ਜਲਾਲਪੁਰ ਨਾਲ ਨਜ਼ਦੀਕੀ ਸਬੰਧ ਹਨ।

ਇਨ੍ਹਾਂ ਦੋਵੇਂ ਵਿਧਾਇਕਾਂ ਦੇ ਕੈਪਟਨ ਅਮਰਿੰਦਰ ਸਿੰਘ ਅਤੇ ਉਨ੍ਹਾਂ ਦੇ ਪਰਿਵਾਰ ਨਾਲ ਗੂੜ੍ਹੇ ਸਬੰਧ ਹਨ। ਸ੍ਰੀ ਚੀਮਾ ਨੇ ਕਿਹਾ ਕਿ ਇਨ੍ਹਾਂ ਮਾਮਲਿਆਂ ਵਿਚ ਮੁੱਖ ਮੰਤਰੀ ਦੇ ਨਜ਼ਦੀਕੀ ਵਿਧਾਇਕ ਦੋਸ਼ੀਆਂ ਨੂੰ ਸੁਰੱਖਿਆ ਪ੍ਰਦਾਨ ਕਰ ਰਹੇ ਹਨ ਪਰ ਮੁੱਖ ਮੰਤਰੀ ਉਨ੍ਹਾਂ ਖਿਲਾਫ ਕੋਈ ਕਾਰਵਾਈ ਨਹੀਂ ਕਰ ਰਹੇ।

### ਮੁੱਖ ਮੰਤਰੀ ਅਸਤੀਫਾ ਦੇਣ: ਮੀਤ ਹੇਅਰ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਯੂਥ ਵਿੰਗ ਦੇ ਪ੍ਰਧਾਨ ਅਤੇ ਵਿਧਾਇਕ ਮੀਤ ਹੇਅਰ ਨੇ ਕਿਹਾ ਕਿ ਮੁੱਖ ਮੰਤਰੀ ਦੇ ਜ਼ਿਲ੍ਹੇ 'ਚ ਲੰਘੇ ਦਿਨੀਂ ਰਾਜਪੁਰਾ ਤੋਂ ਫੜੀ ਗਈ ਨਕਲੀ ਸ਼ਰਾਬ ਦੀ ਫੈਕਟਰੀ ਵਿਚੋਂ ਦੀਪੇਸ਼ ਕੁਮਾਰ ਗਰੋਵਰ ਅਤੇ ਕਾਰਜ ਸਿੰਘ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਹ ਦੋਵੇਂ ਮੁਲਜ਼ਮ ਹੀ ਰਾਜਪੁਰਾ ਤੇ ਘਨੌਰ ਦੇ ਕਾਂਗਰਸੀ ਵਿਧਾਇਕਾਂ ਤੇ ਸੰਸਦ ਮੈਂਬਰ ਦੇ ਕਥਿਤ ਨਜ਼ਦੀਕੀ ਹਨ, ਜਿਨ੍ਹਾਂ ਦੀਆਂ ਤਸਵੀਰਾਂ ਸੋਸ਼ਲ ਮੀਡੀਆ ਉਤੇ ਪਈਆਂ ਹਨ। ਉਨ੍ਹਾਂ ਦੋਸ਼ ਲਾਇਆ ਕਿ ਵਿਧਾਇਕਾਂ ਦੀ ਦੇਖ-ਰੇਖ ਹੇਠ ਸ਼ਰਾਬ 'ਚ ਸ਼ਰਾਬ ਮਾਫੀਆ ਸਰਗਰਮ ਹੈ। ਜੇ ਮੁੱਖ ਮੰਤਰੀ ਉਸ ਖਿਲਾਫ ਕਾਰਵਾਈ ਨਹੀਂ ਕਰ ਸਕਦੇ ਤਾਂ ਅਸਤੀਫਾ ਦੇਣ। ਉਨ੍ਹਾਂ ਨੇ ਸ਼ਰਾਬ ਮਾਫੀਆ ਦੀ ਪੁਸ਼ਤਪਨਾਹੀ ਕਰਨ ਵਾਲੇ ਵਿਧਾਇਕਾਂ ਖਿਲਾਫ ਵੀ ਕਾਰਵਾਈ ਮੰਗੀ।

# ਕਿਸਾਨ ਅੰਦੋਲਨ ਨੇ ਥੱਲੇ ਨਾ ਡਿੱਗਣ ਦਿੱਤੇ ਨਰਮੇ ਦੇ ਭਾਅ

**ਚੰਡੀਗੜ੍ਹ:** ਨਰਮੇ ਦਾ ਝਾੜ ਭਾਵੇਂ ਐਤਕੀਂ ਘੱਟ ਨਿਕਲਿਆ ਹੈ ਪਰ ਕਿਸਾਨ ਘੋਲ ਕਾਰਨ ਕਿਸਾਨਾਂ ਨੂੰ ਭਾਅ ਵਿਚ ਵੱਡੀ ਮਾਰ ਨਹੀਂ ਝੱਲਣੀ ਪਈ। ਪੰਜਾਬ ਦੀ ਨਰਮਾ ਪੱਟੀ 'ਚ ਔਸਤਨ ਦੋ ਕੁਇੰਟਲ ਪ੍ਰਤੀ ਏਕੜ ਝਾੜ ਘੱਟ ਨਿਕਲਿਆ ਹੈ। ਇਸ ਵੇਲੇ ਨਰਮੇ ਦੀ ਚੁਗਾਈ ਦਾ ਕੰਮ ਸਮਾਪਤ ਹੋ ਗਿਆ ਹੈ ਅਤੇ ਮੰਡੀਆਂ ਵਿਚ ਨਰਮੇ ਕਪਾਹ ਦੀ ਆਮਦ ਬਣੀ ਹੋਈ ਹੈ।

ਵੇਰਵਿਆਂ ਅਨੁਸਾਰ ਪੰਜਾਬ ਵਿਚ 19 ਕਪਾਹ ਮੰਡੀਆਂ ਹਨ, ਜਿਨ੍ਹਾਂ ਵਿਚੋਂ 22.27 ਲੱਖ ਕੁਇੰਟਲ ਨਰਮਾ ਖਰੀਦਿਆ ਜਾ ਚੁੱਕਾ ਹੈ। ਇਸ ਵਿਚੋਂ 17.88 ਲੱਖ ਕੁਇੰਟਲ ਨਰਮਾ ਭਾਰਤੀ ਕਪਾਹ ਨਿਗਮ ਨੇ ਖਰੀਦਿਆ ਹੈ। ਖੇਤੀ ਕਾਨੂੰਨਾਂ ਖਿਲਾਫ ਕਿਸਾਨ ਘੋਲ ਚੱਲ ਰਿਹਾ ਹੈ, ਜਿਸ ਕਰਕੇ ਭਾਰਤੀ ਕਪਾਹ ਨਿਗਮ ਨੇ ਸਰਕਾਰੀ ਖਰੀਦ ਵਿਚ ਤੇਜ਼ੀ ਲਿਆਂਦੀ ਰੱਖੀ। ਖੇਤੀ ਵਿਭਾਗ ਵੱਲੋਂ ਇਸ ਵਾਰ 12.50 ਲੱਖ ਗੱਠਾਂ ਦੀ ਪੈਦਾਵਾਰ ਦਾ ਅਨੁਮਾਨ ਲਾਇਆ ਗਿਆ ਸੀ ਪਰ ਹੁਣ ਝਾੜ ਘਟਣ ਕਰਕੇ ਕਰੀਬ ਦੋ ਲੱਖ ਗੱਠਾਂ ਦੀ ਕਟੌਤੀ ਹੋ ਸਕਦੀ ਹੈ।

ਨਰਮੇ ਦਾ ਸਰਕਾਰੀ ਭਾਅ ਐਤਕੀਂ 5725 ਰੁਪਏ ਪ੍ਰਤੀ ਕੁਇੰਟਲ ਹੈ, ਜਦਕਿ 26 ਐਮ.ਐਮ ਰੇਸ਼ੇ ਵਾਲੇ ਨਰਮੇ ਦਾ ਸਰਕਾਰੀ ਭਾਅ 5665 ਰੁਪਏ ਹੈ। ਸ਼ੁਰੂਆਤੀ ਪੜਾਅ ਉਤੇ ਕਿਸਾਨਾਂ ਨੂੰ ਸਰਕਾਰੀ ਭਾਅ ਤੋਂ ਘੱਟ ਉਤੇ ਵੀ ਫ਼ਸਲ ਵੇਚਣੀ ਪਈ। ਪੰਜਾਬ ਵਿਚ ਹੁਣ ਤਕ 3.93 ਲੱਖ ਕੁਇੰਟਲ ਨਰਮਾ ਸਰਕਾਰੀ ਭਾਅ ਤੋਂ ਹੇਠਾਂ ਵਿਕਿਆ ਹੈ। ਮਾਨਸਾ ਜ਼ਿਲ੍ਹੇ ਵਿਚ ਸਭ ਤੋਂ ਵੱਧ 1.36 ਲੱਖ ਅਤੇ ਬਠਿੰਡਾ ਵਿਚ 1.20 ਲੱਖ ਕੁਇੰਟਲ ਨਰਮਾ ਸਰਕਾਰੀ ਭਾਅ ਤੋਂ ਹੇਠਾਂ ਵਿਕਿਆ ਹੈ। ਭਾਰਤੀ ਕਪਾਹ ਨਿਗਮ ਹੁਣ ਤੱਕ 4 ਲੱਖ ਗੱਠਾਂ ਨਰਮਾ ਖਰੀਦ ਕਰ ਚੁੱਕਾ ਹੈ ਜਦਕਿ ਪਿਛਲੇ ਵਰ੍ਹੇ ਕਪਾਹ ਨਿਗਮ ਨੇ 3.55 ਲੱਖ ਗੱਠਾਂ ਦੀ ਖਰੀਦ ਕੀਤੀ ਸੀ। ਕਪਾਹ ਨਿਗਮ ਨੇ ਹੁਣ ਤਕ ਸਭ ਤੋਂ ਵੱਧ ਸਾਲ 2008-09 ਵਿਚ 10.50 ਲੱਖ ਗੱਠਾਂ ਦੀ ਖਰੀਦ ਕੀਤੀ ਸੀ। ਐਤਕੀਂ ਕਿਸਾਨ ਅੰਦੋਲਨ ਕਰਕੇ ਕਪਾਹ ਨਿਗਮ ਨੂੰ ਪੈਰ ਪਿਛਾਂਹ ਖਿੱਚਣੇ ਔਖੇ ਹੋ ਗਏ। ਕਿਸਾਨਾਂ ਵੱਲੋਂ ਸ਼ੁਰੂਆਤੀ ਪੜਾਅ ਉਤੇ ਕਪਾਹ ਨਿਗਮ ਖਿਲਾਫ ਪ੍ਰਦਰਸ਼ਨ ਵੀ ਕੀਤੇ ਗਏ ਸਨ। ਕੇਂਦਰੀ ਖੇਤੀ ਮੰਤਰਾਲੇ ਅਨੁਸਾਰ ਦੇਸ਼ ਦੇ 10 ਸੂਬਿਆਂ ਵਿਚੋਂ ਹੁਣ ਤਕ 41.52 ਲੱਖ ਗੱਠਾਂ ਨਰਮੇ ਕਪਾਹ ਦੀ ਖਰੀਦ ਕੀਤੀ ਜਾ ਚੁੱਕੀ ਹੈ ਅਤੇ ਕਰੀਬ 8.05 ਕਰੋੜ ਕਿਸਾਨ ਫਸਲ ਵੇਚ ਚੁੱਕੇ ਹਨ। ਸਰਦੂਲਗੜ੍ਹ ਦੇ ਕੁਝ ਪਿੰਡਾਂ ਵਿਚ ਨਰਮੇ ਦੇ ਝਾੜ ਨੂੰ ਸਭ ਤੋਂ ਵੱਡੀ ਸੱਟ ਵੱਜੀ ਹੈ, ਜਿਥੇ ਮਾੜੇ ਬੀਜ ਦਾ ਰੌਲਾ ਵੀ ਪੈ ਰਿਹਾ ਹੈ। ਫਾਜ਼ਿਲਕਾ ਜ਼ਿਲ੍ਹੇ ਵਿਚ ਵੀ ਫਸਲ ਦਾ ਝਾੜ ਪ੍ਰਭਾਵਿਤ ਹੋਇਆ ਹੈ। ਪਿਛਲੇ ਵਰ੍ਹੇ ਨਰਮੇ ਦਾ ਝਾੜ 20 ਤੋਂ 25 ਮਣ ਪ੍ਰਤੀ ਏਕੜ ਰਿਹਾ ਸੀ ਪਰ ਇਸ ਵਾਰ ਝਾੜ 15 ਤੋਂ 20 ਮਣ ਹੀ ਰਹਿ ਗਿਆ ਹੈ। ਕਿਸਾਨਾਂ ਨੂੰ ਝਾੜ ਕਰਕੇ ਪ੍ਰਤੀ ਏਕੜ ਪਿੱਛੇ 11,500 ਰੁਪਏ ਦਾ ਵਿੱਤੀ ਨੁਕਸਾਨ ਹੋਇਆ ਹੈ।

# ਡੀ. ਆਈ. ਜੀ. ਜਾਖੜ ਨੇ ਕਿਸਾਨਾਂ ਦੇ ਹੱਕ 'ਚ ਅਹੁਦਾ ਛੱਡਿਆ

**ਚੰਡੀਗੜ੍ਹ:** ਡੀ.ਆਈ.ਜੀ. (ਜੇਲ੍ਹਾਂ) ਲਖਵਿੰਦਰ ਸਿੰਘ ਜਾਖੜ ਨੇ ਕਿਸਾਨ ਅੰਦੋਲਨ ਦੀ ਹਮਾਇਤ 'ਚ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਉਨ੍ਹਾਂ ਆਪਣਾ ਅਸਤੀਫਾ ਗ੍ਰਹਿ ਵਿਭਾਗ ਨੂੰ ਭੇਜ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕਿਸਾਨ ਦਾ ਪੁੱਤ ਹੋਣ ਦੇ ਨਾਤੇ ਉਨ੍ਹਾਂ ਅਸਤੀਫਾ ਦਿੱਤਾ ਹੈ ਅਤੇ ਉਹ ਹੁਣ ਕਿਸਾਨ ਸੰਘਰਸ਼ ਵਿਚ ਸ਼ਾਮਲ ਹੋਣਗੇ।

ਉਨ੍ਹਾਂ ਕਿਹਾ ਕਿ ਕਿਸਾਨਾਂ ਨਾਲ ਇਸ ਵੇਲੇ ਧੱਕਾ ਹੋ ਰਿਹਾ ਹੈ ਤਾਂ ਉਹ ਚੁੱਪ ਕਿਵੇਂ ਬੈਠ ਸਕਦੇ ਹਨ। ਏ.ਡੀ.ਜੀ.ਪੀ. (ਜੇਲ੍ਹਾਂ) ਪੀਕੇ ਸਿਨਹਾ ਨੇ ਕਿਹਾ ਕਿ ਡੀ.ਆਈ.ਜੀ. ਲਖਵਿੰਦਰ ਸਿੰਘ ਜਾਖੜ ਨੇ ਸਰਕਾਰ ਨੂੰ ਅਸਤੀਫਾ ਭੇਜਿਆ ਹੈ ਜਿਸ ਦੀ ਕਾਪੀ ਉਨ੍ਹਾਂ ਨੂੰ ਵੀ ਪ੍ਰਾਪਤ ਹੋਈ ਹੈ। ਅਸਤੀਫੇ 'ਚ ਉਨ੍ਹਾਂ ਕਿਸਾਨ ਅੰਦੋਲਨ ਦੀ ਗੱਲ ਲਿਖੀ ਹੈ। ਜ਼ਿਕਰਯੋਗ ਹੈ ਕਿ ਜਾਖੜ ਸਤੰਬਰ ਮਹੀਨੇ ਵਿਚ ਹੀ ਬਹਾਲ ਹੋਏ ਹਨ।

# ਅਕਾਲੀ ਦਲ ਨੇ ਨਗਰ ਨਿਗਮ ਦੀਆਂ ਚੋਣਾਂ ਲਈ ਸੰਭਾਲੇ ਮੋਰਚੇ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ 9 ਮਿਊਂਸਪਲ ਕਾਰਪੋਰੇਸ਼ਨਾਂ ਦੀਆਂ ਚੋਣਾਂ 'ਚ ਪਾਰਟੀ ਦੇ ਉਮੀਦਵਾਰਾਂ ਦੀ ਸਕਰੀਨਿੰਗ ਅਤੇ ਸਥਾਨਕ ਪੱਧਰ ਉਤੇ ਤਾਲਮੇਲ ਲਈ ਸੀਨੀਅਰ ਲੀਡਰਾਂ ਉਤੇ ਅਧਾਰਤ ਹਰ ਸ਼ਹਿਰ ਦੀ ਸਕਰੀਨਿੰਗ ਕਮੇਟੀਆਂ ਬਣਾਉਣ ਦਾ ਐਲਾਨ ਕਰ ਦਿੱਤਾ ਹੈ।



ਇਹ ਕਮੇਟੀਆਂ ਸਥਾਨਕ ਲੀਡਰਸ਼ਿਪ ਨਾਲ ਤਾਲਮੇਲ ਕਰਕੇ ਯੋਗ ਉਮੀਦਵਾਰਾਂ ਦੀ ਚੋਣ ਕਰਕੇ ਸੂਚੀ ਪਾਰਟੀ ਪ੍ਰਧਾਨ ਨੂੰ ਸੌਂਪਣਗੀਆਂ ਅਤੇ ਫਾਈਨਲ ਕੀਤੇ ਉਮੀਦਵਾਰਾਂ ਦਾ ਐਲਾਨ ਪਾਰਟੀ ਵਲੋਂ ਕੀਤਾ ਜਾਵੇਗਾ। ਐਲਾਨੀ ਸਕਰੀਨਿੰਗ ਕਮੇਟੀ ਅਨੁਸਾਰ ਅਬੋਹਰ ਮਿਊਂਸਪਲ ਕਾਰਪੋਰੇਸ਼ਨ ਲਈ ਜਨਮੇਜਾ ਸਿੰਘ ਸੇਖੋਂ ਸਾਬਕਾ ਮੰਤਰੀ, ਕੰਵਰਜੀਤ ਸਿੰਘ ਬਰਕੰਦੀ ਅਤੇ ਅਸ਼ੋਕ ਅਨੇਜਾ, ਬਠਿੰਡਾ ਕਾਰਪੋਰੇਸਨ ਲਈ ਸਿਕੰਦਰ ਸਿੰਘ ਮਲੂਕਾ ਸਾਬਕਾ ਮੰਤਰੀ, ਮਨਤਾਰ ਸਿੰਘ ਬਰਾੜ, ਸਰੂਪ ਚੰਦ ਸਿੰਗਲਾ ਅਤੇ ਪਰਮਬੰਸ ਸਿੰਘ ਬੰਟੀ ਰੋਮਾਣਾ, ਬਟਾਲਾ ਮਿਉਂਸਪਲ ਕਾਰਪੋਰੇਸ਼ਨ ਲਈ ਲਖਬੀਰ ਸਿੰਘ ਲੋਧੀਨੰਗਲ ਅਤੇ ਬਲਬੀਰ ਸਿੰਘ ਬਿੱਟੂ, ਮੋਗਾ ਮਿਉਂਸਪਲ ਕਾਰਪੋਰੇਸ਼ਨ ਲਈ ਜਥੇਦਾਰ ਤੋਤਾ ਸਿੰਘ ਸਾਬਕਾ ਮੰਤਰੀ, ਕਪੂਰਥਲਾ ਕਾਰਪੋਰੇਸ਼ਨ ਲਈ ਡਾ. ਉਪਿੰਦਰਜੀਤ ਕੌਰ ਸਾਬਕਾ ਮੰਤਰੀ, ਗੁਰਪ੍ਰਤਾਪ ਸਿੰਘ ਵਡਾਲਾ, ਯੁਵਰਾਜ ਭੁਪਿੰਦਰ ਸਿੰਘ ਅਤੇ ਹਰਜੀਤ ਸਿੰਘ ਵਾਲੀਆ, ਮੋਹਾਲੀ ਮਿਊਂਸਪਲ ਕਾਰਪੋਰੇਸ਼ਨ ਲਈ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਐਨ.ਕੇ.ਸ਼ਰਮਾ, ਚਰਨਜੀਤ ਸਿੰਘ ਬਰਾੜ, ਕੰਵਲਜੀਤ ਸਿੰਘ ਰੂਬੀ ਅਤੇ ਕੁਲਵੰਤ ਸਿੰਘ ਮੇਅਰ, ਹੁਸ਼ਿਆਰਪੁਰ ਮਿਊਂਸਪਲ ਕਾਰਪੋਰੇਸ਼ਨ ਲਈ ਸ਼ਰਨਜੀਤ ਸਿੰਘ ਢਿੱਲੋਂ ਸਾਬਕਾ ਮੰਤਰੀ, ਸੋਹਣ ਸਿੰਘ ਠੰਡਲ ਸਾਬਕਾ ਮੰਤਰੀ, ਸੁਰਿੰਦਰ ਸਿੰਘ ਠੇਕੇਦਾਰ, ਬੀਬੀ ਮਹਿੰਦਰ ਕੌਰ ਜੋਸ਼, ਸਰਬਜੋਤ ਸਿੰਘ ਸਾਬੀ ਅਤੇ ਜਤਿੰਦਰ ਸਿੰਘ ਲਾਲੀ ਬਾਜਵਾ, ਪਠਾਨਕੋਟ ਮਿਊਂਸਪਲ ਕਾਰਪੋਰੇਸ਼ਨ ਲਈ ਹੀਰਾ ਸਿੰਘ ਗਾਬੜੀਆ, ਗੁਰਬਚਨ ਸਿੰਘ ਬੱਬੇਹਾਲੀ, ਸਰਬਜੋਤ ਸਿੰਘ ਸਾਬੀ ਅਤੇਸੁਰਿੰਦਰ ਸਿੰਘ ਕੰਵਰ ਮਿੰਟੂ, ਫਗਵਾੜਾ ਮਿਊਂਸਪਲ ਕਾਰਪੋਰੇਸ਼ਨ ਲਈ ਬਲਦੇਵ ਸਿੰਘ ਖਹਿਰਾ, ਜਰਨੈਲ ਸਿੰਘ ਵਾਹਦ ਅਤੇ ਸਰਵਣ ਸਿੰਘ ਕੁਲਾਰ ਦੇ ਨਾਂ ਸ਼ਾਮਲ ਹਨ। ਇਸ ਤੋਂ ਇਲਾਵਾ ਸ. ਬਾਦਲ ਵਲੋਂ ਫੈਸਲਾ ਕੀਤਾ ਗਿਆ ਕਿ ਬਾਕੀ 109 ਮਿਊਂਸਪਲ ਕਮੇਟੀਆਂ ਦੀਆਂ ਚੋਣਾਂ ਵਾਸਤੇ ਉਮੀਦਵਾਰਾਂ ਦੀ ਚੋਣ ਕਰਨ ਲਈ ਹਰ ਮਿਊਂਸਪਲ ਕਮੇਟੀ ਵਾਸਤੇ 4 ਮੈਂਬਰੀ ਸਕਰੀਨਿੰਗ ਕਮੇਟੀਆਂ ਬਣਾਉਣ ਦਾ ਫੈਸਲਾ ਕੀਤਾ ਗਿਆ ਹੈ ਜਿਸ ਵਿਚ ਸਬੰਧਤ ਜ਼ਿਲ੍ਹੇ ਦੇ ਅਬਜ਼ਰਵਰ, ਸਬੰਧਤ ਹਲਕੇ ਦਾ ਇੰਚਾਰਜ ਅਤੇ ਸਬੰਧਤ ਜ਼ਿਲ੍ਹੇ ਦਾ ਸ਼ਹਿਰੀ ਅਤੇ ਦਿਹਾਤੀ ਪ੍ਰਧਾਨ ਸ਼ਾਮਲ ਹੋਣਗੇ।

### ਸੁਖਬੀਰ ਵੱਲੋਂ ਜਨਰਲ ਸਕੱਤਰਾਂ ਤੇ ਜ਼ਿਲ੍ਹਾ ਪ੍ਰਧਾਨਾਂ ਦੀ ਨਿਯੁਕਤੀ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ 12 ਜਨਰਲ ਸਕੱਤਰਾਂ ਅਤੇ ਜ਼ਿਲ੍ਹਾ ਪ੍ਰਧਾਨਾਂ ਦੀਆਂ ਨਿਯੁਕਤੀਆਂ ਕੀਤੀਆਂ ਹਨ। ਜਿਨ੍ਹਾਂ ਆਗੂਆਂ ਨੂੰ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ ਹੈ, ਉਨ੍ਹਾਂ ਵਿਚ ਬਿਕਰਮ ਸਿੰਘ ਮਜੀਠੀਆ, ਸੋਹਣ ਸਿੰਘ ਠੰਡਲ, ਜੀਤਮਹਿੰਦਰ ਸਿੰਘ ਸਿੱਧੂ, ਹਰਮੀਤ ਸਿੰਘ ਸੰਧੂ, ਪਵਨ ਕੁਮਾਰ ਟੀਨੂੰ, ਹਰੀਸ਼ ਰਾਏ ਢਾਂਡਾ, ਗਗਨਜੀਤ ਸਿੰਘ ਬਰਨਾਲਾ, ਮਨਪ੍ਰੀਤ ਸਿੰਘ ਇਯਾਲੀ, ਹਰਪ੍ਰੀਤ ਸਿੰਘ ਕੋਟਭਾਈ, ਸਰੂਪ ਚੰਦ ਸਿੰਗਲਾ, ਲਖਬੀਰ ਸਿੰਘ ਲੋਧੀਨੰਗਲ ਅਤੇ ਸੰਤਾ ਸਿੰਘ ਉਮੈਦਪੁਰ ਦੇ ਨਾਮ ਸ਼ਾਮਲ ਹਨ। ਜ਼ਿਲ੍ਹਾ ਪ੍ਰਧਾਨਾਂ ਦੀ ਸੂਚੀ ਅਨੁਸਾਰ ਗੁਰਪਾਲ ਸਿੰਘ ਗਰੇਵਾਲ ਨੂੰ ਜ਼ਿਲ੍ਹਾ ਫਾਜ਼ਲਿਕਾ (ਦਿਹਾਤੀ), ਰਘਬੀਰ ਸਿੰਘ ਸਹਾਰਨਮਾਜਰਾ ਨੂੰ ਪੁਲਿਸ ਜ਼ਿਲ੍ਹਾ ਖੰਨਾ, ਗੁਰਿੰਦਰ ਸਿੰਘ ਗੋਗੀ ਨੂੰ ਜ਼ਿਲ੍ਹਾ ਰੋਪੜ, ਰਣਜੀਤ ਸਿੰਘ ਢਿੱਲੋਂ ਨੂੰ ਲੁਧਿਆਣਾ (ਸ਼ਹਿਰੀ) ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ।

ਪੰਜਾਬ ਟਾਈਮਜ਼

ਸਨਿਚਰਵਾਰ, 19 ਦਸੰਬਰ 2020

## ਮੋਦੀ ਸਰਕਾਰ ਦਾ ਰੁਖ

ਖੇਤੀ ਕਾਨੂੰਨਾਂ ਦੇ ਮਾਮਲੇ 'ਤੇ ਮੋਦੀ ਸਰਕਾਰ ਦਾ ਰਵੱਈਆ ਟੱਸ ਤੋਂ ਮੱਸ ਨਹੀਂ ਹੋ ਰਿਹਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਸ ਦੀ ਵਜ਼ਾਰਤ ਦੇ ਹੋਰ ਮੈਂਬਰ ਲਗਾਤਾਰ ਇਹੀ ਪ੍ਰਚਾਰ ਅਤੇ ਦਾਅਵੇ ਕਰ ਰਹੇ ਹਨ ਕਿ ਖੇਤੀ ਕਾਨੂੰਨ ਕਿਸਾਨਾਂ ਦੇ ਹੱਕ ਵਿਚ ਹਨ, ਵਿਰੋਧੀ ਧਿਰ ਕਿਸਾਨਾਂ ਨੂੰ ਗੁਮਰਾਹ ਕਰ ਰਹੀ ਹੈ ਅਤੇ ਸਮੁੱਚੇ ਦੇਸ਼ ਵਿਚ ਸੁਧਾਰਾਂ ਦੀ ਮੁਹਿੰਮ ਤਹਿਤ ਹੀ ਨਵੇਂ ਕਾਨੂੰਨ ਬਣਾਏ ਜਾ ਰਹੇ ਹਨ। ਖੇਤੀ ਮੰਤਰੀ ਨੇ ਤਾਂ ਇਥੋਂ ਤੱਕ ਕਹਿ ਦਿੱਤਾ ਹੈ ਕਿ ਪਿਛਲੀਆਂ ਲੋਕ ਸਭਾ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਨੂੰ ਜਿਹੜੀਆਂ 303 ਸੀਟਾਂ ਮਿਲੀਆਂ ਹਨ, ਉਸ ਦਾ ਮਤਲਬ ਇਹੀ ਹੈ ਕਿ ਦੇਸ਼ ਦੇ ਲੋਕ ਮੋਦੀ ਸਰਕਾਰ ਵਲੋਂ ਜਾਰੀ ਨੀਤੀਆਂ ਦੇ ਪੱਖ ਵਿਚ ਹਨ। ਖੇਤੀ ਮੰਤਰੀ ਨੇ ਤਾਂ ਨੋਟਬੰਦੀ ਅਤੇ ਜੀ.ਐਸ.ਟੀ. ਦੀਆਂ ਤਾਰੀਫਾਂ ਦੇ ਪੁਲ ਵੀ ਬੰਨ੍ਹ ਦਿੱਤੇ ਹਾਲਾਂਕਿ ਤੱਥ ਇਹ ਹਨ ਕਿ ਇਨ੍ਹਾਂ ਦੋਹਾਂ ਕਾਰਵਾਈਆਂ ਨੇ ਆਮ ਲੋਕਾਂ ਨੂੰ ਹੀ ਡੂੰਘੀ ਸੱਟ ਨਹੀਂ ਮਾਰੀ ਸਗੋਂ ਇਨ੍ਹਾਂ ਨੇ ਦੇਸ਼ ਦੀ ਆਰਥਕਤਾ ਨੂੰ ਵੀ ਡਾਵਾਂਡੋਲ ਕੀਤਾ। ਜ਼ਾਹਿਰ ਹੈ ਕਿ ਕਿਸਾਨ ਅੰਦੋਲਨ ਦਾ ਅਸਰ ਮੋਦੀ ਸਰਕਾਰ ਉਤੇ ਅਜੇ ਵੀ ਪੈ ਨਹੀਂ ਰਿਹਾ ਹੈ। ਇਹ ਖਬਰਾਂ ਜ਼ਰੂਰ ਆਈਆਂ ਹਨ ਕਿ ਕਿਸਾਨ ਅੰਦੋਲਨ ਕਾਰਨ ਜਾਗਰੂਕ ਹੋਏ ਲੋਕਾਂ ਵੱਲੋਂ ਰਿਲਾਇੰਸ ਦੇ ਜੀਓ ਸਿਮ ਛੱਡਣ ਕਾਰਨ ਇਸ ਕੰਪਨੀ ਨੂੰ ਸੇਕ ਲੱਗਣਾ ਸ਼ੁਰੂ ਹੋਇਆ ਹੈ ਅਤੇ ਇਸ ਨੇ ਇਸ ਬਾਰੇ ਸ਼ਿਕਾਇਤ ਟੈਲੀਕਾਮ ਰੈਗੂਲੇਟਰੀ ਅਥਾਰਿਟੀ ਕੋਲ ਕੀਤੀ ਹੈ। ਇਹੀ ਨਹੀਂ, ਵਣਜ ਅਤੇ ਸਨਅਤ ਚੈਂਬਰ (ਐਸੋਚੈਮ) ਨੇ ਵੀ ਕਿਹਾ ਹੈ ਕਿ ਕਿਸਾਨ ਅੰਦੋਲਨ ਕਾਰਨ ਇਕ ਦਿਨ ਵਿਚ 3000-3500 ਕਰੋੜ ਰੁਪਏ ਦੇ ਵਪਾਰ ਦਾ ਘਾਟਾ ਪੈ ਰਿਹਾ ਹੈ।

ਦੂਜੇ ਬੰਨੇ, ਕੜਾਕੇ ਦੀ ਠੰਢ ਦੇ ਬਾਵਜੂਦ ਕਿਸਾਨ, ਖਾਸ ਕਰਕੇ ਪੰਜਾਬ ਦੇ ਕਿਸਾਨ ਦਿੱਲੀ ਬਾਰਡਰਾਂ ਉਤੇ ਡਟੇ ਹੋਏ ਹਨ। ਪੋਹ ਦਾ ਪਹਿਲਾ ਪੰਦਰਵਾੜਾ ਪੰਜਾਬ ਲਈ ਆਮ ਕਰਕੇ ਅਤੇ ਸਿੱਖਾਂ ਲਈ ਖਾਸ ਕਰਕੇ ਬਹੁਤ ਮਹੱਤਵ ਰੱਖਦਾ ਹੈ। ਇਨ੍ਹੀਂ ਦਿਨੀਂ ਦਸਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਛੋਟੇ ਸਾਹਿਬਜ਼ਾਦਿਆਂ ਜ਼ੋਰਾਵਰ ਸਿੰਘ ਤੇ ਫਤਿਹ ਸਿੰਘ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਹੋਈ ਸੀ। ਇਨ੍ਹਾਂ ਦਿਨੀਂ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਜੋੜਮੇਲ ਦੌਰਾਨ ਲੱਖਾਂ ਸ਼ਰਧਾਲੂ ਇਨ੍ਹਾਂ ਸ਼ਹਾਦਤਾਂ ਨੂੰ ਸਿਜਦਾ ਕਰਦੇ ਹਨ। ਅੱਜ ਕਿਸਾਨ ਅੰਦੋਲਨ ਵਿਚ ਜੂਝ ਰਹੇ ਪੰਜਾਬ ਦੇ ਜੁਝਾਰੂ ਲੋਕਾਂ ਦੇ ਦਿਨ ਦਿੱਲੀ ਦੇ ਬਾਰਡਰ ਉਤੇ ਸੜਕਾਂ ਉਤੇ ਬਤੀਤ ਹੋ ਰਹੇ ਹਨ। ਨੌਵੇਂ ਪਾਤਿਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹਾਦਤ ਦਿਵਸ ਵੀ ਸੰਗਤ 'ਤੇ ਇਨ੍ਹਾਂ ਸੜਕਾਂ ਉਤੇ ਮਨਾਇਆ ਪਰ ਕੇਂਦਰੀ ਹਾਕਮਾਂ ਦੇ ਕੰਨ 'ਤੇ ਅਜੇ ਤਾਈਂ ਵੀ ਜੂੰਅ ਨਹੀਂ ਸਰਕ ਰਹੀ। ਅਸਲ ਵਿਚ ਮੋਦੀ ਸਰਕਾਰ ਕਿਸਾਨ ਅੰਦੋਲਨ ਨੂੰ ਲਮਕਾ ਕੇ ਇਸ ਨੂੰ ਸਾਬੋਤਾਜ ਕਰਨ ਦੇ ਯਤਨ ਕਰ ਰਹੀ ਹੈ। ਸਰਕਾਰ ਅੰਦੋਲਨ ਨੂੰ ਪਾਟੋਧਾੜ ਕਰਨ ਦੀਆਂ ਕੋਸ਼ਿਸ਼ਾਂ ਵੀ ਲਗਾਤਾਰ ਕਰ ਰਹੀ ਹੈ। ਹੁਣ ਤੱਕ ਕਿਸਾਨ ਅੰਦੋਲਨ ਦੀ ਪ੍ਰਾਪਤੀ ਇਹੀ ਰਹੀ ਹੈ ਕਿ ਅੰਦੋਲਨ ਦੀ ਅਗਵਾਈ ਕਰ ਰਹੇ ਆਗੂਆਂ ਨੇ ਨਾ ਤਾਂ ਇਸ ਅੰਦੋਲਨ ਨੂੰ ਸਿਆਸਤ ਦਾ ਮੰਚ ਬਣਨ ਦਿੱਤਾ ਹੈ ਅਤੇ ਨਾ ਹੀ ਇਸ ਨੂੰ ਕਿਸੇ ਕਿਸਮ ਦੀ ਧਾਰਮਕ ਜਾਂ ਵਿਚਾਰਧਾਰਕ ਰੰਗਤ ਦੇਣ ਦਿੱਤੀ ਹੈ। ਇਸ ਨੂੰ ਨਿਰੋਲ ਕਿਸਾਨ ਸੰਘਰਸ਼ ਹੀ ਰੱਖਿਆ ਗਿਆ ਹੈ। ਇਹ ਗੱਲ ਵੱਖਰੀ ਹੈ ਕਿ ਨਵੇਂ-ਨਵੇਂ ਪੰਥਕ ਬਣੇ ਕੁਝ ਲੋਕ ਇਸ ਅੰਦੋਲਨ ਨੂੰ ਸਿੱਖਾਂ ਦਾ ਸੰਘਰਸ਼ ਦਰਸਾਉਣ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਅੰਦੋਲਨ ਦੇ ਏਕੇ ਉਤੇ ਵੀ ਸਵਾਲੀਆ ਨਿਸ਼ਾਨ ਲਾ ਰਹੇ ਹਨ।

ਪੰਜਾਬ ਦੇ ਕਿਸਾਨਾਂ ਦੇ ਉਤਸ਼ਾਹ ਅਤੇ 32 ਕਿਸਾਨ ਜਥੇਬੰਦੀਆਂ ਦੀ ਲੀਡਰਸ਼ਿਪ ਜਿਸ ਮੁਕਾਮ ਉਤੇ ਇਸ ਅੰਦੋਲਨ ਨੂੰ ਲੈ ਗਏ ਹਨ, ਉਥੋਂ ਵਾਪਸ ਮੁੜਨ ਦਾ ਹੁਣ ਸਵਾਲ ਹੀ ਨਹੀਂ ਹੈ। ਇਸ ਅੰਦੋਲਨ ਵਿਚ ਸ਼ਾਮਿਲ ਹੋਇਆ ਹਰ ਜਿਊੜਾ ਐਲਾਨ ਕਰ ਰਿਹਾ ਹੈ ਅਤੇ ਖੁਦ ਨੂੰ ਕਿਸੇ ਵੀ ਕੁਰਬਾਨੀ ਲਈ ਤਿਆਰ ਕਰ ਰਿਹਾ ਹੈ ਕਿ ਹੁਣ ਖੇਤੀ ਕਾਨੂੰਨ ਵਾਪਸ ਕਰਵਾ ਕੇ ਹੀ ਵਾਪਸ ਮੁੜਨਾ ਹੈ। ਇਸ ਅੰਦੋਲਨ ਨੂੰ ਜਿਸ ਪੱਧਰ 'ਤੇ ਵੱਖ-ਵੱਖ ਵਰਗਾਂ ਅਤੇ ਦੇਸ਼ ਦੇ ਵੱਖ-ਵੱਖ ਰਾਜਾਂ ਤੋਂ ਹਮਾਇਤ ਮਿਲੀ ਹੈ, ਉਸ ਤੋਂ ਜਾਪਦਾ ਹੈ ਕਿ ਇਸ ਅੰਦੋਲਨ ਦੀ ਸਫਲਤਾ ਨੂੰ ਹੁਣ ਕੋਈ ਨਹੀਂ ਰੋਕ ਸਕਦਾ ਪਰ ਜਿਹੜੇ ਹਾਕਮਾਂ ਨਾਲ ਕਿਸਾਨਾਂ ਦੀ ਟੱਕਰ ਹੋ ਰਹੀ ਹੈ, ਉਹ ਬਹੁਤ ਬੇਕਿਰਕ ਹੈ ਅਤੇ ਕਿਸੇ ਵੀ ਹੱਦ ਤੱਕ ਨਿੱਘਰ ਸਕਦਾ ਹੈ। ਇਸੇ ਲਈ ਅੰਦੋਲਨ ਦੀ ਲੀਡਰਸ਼ਿਪ ਵਾਰ-ਵਾਰ ਏਕੇ, ਸਬਰ ਅਤੇ ਸੰਜਮ ਦੀਆਂ ਅਪੀਲਾਂ ਕਰ ਰਹੀ ਹੈ। ਜ਼ਾਹਿਰ ਹੈ ਕਿ ਇਹ ਸੰਘਰਸ਼ ਲੰਮਾ ਹੈ ਅਤੇ ਹੋਰ ਲਮੇਰਾ ਹੋ ਸਕਦਾ ਹੈ। ਇਸ ਸੂਰਤ ਵਿਚ ਅੰਦੋਲਨ ਦੀ ਲੀਡਰਸ਼ਿਪ ਉਤੇ ਵੱਡੀ ਜ਼ਿੰਮੇਵਾਰੀ ਆਣ ਪਈ ਹੈ ਕਿ ਕੇਂਦਰ ਸਰਕਾਰ ਦੀਆਂ ਚਾਲਾਂ-ਕੁਚਾਲਾਂ ਦਾ ਸਾਹਮਣਾ ਕਰਨ ਦੇ ਨਾਲ-ਨਾਲ ਅੰਦੋਲਨ ਦੀ ਦਿਸ਼ਾ ਹੀ ਸਹੀ ਰੱਖੀ ਜਾਵੇ ਅਤੇ ਇਸ ਦੇ ਨਾਲ-ਨਾਲ ਇਸ ਅੰਦੋਲਨ ਨੂੰ ਜਿੰਨੀ ਛੇਤੀ ਹੋ ਸਕੇ, ਦੇਸ਼ ਦੇ ਹੋਰ ਰਾਜਾਂ ਵਿਚ ਵੀ ਵੱਡੀ ਪੱਧਰ 'ਤੇ ਫੈਲਾਇਆ ਜਾਵੇ। ਸਰਕਾਰ ਹੁਣ ਇਹ ਕੋਸ਼ਿਸ਼ ਵੀ ਕਰ ਰਹੀ ਹੈ ਕਿ ਹੋਰ ਰਾਜਾਂ ਦੇ ਕਿਸਾਨਾਂ ਨੂੰ ਅੱਗੇ ਕਰਕੇ ਇਸ ਅੰਦੋਲਨ ਨੂੰ ਬੇਅਸਰ ਕੀਤਾ ਜਾਵੇ। ਸੱਚਮੁੱਚ, ਪੰਜਾਬ ਦੇ ਖੇਤਾਂ ਵਿਚੋਂ ਉਠਿਆ ਇਹ ਕਿਸਾਨ ਅੰਦੋਲਨ ਨਵੀਆਂ ਪੈੜਾਂ ਪਾ ਰਿਹਾ ਹੈ। ਇਹ ਨਵੀਂ ਪੀੜ੍ਹੀ ਲਈ ਆਸ ਦੀ ਕਿਰਨ ਬਣ ਕੇ ਆਇਆ ਹੈ। ਅੰਦੋਲਨ ਵਿਚ ਨੌਜਵਾਨਾਂ, ਔਰਤਾਂ, ਬੱਚਿਆਂ ਅਤੇ ਬਜ਼ੁਰਗਾਂ ਦੀ ਸ਼ਮੂਲੀਅਤ ਦੱਸਦੀ ਹੈ ਕਿ ਇਹ ਜਿਊੜੇ ਕਿਸ ਮਕਸਦ ਦੀ ਪੂਰਤੀ ਲਈ ਘਰੋਂ ਨਿਕਲੇ ਹਨ। ਪੰਜਾਬ ਦੀ ਅਗਵਾਈ ਵਿਚ ਇਹ ਅੰਦੋਲਨ ਦੇਸ਼ ਅੰਦਰ ਚੱਲਦੇ ਕਾਰਪੋਰੇਟ ਪੱਖੀ ਵਿਕਾਸ ਮਾਡਲ ਉਤੇ ਵੱਡਾ ਸਵਾਲੀਆ ਨਿਸ਼ਾਨ ਲਾ ਸਕਦਾ ਹੈ ਅਤੇ ਲੋਕ ਤੇ ਕੁਦਰਤ ਪੱਖੀ ਵਿਕਾਸ ਮਾਡਲ ਲਈ ਰਾਹ ਖੋਲ੍ਹ ਸਕਦਾ ਹੈ। ਇਸ ਪ੍ਰਸੰਗ ਵਿਚ ਜੂਝ ਰਹੇ ਕਿਸਾਨਾਂ ਦੇ ਨਾਲ-ਨਾਲ ਬੁੱਧੀਜੀਵੀਆਂ ਦੀ ਵੀ ਬਰਾਬਰ ਦੀ ਭੂਮਿਕਾ ਹੈ। ਹੁਣ ਅੰਦੋਲਨ ਨੂੰ ਬੌਧਿਕ ਪੱਖ ਤੋਂ ਅਮੀਰ ਕਰਨ ਦੀ ਲੋੜ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਮੈਦਾਨ ਮਗਰੋਂ ਮੇਜ!

ਫਾਸ਼ੀਵਾਦ ਨੇ ਪਹਿਲਾਂ ਜੋ ਕਰੇ ਕਾਰੇ, ਭਾਵੇਂ ਦੇਸ਼ ਖਾਮੋਸ਼ ਹੋ ਸਹਿ ਗਿਆ ਏ।
ਕੋਨੇ ਕੋਨੇ 'ਚੋਂ ਆ ਗਿਆ ਅੰਨਦਾਤਾ, ਪਾਏ ਦਿੱਲੀ ਨੂੰ ਘੇਰੇ ਵਿਚ ਬਹਿ ਗਿਆ ਏ
ਦੇਖ ਪੰਜਾਂ ਦਰਿਆਵਾਂ ਦੇ ਸ਼ੇਰ ਬਾਂਕੇ, 'ਜੇਤੂ' ਹਾਕਮ ਦਾ ਭਰਮ ਵੀ ਲਹਿ ਗਿਆ ਏ।
ਦੁੱਖਾਂ, ਭੁੱਖਾਂ, ਮੁਸੀਬਤਾਂ ਵਿਚ ਬਾਬਾ ਚੜ੍ਹਦੀ ਕਲਾ 'ਚ ਰਹਿਣ ਲਈ ਕਹਿ ਗਿਆ ਏ।
ਗੋਦੀ ਮੀਡੀਆ ਓਸ ਦੇ 'ਮਾਲਕਾਂ' ਦਾ, ਬਣਿਆ ਕਿਲਾ ਹੰਕਾਰ ਦਾ ਢਹਿ ਗਿਆ ਏ।
ਸਮਝੋ ਮਾਰ ਲਈ ਮੱਲ ਮੈਦਾਨ ਵਾਲੀ, ਬਾਕੀ ਮੇਜ 'ਤੇ ਜਿੱਤਣਾ ਰਹਿ ਗਿਆ ਏ!

# ਕਿਸਾਨ ਮੋਰਚੇ ਦੀ ਵਡਿਆਈ

***ਪੰਜਾਬ ਦੀ ਧਰਤੀ ਉਤੇ ਲੰਮੇ ਸੰਘਰਸ਼ ਦਾ ਇਤਿਹਾਸ ਸਿਰਜਣ ਤੋਂ ਬਾਅਦ ਕਿਸਾਨ ਹੁਣ ਕੜਾਕੇ ਦੀ ਠੰਢ ਦੇ ਬਾਵਜੂਦ ਦਿੱਲੀ ਦੇ ਬਾਰਡਰਾਂ ਉਤੇ ਇਤਿਹਾਸ ਸਿਰਜ ਰਹੇ ਹਨ। ਇਸ ਸੰਘਰਸ਼ ਦੌਰਾਨ ਕਿਸਾਨਾਂ ਨੇ ਜਿਸ ਤਰ੍ਹਾਂ ਦਾ ਜ਼ਬਤ ਦਿਖਾਇਆ ਹੈ ਅਤੇ ਜਿਸ ਤਰ੍ਹਾਂ ਮੋਦੀ ਸਰਕਾਰ ਦੀ ਹਰ ਚਾਲ ਤੇ ਸਾਜ਼ਿਸ਼ ਨੂੰ ਪਛਾੜਿਆ ਹੈ, ਉਸ ਦੀ ਚਰਚਾ ਹੁਣ ਦੇਸ਼-ਵਿਦੇਸ਼ ਵਿਚ ਵੀ ਹੋ ਰਹੀ ਹੈ। ਇਸੇ ਕਰਕੇ ਵੱਖ-ਵੱਖ ਮੁਲਕਾਂ ਤੋਂ ਇਸ ਸੰਘਰਸ਼ ਨੂੰ ਭਰਪੂਰ ਹਮਾਇਤ ਮਿਲ ਰਹੀ ਹੈ। ਉਘੇ ਲਿਖਾਰੀ ਗੁਰਬਚਨ ਸਿੰਘ ਭੁੱਲਰ ਜੋ ਕਈ ਦਹਾਕਿਆਂ ਤੋਂ ਦਿੱਲੀ ਵਿਚ ਹੀ ਰਹਿ ਰਹੇ ਹਨ, ਨੇ ਇਸ ਸੰਘਰਸ਼ ਦੀਆਂ ਕੁਝ ਵਡਿਆਈਆਂ ਬਾਰੇ ਚਰਚਾ ਆਪਣੇ ਇਸ ਲੇਖ ਵਿਚ ਕੀਤੀ ਹੈ, ਜੋ ਅਸੀਂ ਆਪਣੇ ਦੀ ਨਜ਼ਰ ਕਰ ਰਹੇ ਹਾਂ। -ਸੰਪਾਦਕ***

ਕਿਸਾਨ ਮੋਰਚੇ ਨੂੰ ਦਿੱਲੀ ਦੀ ਫਿਰਨੀ ਉਤੇ ਪਹੁੰਚਿਆਂ ਤਿੰਨ ਹਫਤੇ ਹੋ ਗਏ ਹਨ। ਕਿਸਾਨ ਸਹਿਜ ਹਨ, ਸਰਕਾਰ ਹੈਰਾਨ-ਪ੍ਰੇਸ਼ਾਨ ਹੈ। ਕਿਸਾਨਾਂ ਸਾਹਮਣੇ ਰਾਹ ਵੀ ਸਪਸ਼ਟ ਹੈ ਤੇ ਸੇਧ ਵੀ। ਉਹ ਇਹ ਵੀ ਜਾਣਦੇ ਹਨ ਕਿ ਉਹਨਾਂ ਦੇ ਰਾਹ ਦੀਆਂ ਮੁਸ਼ਕਿਲਾਂ ਕੀ ਹਨ ਤੇ ਉਹ ਉਹਨਾਂ ਮੁਸ਼ਕਿਲਾਂ ਦੇ ਟਾਕਰੇ ਲਈ ਰਣਨੀਤੀ ਨਾਲ ਵੀ ਲੈਸ ਹਨ। ਸਰਕਾਰ ਦੇ ਸਾਹਮਣੇ ਦੀ ਧਰਤੀ ਕਿਸਾਨਾਂ ਨੇ ਮੋਰਚੇ ਦੇ ਹਲ਼ ਨਾਲ ਵਾਹ ਕੇ ਉਸ ਵਿਚ ਨਾ ਕੋਈ ਰਾਹ ਛੱਡਿਆ ਹੈ ਤੇ ਨਾ ਪਗਡੰਡੀ।

**ਗੁਰਬਚਨ ਸਿੰਘ ਭੁੱਲਰ**

ਸਰਕਾਰ ਨੂੰ ਸਮਝ ਨਹੀਂ ਆ ਰਹੀ ਕਿ ਉਹਨੇ ਕਿਧਰ ਜਾਣਾ ਹੈ ਤੇ ਇਸ ਗੋਰਖਧੰਦੇ ਵਿਚੋਂ ਨਿੱਕਲਣ ਦਾ ਰਾਹ ਕੀ ਹੋ ਸਕਦਾ ਹੈ।

ਸਰਕਾਰ ਦੀ ਮੁਸ਼ਕਿਲ ਇਹ ਹੈ ਕਿ ਉਸ ਨੂੰ ਕਿਸਾਨ ਮੋਰਚੇ ਦੀ ਮੋਹਰੀ ਧਿਰ, ਪੰਜਾਬੀ ਕਿਸਾਨ ਦੇ ਪਿਛੋਕੜ, ਬਲ ਤੇ ਸਰੂਪ ਦਾ ਕੋਈ ਅੰਦਾਜ਼ਾ ਹੀ ਨਹੀਂ ਸੀ। ਇਸੇ ਕਰਕੇ ਸਰਕਾਰ ਦੇ ਨਾਲ-ਨਾਲ ਲੋਕ ਵੀ ਇਹ ਦੇਖ ਕੇ ਹੈਰਾਨ ਹਨ ਕਿ ਪੰਜਾਬੀ ਕਿਸਾਨ ਨੇ ਆਪਣੇ ਮੋਰਚੇ ਨੂੰ ਪ੍ਰਚੰਡ ਕਰਦਿਆਂ ਦੂਜੇ ਸੂਬਿਆਂ ਦੇ ਕਿਸਾਨਾਂ ਨੂੰ ਵੀ ਝੰਜੋੜ ਕੇ ਕਿਵੇਂ ਨੀਂਦ ਵਿਚੋਂ ਜਗਾ ਦਿੱਤਾ ਹੈ। ਉਹ ਨਹੀਂ ਜਾਣਦੇ ਕਿ ਪੰਜਾਬੀ ਕਿਸਾਨ ਲਈ ਖੇਤੀ ਬਾਕੀ ਦੁਨੀਆ ਦੇ ਕਿਸਾਨਾਂ ਵਾਂਗ ਸਿਰਫ ਕਿੱਤਾ ਨਹੀਂ ਹੈ, ਇਹ ਉਹਨਾਂ ਲਈ ਜੀਵਨ-ਜਾਚ ਹੈ ਤੇ ਉਹਨਾਂ ਦਾ ਸਭਿਆਚਾਰ ਹੈ। ਇਸੇ ਕਰਕੇ ਉਹ ਖੇਤੀ ਨੂੰ ਵਪਾਰ ਤੇ ਨੌਕਰੀ, ਆਦਿ ਹੋਰ ਸਭ ਕਿੱਤਿਆਂ ਨਾਲੋਂ ਉਤਮ ਮੰਨਦੇ ਆਏ ਹਨ। ਪੰਜਾਬੀ ਕਿਸਾਨ ਖੇਤੀ ਆਪਣੇ ਲਈ ਨਹੀਂ ਕਰਦਾ, ਉਹਨਾਂ ਸਭਨਾਂ ਲਈ ਕਰਦਾ ਹੈ ਜਿਨ੍ਹਾਂ ਦੇ ਪੇਟ ਲਗਿਆ ਹੋਇਆ ਹੈ। ਉਹ ਜਦੋਂ ਬੀਅ ਦੀ ਪਹਿਲੀ ਮੁੱਠੀ ਭੋਇੰ ਦੇ ਹਵਾਲੇ ਕਰਨ ਲਗਦਾ ਹੈ, ਨਾਲ ਹੀ ਸਪਸ਼ਟ ਕਰ ਦਿੰਦਾ ਹੈ ਕਿ ਉਹਦੀ ਉਪਜ ਵਿਚ ਕਿਸ-ਕਿਸ ਦੇ ਭਾਗ ਸਾਂਝੀਵਾਲ ਹਨ, "ਹਾਲ਼ੀ-ਪਾਲ਼ੀ ਦੇ ਭਾਗੀਂ, ਆਪਣੇ-ਪਰਾਏ ਦੇ ਭਾਗੀਂ, ਰਾਹੀ-ਪਾਂਧੀ ਦੇ ਭਾਗੀਂ, ਮੰਗਤੇ-ਫਕੀਰ ਦੇ ਭਾਗੀਂ, ਡੰਗਰ-ਵੱਛੇ ਦੇ ਭਾਗੀਂ, ਚਿੜੀ-ਜਨੌਰ ਦੇ ਭਾਗੀਂ,...।"

ਪੰਜਾਬੀ ਕਿਸਾਨੀ ਪ੍ਰੰਪਰਾ ਪਵਿੱਤਰਤਾ ਦੇ ਰੰਗ ਵਿਚ ਰੰਗੀ ਹੋਈ ਹੈ ਕਿਉਂਕਿ ਇਸ ਦੀਆਂ ਨੀਂਹਾਂ ਸਰਬਕਾਲੀ ਮਹਾਨ ਪੰਜਾਬੀ, ਬਾਬਾ ਨਾਨਕ ਨੇ ਪੱਕੀਆਂ ਕੀਤੀਆਂ ਸਨ। ਚਾਰੇ ਕੂਟਾਂ ਵਿਚ ਦੂਰ-ਦੂਰ ਪਹੁੰਚ ਕੇ, ਅਨਗਿਣਤ ਲੋਕਾਂ ਨੂੰ ਮਿਲ ਕੇ, ਅਨੇਕ ਮੱਤਾਂ-ਮਤਾਂਤਰਾਂ ਦੇ ਗਿਆਨਵਾਨਾਂ ਨਾਲ ਗੋਸ਼ਟਾਂ ਕਰ ਕੇ ਤੇ ਇਸ ਸਾਰੇ ਪੀਠੇ ਹੋਏ ਨੂੰ ਛਾਣ ਕੇ ਉਹ ਇਸ ਨਤੀਜੇ ਉਤੇ ਪੁੱਜੇ ਸਨ ਕਿ ਹੱਥੀਂ ਕਿਰਤ ਤੇ ਉਸ ਵਿਚ ਵੀ ਅੱਗੋਂ ਖੇਤੀ ਹੀ ਸਭ ਤੋਂ ਵੱਡਾ ਫਲਸਫਾ ਹੈ, ਸਭ ਤੋਂ ਵੱਡੀ ਵਿਚਾਰਧਾਰਾ ਹੈ। ਆਪਣੇ ਸੰਗੀਆਂ ਤੇ ਸੰਗਤਾਂ ਨੂੰ ਇਹ ਵਿਚਾਰ ਦ੍ਰਿੜ੍ਹ ਕਰਾਉਣ ਵਾਸਤੇ ਉਹਨਾਂ ਨੇ ਹਲ਼ ਦੀ ਹੱਥੀ ਕੁਝ ਘੜੀਆਂ-ਪਲਾਂ ਲਈ ਫੜ ਕੇ ਨਹੀਂ ਸੀ ਦਿਖਾਈ ਸਗੋਂ ਬਾਕੀ ਜੀਵਨ ਦੇ ਸਾਰੇ ਅਠਾਰਾਂ ਸਾਲ ਹੱਥੀਂ ਹਲ਼ ਵਾਹਿਆ, ਖੇਤੀ ਕੀਤੀ ਤੇ ਕਿਸਾਨੀ ਜੀਵਨ ਜੀਵਿਆ। ਇਹਦੇ ਨਾਲ ਹੀ ਬਾਬੇ ਨੇ ਵੰਡ ਕੇ ਛਕਣ ਦਾ ਪਾਠ ਵੀ ਪੜ੍ਹਾ ਦਿੱਤਾ ਅਤੇ ਕਰਤਾਰਪੁਰ ਦੇ ਆਪਣੇ ਖੇਤ ਵਿਚ ਆਪਣੀ ਲੋੜ ਤੋਂ ਵਧੀਕ ਪੈਦਾ ਹੁੰਦਾ ਅੰਨ ਜ਼ਰੂਰਤਮੰਦਾਂ ਨੂੰ ਵਰਤਾ ਦੇਣ ਦੀ ਰੀਤ ਚਲਾਈ ਜੋ ਲੰਗਰ ਦਾ ਰੂਪ ਧਾਰ ਕੇ ਅੱਜ ਦੀ ਪਾਟੋਧਾੜ ਦੁਨੀਆ ਵਿਚ ਪੰਜਾਬੀਆਂ ਦੀ ਮਾਨਵਵਾਦੀ ਉਦਾਰਤਾ ਤੇ ਸਰਬ-ਸਾਂਝੀਵਾਲਤਾ ਦੀ ਮਿਸਾਲ ਬਣਦਿਆਂ ਚਹੁੰ ਕੂਟੀਂ ਵਡਿਆਈ ਖੱਟ ਰਹੀ ਹੈ। ਇਸੇ ਕਰਕੇ ਪੰਜਾਬੀ ਕਿਸਾਨ ਲਈ ਖੇਤੀ ਕਿੱਤਾ ਨਾ ਰਹਿ ਕੇ ਦੀਨ-ਈਮਾਨ ਬਣ ਗਈ ਹੈ।

ਸਰਕਾਰੀ ਧਿਰ ਦੀ ਪਰੇਸ਼ਾਨੀ ਦਾ ਦੂਜਾ ਕਾਰਨ ਉਹਨਾਂ ਦੇ ਮਨ-ਮਸਤਕ ਵਿਚ ਬਣੀ ਹੋਈ ਕਿਸਾਨ ਦੀ ਤਸਵੀਰ ਸੀ ਜਿਸ ਤੋਂ ਇਹ ਵੀ ਪਤਾ ਲਗਦਾ ਹੈ ਕਿ ਰਾਜ ਕਰ ਰਹੇ ਨੇਤਾ ਆਮ ਲੋਕਾਂ ਨਾਲੋਂ ਕਿੰਨੀ ਬੁਰੀ ਤਰ੍ਹਾਂ ਟੁੱਟੇ ਹੋਏ ਹਨ। ਉਹਨਾਂ ਦੀ ਕਲਪਨਾ ਅਨੁਸਾਰ ਕਿਸਾਨ ਪੇਂਡੂ ਅਣਪੜ੍ਹ ਤੇ ਗੰਵਾਰ ਹੁੰਦਾ ਹੈ ਜਿਸ ਦੇ ਮੌਰਾਂ ਉਤੇ ਟਾਕੀਆਂ ਲੱਗੀਆਂ ਹੋਈਆਂ ਹੁੰਦੀਆਂ ਹਨ। ਇਸੇ ਕਰਕੇ ਸਿੰਘੂ ਹੱਦ ਉਤੇ ਪਹੁੰਚੇ ਸੈਂਕੜੇ ਕਿਸਾਨਾਂ ਦੇ ਦਰਸ਼ਨ ਹੋਇਆਂ ਸਾਬਕਾ ਫੌਜੀ ਮੁਖੀ ਤੇ ਹੁਣ ਕੇਂਦਰੀ ਮੰਤਰੀ, ਜਰਨੈਲ ਵੀ.ਕੇ. ਸਿੰਘ, ਹਰਿਆਣੇ ਦਾ ਜੰਮਪਲ ਹੋਣ ਦੇ ਬਾਵਜੂਦ, ਆਖਦਾ ਹੈ, "ਤਸਵੀਰਾਂ ਵਿਚਲੇ ਲੋਕ ਕਿਸਾਨ ਤਾਂ ਦਿਸਦੇ ਹੀ ਨਹੀਂ! ਜੋ ਕੁਝ ਕਿਸਾਨਾਂ ਦੇ ਹਿਤ ਵਿਚ ਹੈ, ਉਹ ਕਰ ਦਿੱਤਾ ਗਿਆ ਹੈ। ਖੇਤੀ ਕਾਨੂੰਨਾਂ ਨਾਲ ਕੋਈ ਸਮੱਸਿਆ ਕਿਸਾਨਾਂ ਨੂੰ ਨਹੀਂ, ਹੋਰਾਂ ਨੂੰ ਹੈ। ਅੰਦੋਲਨ ਪਿੱਛੇ ਵਿਰੋਧੀ ਦਲਾਂ ਤੋਂ ਇਲਾਵਾ ਦਲਾਲ ਲੋਕ ਹਨ।" ਇਸ ਸੋਚ ਨਾਲ ਗੱਲਬਾਤ ਲਈ ਪਹੁੰਚੀ ਸਰਕਾਰੀ ਧਿਰ ਸਾਹਮਣੇ ਜਦੋਂ ਕਿਸਾਨ ਆਗੂਆਂ ਨੇ ਤਿੰਨਾਂ ਖੇਤੀ ਕਾਨੂੰਨਾਂ ਦੀ ਇਕ-ਇਕ ਧਾਰਾ ਤੇ ਅੱਗੋਂ ਉਪ-ਧਾਰਾ ਲੈ ਕੇ ਉਹਦੀ ਵਿਆਖਿਆ ਕਰਨੀ, ਅਰਥ ਸਮਝਾਉਣੇ ਤੇ ਆਪਣੇ ਇਤਰਾਜ਼ ਦੱਸਣੇ ਸ਼ੁਰੂ ਕੀਤੇ, ਸੁੰਨ ਹੋਏ ਮੰਤਰੀਆਂ ਤੇ ਅਧਿਕਾਰੀਆਂ ਦੇ ਪੈਰਾਂ ਹੇਠੋਂ ਧਰਤੀ ਖਿਸਕਣੀ ਕੁਦਰਤੀ ਸੀ।

ਕਿਸਾਨਾਂ ਦੀਆਂ ਦਲੀਲਾਂ ਦੀ ਕਾਟ ਲਈ ਸਰਕਾਰੀ ਧਿਰ ਉਸ ਪ੍ਰਵਚਨ ਨਾਲ ਲੈਸ ਹੋ ਕੇ ਆਈ ਸੀ ਜੋ ਕਿਸਾਨ ਮੋਰਚੇ ਦੇ ਸ਼ੁਰੂ ਤੋਂ ਪ੍ਰਧਾਨ ਮੰਤਰੀ ਜੀ ਕਰਦੇ ਆਏ ਹਨ- ਖੇਤੀ ਕਾਨੂੰਨ ਕਿਸਾਨਾਂ ਲਈ ਖੁਸ਼ਹਾਲੀ ਦੇ ਦੁਆਰ ਖੋਲ੍ਹਦੇ ਹਨ, ਵਿਰੋਧੀ ਪਾਰਟੀਆਂ ਸਿਰਫ ਤੇ ਸਿਰਫ ਅਫਵਾਹਾਂ ਫੈਲਾ ਰਹੀਆਂ ਹਨ, ਕੁਫਰ ਤੋਲ ਰਹੀਆਂ ਹਨ, ਕਿਸਾਨਾਂ ਵਿਚ ਭਰਮ ਫੈਲਾ ਰਹੀਆਂ ਹਨ ਤੇ ਭੋਲ਼ੇ ਕਿਸਾਨ ਭਰਾ ਇਸ ਕੂੜ-ਪਰਚਾਰ ਵਿਚ ਫਸੇ ਹੋਏ ਹਨ। ਕਿਸਾਨਾਂ ਨਾਲ ਗੱਲਬਾਤ ਚਲਦੀ ਹੋਣ ਦੇ ਬਾਵਜੂਦ ਤੇ ਗੱਲਬਾਤ ਸਮੇਂ ਕਿਸਾਨਾਂ ਦੀ ਖੇਤੀ ਕਾਨੂੰਨਾਂ ਬਾਰੇ ਜਾਣਕਾਰੀ ਦੇ ਜੌਹਰ ਦੇਖ ਲਏ ਹੋਣ ਦੇ ਬਾਵਜੂਦ ਪ੍ਰਧਾਨ ਮੰਤਰੀ ਤੇ ਹੋਰਾਂ ਨੇ ਇਹ ਪ੍ਰਵਚਨ ਅੱਜ ਵੀ ਜਾਰੀ ਰੱਖਿਆ ਹੋਇਆ ਹੈ।

ਕਿਸਾਨ ਉਹਨਾਂ ਦੀ ਨਜ਼ਰ ਵਿਚ ਭੋਲ਼ੇ ਪੰਛੀ ਹਨ ਜੋ ਬਿਚਾਰੇ ਕੁਛ ਨਹੀਂ ਜਾਣਦੇ ਤੇ ਵਿਰੋਧੀ ਪਾਰਟੀਆਂ ਦੇ ਜਾਲ ਵਿਚ ਫਸੇ ਹੋਏ ਹਨ ਜਦੋਂ ਕਿ ਖੇਤੀ ਕਾਨੂੰਨਾਂ ਨੇ ਉਹਨਾਂ ਨੂੰ ਆਜ਼ਾਦ ਕਰ ਦਿੱਤਾ ਹੈ ਤੇ ਨਵੀਆਂ ਸੰਭਾਵਨਾਵਾਂ ਖੋਲ੍ਹ ਕੇ ਖੁਸ਼ਹਾਲ ਬਣਾ ਦਿੱਤਾ ਹੈ। ਸਰਕਾਰ ਦੀ ਇਹ ਦਲੀਲ ਏਨੀ ਹਾਸੋਹੀਣੀ ਹੈ ਜਿਵੇਂ ਕੰਗਰੋੜ ਨਾਲ ਪੇਟ ਲੱਗੇ ਵਾਲੇ ਭੁੱਖੇ ਨੂੰ ਕੋਈ ਕਹੇ, ਅਸੀਂ ਤੈਨੂੰ ਪੂੜੇ ਖੁਆਏ, ਅਸੀਂ ਤੈਨੂੰ ਖੀਰ ਖੁਆਈ, ਇਹ ਵਿਰੋਧੀ ਪਾਰਟੀਆਂ ਤੈਨੂੰ ਭੁੱਖਾ ਆਖਣ ਦਾ ਕੁਫਰ ਤੋਲ ਰਹੀਆਂ ਹਨ, ਤੂੰ ਇਹਨਾਂ ਦੇ ਭਰਮ ਵਿਚ ਨਾ ਫਸੀਂ, ਤੂੰ ਤਾਂ ਰੱਜਿਆ ਹੋਇਆ ਹੈਂ!

ਪੰਜਾਬੀ ਕਿਸਾਨ ਦਿੱਲੀ ਵੱਲ ਤੁਰੇ ਤਾਂ ਕਮਾਨ ਹਰਿਆਣੇ ਦੇ ਮੁੱਖ ਮੰਤਰੀ ਖੱਟਰ ਨੂੰ ਸੌਂਪ ਦਿੱਤੀ ਗਈ। ਹੱਦ ਉਤੇ ਭਾਰੀ ਪੱਥਰਾਂ ਤੇ ਬੈਰੀਕੇਡਾਂ ਦੀਆਂ ਕੰਧਾਂ ਉਸਾਰ ਦਿੱਤੀਆਂ ਗਈਆਂ, ਜਲ-ਤੋਪਾਂ ਬੀੜ ਦਿੱਤੀਆਂ ਗਈਆਂ, ਹੰਝੂ-ਗੈਸ ਦੇ ਗੋਲਿਆਂ ਦਾ ਢੇਰ ਲਾ ਲਿਆ ਗਿਆ ਤੇ ਹਥਿਆਰਬੰਦ ਵਰਦੀਧਾਰੀਆ ਦੀਆਂ ਕਤਾਰਾਂ ਖੜ੍ਹੀਆਂ ਕਰ ਦਿੱਤੀਆਂ ਗਈਆਂ। ਆਪਣੀ ਇਸ ਗੈਰ-ਜਮਹੂਰੀ ਤੇ ਗੈਰ-ਕਾਨੂੰਨੀ ਧੱਕੇਸ਼ਾਹੀ ਨੂੰ ਜਾਇਜ਼ ਠਹਿਰਾਉਣ ਲਈ ਉਹਨੇ ਆਖਿਆ ਕਿ ਸਰਕਾਰ ਨੂੰ ਖੇਤੀ ਕਾਨੂੰਨਾਂ ਵਿਰੁੱਧ ਕਿਸਾਨ ਅੰਦੋਲਨ ਵਿਚ ਖਾਲਿਸਤਾਨੀ ਵੱਖਵਾਦੀਆਂ ਦੀ ਮੌਜੂਦਗੀ ਬਾਰੇ ਗੁਪਤ ਸੂਚਨਾ ਮਿਲੀ ਹੈ। ਉਹਦੀ ਟੇਕ ਇਸ ਝੂਠੀ ਆਸ ਉਤੇ ਸੀ ਕਿ ਕਿਸਾਨ ਭੜਕ ਕੇ ਪੱਥਰ ਮਾਰਨਗੇ, ਕਾਰਾਂ-ਬਸਾਂ ਦੇ ਸ਼ੀਸ਼ੇ ਤੋੜਨਗੇ, ਅੱਗਾਂ ਲਾਉਣਗੇ ਤੇ ਤਿਆਰ-ਬਰ-ਤਿਆਰ ਪੁਲਿਸ ਨੂੰ ਕਹਿਰ ਢਾਹੁਣ ਦਾ ਮੌਕਾ ਦੇਣਗੇ। ਪਰ ਜਿਵੇਂ ਸਾਡੀਆਂ ਬਾਤਾਂ ਦਾ ਨਾਇਕ ਸ਼ੇਰ-ਬਘੇਰਿਆਂ ਵਾਲੇ ਜੰਗਲ, ਅੱਗਾਂ, ਮਾਰੂਥਲ, ਪਰਬਤ, ਦਰਿਆ ਪਾਰ ਕਰਦਾ ਹੋਇਆ ਅਡੋਲ ਵਧਦਾ ਤੁਰਿਆ ਜਾਂਦਾ ਹੈ, ਕਿਸਾਨਾਂ ਨੇ ਪੂਰੀ ਤਰ੍ਹਾਂ ਸ਼ਾਂਤ ਰਹਿੰਦਿਆਂ ਇਹਨਾਂ ਸਭ ਖੱਟਰੀ ਰੋਕਾਂ ਨੂੰ ਲਿਤਾੜ ਕੇ ਸਿੰਘੂ ਹੱਦ ਉਤੇ ਜਾ ਪੜਾਅ ਕੀਤਾ। ਖੱਟਰ ਨੂੰ ਪੰਜਾਬੀ ਹੁੰਦਿਆਂ ਵੀ ਇਹ ਪਤਾ ਨਹੀਂ ਕਿ ਪੰਜਾਬੀ ਸੰਘਰਸ਼ੀ ਵਿਰਸੇ ਦਾ ਜਿੰਨਾ ਸ਼ਾਨਦਾਰ ਪੱਖ ਇਨਕਲਾਬੀ ਜੁਝਾਰੂਪਣ ਹੈ, ਓਨਾ ਹੀ ਕਦਰਜੋਗ ਪਹਿਲੂ ਸ਼ਾਂਤਮਈ ਵਿਰੋਧ ਹੈ। ਨਾਗਪੁਰੀ ਸਭਿਆਚਾਰ ਵਿਚ ਰੰਗੇ ਹੋਏ ਖੱਟਰ ਨੂੰ ਸ਼ਾਇਦ ਸ਼ਾਂਤਮਈ ਰਹਿ ਕੇ ਅੰਗਰੇਜ਼ ਦੀਆਂ ਵਹਿਸ਼ੀ ਡਾਂਗਾਂ ਖਾਣ ਵਾਲ਼ੇ ਗੁਰੂ ਕੇ ਬਾਗ਼ ਦੇ ਅੰਦੋਲਨਕਾਰੀਆਂ ਅਤੇ ਆਪਣੇ ਲਹੂ ਤੇ ਮਿੱਝ ਦੇ ਖੋਭੇ ਵਿਚ ਰੇਲ-ਗੱਡੀ ਦੇ ਪਹੀਏ ਰੋਕ ਦੇਣ ਵਾਲ਼ੇ ਪੰਜਾ ਸਾਹਿਬ ਦੇ ਸਾਕੇ ਦੇ ਸ਼ਾਂਤਮਈ ਸੂਰਮਿਆਂ ਦਾ ਕੋਈ ਪਤਾ ਨਹੀਂ। ਇਹ ਤਾਂ ਕੁਝ ਦੂਰ ਦੀਆਂ ਗੱਲਾਂ ਹਨ, ਉਹ ਇਹ ਵੀ ਨਾ ਸਮਝ ਸਕਿਆ ਕਿ ਹਫਤਿਆਂ ਤੋਂ ਪੰਜਾਬ ਵਿਚ ਦਰਜਨਾਂ ਥਾਂਵਾਂ ਉਤੇ ਲੱਗੇ ਹੋਏ ਇਸ ਮੋਰਚੇ ਵਿਚ ਕਿਤੇ ਇਕ ਵੀ ਅਸੁਖਾਵੀਂ ਘਟਨਾ ਨਹੀਂ ਹੋਈ! ਇਉਂ ਕਿਸਾਨਾਂ ਦੇ ਹੋਸ਼ ਸਾਹਮਣੇ ਖੱਟਰ ਦੀਆਂ ਸਭ ਵਿਉਂਤਾਂ ਧਰੀਆਂ-ਧਰਾਈਆਂ ਰਹਿ ਗਈਆਂ।

ਕਿਸਾਨਾਂ ਦੇ ਸਿੰਘੂ ਹੱਦ ਉਤੇ ਪਹੁੰਚ ਜਾਣ ਮਗਰੋਂ 'ਇਸ ਜੁੱਗ ਦਾ ਪ੍ਰਮੁੱਖ ਰਣਨੀਤੀ-ਘਾੜਾ' ਅਮਿੱਤ ਸ਼ਾਹ ਸਾਹਮਣੇ ਆਇਆ। ਉਹਨੇ ਬੜੇ ਪਿਆਰ-ਦੁਲਾਰ ਨਾਲ ਸੱਦਾ ਦਿੱਤਾ ਕਿ ਕਿਸਾਨ ਭਰਾ ਦਿੱਲੀ ਦੀ ਕੰਨੀ ਉਤੇ ਬੁਰਾੜੀ ਦੇ ਮੈਦਾਨ ਵਿਚ ਪਹੁੰਚਣ ਜਿਥੇ ਸਰਕਾਰ ਨੇ ਉਹਨਾਂ ਦੇ ਹਰ ਸੁਖ-ਆਰਾਮ ਦਾ ਪ੍ਰਬੰਧ ਕਰ ਦਿੱਤਾ ਹੈ। ਇਸ ਰਣਨੀਤੀ ਪਿੱਛੇ ਵੀ ਕਿਸਾਨਾਂ ਨੂੰ ਸਾਧਾਰਨ-ਬੁੱਧ ਭੋਲ਼ੇ ਪੰਛੀ ਸਮਝਣ ਵਾਲੀ ਸੋਚ ਹੀ ਕੰਮ ਕਰ ਰਹੀ ਸੀ। ਕਿਸਾਨ ਗੁੱਝੀ ਚਾਲ ਸਮਝ ਗਏ ਕਿ ਸੁਰੱਖਿਆ ਦੇ ਨਾਂ ਉਤੇ ਪੁਲਸੀ ਘੇਰਾਬੰਦੀ ਕਰ ਕੇ ਉਥੋਂ ਉਹਨਾਂ ਨੂੰ ਨਾ ਕਿਤੇ ਜਾਣ ਦਿੱਤਾ ਜਾਵੇਗਾ ਤੇ ਉਥੇ ਬੈਠਿਆਂ ਦਾ ਨਾ ਉਹਨਾਂ ਦਾ ਕੋਈ ਦਬਾਅ ਰਹਿ ਜਾਵੇਗਾ। ਉਹਨਾਂ ਨੇ ਬੁਰਾੜੀ ਦੇ ਮੈਦਾਨ ਨੂੰ ਖੁੱਲ੍ਹੀ ਜੇਲ੍ਹ ਆਖ ਕੇ ਅਮਿੱਤ ਸ਼ਾਹ ਦੀ ਪ੍ਰਾਹੁਣਚਾਰੀ ਰੱਦ ਕਰ ਦਿੱਤੀ ਤੇ ਚੁਸਤ-ਚਲਾਕੀ ਠੁੱਸ ਕਰ ਦਿੱਤੀ।

ਇਹਦੇ ਨਾਲ ਹੀ ਗੋਦੀ ਮੀਡੀਆ ਦੀਆਂ ਸੰਗਲੀਆਂ ਵੀ ਖੋਲ੍ਹ ਦਿੱਤੀਆਂ ਗਈਆਂ। ਭਾਰਤੀ ਜਨਤਾ ਪਾਰਟੀ ਦੇ ਸੂਚਨਾ ਤਕਨਾਲੋਜੀ ਸੈੱਲ ਦੇ ਮੁਖੀ ਅਮਿਤ ਮਾਲਵੀਆ ਨੇ ਕਿਸਾਨ ਅੰਦੋਲਨ ਨੂੰ ਖਾਲਿਸਤਾਨੀਆਂ ਤੇ ਮਾਓਵਾਦੀਆਂ ਨਾਲ ਜੁੜਿਆ ਆਖ ਕੇ ਉਹਨਾਂ ਨੂੰ ਰਾਹ ਦਿਖਾ ਦਿੱਤਾ। ਵਿਉਂਤ ਇਹ ਸੀ ਕਿ ਸਿੰਘੂ ਹੱਦ ਨੂੰ ਨਵਾਂ ਸ਼ਾਹੀਨ ਬਾਗ ਆਖ ਕੇ, ਉਥੇ ਬੈਠਿਆਂ ਨੂੰ ਪਾਕਿਸਤਾਨੀ ਕਹਿਣ ਵਾਂਗ ਇਥੋਂ ਵਾਲਿਆਂ ਨੂੰ ਖਾਲਿਸਤਾਨੀ ਪਰਚਾਰ ਕੇ ਤੇ ਉਹਨਾਂ ਦਾ ਸਾਥ ਦੇਣ ਵਾਲਿਆਂ ਉਤੇ ਦੇਸ-ਧਰੋਹੀ ਹੋਣ ਦਾ ਠੱਪਾ ਲਾ ਕੇ ਮੋਰਚੇ ਦੇ ਹੌਸਲੇ ਪਸਤ ਕੀਤੇ ਜਾਣ। ਗੋਦੀ ਚੈਨਲਾਂ ਨੇ ਇਸ਼ਾਰਾ ਸਮਝ ਕੇ ਇਹ ਰਾਗ ਅਲਾਪਣਾ ਸ਼ੁਰੂ ਕਰ ਦਿੱਤਾ। ਇਸ ਪ੍ਰਵਚਨ ਨੂੰ ਅੱਗੇ ਤੋਰਨ ਲਈ ਸਰਕਾਰ ਦੀ ਇਕ ਚਹੇਤੀ ਨੇ ਪੰਜਾਬ ਦੀਆਂ ਮਾਂਵਾਂ-ਦਾਦੀਆਂ ਨੂੰ ਸੌ ਰੁਪਏ ਦਿਹਾੜੀ ਲੈ ਕੇ ਆਈਆਂ ਸ਼ਾਹੀਨ ਬਾਗ਼ ਦੀਆਂ ਦਾਦੀਆਂ ਹੋਣ ਦੀ ਗਾਲ ਦੇ ਦਿੱਤੀ। ਇਹਨਾਂ ਲੋਕਾਂ ਨੂੰ ਇਹ ਸ਼ਰਮ ਵੀ ਨਹੀਂ ਕਿ ਅਨੇਕ ਸੂਰਤਾਂ ਵਿਚ ਪੁੱਤਰ ਚੀਨ ਤੇ ਪਾਕਿਸਤਾਨ ਤੋਂ ਦੇਸ ਦੀ ਧਰਤੀ ਬਚਾਉਣ ਲਈ ਜਾਨ ਤਲ਼ੀ ਉਤੇ ਰੱਖ ਕੇ ਸਰਹੱਦ ਦੀ

*(ਬਾਕੀ ਅਗਲੇ ਸਫੇ 'ਤੇ)*

*ਕਿਸਾਨਾਂ ਦਾ ਸੰਘਰਸ਼ ਪੂਰਾ ਭਖਿਆ ਹੋਇਆ ਹੈ ਅਤੇ ਪੰਜਾਬ ਦੀਆਂ ਸਮੂਹ 32 ਕਿਸਾਨ ਜਥੇਬੰਦੀਆਂ ਖੇਤੀ ਸੁਧਾਰ ਦੇ ਬਹਾਨੇ ਲਿਆਂਦੇ ਖੇਤੀ ਕਾਨੂੰਨ ਵਾਪਸ ਕਰਵਾਉਣ ਲਈ ਡਟੀਆਂ ਹੋਈਆਂ ਹਨ। ਦੂਜੇ ਬੰਨੇ, ਮੋਦੀ ਸਰਕਾਰ ਕਿਸਾਨਾਂ ਦੇ ਇਸ ਰੋਹ ਨੂੰ ਜੋ ਹੁਣ ਮੁਲਕ ਭਰ ਵਿਚ ਫੈਲਦਾ ਨਜ਼ਰ ਆ ਰਿਹਾ ਹੈ, ਨੂੰ ਸਾਬੋਤਾਜ ਕਰਨ ਦੇ ਸਿਰਤੋੜ ਯਤਨ ਕਰ ਰਹੀ ਹੈ। 10 ਦਸੰਬਰ ਨੂੰ ਕੌਮਾਂਤਰੀ ਮਨੁੱਖੀ ਅਧਿਕਾਰ ਦਿਵਸ ਮੌਕੇ ਟਿੱਕਰੀ ਬਾਰਡਰ 'ਤੇ ਡਟੀ ਭਾਰਤੀ ਕਿਸਾਨ ਯੂਨੀਅਨ (ਏਕਤਾ)-ਉਗਰਾਹਾਂ ਨੇ ਮੋਦੀ ਸਰਕਾਰ ਵੱਲੋਂ ਜੇਲ੍ਹਾਂ ਅੰਦਰ ਡੱਕੇ ਬੁੱਧੀਜੀਵੀਆਂ, ਲੇਖਕਾਂ, ਵਕੀਲਾਂ, ਸਮਾਜਕ ਕਾਰਕੁਨਾਂ, ਵਿਦਿਆਰਥੀਆਂ ਦੀ ਰਿਹਾਈ ਲਈ ਆਵਾਜ਼ ਬੁਲੰਦ ਕੀਤੀ। ਇਸ 'ਤੇ ਸਰਕਾਰ ਨੇ ਉਨ੍ਹਾਂ ਉਤੇ ਮਾਓਵਾਦੀ ਹੋਣ ਦਾ ਇਲਜ਼ਾਮ ਲਾ ਦਿੱਤਾ। ਇਸ ਮਸਲੇ 'ਤੇ ਕੁਝ ਕੁ ਜਥੇਬੰਦੀਆਂ ਨੇ ਵੀ ਕੁਝ ਇਤਰਾਜ਼ ਕੀਤੇ ਹਨ। ਇਸ ਬਾਰੇ ਚਰਚਾ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ। -ਸੰਪਾਦਕ*

# ਕਿਸਾਨ ਸੰਘਰਸ਼ ਅਤੇ ਮਨੁੱਖੀ ਤੇ ਜਮਹੂਰੀ ਹੱਕਾਂ ਦਾ ਸਵਾਲ

ਮੌਜੂਦਾ ਇਤਿਹਾਸ ਸਿਰਜਕ ਲੋਕ ਸੰਘਰਸ਼ ਨੂੰ ਬਦਨਾਮ ਕਰਨ ਲਈ ਆਖਿਰਕਾਰ ਆਰ.ਐਸ.ਐਸ.-ਭਾਜਪਾ ਸਰਕਾਰ ਨੇ ਇਕ ਨਵਾਂ ਬਹਾਨਾ ਲੱਭ ਲਿਆ। 10 ਦਸੰਬਰ ਨੂੰ ਭਾਰਤੀ ਕਿਸਾਨ ਯੂਨੀਅਨ (ਏਕਤਾ)-ਉਗਰਾਹਾਂ ਵੱਲੋਂ ਦਿੱਲੀ ਦੇ ਵਿਸ਼ਾਲ ਇਕੱਠਾਂ ਵਿਚ 'ਕੌਮਾਂਤਰੀ ਮਨੁੱਖੀ ਅਧਿਕਾਰ ਦਿਵਸ' ਮਨਾਇਆ ਗਿਆ। ਪੰਡਾਲ ਵਿਚ ਹਾਜ਼ਰ ਦਹਿ-ਹਜ਼ਾਰਾਂ ਲੋਕਾਂ ਦੇ ਹੱਥਾਂ ਵਿਚ ਉਨ੍ਹਾਂ ਸਿਰਕੱਢ ਲੋਕ ਬੁੱਧੀਜੀਵੀਆਂ ਦੀਆਂ ਤਸਵੀਰਾਂ ਵਾਲੀਆਂ ਤਖਤੀਆਂ ਅਤੇ ਮੰਚ ਉਪਰ ਤਸਵੀਰਾਂ ਵਾਲੇ ਬੈਨਰ ਸਨ ਜਿਨ੍ਹਾਂ ਨੂੰ 'ਸ਼ਹਿਰੀ ਨਕਸਲੀ' ਕਰਾਰ ਦੇ ਕੇ ਜੇਲ੍ਹਾਂ ਵਿਚ ਡੱਕਿਆ ਹੋਇਆ ਹੈ। ਪ੍ਰੋਫੈਸਰ ਨੰਦਿਨੀ ਸੁੰਦਰ, ਡਾ. ਨਵਸ਼ਰਨ ਕੌਰ ਸਮੇਤ ਉਘੇ ਬੁੱਧੀਜੀਵੀ

**ਬੂਟਾ ਸਿੰਘ**
ਫੋਨ: +91-94634-74342

ਬੁਲਾਰਿਆਂ ਨੇ ਤੱਥਾਂ ਦੇ ਆਧਾਰ 'ਤੇ ਕਥਿਤ ਭੀਮਾ-ਕੋਰੇਗਾਓਂ ਸਾਜ਼ਿਸ਼ ਕੇਸ ਅਤੇ ਸੱਤਾਧਾਰੀ ਆਰ.ਐਸ.ਐਸ.-ਭਾਜਪਾ ਦੇ ਫਾਸ਼ੀਵਾਦੀ ਏਜੰਡੇ ਦਾ ਪਰਦਾਫਾਸ਼ ਕੀਤਾ।



*ਟਿੱਕਰੀ ਬਾਰਡਰ 'ਤੇ ਬੁੱਧੀਜੀਵੀਆਂ ਅਤੇ ਜਮਹੂਰੀ ਕਾਰਕੁਨਾਂ ਦੀ ਰਿਹਾਈ ਵਾਲੀਆਂ ਤਖਤੀਆਂ ਫੜੀ ਬੈਠੇ ਲੋਕ।*

ਦਿੱਲੀ ਜਿੱਥੇ ਸੰਘ ਬ੍ਰਿਗੇਡ ਦੇ ਦਹਿਸ਼ਤਵਾਦੀ ਹਮਲਿਆਂ ਕਾਰਨ ਜਾਗਰੂਕ ਲੋਕਾਂ ਅੰਦਰ ਇਕ ਡਰ ਦਾ ਮਾਹੌਲ ਹੈ, ਵਿਚ ਲੋਕ ਬੁੱਧੀਜੀਵੀਆਂ ਲਈ ਹਾਅ ਦੇ ਨਾਅਰੇ ਦੀ ਗੂੰਜ ਨੇ ਹੈਂਕੜਬਾਜ਼ ਹਕੂਮਤ ਦੀ ਨੀਂਦ ਉਡਾ ਦਿੱਤੀ। ਹਿੰਦੂਤਵ ਅਤੇ ਕਾਰਪੋਰੇਟ ਗੱਠਜੋੜ ਦੇ ਕੰਟਰੋਲ ਵਾਲੇ ਮੁੱਖਧਾਰਾ ਮੀਡੀਆ ਸਮੇਤ ਆਰ.ਐਸ.ਐਸ. ਦੇ ਕੁਲ ਪ੍ਰਚਾਰਤੰਤਰ ਨੇ ਸੰਘ ਪਾੜ-ਪਾੜ ਕੇ ਚੀਕਣਾ ਸ਼ੁਰੂ ਕਰ ਦਿੱਤਾ ਕਿ ਇਹ ਮੰਗ ਇਸ ਗੱਲ ਦਾ ਸਬੂਤ ਹੈ ਕਿ ਕਿਸਾਨ ਸੰਘਰਸ਼ ਵਿਚ 'ਖੱਬੇਪੱਖੀ ਅਤੇ ਮਾਓਵਾਦੀ ਅਨਸਰ' ਵੜ ਗਏ ਹਨ। ਉਲਟਾ ਮੰਤਰੀਆਂ ਦੀ ਫੌਜ ਅਤੇ ਗੋਦੀ ਮੀਡੀਆ ਦੀ ਇਕਸੁਰਤਾ ਨਾਲ ਇਹ ਸਾਬਤ ਹੋ ਗਿਆ ਕਿ ਆਰ.ਐਸ.ਐਸ.-ਭਾਜਪਾ ਦਾ ਆਈ.ਟੀ. ਸੈੱਲ ਅਤੇ ਗੋਦੀ ਮੀਡੀਆ ਇੱਕੋ ਸਿੱਕੇ ਦੇ ਦੋ ਪਾਸੇ ਹਨ। ਉਨ੍ਹਾਂ ਮੁਤਾਬਿਕ ਪ੍ਰਧਾਨ ਮੰਤਰੀ ਵੱਲੋਂ ਮੁਲਕ ਨੂੰ ਬੇਸ਼ਰਮੀ ਨਾਲ ਹਿੰਦੂਤਵ ਰੰਗ 'ਚ ਰੰਗਣਾ, ਭੂਮੀ-ਪੂਜਨ ਵਰਗੇ ਬ੍ਰਾਹਮਣਵਾਦੀ ਰਸਮਾਂ-ਰਿਵਾਜ਼ਾਂ ਨੂੰ ਪ੍ਰੋਮੋਟ ਕਰਨਾ, ਮੁਲਕ ਦੀ ਸਰਵਉਚ ਅਦਾਲਤ ਵੱਲੋਂ ਸੱਤਾਧਾਰੀ ਧਿਰ ਦੇ ਮਨਪਸੰਦ ਫੈਸਲੇ ਸੁਣਾਉਣਾ ਤਾਂ ਦੇਸ਼ਭਗਤੀ ਹੈ, ਲੇਕਿਨ ਝੂਠੇ ਕੇਸਾਂ ਵਿਚ ਜੇਲ੍ਹਬੰਦ ਲੋਕਪੱਖੀ ਸ਼ਖਸੀਅਤਾਂ ਦੀ ਰਿਹਾਈ ਦੀ ਮੰਗ ਕਰਨਾ ਦੇਸ਼ਧ੍ਰੋਹ ਹੈ।

ਕਮਿਊਨਿਸਟ, ਨਕਸਲੀ, ਖਾਲਿਸਤਾਨੀ, ਅੰਬੇਡਕਰਵਾਦੀ, ਹਾਕਮ ਜਮਾਤੀ ਪਾਰਟੀਆਂ, ਗੱਲ ਕੀ ਹਰ ਕੋਈ ਮੌਜੂਦਾ ਸੰਘਰਸ਼ ਵਿਚ ਆਪੋ-ਆਪਣੇ ਢੰਗ ਨਾਲ ਸ਼ਾਮਲ ਹਨ। ਸਿਰਫ ਸੰਘ ਬ੍ਰਿਗੇਡ ਇਸ ਸੰਘਰਸ਼ ਦੇ ਵਿਰੋਧ ਵਿਚ ਹੈ। ਇਸ ਨੇ ਪਹਿਲਾਂ ਸ਼ੰਭੂ ਬਾਰਡਰ ਉਪਰ ਲੱਗ ਰਹੇ ਨਾਅਰਿਆਂ ਅਤੇ ਭਾਸ਼ਣਾਂ ਨੂੰ ਬਹਾਨਾ ਬਣਾ ਕੇ ਅਫਵਾਹ ਫੈਲਾਈ ਕਿ ਕਿਸਾਨ ਸੰਘਰਸ਼ ਵਿਚ ਖਾਲਸਤਾਨੀ ਵੜ ਗਏ। ਫਿਰ ਸੰਘਰਸ਼ ਨੂੰ ਕਾਂਗਰਸ ਨਾਲ ਜੋੜਨ ਦੀ ਕੋਸ਼ਿਸ਼ ਕੀਤੀ। ਜਦ ਇਹ ਘਿਨਾਉਣੇ ਹੱਥਕੰਡੇ ਠੁੱਸ ਹੋ ਗਏ ਤਾਂ ਭਗਵੀਂ ਪ੍ਰਚਾਰ ਮਸ਼ੀਨਰੀ ਕਿਸੇ ਨਵੇਂ ਬਹਾਨੇ ਦੀ ਇੰਤਜ਼ਾਰ ਕਰਨ ਲੱਗੀ ਅਤੇ ਮੰਚ ਤੋਂ ਬੁੱਧੀਜੀਵੀਆਂ ਨਾਲ ਪ੍ਰਗਟਾਈ ਇਕਮੁੱਠਤਾ ਨੂੰ ਮੁੱਦਾ ਬਣਾ ਲਿਆ ਗਿਆ।

ਇਹ ਸੰਘਰਸ਼ ਦੇ ਅੰਦਰੂਨੀ ਮਸਲੇ ਹਨ; ਲੇਕਿਨ ਸੰਘਰਸ਼ ਨੂੰ ਡਿਕਟੇਟ ਕਰਨ ਦਾ ਹੱਕ ਹਕੂਮਤ ਨੂੰ ਨਹੀਂ ਦਿੱਤਾ ਜਾ ਸਕਦਾ। ਇਹ ਸੱਚ ਹੈ ਕਿ ਮੋਦੀ ਹਕੂਮਤ ਦੇ ਲੋਕ-ਦੁਸ਼ਮਣ ਏਜੰਡੇ ਵਿਰੁਧ ਜਾਗਰੂਕਤਾ ਦੇ ਬਾਵਜੂਦ ਭਗਵੀਆਂ ਅਫਵਾਹਾਂ ਨਾਲ ਅਵਾਮ ਅੰਦਰ ਥੋੜ੍ਹਾ ਭੰਬਲਭੂਸਾ ਬਣ ਸਕਦਾ ਹੈ। ਇਹ ਐਸਾ ਭੰਡੀ ਪ੍ਰਚਾਰ ਵੀ ਨਹੀਂ ਜਿਸ ਨੂੰ ਆਰ.ਐਸ.ਐਸ.-ਭਾਜਪਾ ਦੀ ਖਸਲਤ ਨੂੰ ਉਜਾਗਰ ਕਰਕੇ ਪਛਾੜਿਆ ਨਾ ਜਾ ਸਕਦਾ ਹੋਵੇ। ਇਸ ਦੀ ਬਜਾਏ, ਸਿੰਘੂ ਮੋਰਚੇ ਵਾਲੇ ਆਗੂ ਸੱਤਾ ਵੱਲੋਂ ਵਿਛਾਏ ਜਾਲ ਵਿਚ ਉਲਝ ਗਏ। ਉਨ੍ਹਾਂ ਨੂੰ ਸਟੈਂਡ ਲੈਣਾ ਚਾਹੀਦਾ ਸੀ ਕਿ ਕੇਂਦਰ ਸਰਕਾਰ ਸੰਘਰਸ਼ ਦੀ ਮੁੱਖ ਮੰਗ ਉਪਰ ਗੱਲ ਕਰੇ, ਕਥਿਤ 'ਘੁਸਪੈਠ' ਦੇ ਅੰਦਰੂਨੀ ਮਾਮਲੇ ਦਾ ਹੱਲ ਉਹ ਖੁਦ ਸੋਚ ਲੈਣਗੇ।

ਜੇਲ੍ਹਬੰਦ ਦੋ ਦਰਜਨ ਅਜ਼ੀਮ ਸ਼ਖਸੀਅਤਾਂ ਕਿਸੇ ਜਾਣ-ਪਛਾਣ ਦੀਆਂ ਮੁਹਤਾਜ ਨਹੀਂ। ਉਨ੍ਹਾਂ ਵਿਚ ਇਕ ਵੀ ਦਾਗੀ ਵਿਅਕਤੀ ਨਹੀਂ ਜਿਸ ਦੇ ਕੰਮਾਂ ਕਾਰਨ ਕਿਸਾਨ ਮਜ਼ਦੂਰ ਜਥੇਬੰਦੀਆਂ ਨੂੰ ਕੋਈ ਨਮੋਸ਼ੀ ਝੱਲਣੀ ਪਵੇ। ਉਨ੍ਹਾਂ ਵੱਲੋਂ ਕੀਤੇ ਗਏ ਕੰਮਾਂ ਦੇ ਮਹੱਤਵ ਨੂੰ ਆਤਮਸਾਤ ਕਰਨ ਦੀ ਜ਼ਰੂਰਤ ਹੈ। ਉਹ ਭਗਵੀਂ ਹਕੂਮਤ ਵੱਲੋਂ ਭਾਰਤੀ ਸਮਾਜ ਉਪਰ ਕੀਤੇ ਜਾ ਰਹੇ ਚੌਤਰਫੇ ਜਾਬਰ ਅਤੇ ਫਿਰਕੂ ਹਮਲਿਆਂ ਵਿਰੁਧ ਕਲਮ, ਕਲਾ ਅਤੇ ਬੋਲਾਂ ਰਾਹੀਂ ਨਿਧੜਕ ਆਵਾਜ਼ ਉਠਾਉਣ ਵਾਲੇ ਘੁਲਾਟੀਏ ਹਨ। ਪ੍ਰੋਫੈਸਰ ਵਰਾਵਰਾ ਰਾਓ, ਪ੍ਰੋਫੈਸਰ ਸਾਈਬਾਬਾ, ਗੌਤਮ ਨਵਲਖਾ, ਡਾ. ਆਨੰਦ ਤੇਲਤੁੰਬੜੇ, ਐਡਵੋਕੇਟ ਸੁਧਾ ਭਾਰਦਵਾਜ, ਪ੍ਰੋਫੈਸਰ ਸ਼ੋਮਾ ਸੇਨ, ਸੁਧੀਰ ਧਾਵਲੇ, ਸਟੇਨ ਸਵਾਮੀ, ਉਮਰ ਖਾਲਿਦ ਆਦਿ ਸਾਰੇ ਹੀ ਜਿੱਥੇ ਅਕਾਦਮਿਕ, ਨਿਆਂਸ਼ਾਸਤਰ, ਪੱਤਰਕਾਰੀ, ਆਦਿ ਖੇਤਰਾਂ ਦੇ ਨਾਮਵਰ ਮਾਹਿਰ ਹਨ, ਉਥੇ ਉਹ ਸਮਾਜੀ ਨਿਆਂ, ਮਨੁੱਖੀ ਤੇ ਜਮਹੂਰੀ ਹੱਕਾਂ, ਦੱਬੇ-ਕੁਚਲੇ ਅਵਾਮ ਦੀ ਮੱਧਯੁਗੀ ਦਾਬੇ ਤੋਂ ਬੰਦਖਲਾਸੀ ਦੇ ਕਾਜ ਨੂੰ ਸਮਰਪਿਤ ਜ਼ਹੀਨ ਇਨਸਾਨ ਹਨ। ਉਹ ਸੱਤਾ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਸੱਚ ਕਹਿਣ ਵਾਲੇ ਮੁਜਾਹਿਦ ਹਨ। ਜਾਗਰੂਕ ਹਿੱਸੇ ਜਾਣਦੇ ਹਨ ਕਿ ਕਿਵੇਂ ਡੂੰਘੀ ਸਾਜ਼ਿਸ਼ ਤਹਿਤ ਜੇ.ਐਨ.ਯੂ. ਨੂੰ ਤੋੜਨ ਲਈ ਉਮਰ ਖਾਲਿਦ-ਕਨ੍ਹੱਈਆ ਕੁਮਾਰ ਦੇ ਇਰਦ-ਗਿਰਦ ਦੇਸ਼ਧ੍ਰੋਹ ਸਰਗਰਮੀਆਂ ਦੀ ਗਿਣੀ-ਮਿੱਥੀ ਕਹਾਣੀ ਘੜੀ ਗਈ। ਕਾਨੂੰਨੀ ਨੁਕਤਾ-ਨਜ਼ਰ ਤੋਂ ਵੀ ਉਹ ਅਜੇ 'ਮੁਲਜ਼ਮ' ਹਨ ਨਾ ਕਿ ਦੋਸ਼ੀ ਕਰਾਰ ਦਿੱਤੇ ਮੁਜਰਿਮ। ਜੇ ਸੰਘ ਬ੍ਰਿਗੇਡ ਨੱਥੂਰਾਮ ਗੌਡਸੇ ਦੀ ਪੂਜਾ ਕਰ ਸਕਦਾ ਹੈ ਤਾਂ ਕਿਸਾਨ-ਮਜ਼ਦੂਰ ਜਥੇਬੰਦੀਆਂ ਬੁੱਧੀਜੀਵੀਆਂ ਦੀ ਗੱਲ ਕਿਉਂ ਨਹੀਂ ਕਰ ਸਕਦੀਆਂ।

ਹਰ ਹੱਕੀ ਸੰਘਰਸ਼ ਨੂੰ ਕੁਚਲਣ ਲਈ ਆਰ.ਐਸ.ਐਸ.-ਭਾਜਪਾ ਤਰ੍ਹਾਂ-ਤਰ੍ਹਾਂ ਦੇ ਨਹਾਇਤ ਘਿਨਾਉਣੇ ਹੱਥਕੰਡੇ ਵਰਤਦੀ ਹੈ। ਉਪਰੋਕਤ ਸ਼ਖਸੀਅਤਾਂ ਸੰਘਰਸ਼ ਦੇ ਅਤੇ ਵਿਚਾਰ ਪ੍ਰਗਟਾਵੇ ਦੇ ਜਮਹੂਰੀ ਹੱਕ ਦੀ ਰਾਖੀ ਲਈ ਹੀ ਲੜ ਰਹੀਆਂ ਸਨ। ਇਤਿਹਾਸਕ ਕਿਸਾਨ ਸੰਘਰਸ਼ ਦੇ ਮੌਜੂਦਾ ਮੁਕਾਮ 'ਤੇ ਕੇਂਦਰ ਸਰਕਾਰ ਵੱਲੋਂ ਸ਼ਾਤਰ ਅਤੇ ਝੂਠਾ ਬਿਰਤਾਂਤ ਖੜ੍ਹਾ ਕਰਨ ਦਾ ਅਸਲ ਮਨੋਰਥ ਆਪਣੇ ਲੋਕ ਵਿਰੋਧੀ ਪ੍ਰਾਜੈਕਟ ਤੋਂ ਦੇਸ਼ ਅਤੇ ਦੁਨੀਆ ਦਾ ਧਿਆਨ ਹਟਾਉਣਾ ਅਤੇ ਸੰਘਰਸ਼ ਵਿਚ ਫੁੱਟ ਪਾਉਣਾ ਹੈ। ਇਸ ਨੂੰ ਪਛਾੜਨ ਦੇ ਨਾਲ-ਨਾਲ ਸੰਘ ਬ੍ਰਿਗੇਡ ਦੇ ਘਿਨਾਉਣੇ ਫਾਸ਼ੀਵਾਦੀ ਚਿਹਰੇ ਨੂੰ ਬੇਪਰਦ ਕਰਨਾ ਵੀ ਜ਼ਰੂਰੀ ਹੈ।

ਭਾਜਪਾ-ਆਰ.ਐਸ.ਐਸ. ਸਰਕਾਰ ਨਾ ਸਿਰਫ ਮਨੁੱਖੀ ਤੇ ਜਮਹੂਰੀ ਹੱਕਾਂ ਦਾ ਬੇਕਿਰਕੀ ਨਾਲ ਘਾਣ ਕਰ ਰਹੀ ਹੈ ਸਗੋਂ ਇਹ ਵਿਚਾਰਧਾਰਕ ਤੌਰ 'ਤੇ ਇਨ੍ਹਾਂ ਹੱਕਾਂ ਅਤੇ ਸੰਵਿਧਾਨਕ ਵਿਵਸਥਾ ਦੀ ਘੋਰ ਦੁਸ਼ਮਣ ਤਾਕਤ ਹੈ। ਇਸ ਦੀ ਇਕੋਇਕ ਟੇਕ ਪਾਟਕ-ਪਾਊ ਸਿਆਸਤ ਅਤੇ ਡੰਡੇ ਦੇ ਰਾਜ ਰਾਹੀਂ ਲੋਕ ਰਜ਼ਾ ਨੂੰ ਕੁਚਲਣ ਉਪਰ ਹੈ। ਜਿਨ੍ਹਾਂ ਸ਼ਖਸੀਅਤਾਂ ਨੂੰ 'ਸ਼ਹਿਰੀ ਨਕਸਲੀ' ਦਾ ਹਊਆ ਖੜ੍ਹਾ ਕਰਕੇ ਬਦਨਾਮ ਕੀਤਾ ਜਾ ਰਿਹਾ ਹੈ, ਉਨ੍ਹਾਂ ਨੂੰ ਸਾਡੇ ਸਮਾਜ ਦੇ ਹਾਸ਼ੀਏ 'ਤੇ ਧੱਕੇ ਅਵਾਮ ਦੇ ਹੱਕਾਂ ਦੀ ਰਾਖੀ ਲਈ ਆਵਾਜ਼ ਉਠਾਉਣ ਕਾਰਨ ਜੇਲ੍ਹਾਂ ਵਿਚ ਸਾੜਿਆ ਜਾ ਰਿਹਾ ਹੈ। ਭਗਵੀਂ ਹਕੂਮਤ ਕੌਮਾਂਤਰੀ ਪੱਧਰ 'ਤੇ ਪ੍ਰਵਾਨਤ ਮਨੁੱਖੀ ਹੱਕਾਂ ਦੇ ਐਲਾਨਨਾਮਿਆਂ ਨੂੰ ਟਿੱਚ ਸਮਝਣ ਵਾਲੀ ਹਕੂਮਤ ਹੈ ਜਿਸ ਨੂੰ ਕਿਸਾਨੀ ਅਤੇ ਪੇਂਡੂ ਖੇਤਰਾਂ ਵਿਚ ਰਹਿ ਰਹੇ ਹੋਰ ਲੋਕਾਂ ਦੇ ਹੱਕਾਂ ਬਾਰੇ ਸੰਯੁਕਤ ਰਾਸ਼ਟਰ ਦੇ ਐਲਾਨਨਾਮੇ ਦਾ ਨਿਖੇਧ ਕਰਨ ਵਾਲੇ ਕਾਨੂੰਨ ਥੋਪਣ ਤੋਂ ਅਤੇ ਇਨ੍ਹਾਂ ਕਾਨੂੰਨਾਂ ਨੂੰ ਕਿਸਾਨਾਂ ਦੀ ਤਰੱਕੀ ਬਣਾ ਕੇ ਪੇਸ਼ ਕਰਨ ਤੋਂ ਵੀ ਗੁਰੇਜ਼ ਨਹੀਂ ਹੈ।

ਸਤੰਬਰ 2018 'ਚ ਸੰਯੁਕਤ ਰਾਸ਼ਟਰ ਵੱਲੋਂ ਅਪਣਾਏ ਉਪਰੋਕਤ ਐਲਾਨਨਾਮੇ ਉਪਰ ਸਹੀ ਪਾਉਣ ਵਾਲੀ ਭਾਜਪਾ-ਆਰ.ਐਸ.ਐਸ. ਸਰਕਾਰ ਨੇ ਇਹ ਆਰਡੀਨੈਂਸ ਅਤੇ ਬਿੱਲ ਲਿਆਉਣ ਸਮੇਂ ਕਿਸਾਨਾਂ ਅਤੇ ਹੋਰ ਲੋਕਾਂ ਦੀ ਰਾਇ ਲੈਣ ਦੀ ਕੋਈ ਲੋੜ ਨਹੀਂ ਸਮਝੀ ਜਿਨ੍ਹਾਂ ਦੇ ਹਿਤਾਂ ਲਈ ਉਪਰੋਕਤ ਐਲਾਨਨਾਮਾ ਅਪਣਾਇਆ ਗਿਆ ਸੀ। ਹੁਣ ਜਦ ਹਕੂਮਤ ਦੀ ਕਾਰਪੋਰੇਟ ਹਿਤੈਸ਼ੀ ਗੇਮ ਨੂੰ ਸਮਝ ਚੁੱਕੇ ਕਿਸਾਨ ਅਤੇ ਹੋਰ ਲੋਕ ਖੇਤੀ ਦੀ ਤਰੱਕੀ ਦੀਆਂ ਝੂਠੀਆਂ ਯਕੀਨਦਹਾਨੀਆਂ ਨੂੰ ਸਵੀਕਾਰ ਕਰਨ ਤੋਂ ਇਨਕਾਰੀ ਹਨ ਅਤੇ ਇਨ੍ਹਾਂ ਕਾਨੂੰਨਾਂ ਨੂੰ ਪੂਰੀ ਤਰ੍ਹਾਂ ਰੱਦ ਕਰਾਉਣ ਲਈ ਬੇਮਿਸਾਲ ਤਹੱਮਲ, ਸੂਝਬੂਝ ਅਤੇ ਜ਼ਾਬਤੇ ਨਾਲ ਇਤਿਹਾਸਕ ਸੰਘਰਸ਼ ਲੜ ਰਹੇ ਹਨ ਤਾਂ ਇਕਜੁੱਟ ਲੋਕ ਰਾਇ ਨੂੰ ਸਵੀਕਾਰ ਕਰਨ ਦੀ ਬਜਾਏ ਸੱਤਾਧਾਰੀ ਧਿਰ ਤਾਨਾਸ਼ਾਹ ਦਸਤੂਰ ਨੂੰ ਜਾਇਜ਼ ਠਹਿਰਾਉਣ ਲਈ ਘਿਨਾਉਣੀਆਂ ਚਾਲਾਂ ਚੱਲ ਰਹੀ ਹੈ। ਖਾਲਸਤਾਨੀ ਘੁਸਪੈਠ, ਮਾਓਵਾਦੀ ਘੁਸਪੈਠ ਦੀਆਂ ਮਨਘੜਤ ਕਹਾਣੀਆਂ ਇਸੇ ਦਾ ਹਿੱਸਾ ਹੈ। ਖਾਲਿਸਤਾਨੀਆਂ ਜਾਂ ਮਾਓਵਾਦੀਆਂ ਦੇ ਵਿਚਾਰਧਾਰਕ-ਰਾਜਨੀਤਕ ਏਜੰਡਿਆਂ ਅਤੇ ਉਨ੍ਹਾਂ ਦੇ ਲੜਨ ਦੇ ਢੰਗਾਂ ਬਾਰੇ ਬਹੁਤ ਸਾਰੇ ਲੋਕਾਂ ਦੀ ਅਸਹਿਮਤੀ ਹੋਵੇਗੀ, ਲੇਕਿਨ ਉਹ ਆਰ.ਐਸ.ਐਸ.-ਭਾਜਪਾ ਅਤੇ ਭਾਰਤ ਦੇ ਹੋਰ ਬਦਕਾਰ ਮੁੱਖਧਾਰਾ ਰਾਜਨੀਤਕ ਕੋੜਮੇ ਦੀ ਤਰ੍ਹਾਂ ਵਿਦੇਸ਼ੀ-ਅਤੇ ਦੇਸੀ ਕਾਰਪੋਰੇਟ ਸਰਮਾਏਦਾਰੀ ਦੇ ਦਲਾਲ ਨਹੀਂ ਹਨ।

ਨਾਜਾਇਜ਼ ਹੀ ਜੇਲ੍ਹਾਂ ਵਿਚ ਡੱਕੇ ਬੁੱਧੀਜੀਵੀਆਂ ਦੀ ਰਿਹਾਈ ਦੀ ਮੰਗ ਕਿਸ ਮੰਚ ਤੋਂ, ਕਦੋਂ ਅਤੇ ਕਿਵੇਂ ਉਠਾਈ ਜਾਵੇ, ਇਸ ਨਾਲ ਕਿਸੇ ਦੀ ਅਸਹਿਮਤੀ ਹੋ ਸਕਦੀ ਹੈ। ਸਵਾਲ ਤਾਂ ਇਹ ਹੈ ਕਿ ਕਿਸੇ ਕਿਸਾਨ ਜਥੇਬੰਦੀ ਵੱਲੋਂ ਮਨੁੱਖੀ ਅਧਿਕਾਰ ਦਿਵਸ ਮਨਾਉਣਾ ਗੁਨਾਹ ਕਿਵੇਂ ਹੋ ਗਿਆ ਜੋ 1948 ਵਿਚ ਸੰਯੁਕਤ ਰਾਸ਼ਟਰ ਵਿਚ ਐਲਾਨਨਾਮੇ ਦੇ ਤੌਰ 'ਤੇ ਅਪਣਾਏ ਜਾਣ ਤੋਂ ਬਾਅਦ ਕੁਲ ਦੁਨੀਆ ਵਿਚ ਪ੍ਰਵਾਨਤ ਹੈ। ਮੁਲਕ ਦੇ ਬਾਕੀ ਹਿੱਸਿਆਂ ਦੀਆਂ ਕਿਸਾਨ ਜਥੇਬੰਦੀਆਂ ਦੀ ਗੱਲ ਵੱਖਰੀ ਹੈ, ਉਨ੍ਹਾਂ ਵਿਚੋਂ ਜ਼ਿਆਦਾਤਰ ਜਾਂ ਤਾਂ ਵੱਡੇ ਫਾਰਮਰਾਂ ਦੇ ਸਮੂਹ ਹਨ ਜਿਨ੍ਹਾਂ ਦਾ ਸੱਤਾ ਦੇ ਗਲਿਆਰਿਆਂ ਨਾਲ ਗੂੜ੍ਹਾ ਰਿਸ਼ਤਾ ਹੈ। ਜ਼ਿਆਦਾਤਰ ਜਥੇਬੰਦੀਆਂ ਅੰਨ੍ਹੇ ਰਾਸ਼ਟਰਵਾਦ ਦੀਆਂ ਪੈਰੋਕਾਰ ਵੀ ਹਨ ਜਿਨ੍ਹਾਂ ਦਾ ਮਨੁੱਖੀ ਤੇ ਜਮਹੂਰੀ ਸਰੋਕਾਰਾਂ ਨਾਲ ਕੋਈ ਲਾਗਾ-ਦੇਗਾ ਨਹੀਂ ਹੈ। ਲੇਕਿਨ ਪੰਜਾਬ ਦੀਆਂ ਮੁੱਖ ਕਿਸਾਨ ਜਥੇਬੰਦੀਆਂ ਦੀ ਇਨ੍ਹਾਂ ਹੱਕਾਂ ਅਤੇ ਸਰੋਕਾਰਾਂ ਨਾਲ ਇਕ ਵਚਨਬੱਧਤਾ ਹੈ। ਉਨ੍ਹਾਂ ਦੇ ਸਾਂਝੇ ਮੰਗ-ਪੱਤਰ ਵਿਚ ਬੁੱਧੀਜੀਵੀਆਂ ਦੀ ਰਿਹਾਈ ਦੀ ਮੰਗ ਨਾ ਸਿਰਫ ਮੁੱਖ ਮੰਗਾਂ ਵਿਚ ਸ਼ੁਮਾਰ ਰਹੀ ਹੈ ਸਗੋਂ ਪਿਛਲੇ ਮਹੀਨਿਆਂ ਵਿਚ ਪੱਕੇ ਕਿਸਾਨ ਮੋਰਚਿਆਂ ਵਿਚ ਇਹ ਮੰਗ ਪੂਰੀ ਗੰਭੀਰਤਾ ਅਤੇ ਧੜੱਲੇ ਨਾਲ ਉਠਾਈ ਜਾਂਦੀ ਰਹੀ ਹੈ। ਇਨ੍ਹਾਂ ਸ਼ਖਸੀਅਤਾਂ ਨੂੰ ਗ੍ਰਿਫਤਾਰ ਕੀਤੇ ਜਾਣ 'ਤੇ 13 ਸਤੰਬਰ 2018 ਨੂੰ ਪੰਜਾਬ ਦੀਆਂ ਜਨਤਕ ਜਮਹੂਰੀ ਜਥੇਬੰਦੀਆਂ ਨੇ ਲੋਕ ਬੁੱਧੀਜੀਵੀਆਂ ਦੀ ਢਾਲ ਬਣ ਕੇ ਮੁਹਾਲੀ ਵਿਚ ਵਿਸ਼ਾਲ ਮੁਜ਼ਾਹਰਾ ਕੀਤਾ ਸੀ। ਚਿੰਤਾਜਨਕ ਗੱਲ ਇਹ ਹੈ ਕਿ ਮਨੁੱਖੀ ਅਧਿਕਾਰ ਦਿਵਸ ਮਨਾਏ ਜਾਣ ਦੇ ਬਹਾਨੇ ਹਿੰਦੂਤਵ ਦੇ ਸ਼ਾਤਰ ਵਾਰ ਨੇ ਕਿਸਾਨ ਆਗੂਆਂ ਵਿਚ ਆਪਾਧਾਪੀ ਦੀ ਹਾਲਤ ਬਣਾ ਦਿੱਤੀ। 30 ਕਿਸਾਨ ਜਥੇਬੰਦੀਆਂ ਦਾ ਸਾਂਝਾ ਬਿਆਨ ਤਾਂ ਇਹ ਕਹਿਣ ਦੀ ਹੱਦ ਤੱਕ ਚਲਾ ਗਿਆ ਕਿ 'ਬੀ.ਕੇ.ਯੂ. (ਏਕਤਾ)-ਉਗਰਾਹਾਂ ਵੱਲੋਂ ਜਥੇਬੰਦ ਕੀਤੇ ਸਮਾਗਮ ਦਾ ਕਿਸਾਨ ਸੰਘਰਸ਼ ਨਾਲ ਕੋਈ ਸੰਬੰਧ ਨਹੀਂ ਹੈ। ਉਨ੍ਹਾਂ ਦੀ ਕਾਰਵਾਈ ਨੇ ਕਿਸਾਨ ਸੰਘਰਸ਼ ਨੂੰ ਨੁਕਸਾਨ ਪਹੁੰਚਾਇਆ ਹੈ।' ਹੱਕਾਂ ਪ੍ਰਤੀ ਪ੍ਰਤੀਬੱਧ ਆਗੂਆਂ ਨੇ ਇਹ ਬਿਆਨ ਦੇਣ ਵੇਲੇ ਇਹ ਹਕੀਕਤ ਮਨੋਂ ਵਿਸਾਰ ਦਿੱਤੀ ਕਿ ਆਰ.ਐਸ.ਐਸ.-ਭਾਜਪਾ ਫਾਸ਼ੀਵਾਦੀ ਤਾਕਤ ਹੈ, ਜੋ ਇਕ ਇਕ ਕਰਕੇ ਆਪਣੇ ਦੁਸ਼ਮਣਾਂ ਨੂੰ ਨਿਸ਼ਾਨਾ ਬਣਾ ਰਹੀ ਹੈ। ਪਾਸਟਰ ਨਿਮੋਲਰ ਦੇ ਕਥਨ ਨੂੰ ਭਾਰਤ ਦੇ ਹਾਲਾਤ ਵਿਚ ਇਸ ਤਰ੍ਹਾਂ ਮੁੜ ਸਿਰਜਿਆ ਜਾ ਸਕਦਾ ਹੈ: 'ਪਹਿਲਾਂ ਉਹ ਮੁਸਲਮਾਨਾਂ ਉਪਰੇ, ਫਿਰ ਉਹ ਜੇ.ਐਨ.ਯੂ. ਅਤੇ ਲੋਕ ਬੁੱਧੀਜੀਵੀਆਂ ਉਪਰ, ਫਿਰ ਉਹ ਕਸ਼ਮੀਰ ਉਪਰ, ਫਿਰ ਉਹ ਸ਼ਾਹੀਨ ਬਾਗ ਅਤੇ ਸੀ.ਏ.ਏ. ਵਿਰੋਧੀ ਕਾਰਕੁਨਾਂ ਉਪਰ ਝਪਟੇ। ਉਹ ਦਿਨ ਦੂਰ ਨਹੀਂ ਜਦ ਆਖਿਰਕਾਰ ਉਹ ਬਾਕੀਆਂ ਉਪਰ ਵੀ ਝਪਟਣਗੇ ਅਤੇ ਉਦੋਂ ਇਨ੍ਹਾਂ ਆਖਰੀ ਹਿੱਸਿਆਂ ਦੇ ਹੱਕ ਵਿਚ ਆਵਾਜ਼ ਉਠਾਉਣ ਵਾਲਾ ਕੋਈ ਨਹੀਂ ਬਚੇਗਾ।' ਕਿਸਾਨ ਆਗੂਓ, ਤੁਸੀਂ ਆਪਣੇ ਮੰਚ ਉਪਰ ਇਸ ਵਕਤ ਬੁੱਧੀਜੀਵੀਆਂ ਦੀ ਰਿਹਾਈ ਦੀ ਮੰਗ ਉਠਾਉਣਾ ਵਾਜਿਬ ਨਹੀਂ ਸਮਝਦੇ ਤਾਂ ਨਾ ਉਠਾਓ; ਲੇਕਿਨ ਤੁਸੀਂ ਇਹ ਤਾਂ ਡੱਟ ਕੇ ਕਹੋ ਕਿ ਇਹ ਮੰਗ ਕਰਨਾ ਨਾਗਰਿਕਾਂ ਦਾ ਸੰਵਿਧਾਨਕ ਹੱਕ ਹੈ, ਇਹ ਕੋਈ ਗੁਨਾਹ ਨਹੀਂ ਹੈ ਅਤੇ ਸਰਕਾਰ ਘੁਸਪੈਠ ਦਾ ਹੋ-ਹੱਲਾ ਮਚਾ ਕੇ ਅਸਲ ਮੁੱਦੇ ਤੋਂ ਧਿਆਨ ਹਟਾਉਣਾ ਬੰਦ ਕਰੇ।

ਜੇ ਵਿਚਾਰ ਪ੍ਰਗਟਾਵੇ ਦੇ ਹੱਕ ਸਮੇਤ ਮਨੁੱਖੀ ਅਤੇ ਜਮਹੂਰੀ ਹੱਕਾਂ ਦੀ ਰਾਖੀ ਦਾ ਸਵਾਲ ਕਿਸਾਨ ਜਥੇਬੰਦੀਆਂ ਦੀ ਸੋਚ ਦਾ ਹਿੱਸਾ ਨਹੀਂ ਬਣਦਾ ਤਾਂ ਉਹ ਆਪਣੀ ਸੌੜੀ ਤਬਕਾਤੀ ਲੜਾਈ ਤੋਂ ਉਪਰ ਨਹੀਂ ਉਠ ਸਕਣਗੀਆਂ। ਉਹ ਸਮਾਜੀ ਨਿਆਂ ਨੂੰ ਮੁਖਾਤਿਬ ਸੱਚੀ ਤਾਕਤ ਨਹੀਂ ਬਣ ਸਕਣਗੀਆਂ। ਮੌਜੂਦਾ ਲੋਕ ਉਭਾਰ ਨੂੰ ਇਨ੍ਹਾਂ ਹੱਕਾਂ ਦੀ ਰਾਖੀ ਦੀ ਚੇਤਨਾ ਤੱਕ ਉਚਾ ਚੁੱਕਣਾ ਵੀ ਮਹੱਤਵਪੂਰਨ ਕਾਰਜ ਹੋਣਾ ਚਾਹੀਦਾ ਹੈ।

# ਕਿਸਾਨ ਮੋਰਚੇ ਦੀ ਵਡਿਆਈ

*(ਪਿਛਲੇ ਸਫੇ ਦੀ ਬਾਕੀ)*

ਪਹਿਰੇਦਾਰੀ ਕਰ ਰਹੇ ਹਨ ਤੇ ਬਜ਼ੁਰਗ ਪਿਓ ਆਪਣੇ ਉਹਨਾਂ ਸੈਨਿਕ ਪੁੱਤਰਾਂ ਦੀ ਧਰਤੀ ਬਚਾਉਣ ਲਈ ਕਿਸਾਨ ਮੋਰਚੇ ਵਿਚ ਜੂਝ ਰਹੇ ਹਨ। ਜਦੋਂ ਗੋਦੀ ਚੈਨਲਾਂ ਦੇ ਪੱਤਰਕਾਰਾਂ ਨੂੰ ਕਿਸਾਨਾਂ ਨੇ ਉਹਨਾਂ ਵਿਚੋਂ ਖਾਲਿਸਤਾਨੀ ਤੇ ਨਕਸਲੀਏ ਭਾਲ ਕੇ ਲਿਆਉਣ ਲਈ ਵੰਗਾਰਿਆ, ਉਹਨਾਂ ਨੂੰ ਇਸ ਕਸੂਤੀ ਹਾਲਤ ਵਿਚੋਂ ਨਿੱਕਲਣ ਦਾ ਰਾਹ ਨਹੀਂ ਸੀ ਮਿਲ ਰਿਹਾ। ਨਤੀਜੇ ਵਜੋਂ ਇਹ ਕੂੜ ਪਰਚਾਰ ਵੀ ਦਮ ਤੋੜ ਗਿਆ।

ਕਿਸਾਨ ਜਿਸ ਅਮਨ-ਚੈਨ ਤੇ ਮਾਣ-ਮਰਯਾਦਾ ਨਾਲ ਮੋਰਚਾ ਚਲਾ ਰਹੇ ਹਨ, ਉਹ ਦੇਸ ਵਿਚ ਹੀ ਨਹੀਂ, ਪਰਦੇਸਾਂ ਵਿਚ ਵੀ ਵਡਿਆਈ ਤੇ ਹਮਾਇਤ ਹਾਸਲ ਕਰ ਰਿਹਾ ਹੈ। ਗੱਲਬਾਤ ਸਮੇਂ ਕਿਸਾਨਾਂ ਦਾ ਸੁਚੱਜਾ-ਸਚਿਆਰਾ ਵਿਹਾਰ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਸਰਕਾਰ ਦੇ ਛੱਤੀ ਪਦਾਰਥਾਂ ਨੂੰ ਨਾਂਹ ਆਖ ਕੇ ਵਿਗਿਆਨ ਭਵਨ ਵਿਚ ਭੁੰਜੇ ਬੈਠ ਆਪਣਾ ਲੰਗਰ ਛਕ ਰਹੇ ਕਿਸਾਨ ਆਗੂਆਂ ਨੇ ਕਰੋੜਾਂ ਦਰਸ਼ਕਾਂ ਦਾ ਮਨ ਮੋਹ ਲਿਆ ਹੈ। ਸਿਆਸਤ ਦੀ ਦੁਨੀਆ ਹੈਰਾਨ ਹੈ ਕਿ ਪਿਛਲੇ ਸੱਤ ਸਾਲਾਂ ਵਿਚ ਜਿਸ ਮੋਦੀ ਸਰਕਾਰ ਨੇ ਵਿਰੋਧੀ ਪੱਖ ਦੀ ਕੱਖ ਪਰਵਾਹ ਨਹੀਂ ਕੀਤੀ ਤੇ ਕੋਈ ਇਕ ਛੋਟੀ-ਮੋਟੀ ਮੰਗ ਵੀ ਪਰਵਾਨ ਨਹੀਂ ਕੀਤੀ, ਉਹ ਜਾਗਰਿਤ ਕਿਸਾਨਾਂ ਦੀ ਏਕਤਾ ਅੱਗੇ ਕਿਵੇਂ ਨਿਤਾਣੀ ਹੋਈ ਖਲੋਤੀ ਹੈ! ਇਸ ਕਿਸਾਨ ਮੋਰਚੇ ਦਾ ਨਤੀਜਾ ਕੀ ਨਿੱਕਲਦਾ ਹੈ, ਇਹ ਪਤਾ ਕੁਝ ਦਿਨਾਂ ਵਿਚ ਲੱਗੇਗਾ। ਵੱਡੀ ਗੱਲ ਇਹ ਹੈ ਕਿ ਨਤੀਜੇ ਤੋਂ ਪਹਿਲਾਂ ਹੀ ਇਸ ਨੇ ਲੋਕ-ਸੰਗਰਾਮਾਂ ਦੇ ਇਤਿਹਾਸ ਵਿਚ ਇਕ ਨਹੀਂ, ਕਈ ਸੁਨਹਿਰੀ ਕਾਂਡ ਲਿਖ ਵੀ ਦਿੱਤੇ ਹਨ!

# ਅਡਾਨੀ ਪਾਵਰ ਨਾਲ ਸਮਝੌਤਾ ਨਾ ਹੋਣ ਬਾਰੇ ਕੈਪਟਨ ਦੀ ਸਫਾਈ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਸਾਨਾਂ ਅੰਦੋਲਨ ਨੂੰ ਨਿੱਜੀ ਸੁਆਰਥਾਂ ਲਈ ਵਰਤਣ ਸਬੰਧੀ ਅਰਵਿੰਦ ਕੇਜਰੀਵਾਲ ਉਤੇ ਤਿੱਖੇ ਦੋਸ਼ ਲਗਾਏ। ਮੁੱਖ ਮੰਤਰੀ ਨੇ ਕਿਹਾ ਕਿ ਦਿੱਲੀ 'ਚ ਕੇਜਰੀਵਾਲ ਸਰਕਾਰ ਅੰਬਾਨੀਆਂ ਦੇ ਆਸਰੇ ਤਰੱਕੀ ਕਰ ਰਹੀ ਹੈ ਅਤੇ ਇਥੇ ਹੀ ਬੱਸ ਨਹੀਂ, ਸਗੋਂ ਕੇਜਰੀਵਾਲ ਸਰਕਾਰ ਤਾਂ ਰਿਲਾਇੰਸ ਵਲੋਂ ਚਲਾਈ ਜਾ ਰਹੀ ਕੰਪਨੀ ਬੀ.ਐਸ.ਈ.ਐਸ. ਅਧੀਨ ਦਿੱਲੀ ਵਿਚ ਬਿਜਲੀ ਖੇਤਰ ਵਿਚ ਕੀਤੇ ਸੁਧਾਰਾਂ ਨੂੰ ਸਭ ਤੋਂ ਵੱਡੀ ਪ੍ਰਾਪਤੀ ਹੋਣ ਦਾ ਢੋਲ ਵਜਾ ਰਹੀ ਹੈ। ਦੂਜੇ ਪਾਸੇ ਪੰਜਾਬ ਸਰਕਾਰ ਨੇ ਨਾ ਤਾਂ ਅਡਾਨੀ ਪਾਵਰ ਨਾਲ ਕਿਸੇ ਤਰ੍ਹਾਂ ਦਾ ਸਮਝੌਤਾ ਕੀਤਾ ਹੈ ਅਤੇ ਨਾ ਹੀ ਸੂਬੇ ਵਿਚ ਬਿਜਲੀ ਦੀ ਖਰੀਦ ਲਈ ਪ੍ਰਾਈਵੇਟ ਕੰਪਨੀਆਂ ਦੀ ਬੋਲੀ ਬਾਰੇ ਜਾਣਦੀ ਹੈ। ਉਨ੍ਹਾਂ ਨੇ ਦਿੱਲੀ ਦੇ ਮੁੱਖ ਮੰਤਰੀ ਨੂੰ ਚਿਤਾਵਨੀ ਦਿੱਤੀ ਕਿ ਸੂਬੇ 'ਚ ਗਲਤ ਜਾਣਕਾਰੀ ਫੈਲਾਉਣ ਲਈ 'ਆਪ' ਵਲੋਂ ਅਪਣਾਏ ਘਟੀਆ ਹੱਥਕੰਡੇ ਅਤੇ ਕੋਝੀਆਂ ਚਾਲਾਂ ਪੰਜਾਬ ਸਰਕਾਰ ਅਤੇ ਕਿਸਾਨਾਂ ਦਰਮਿਆਨ ਪਾੜਾ ਪਾਉਣ ਦੀ ਉਨ੍ਹਾਂ ਦੀ ਤਾਜ਼ਾ ਕੋਸ਼ਿਸ਼ ਨੂੰ ਸਫਲ ਨਹੀਂ ਕਰਨਗੇ।



ਦੱਸ ਦਈਏ ਕਿ ਆਪ ਨੇ ਦੋਸ਼ ਲਾਇਆ ਹੈ ਕਿ ਖੇਤੀ ਬਾਰੇ ਕੇਂਦਰੀ ਕਾਨੂੰਨਾਂ ਵਿਰੁੱਧ ਜਿਸ ਸਮੇਂ ਪੰਜਾਬ ਅਤੇ ਦੇਸ਼ ਦਾ ਕਿਸਾਨ ਮੋਦੀ ਸਰਕਾਰ ਦੇ ਨਾਲ-ਨਾਲ ਕਰਪੋਰੇਟ ਘਰਾਣਿਆਂ ਖਿਲਾਫ ਆਰ-ਪਾਰ ਦੀ ਲੜਾਈ ਲੜ ਰਿਹਾ ਹੈ, ਠੀਕ ਉਸੇ ਸਮੇਂ ਕਾਂਗਰਸ ਦੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵਲੋਂ ਅਡਾਨੀ ਗਰੁੱਪ ਨਾਲ ਬਿਜਲੀ ਖਰੀਦ ਸਮਝੌਤਾ ਕਰਕੇ ਕਿਸਾਨ ਅੰਦੋਲਨ ਦੀ ਪਿੱਠ ਵਿਚ ਛੁਰਾ ਮਾਰਿਆ ਹੈ।

ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਕਿਹਾ ਕਿ ਜਦੋਂ ਖੇਤੀ ਕਾਨੂੰਨਾਂ ਵਿਰੁੱਧ ਪੰਜਾਬ ਅਤੇ ਦੇਸ਼ ਦੇ ਕਿਸਾਨ 26 ਨਵੰਬਰ ਨੂੰ ਦਿੱਲੀ ਕੂਚ ਦੀ ਲਾਮਬੰਦੀ ਕਰ ਰਹੇ ਸਨ ਤਾਂ ਠੀਕ ਉਸ ਸਮੇਂ ਕੈਪਟਨ ਅਮਰਿੰਦਰ ਸਿੰਘ ਅਡਾਨੀ ਗਰੁੱਪ ਨਾਲ ਬਿਜਲੀ ਖਰੀਦਣ ਦੀ ਡੀਲ ਸਿਰੇ ਚੜ੍ਹਾ ਰਹੇ ਸਨ।

# ਕਿਸਾਨਾਂ ਨੇ ਹਰਿਆਣਾ ਦੇ ਟੌਲ ਪਲਾਜ਼ੇ ਮੁਫਤ ਕਰਵਾਏ

**ਚੰਡੀਗੜ੍ਹ:** ਕੇਂਦਰੀ ਖੇਤੀ ਕਾਨੂੰਨਾਂ ਖਿਲਾਫ ਦਿੱਲੀ ਬਾਰਡਰ ਉਤੇ ਸੰਘਰਸ਼ ਕਰ ਰਹੀਆਂ ਕਿਸਾਨ ਜਥੇਬੰਦੀਆਂ ਦੇ ਸੱਦੇ 'ਤੇ ਕਿਸਾਨਾਂ ਨੇ ਹਰਿਆਣਾ ਦੇ ਟੌਲ ਪਲਾਜ਼ਿਆਂ ਉਤੇ ਵੀ ਕਬਜ਼ਾ ਕਰ ਕੇ ਮੁਫਤ ਕਰਵਾ ਦਿੱਤੇ ਹਨ। ਹੁਣ ਉਥੋਂ ਲੰਘਣ ਵਾਲੇ ਵਾਹਨਾਂ ਨੂੰ ਬਿਨਾਂ ਪਰਚੀ ਤੋਂ ਲੰਘਣ ਦਿੱਤਾ ਜਾ ਰਿਹਾ ਹੈ। ਪੰਜਾਬ ਵਿਚ ਕਿਸਾਨ ਜਥੇਬੰਦੀਆਂ ਵਲੋਂ ਪਿਛਲੇ ਤਿੰਨ ਮਹੀਨਿਆਂ ਤੋਂ ਟੌਲ ਪਲਾਜ਼ਿਆਂ ਉਤੇ ਕਬਜ਼ੇ ਕਰਕੇ ਧਰਨੇ ਦਿੱਤੇ ਜਾ ਰਹੇ ਹਨ, ਜਿਥੋਂ ਲੰਘਣ ਵਾਲੇ ਕਿਸੇ ਵਾਹਨ ਤੋਂ ਟੌਲ ਨਹੀਂ ਵਸੂਲਿਆ ਜਾਂਦਾ ਹੈ। ਦੂਜੇ ਪਾਸੇ, ਕਿਸਾਨ ਜਥੇਬੰਦੀਆਂ ਵੱਲੋਂ ਕਿਸਾਨਾਂ ਨੂੰ ਦਿੱਲੀ ਕੂਚ ਕਰਨ ਦਾ ਸੱਦਾ ਦਿੱਤੇ ਜਾਣ ਤੋਂ ਬਾਅਦ ਹਰਿਆਣਾ ਸਰਕਾਰ ਨੇ ਢਾਬੀ-ਗੁੱਜਰਾਂ ਨੇੜੇ ਸੜਕਾਂ ਉਤੇ ਵੱਡੇ ਪੱਥਰ ਰੱਖ ਕੇ ਰੁਕਾਵਟਾਂ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਹੈ ਪਰ ਕਿਸਾਨਾਂ ਨੇ ਇਹ ਰੁਕਾਵਟਾਂ ਕੁਝ ਹੀ ਸਮੇਂ ਵਿਚ ਹੀ ਹਟਾ ਦਿੱਤੀਆਂ। ਇਸ ਦੌਰਾਨ ਨੈਸ਼ਨਲ ਹਾਈਵੇਅ ਸਥਿਤ ਬਸਤਕ ਟੌਲ ਪਲਾਜ਼ਾ, ਪਾਣੀਪਤ, ਸੋਨੀਪਤ, ਭਿਵਾਨੀ, ਰੋਹਤਕ ਅਤੇ ਸੂਬੇ ਵਿਚ ਵੱਖ-ਵੱਖ ਥਾਵਾਂ ਉਤੇ ਟੌਲ ਪਲਾਜ਼ਿਆਂ 'ਤੇ ਕਬਜ਼ਾ ਕਰ ਲਿਆ ਹੈ। ਟੌਲ ਪਲਾਜ਼ਾ ਅਧਿਕਾਰੀਆਂ ਨੇ ਕਿਸਾਨਾਂ ਨੂੰ ਮਨਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਪਰ ਕਿਸਾਨਾਂ ਨੇ ਟੌਲ ਪਲਾਜ਼ਿਆਂ ਤੋਂ ਬਿਨਾਂ ਪਰਚੀ ਮੁਫਤ ਆਵਾਜਾਈ ਸ਼ੁਰੂ ਕਰਵਾ ਦਿੱਤੀ ਹੈ। ਕਿਸਾਨਾਂ ਦੇ ਸੰਘਰਸ਼ ਦੇ ਮੱਦੇਨਜ਼ਰ ਹਰਿਆਣਾ ਪੁਲਿਸ ਨੇ ਸੂਬੇ ਦੇ ਟੌਲ ਪਲਾਜ਼ਿਆਂ ਉਤੇ ਵੱਡੀ ਗਿਣਤੀ ਸੁਰੱਖਿਆ ਬਲ ਤਾਇਨਾਤ ਕਰ ਦਿੱਤੇ ਹਨ।



## ਜਥੇਦਾਰ ਵੱਲੋਂ ਕੇਂਦਰ ਤੇ ਕਿਸਾਨਾਂ ਨੂੰ ਗੱਲਬਾਤ ਦੀ ਅਪੀਲ

**ਪਟਿਆਲਾ:** ਤਖਤ ਪਟਨਾ ਸਾਹਿਬ ਦੇ ਜਥੇਦਾਰ ਭਾਈ ਰਣਜੀਤ ਸਿੰਘ ਨੇ ਕੌਮ ਦੇ ਨਾਂ ਸੰਦੇਸ਼ ਦਿੰਦਿਆਂ ਸੰਘਰਸ਼ੀ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਕੋਈ ਵੀ ਭੜਕਾਹਟ ਵਾਲਾ ਕਦਮ ਨਾ ਚੁੱਕਣ ਅਤੇ ਸ਼ਰਾਰਤੀ ਅਨਸਰਾਂ ਤੋਂ ਵੀ ਸੁਚੇਤ ਰਹਿਣ। ਉਨ੍ਹਾਂ ਨੇ ਕੇਂਦਰ ਸਰਕਾਰ ਤੇ ਕਿਸਾਨ ਜਥੇਬੰਦੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਮੌਜੂਦਾ ਸੰਕਟ ਦੇ ਹੱਲ ਲਈ ਗੱਲਬਾਤ ਦਾ ਸਹਾਰਾ ਲੈਣ। ਭਾਈ ਰਣਜੀਤ ਸਿੰਘ ਨੇ ਕੇਂਦਰ ਸਰਕਾਰ ਨੂੰ ਕਿਹਾ ਹੈ ਕਿ ਉਹ ਕਿਸਾਨਾਂ ਨਾਲ ਮਾੜਾ ਵਤੀਰਾ ਨਾ ਕਰੇ। ਜਥੇਦਾਰ ਨੇ ਸੁਰੱਖਿਆ ਕਰਮੀਆਂ ਨੂੰ ਅਪੀਲ ਕੀਤੀ ਕਿ ਉਹ ਕਿਸੇ ਵੀ ਕਾਰਨ ਕਿਸਾਨਾਂ ਉਤੇ ਬਲ ਦਾ ਪ੍ਰਯੋਗ ਨਾ ਕਰਨ। ਜਥੇਦਾਰ ਨੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਉਪਰਾਲਿਆਂ ਦੀ ਤਾਰੀਫ ਕੀਤੀ।

# ਸਾਬਕਾ ਫੌਜੀਆਂ ਵਲੋਂ ਮੈਡਲ ਤੇ ਖਿਤਾਬ ਮੋੜਨ ਦਾ ਐਲਾਨ

**ਚੰਡੀਗੜ੍ਹ:** ਪੰਜਾਬ, ਹਰਿਆਣਾ, ਉਤਰ ਪ੍ਰਦੇਸ਼, ਮੱਧ ਪ੍ਰਦੇਸ਼ ਅਤੇ ਦਿੱਲੀ ਦੇ ਸਾਬਕਾ ਫੌਜੀਆਂ ਦੀ ਜਥੇਬੰਦੀ ਨੇ ਕਿਸਾਨ ਸੰਘਰਸ਼ ਦੀ ਹਮਾਇਤ 'ਚ ਆਪਣੇ ਬਹਾਦਰੀ ਮੈਡਲ ਤੇ ਪੁਰਸਕਾਰ ਵਾਪਸ ਕਰਨ ਦਾ ਫੈਸਲਾ ਕੀਤਾ ਹੈ। ਰਾਸ਼ਟਰਪਤੀ ਨੂੰ ਕਈ ਬੈਗਾਂ 'ਚ ਮੈਡਲ ਭਰ ਕੇ ਵਾਪਸ ਕਰਨ ਜਾਂਦੇ ਇਨ੍ਹਾਂ ਸਾਬਕਾ ਫੌਜੀਆਂ ਨੂੰ ਰਾਸ਼ਟਰਪਤੀ ਭਵਨ ਪਹੁੰਚਣ ਨਹੀਂ ਦਿੱਤਾ ਤੇ ਪਹਿਲਾ ਪ੍ਰੀਤਮਪੁਰਾ ਵਿਖੇ ਗ੍ਰਿਫਤਾਰ ਕਰਕੇ ਪੁਲਿਸ ਦਿੱਲੀ ਦੇ ਬਾਹਰਵਾਰ ਛੱਡ ਗਈ।



ਸਿੰਘੂ ਬਾਰਡਰ ਮੋਰਚੇ 'ਚ ਪੁੱਜੇ ਕਰੀਬ 500 ਸਾਬਕਾ ਫੌਜੀਆਂ 'ਚ ਸ਼ਾਮਲ ਪੰਜਾਬ ਦੇ ਹਰਭਜਨ ਸਿੰਘ, ਮੱਧ ਪ੍ਰਦੇਸ਼ ਦੇ ਵਾਈ.ਪੀ.ਸਿੰਘ, ਹਰਿਆਣਾ ਦੇ ਕਪਿਲ ਦੇਵ, ਗੁਰਦਾਸਪੁਰ ਦੇ ਐਸ.ਪੀ. ਗੋਸਲ ਅਤੇ ਦਿੱਲੀ ਦੇ ਨਲਿਨ ਤਲਵਾੜ ਨੇ ਦੱਸਿਆ ਕਿ ਅਸੀਂ 5 ਹਜ਼ਾਰ ਸਾਬਕਾ ਫੌਜੀ (ਸੈਨਿਕ ਤੋਂ ਜੇ.ਸੀ.ਓ.) ਆਪਣੇ ਮੈਡਲ ਤੇ ਪੁਰਸਕਾਰ ਵਾਪਸ ਕਰਨ ਜਾ ਰਹੇ ਸੀ। ਉਨ੍ਹਾਂ ਆਪਣੇ ਹਾਸਲ ਕੀਤੇ ਮੈਡਲ ਤੇ ਪੁਰਸਕਾਰ ਥੈਲਿਆਂ ਵਿਚ ਪਾਏ ਹੋਏ ਸਨ।

ਇਨ੍ਹਾਂ ਸਾਬਕਾ ਫੌਜੀਆਂ ਦੇ ਆਗੂਆਂ ਦਾ ਕਿਸਾਨ ਸਟੇਜ ਉਪਰ ਸਨਮਾਨ ਵੀ ਕੀਤਾ ਗਿਆ। ਸਾਬਕਾ ਫੌਜੀਆਂ ਵਿਚ ਸੈਨਾ ਮੈਡਲ, ਵੀਰ ਚੱਕਰ ਤੇ ਹੋਰ ਬਹਾਦਰੀ ਪੁਰਸਕਾਰ ਹਾਸਲ ਕਰਨ ਵਾਲੇ ਹਨ।

## ਈਸਟ ਇੰਡੀਆ ਕੰਪਨੀ ਤੇ ਮੋਦੀ 'ਚ ਕੋਈ ਫਰਕ ਨਹੀਂ: ਬਲਬੀਰ ਸਿੱਧੂ

**ਮੁਹਾਲੀ:** ਕੈਬਨਿਟ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਆਖਿਆ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਡਿਕਟੇਟਰਾਂ ਵਾਂਗ ਲੋਕ ਵਿਰੋਧੀ ਫੈਸਲੇ ਥੋਪ ਰਹੇ ਹਨ ਅਤੇ ਉਨ੍ਹਾਂ ਅਤੇ ਈਸਟ ਇੰਡੀਆ ਕੰਪਨੀ ਵਿਚ ਕੋਈ ਫਰਕ ਨਹੀਂ ਹੈ। ਭਾਰਤ ਸਭ ਤੋਂ ਵੱਡਾ ਲੋਕਤੰਤਰੀ ਦੇਸ਼ ਹੈ ਪਰ ਮੋਦੀ ਮਨਮਾਨੇ ਢੰਗ ਨਾਲ ਲੋਕਤੰਤਰੀ ਤਰੀਕਿਆਂ ਨੂੰ ਛੱਡ ਕੇ ਡਿਕਟੇਟਰਾਂ ਵਾਂਗ ਵੱਡੇ ਸਨਅਤੀ ਘਰਾਣਿਆਂ ਦੇ ਵਿਚੋਲੇ ਬਣ ਕੇ ਲੋਕ ਵਿਰੋਧੀ ਫੈਸਲੇ ਲੈ ਰਹੇ ਹਨ।

ਬਲਬੀਰ ਸਿੰਘ ਸਿੱਧੂ ਨੇ ਕਿਹਾ ਕਿ ਅੰਬਾਨੀ ਅਤੇ ਅੰਡਾਨੀ ਨੂੰ ਖੁਸ਼ ਕਰਨ ਲਈ ਕਿਸਾਨ ਵਿਰੋਧੀ ਕਾਲੇ ਕਾਨੂੰਨ ਬਣਾ ਕੇ ਪ੍ਰਧਾਨ ਮੰਤਰੀ ਨੇ ਦੇਸ਼ ਦੇ ਅੰਨਦਾਤੇ ਨਾਲ ਧ੍ਰੋਹ ਕਮਾਇਆ ਹੈ।

# ਸੁਖਪਾਲ ਖਹਿਰਾ ਨੇ ਖੇਤੀ ਕਾਨੂੰਨਾਂ ਬਾਰੇ ਰਾਇਸ਼ੁਮਾਰੀ ਮੰਗੀ

**ਭੁਲੱਥ:** ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਖੇਤੀ ਕਾਨੂੰਨਾਂ ਸਬੰਧੀ ਮੋਦੀ ਸਰਕਾਰ ਅਤੇ ਕਿਸਾਨਾਂ ਵੱਲੋਂ ਲਏ ਆਪੋ-ਆਪਣੇ ਸਟੈਂਡ ਦੇ ਹੱਲ ਲਈ ਰਾਇਸ਼ੁਮਾਰੀ ਕਰਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੇ ਜਮੂਹਰੀ ਕਦਰਾਂ-ਕੀਮਤਾਂ ਵਿਚ ਵਿਸ਼ਵਾਸ ਰੱਖਦੇ ਹਨ ਤਾਂ ਉਨ੍ਹਾਂ ਨੂੰ ਕਿਸਾਨਾਂ ਅਤੇ ਸਰਕਾਰ ਦਰਮਿਆਨ ਕਾਨੂੰਨਾਂ ਸਬੰਧੀ ਰੇੜਕਾ ਖਤਮ ਕਰਨ ਲਈ ਰੈਫਰੈਂਡਮ ਕਰਵਾਉਣਾ ਚਾਹੀਦਾ ਹੈ। ਜੇ ਪੰਜਾਬ ਤੇ ਹਰਿਆਣਾ ਦੇ ਲੋਕ ਕਾਨੂੰਨਾਂ ਦੇ ਹੱਕ ਵਿਚ ਵੋਟ ਪਾਉਣਗੇ ਤਾਂ ਕਿਸਾਨ ਖੇਤੀ ਕਾਨੂੰਨਾਂ ਨੂੰ ਮੰਨ ਲੈਣਗੇ ਅਤੇ ਜੇ ਵਿਰੁੱਧ ਵੋਟ ਪਈ ਤਾਂ ਕੇਂਦਰ ਸਰਕਾਰ ਕਿਸਾਨ ਵਿਰੋਧੀ ਖੇਤੀ ਕਾਨੂੰਨਾਂ ਨੂੰ ਰੱਦ ਕਰੇ।

ਸ. ਖਹਿਰਾ ਨੇ ਕਿਹਾ ਕਿ ਕੇਂਦਰ ਸਰਕਾਰ ਦੋਹਰੇ ਮਾਪਦੰਡ ਅਪਣਾ ਰਹੀ ਹੈ। ਇਕ ਪਾਸੇ ਕਿਸਾਨਾਂ ਨਾਲ ਗੱਲਬਾਤ ਕਰ ਰਹੀ ਹੈ ਅਤੇ ਦੂਸਰੇ ਪਾਸੇ ਇਨ੍ਹਾਂ ਖੇਤੀ ਕਾਨੂੰਨਾਂ ਦੇ ਪੱਖ ਵਿਚ ਪ੍ਰਚਾਰ ਕੀਤਾ ਜਾ ਰਿਹਾ। ਉਨ੍ਹਾਂ ਕਿਹਾ ਕਿ ਦਿੱਲੀ ਦੀਆਂ ਹੱਦਾਂ ਉਤੇ ਲੱਖਾਂ ਦੀ ਗਿਣਤੀ ਵਿੱਚ ਲੋਕਾਂ ਦੇ ਪਹੁੰਚਣ ਤੋਂ ਇਲਾਵਾ ਪੰਜਾਬ ਵਿਧਾਨ ਸਭਾ ਨੇ ਵੀ ਪੰਜਾਬੀਆਂ ਦੀਆਂ ਭਾਵਨਾਵਾਂ ਨੂੰ ਮੋਦੀ ਸਰਕਾਰ ਤੱਕ ਪਹੁੰਚਾਉਣ ਵਾਸਤੇ ਸਰਬਸੰਮਤੀ ਨਾਲ ਖੇਤੀ ਕਾਨੂੰਨਾਂ ਵਿਰੁੱਧ ਮਤਾ ਪਾਸ ਕੀਤਾ ਹੋਇਆ ਹੈ, ਪਰ ਅਜੇ ਤੱਕ ਉਸ ਉਤੇ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ। ਉਨ੍ਹਾਂ ਕੇਂਦਰ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਕਿਸਾਨਾਂ ਨੂੰ ਦਿੱਲੀ ਤੋਂ ਜਬਰਦਸਤੀ ਹਟਾਉਣ ਵਾਸਤੇ ਤਾਕਤ ਵਰਤੀ ਤਾਂ ਇਸ ਨਾਲ ਦੇਸ਼ ਦੇ ਭਵਿੱਖ ਉਤੇ ਮਾਰੂ ਅਸਰ ਪਵੇਗਾ।

# ਭਾਜਪਾ ਮਹਿਲਾ ਆਗੂਆਂ ਵੱਲੋਂ ਕਿਸਾਨਾਂ ਦੇ ਹੱਕ ਵਿਚ ਅਸਤੀਫੇ

**ਰਾਜਪੁਰਾ:** ਦਿੱਲੀ ਵਿਚ ਖੇਤੀ ਕਾਨੂੰਨਾਂ ਖਿਲਾਫ ਕਿਸਾਨ ਜਥੇਬੰਦੀਆਂ ਦੇ ਅੰਦੋਲਨ ਨੂੰ ਸਮਰਥਨ ਦਿੰਦਿਆਂ ਭਾਜਪਾ ਮਹਿਲਾ ਮੋਰਚਾ ਦੀਆਂ ਆਗੂਆਂ ਨੇ ਅਹੁਦਿਆਂ ਤੋਂ ਅਸਤੀਫੇ ਦੇਣ ਦਾ ਐਲਾਨ ਕੀਤਾ ਹੈ। ਭਾਜਪਾ ਮਹਿਲਾ ਮੋਰਚਾ ਦੀ ਮੀਟਿੰਗ ਇਥੇ ਮਿਰਚ ਮੰਡੀ ਵਿਚ ਮਹਿਲਾ ਸ਼ਕਤੀਕਰਨ ਭਾਜਪਾ ਦੀ ਸੂਬਾ ਇੰਚਾਰਜ ਨਰਿੰਦਰ ਕੌਰ ਗਿੱਲ ਦੀ ਅਗਵਾਈ ਹੇਠ ਹੋਈ, ਜਿਸ ਵਿਚ ਮਹਿਲਾ ਮੋਰਚਾ ਭਾਜਪਾ ਉਤਰੀ ਪਟਿਆਲਾ ਦੀ ਜਨਰਲ ਸਕੱਤਰ ਸ਼ਕੁੰਤਲਾ ਬਾਜਵਾ, ਖਜ਼ਾਨਚੀ ਜਗੀਰ ਕੌਰ, ਸੋਸ਼ਲ ਮੀਡੀਆ ਕਨਵੀਨਰ ਪ੍ਰਭਜੋਤ ਕੌਰ ਅਤੇ ਅਨੀਤਾ ਰਾਣੀ ਸਣੇ ਹੋਰਨਾਂ ਨੇ ਅਹੁਦਿਆਂ ਤੋਂ ਅਸਤੀਫੇ ਦੇ ਕੇ ਭਾਜਪਾ ਨੂੰ ਅਲਵਿਦਾ ਆਖ ਦਿੱਤੀ। ਬੀਬੀ ਗਿੱਲ ਨੇ ਕਿਹਾ ਕਿ ਮੋਦੀ ਸਰਕਾਰ ਦੇ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਕਿਸਾਨ ਕਈ ਦਿਨਾਂ ਤੋਂ ਦਿੱਲੀ ਵਿਚ ਅੰਦੋਲਨ ਕਰ ਰਹੇ ਹਨ, ਪਰ ਸਰਕਾਰ ਇਨ੍ਹਾਂ ਕਾਨੂੰਨਾਂ ਨੂੰ ਰੱਦ ਕਰਨ ਲਈ ਤਿਆਰ ਨਹੀਂ, ਜਿਸ ਦੇ ਰੋਸ ਵਜੋਂ ਉਹ ਭਾਜਪਾ ਨੂੰ ਛੱਡ ਰਹੇ ਹਨ। ਇਸ ਦੌਰਾਨ ਉਨ੍ਹਾਂ ਦੱਸਿਆ ਕਿ ਭਾਜਪਾ ਮਹਿਲਾ ਮੋਰਚਾ ਦੀਆਂ ਹੋਰ ਵੀ ਔਰਤਾਂ ਉਨ੍ਹਾਂ ਦੇ ਸੰਪਰਕ 'ਚ ਹਨ ਅਤੇ ਛੇਤੀ ਉਨ੍ਹਾਂ ਵੱਲੋਂ ਅਹੁਦਿਆਂ ਤੋਂ ਅਸਤੀਫੇ ਦਿੱਤੇ ਜਾਣਗੇ।

ਕੇਂਦਰ ਉਤੇ ਨਿਸ਼ਾਨਾ ਸੇਧਦਿਆਂ ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਕਿਸਾਨਾਂ ਨਾਲ ਮਾੜਾ ਵਿਹਾਰ ਕਰ ਰਹੀ ਹੈ, ਜਿਸ ਕਾਰਨ ਉਹ ਸੜਕਾਂ ਉਤੇ ਰੁਲਣ ਲਈ ਮਜਬੂਰ ਹਨ। ਇਸ ਮੌਕੇ ਉਨ੍ਹਾਂ ਕਿਹਾ ਕਿ ਇਹ ਸੰਘਰਸ਼ ਹੁਣ ਸਿਰਫ ਕਿਸਾਨਾਂ ਦਾ ਨਹੀਂ, ਸਗੋਂ ਸਮਾਜ ਦੇ ਹਰ ਵਰਗ ਦਾ ਬਣ ਗਿਆ ਹੈ।

# 'ਖੇਤੀ ਸੁਧਾਰਾਂ' ਦਾ ਦੇਸ਼ਵਿਆਪੀ ਪ੍ਰਚਾਰ ਕਰੇਗੀ ਭਾਜਪਾ

**ਨਵੀਂ ਦਿੱਲੀ:** ਕੁਝ ਕਿਸਾਨ ਯੂਨੀਅਨਾਂ ਵੱਲੋਂ ਨਵੇਂ ਖੇਤੀ ਸੁਧਾਰਾਂ/ਕਾਨੂੰਨਾਂ ਖਿਲਾਫ ਅੰਦੋਲਨ ਤੇਜ਼ ਕੀਤੇ ਜਾਣ ਦੇ ਸੱਦੇ ਦਰਮਿਆਨ ਭਾਜਪਾ ਨੇ ਇਨ੍ਹਾਂ ਤਿੰਨਾਂ ਕਾਨੂੰਨਾਂ ਦੇ ਪ੍ਰਚਾਰ ਪਾਸਾਰ ਅਤੇ ਫਾਇਦੇ ਗਿਣਾਉਣ ਦੇ ਇਰਾਦੇ ਨਾਲ ਪਿੰਡਾਂ ਦੀਆਂ 'ਚੌਪਾਲਾਂ' (ਸੱਥਾਂ) ਸਮੇਤ ਦੇਸ਼ ਪੱਧਰ ਉਤੇ ਪ੍ਰੋਗਰਾਮ ਵਿੱਢਣ ਦਾ ਫੈਸਲਾ ਕੀਤਾ ਹੈ।

ਪਾਰਟੀ ਸੂਤਰਾਂ ਨੇ ਕਿਹਾ ਕਿ ਪ੍ਰੋਗਰਾਮਾਂ ਦੀ ਇਸ ਲੜੀ ਵਿਚ ਦੇਸ਼ ਦੇ 700 ਤੋਂ ਵੱਧ ਜ਼ਿਲ੍ਹਿਆਂ ਵਿਚ ਪੱਤਰਕਾਰ ਮਿਲਣੀਆਂ ਤੇ ਜਨਤਕ ਇਕੱਠਾਂ ਦੇ ਨਾਲ ਹੋਰ ਸਮਾਗਮ ਕੀਤੇ ਜਾਣਗੇ। ਕਾਬਲੇਗੌਰ ਹੈ ਕਿ ਭਾਜਪਾ ਵੱਲੋਂ ਲਗਾਤਾਰ ਇਹ ਦੋਸ਼ ਲਾਇਆ ਜਾ ਰਿਹਾ ਹੈ ਕਿ ਉਸ ਦੇ ਰਵਾਇਤੀ ਵਿਰੋਧੀ ਸੌੜੇ ਸਿਆਸੀ ਹਿੱਤਾਂ ਦੀ ਪੂਰਤੀ ਲਈ ਕਿਸਾਨਾਂ ਨੂੰ ਖੇਤੀ ਸੁਧਾਰਾਂ ਬਾਰੇ ਗੁੰਮਰਾਹ ਕਰ ਰਹੇ ਹਨ।

ਉਧਰ, ਕੇਂਦਰੀ ਖੇਤੀ ਮੰਤਰੀ ਨਰਿੰਦਰ ਸਿੰਘ ਤੋਮਰ ਤੇ ਰੇਲ ਮੰਤਰੀ ਪਿਊਸ਼ ਗੋਇਲ ਵੱਲੋਂ ਪ੍ਰਦਰਸ਼ਨਕਾਰੀ ਕਿਸਾਨਾਂ ਨੂੰ ਸੰਵਾਦ ਜਾਰੀ ਰੱਖਣ ਤੇ ਇਸ ਮਸਲੇ ਦਾ ਦੋਸਤਾਨਾ ਹੱਲ ਕੱਢਣ ਦੀ ਕੀਤੀ ਅਪੀਲ ਮਗਰੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਸਾਨਾਂ ਨੂੰ ਕਿਹਾ ਕਿ ਉਹ ਦੋਵਾਂ ਮੰਤਰੀਆਂ ਵੱਲੋਂ ਕਹੀਆਂ ਗੱਲਾਂ ਨੂੰ ਸੁਣਨ।

ਨਰਿੰਦਰ ਮੋਦੀ ਨੇ ਟਵੀਟ ਕੀਤਾ, 'ਮੇਰੇ ਦੋ (ਵਜ਼ਾਰਤੀ) ਸਾਥੀਆਂ ਨਰਿੰਦਰ ਸਿੰਘ ਤੋਮਰ ਤੇ ਪਿਊਸ਼ ਗੋਇਲ ਵੱਲੋਂ ਨਵੇਂ ਖੇਤੀ ਕਾਨੂੰਨਾਂ ਤੇ ਕਿਸਾਨੀ ਮੰਗਾਂ ਬਾਰੇ ਕਹੀਆਂ ਗੱਲਾਂ ਨੂੰ ਸੁਣੋ।' ਕਿਸਾਨਾਂ ਵੱਲੋਂ ਸਰਕਾਰ ਦੀਆਂ ਤਜਵੀਜ਼ਾਂ ਰੱਦ ਕੀਤੇ ਜਾਣ ਤੋਂ ਇਕ ਦਿਨ ਮਗਰੋਂ ਤੋਮਰ ਤੇ ਗੋਇਲ ਨੇ ਕਿਸਾਨ ਆਗੂਆਂ ਨੂੰ ਤਜਵੀਜ਼ਾਂ ਉਤੇ ਮੁੜ ਗੌਰ ਕਰਨ ਲਈ ਆਖਦਿਆਂ ਗੱਲਬਾਤ ਦੀ ਮੇਜ਼ ਉਤੇ ਪਰਤਣ ਦੀ ਅਪੀਲ ਕੀਤੀ ਸੀ।

# ਮੋਦੀ ਨੇ ਮੁੜ ਗਾਏ ਖੇਤੀ ਕਾਨੂੰਨਾਂ ਦੇ ਸੋਹਲੇ

**ਨਵੀਂ ਦਿੱਲੀ:** ਨਵੇਂ ਖੇਤੀ ਕਾਨੂੰਨਾਂ ਖਿਲਾਫ ਕਿਸਾਨਾਂ ਵਲੋਂ ਸੰਘਰਸ਼ ਹੋਰ ਤੇਜ਼ ਕਰਨ ਦਾ ਅਹਿਦ ਲਏ ਜਾਣ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਰੋਸਾ ਦਿੱਤਾ ਕਿ ਉਨ੍ਹਾਂ ਦੀ ਸਰਕਾਰ ਕਿਸਾਨਾਂ ਦੀ ਭਲਾਈ ਲਈ ਵਚਨਬੱਧ ਹੈ ਅਤੇ ਇਨ੍ਹਾਂ ਕਾਨੂੰਨਾਂ ਦਾ ਮਕਸਦ ਉਨ੍ਹਾਂ ਦੀ ਆਮਦਨ ਵਧਾਉਣ ਲਈ ਬਦਲਵੀਆਂ ਮੰਡੀਆਂ ਦੇਣਾ ਹੈ।

ਕਿਸਾਨਾਂ ਦੇ ਅੰਦੋਲਨ ਵੱਲ ਸਿੱਧਾ ਇਸ਼ਾਰਾ ਕੀਤੇ ਬਿਨਾਂ ਮੋਦੀ ਨੇ ਕਿਹਾ ਕਿ ਖੇਤੀਬਾੜੀ ਸਬੰਧੀ ਸੋਧਾਂ ਸਰਕਾਰ ਵਲੋਂ ਅੜਿੱਕਿਆਂ ਨੂੰ ਹਟਾਉਣ ਲਈ ਕੀਤੀਆਂ ਗਈਆਂ ਕੋਸ਼ਿਸ਼ਾਂ ਦਾ ਹਿੱਸਾ ਹਨ ਅਤੇ ਇਹ ਨਵੇਂ ਕਾਨੂੰਨ ਇਸ ਖੇਤਰ ਵਿਚ ਤਕਨਾਲੋਜੀ ਅਤੇ ਨਿਵੇਸ਼ ਲੈ ਕੇ ਆਉਣਗੇ। ਉਨ੍ਹਾਂ ਕਿਹਾ ਕਿ ਆਪਣੀਆਂ ਨੀਤੀਆਂ ਅਤੇ ਕਾਰਵਾਈਆਂ ਰਾਹੀਂ ਸਰਕਾਰ ਕਿਸਾਨਾਂ ਦੇ ਹਿੱਤਾਂ ਅਤੇ ਭਲਾਈ ਲਈ ਵਚਨਬੱਧ ਹੈ। ਸਨਅਤੀ ਸੰਗਠਨ ਫਿੱਕੀ ਦੀ ਇਥੇ ਹੋਈ ਸਾਲਾਨਾ ਬੈਠਕ ਮੌਕੇ ਉਨ੍ਹਾਂ ਕਿਹਾ, "ਸੋਧਾਂ ਨਾਲ ਖੇਤੀਬਾੜੀ ਸੈਕਟਰ ਵਿਚ ਨਿਵੇਸ਼ ਵਧੇਗਾ ਅਤੇ ਕਿਸਾਨਾਂ ਦਾ ਫਾਇਦਾ ਹੋਵੇਗਾ। ਸਰਕਾਰ ਦੀਆਂ ਸਾਰੀਆਂ ਸੋਧਾਂ ਦਾ ਮਕਸਦ ਕਿਸਾਨਾਂ ਨੂੰ ਖੁਸ਼ਹਾਲ ਬਣਾਉਣਾ ਹੈ।" ਉਨ੍ਹਾਂ ਕਿਹਾ ਕਿ ਸੰਸਦ ਦੇ ਪਿਛਲੇ ਸੈਸ਼ਨ ਵਿਚ ਪ੍ਰਵਾਨ ਕੀਤੇ ਨਵੇਂ ਕਾਨੂੰਨ ਕਿਸਾਨਾਂ ਨੂੰ ਨਿਰਧਾਰਿਤ ਮੰਡੀਆਂ ਤੋਂ ਬਾਹਰ ਆਪਣੀ ਫਸਲ ਵੇਚਣ ਅਤੇ ਖਰੀਦਣ ਦਾ ਵਾਧੂ ਮੌਕਾ ਦਿੰਦੇ ਹਨ। ਕਿਸਾਨ ਹੁਣ ਆਪਣੀ ਫਸਲ ਮੰਡੀਆਂ ਵਿਚ ਅਤੇ ਬਾਹਰੀ ਧਿਰਾਂ ਨੂੰ ਵੀ ਵੇਚ ਸਕਦੇ ਹਨ।

ਆਪਣੀ ਸਰਕਾਰੀ ਦੇ ਕਿਸਾਨ ਪੱਖੀ ਕੰਮ ਗਿਣਾਉਂਦਿਆਂ ਮੋਦੀ ਨੇ ਕਿਹਾ ਕਿ ਸਰਕਾਰ ਨੇ ਗੰਨੇ ਤੋਂ ਈਥਾਨੌਲ ਬਣਾਉਣ ਨੂੰ ਉਤਸ਼ਾਹਿਤ ਕੀਤਾ ਹੈ। ਇਸ ਈਥਾਨੌਲ ਨੂੰ ਪੈਟਰੋਲ ਵਿਚ ਮਿਲਾਉਣ ਨਾਲ ਭਾਰਤ ਦੀ ਤੇਲ ਦਰਾਮਦਗੀ ਉਤੇ ਨਿਰਭਰਤਾ ਘਟੇਗੀ ਅਤੇ ਕਿਸਾਨਾਂ ਨੂੰ ਉਨ੍ਹਾਂ ਦੀਆਂ ਫਸਲਾਂ ਦਾ ਲਾਹੇਵੰਦ ਭਾਅ ਮਿਲੇਗਾ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਤਕਨਾਲੋਜੀ ਮਿਲੇਗੀ ਅਤੇ ਮਾਰਕੀਟ ਤੱਕ ਪਹੁੰਚ ਹੋਣ ਦਾ ਲਾਹਾ ਮਿਲੇਗਾ। ਸਨਅਤੀ ਖੇਤਰ ਦੀ ਖੇਤੀ ਸੈਕਟਰ 'ਚ ਸੀਮਤ ਭਾਗੀਦਾਰੀ ਤੋਂ ਨਾਖੁਸ਼ ਪ੍ਰਧਾਨ ਮੰਤਰੀ ਨੇ ਸਨਅਤਾਂ ਨੂੰ ਇਸ ਸੈਕਟਰ ਵਿਚ ਦਿਲਚਸਪੀ ਲੈਣ ਤੇ ਨਿਵੇਸ਼ ਵਧਾਉਣ ਲਈ ਆਖਿਆ। ਉਨ੍ਹਾਂ ਕਿਹਾ ਕਿ ਇਹ ਮੰਦਭਾਗਾ ਹੈ ਕਿ ਭਾਰਤੀ ਸਨਅਤ ਨੇ ਖੇਤੀਬਾੜੀ ਵਿਚ ਜ਼ਿਆਦਾ ਨਿਵੇਸ਼ ਨਹੀਂ ਕੀਤਾ ਹੈ ਅਤੇ ਨਿੱਜੀ ਕਾਰੋਬਾਰੀਆਂ ਨੇ ਵੀ ਇਸ ਸੈਕਟਰ ਨੂੰ ਪੂਰੀ ਤਰ੍ਹਾਂ ਨਾਲ ਨਹੀਂ ਟਟੋਲਿਆ ਹੈ।

## ਖੇਤੀ ਸੈਕਟਰ ਲਈ ਗਲਤ ਕਦਮ ਚੁੱਕਣ ਦਾ ਸਵਾਲ ਹੀ ਨਹੀਂ: ਰਾਜਨਾਥ

**ਨਵੀਂ ਦਿੱਲੀ:** ਕਿਸਾਨ ਅੰਦੋਲਨ ਦਾ ਜ਼ਿਕਰ ਕਰਦਿਆਂ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਹੈ ਕਿ ਖੇਤੀ ਸੈਕਟਰ ਲਈ ਗਲਤ ਕਦਮ ਚੁੱਕਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਉਨ੍ਹਾਂ ਕਿਹਾ ਕਿ ਹਾਲ ਹੀ ਵਿਚ ਕੀਤੇ ਗਏ ਸੁਧਾਰ ਕਿਸਾਨਾਂ ਦੇ ਹਿੱਤਾਂ ਨੂੰ ਦੇਖਦਿਆਂ ਕੀਤੇ ਗਏ ਹਨ। ਹਾਲਾਂਕਿ, ਅਸੀਂ ਹਮੇਸ਼ਾ ਹੀ ਆਪਣੇ ਕਿਸਾਨ ਭਰਾਵਾਂ ਦੀ ਗੱਲ ਸੁਣਨ ਲਈ ਤਿਆਰ ਰਹਿੰਦੇ ਹਾਂ, ਉਨ੍ਹਾਂ ਦੇ ਭਲੇਖੇ ਦੂਰ ਕਰਦੇ ਹਾਂ।

ਉਨ੍ਹਾਂ ਖੇਤੀ ਨੂੰ ਮਾਂ ਖੇਤਰ ਦੱਸਦਿਆਂ ਕਿਹਾ ਕਿ ਸਰਕਾਰ ਮਸਲਿਆਂ ਦੇ ਹੱਲ ਲਈ ਵਿਚਾਰ ਵਟਾਂਦਰੇ ਅਤੇ ਗੱਲਬਾਤ ਲਈ ਹਮੇਸ਼ਾ ਤਿਆਰ ਹੈ। ਉਨ੍ਹਾਂ ਕਿਹਾ ਕਿ ਖੇਤੀ ਇਕ ਅਜਿਹਾ ਸੈਕਟਰ ਹੈ ਜੋ ਕਰੋਨਾ ਮਹਾਮਾਰੀ ਦੇ ਮਾੜੇ ਅਸਰ ਤੋਂ ਬਚਣ ਵਿਚ ਸਫਲ ਰਿਹਾ। ਸਾਡੀ ਪੈਦਾਵਾਰ ਅਤੇ ਖਰੀਦ ਠੀਕ ਹੈ ਅਤੇ ਸਾਡੇ ਗੋਦਾਮ ਭਰੇ ਹੋਏ ਹਨ। ਅਸੀਂ ਕਦੇ ਵੀ ਖੇਤੀ ਸੈਕਟਰ ਲਈ ਗਲਤ ਕਦਮ ਨਹੀਂ ਚੁੱਕ ਸਕਦੇ।

# ਕਿਸਾਨ ਮੋਰਚੇ ਦਾ ਦਬਾਅ ਤੇ ਹਾਕਮਾਂ ਦੀ ਹਕੀਕੀ ਹੈਸੀਅਤ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਦਿੱਲੀ ਦੀ ਫਿਰਨੀ ਉਤੇ ਲੱਗਾ ਹੋਇਆ ਉਹ ਕਿਸਾਨ ਮੋਰਚਾ ਸਾਰੇ ਦੇਸ਼ ਦੇ ਕਿਸਾਨਾਂ ਦੇ ਮੋਰਚੇ ਦੀ ਹਾਲਤ ਵਿਚ ਪਹੁੰਚ ਚੁਕਾ ਹੈ, ਜੋ ਪਹਿਲਾਂ ਨਵੰਬਰ ਦੇ ਤੀਸਰੇ ਹਫਤੇ ਤੱਕ ਸਿਰਫ ਪੰਜਾਬ ਤੱਕ ਸੀਮਤ ਸੀ। ਕਈ ਪੜਾਵਾਂ ਵਿਚੋਂ ਲੰਘਣ ਪਿੱਛੋਂ ਜਦੋਂ ਦਿੱਲੀ ਵੱਲ ਤੁਰਨ ਦਾ ਸਮਾਂ ਆਇਆ ਤਾਂ ਪਹਿਲਾਂ ਸੀਮਤ ਜਿਹਾ ਪ੍ਰਦਰਸ਼ਨ ਕਰਨ ਵਾਲੇ ਹਰਿਆਣਾ ਦੇ ਕਿਸਾਨ ਪੰਜਾਬ ਵਾਲੇ ਕਿਸਾਨਾਂ ਤੋਂ ਵੀ ਇੱਕਦਮ ਵੱਧ ਸਰਗਰਮ ਹੋ ਕੇ ਐਡਵਾਂਸ ਪਾਰਟੀ ਦਾ ਫਰਜ਼ ਨਿਭਾਉਣ ਤੇ ਪੁਲਿਸ ਦੀਆਂ ਰੋਕਾਂ ਤੋੜਨ ਵਾਲਾ ਪਹਿਲਾ ਜਥਾ ਬਣ ਕੇ ਉੱਭਰੇ। ਇਸ ਪਿੱਛੋਂ ਉੱਤਰ ਪ੍ਰਦੇਸ਼ ਦੇ ਰਾਕੇਸ਼ ਟਿਕੈਤ ਦਾ ਕਿਸਾਨ ਜਥਾ ਆਣ ਪਹੁੰਚਿਆ ਤੇ ਉਸ ਦੇ ਬਾਅਦ ਇੱਕ ਪਿੱਛੋਂ ਦੂਸਰਾ ਕਈ ਰਾਜਾਂ ਦੇ ਕਿਸਾਨ ਜਥੇ ਆਣ ਕੇ ਦਿੱਲੀ ਬਾਰਡਰ ਦੇ ਬਾਹਰ ਲੱਗੇ ਕਿਸਾਨ ਮੋਰਚੇ ਵਿਚ ਸ਼ਾਮਲ ਹੁੰਦੇ ਗਏ। ਕੇਂਦਰ ਸਰਕਾਰ ਜ਼ਾਹਰਾ ਤੌਰ ਉੱਤੇ ਇਹੋ ਜਿਹੇ ਮੋਰਚੇ ਬਾਰੇ ਲਾਪਰਵਾਹੀ ਵਿਖਾਉਂਦੀ ਰਹੀ, ਪਰ ਅੰਦਰ-ਖਾਤੇ ਇਸ ਮੋਰਚੇ ਨਾਲ ਨਿਪਟਣ ਦੀਆਂ ਸਬੀਲਾਂ ਸੋਚਦੀ ਰਹੀ ਤੇ ਇਸੇ ਕਾਰਨ ਕਿਸਾਨ ਮੋਰਚੇ ਦੇ ਆਗੂਆਂ ਨਾਲ ਪੰਜ ਕੁ ਵਾਰ ਮੀਟਿੰਗਾਂ ਵੀ ਲਾ ਲਈਆਂ। ਇਨ੍ਹਾਂ ਮੀਟਿੰਗਾਂ ਵਿਚੋਂ ਭਾਵੇਂ ਬਹੁਤਾ ਕੁਝ ਨਹੀਂ ਨਿਕਲ ਸਕਿਆ, ਫਿਰ ਵੀ ਸਰਕਾਰ ਦੀ ਹਕੀਕੀ ਹੈਸੀਅਤ ਇਸ ਦੇਸ਼ ਦੇ ਲੋਕਾਂ ਸਾਹਮਣੇ ਆ ਗਈ ਹੈ।



ਕਿਸਾਨਾਂ ਅਤੇ ਕੇਂਦਰ ਦੇ ਤਿੰਨ ਮੰਤਰੀਆਂ ਵਿਚਾਲੇ ਹੋਈਆਂ ਇਨ੍ਹਾਂ ਮੀਟਿੰਗਾਂ ਵਿਚੋਂ ਤਿੰਨ ਦਸੰਬਰ ਵਾਲੀ ਮੀਟਿੰਗ ਵਿਚ ਇੱਕ ਮੌਕਾ ਏਦਾਂ ਦਾ ਆਇਆ, ਜਦੋਂ ਖੇਤੀ ਮੰਤਰੀ ਨਰਿੰਦਰ ਸਿੰਘ ਤੋਮਰ ਨੇ ਕੁਝ ਕਿਸਾਨ ਪੱਖੀ ਸਟੈਂਡ ਦਾ ਪ੍ਰਭਾਵ ਜਿਹਾ ਬਣਾਉਣਾ ਚਾਹਿਆ। ਉਸ ਨੇ ਇਹ ਵੀ ਕਹਿ ਦਿੱਤਾ ਕਿ ਉਹ ਕਿਸਾਨਾਂ ਦੇ ਦੁੱਖ ਸਮਝਦਾ ਹੈ ਅਤੇ ਉਨ੍ਹਾਂ ਦਾ ਨੁਕਸਾਨ ਨਹੀਂ ਚਾਹੁੰਦਾ ਤੇ ਹੋਰ ਅੱਗੇ ਵਧ ਕੇ ਕਿਸਾਨ ਆਗੂ ਜੋ ਕੁਝ ਕਹਿ ਰਹੇ ਹਨ, ਉਸ ਨਾਲ ਸਹਿਮਤ ਹੋਣ ਵਾਲਾ ਸੰਕੇਤ ਵੀ ਉਸ ਨੇ ਕਰ ਦਿੱਤਾ। ਕਿਸਾਨ ਆਗੂਆਂ ਲਈ ਇਹ ਇੱਕ ਚੰਗਾ ਸੰਕੇਤ ਸੀ, ਪਰ ਦੋ ਕੁ ਮਿੰਟ ਬਾਅਦ ਉਹ ਚੱਲਦੀ ਮੀਟਿੰਗ ਵਿਚੋਂ ਬਾਹਰ ਗਿਆ ਤੇ ਦੂਸਰੇ ਕਮਰੇ ਵਿਚ ਖੜੋ ਕੇ ਕਿਸੇ ਉੱਪਰਲੇ ਨਾਲ ਫੋਨ ਉੱਤੇ ਗੱਲ ਕਰ ਲਈ ਤਾਂ ਵਾਪਸ ਆਣ ਕੇ ਉਸ ਦੀ ਭਾਸ਼ਾ ਬਦਲ ਗਈ। ਉਸ ਨੇ ਬਿਨਾ ਕੋਈ ਲੁਕਾਅ ਰੱਖੇ ਤੋਂ ਇਹ ਗੱਲ ਕਹਿ ਦਿੱਤੀ ਕਿ ਅੱਜ ਅਸੀਂ ਤੁਹਾਡੀ ਗੱਲ ਮੰਨ ਲਈਏ ਤਾਂ ਕੱਲ੍ਹ ਨੂੰ ਕਾਰਪੋਰੇਟ ਘਰਾਣੇ ਨਾਰਾਜ਼ ਹੋ ਜਾਣਗੇ। ਕਿਸਾਨ ਲੀਡਰਸ਼ਿਪ ਹੈਰਾਨ ਹੋ ਗਈ ਕਿ ਖੇਤੀ ਮੰਤਰੀ ਏਡੀ ਵੱਲ ਗੱਲ ਕਹਿ ਗਿਆ ਹੈ। ਇਸ ਦੇ ਬਾਅਦ ਮੀਟਿੰਗ ਉੱਠ ਗਈ, ਪਰ ਦੇਸ਼ ਦੇ ਲੋਕਾਂ ਨੂੰ ਇਹ ਪਤਾ ਲੱਗ ਗਿਆ ਕਿ ਨਰਿੰਦਰ ਮੋਦੀ ਸਰਕਾਰ ਨੂੰ ਕਰੋੜਾਂ ਕਿਸਾਨਾਂ ਤੇ ਉਨ੍ਹਾਂ ਦੇ ਪਰਿਵਾਰਾਂ ਦੀ ਚਿੰਤਾ ਨਹੀਂ, ਸਾਰੀ ਚਿੰਤਾ ਇਸ ਗੱਲ ਦੀ ਹੈ ਕਿ ਵੱਡੇ ਕਾਰਪੋਰੇਟ ਘਰਾਣੇ ਨਾਰਾਜ਼ ਨਾ ਹੋ ਜਾਣ। ਇਹ ਗੱਲ ਮੀਡੀਏ ਵਿਚ ਵੀ ਚਰਚਾ ਦਾ ਵਿਸ਼ਾ ਬਣੀ। ਅਸੀਂ ਸਮਝਦੇ ਸੀ ਕਿ ਅਗਲੀ ਵਾਰੀ ਕੋਈ ਮੀਟਿੰਗ ਹੋਈ ਤਾਂ ਮੰਤਰੀ ਇਸ ਤਰ੍ਹਾਂ ਦੀ ਕੋਈ ਗੱਲ ਕਹਿਣ ਤੋਂ ਪਹਿਲਾਂ ਸੌ ਵਾਰ ਸੋਚਣਗੇ, ਤਾਂ ਕਿ ਉਨ੍ਹਾਂ ਦੀ ਸਰਕਾਰ ਦੀ ਬਦਨਾਮੀ ਨਾ ਹੋਵੇ, ਪਰ ਗੱਲ ਹੋਰ ਵਧ ਗਈ। ਅਗਲੀ ਮੀਟਿੰਗ ਪੰਜ ਤਰੀਕ ਨੂੰ ਹੋਈ ਤਾਂ ਓਸੇ ਖੇਤੀ ਮੰਤਰੀ ਦੇ ਮੂੰਹੋਂ ਇਹ ਨਿਕਲ ਗਿਆ ਕਿ ਅੱਜ ਤੁਸੀਂ ਜ਼ੋਰ ਦਿੰਦੇ ਹੋ, ਭਲਕ ਨੂੰ ਏਸੇ ਤਰ੍ਹਾਂ ਜ਼ੋਰ ਦੇਣ ਲਈ ਅੰਬਾਨੀ ਅਤੇ ਅਡਾਨੀ ਆਣ ਕੇ ਸਾਡੇ ਦੁਆਲੇ ਹੋ ਜਾਣਗੇ। ਦੋ ਵੱਡੇ ਪੂੰਜੀਪਤੀਆਂ ਮੁਕੇਸ਼ ਅੰਬਾਨੀ ਅਤੇ ਗੌਤਮ ਅਡਾਨੀ ਦਾ ਇਸ ਤਰ੍ਹਾਂ ਦਾ ਜ਼ਿਕਰ ਵੀ ਭਾਰਤ ਦੇ ਖੇਤੀ ਮੰਤਰੀ ਨੇ ਬੜੇ ਸਹਿਜ ਭਾਅ ਨਾਲ ਕਰ ਦਿੱਤਾ।

ਕੁਝ ਲੋਕਾਂ ਦਾ ਖਿਆਲ ਸੀ, ਅਤੇ ਸਾਡਾ ਆਪਣਾ ਵੀ ਪਹਿਲਾਂ ਇਹੋ ਖਿਆਲ ਸੀ ਕਿ ਮੰਤਰੀ ਦੇ ਮੂੰਹੋਂ ਐਵੇਂ ਇਹ ਗੱਲ ਨਿਕਲੀ ਹੋ ਸਕਦੀ ਹੈ, ਪਰ ਬਾਅਦ ਦੇ ਹਾਲਾਤ ਨੇ ਸਾਬਤ ਕੀਤਾ ਕਿ ਗੱਲ ਮੂੰਹ ਤੋਂ ਐਵੇਂ ਨਹੀਂ ਨਿਕਲੀ, ਸਗੋਂ ਇੱਕ ਹਕੀਕਤ ਦਾ ਸੰਕੇਤ ਸੀ ਕਿ ਸਰਕਾਰ ਲਈ ਉਹ ਦੋ ਘਰਾਣੇ ਪਹਿਲਾਂ ਹਨ। ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਓਸੇ ਦਿਨ ਸ਼ਾਮ ਵੇਲੇ ਆਪਣੇ ਭਾਸ਼ਣ ਵਿਚ ਉਹ ਮਹਿਕਮੇ ਗਿਣਵਾ ਦਿੱਤੇ, ਜਿਹੜੇ ਨਰਿੰਦਰ ਮੋਦੀ ਸਰਕਾਰ ਨੇ ਮੁਕੇਸ਼ ਅੰਬਾਨੀ ਦੇ ਘਰਾਣੇ ਨੂੰ ਇਸ ਤਰ੍ਹਾਂ ਸੌਂਪੇ ਸਨ ਕਿ ਉਨ੍ਹਾਂ ਵਿਚ ਹੋਰ ਕੋਈ ਮੁਕਾਬਲੇਬਾਜ਼ ਨਾ ਰਹੇ ਅਤੇ ਉਹ ਮਹਿਕਮੇ ਵੀ ਗਿਣ ਦਿੱਤੇ, ਜਿਨ੍ਹਾਂ ਵਿਚ ਗੌਤਮ ਅਡਾਨੀ ਲਈ ਚੁਣੌਤੀ ਤੋਂ ਸੱਖਣਾ ਮੈਦਾਨ ਪੇਸ਼ ਕੀਤਾ ਹੋਇਆ ਸੀ। ਉਸ ਨੇ ਕਿਸਾਨਾਂ ਨੂੰ ਕਹਿ ਦਿੱਤਾ ਕਿ ਦੇਸ਼ ਦੀ ਇਸ ਵਕਤ ਦੀ ਸਰਕਾਰ ਬਿਨਾ ਕਿਸੇ ਓਹਲੇ ਤੋਂ ਇਨ੍ਹਾਂ ਦੋ ਘਰਾਣਿਆਂ ਦੇ ਲਈ ਸਾਰੇ ਮੁਲਕ ਨੂੰ ਕੁਰਬਾਨ ਕਰਨ ਉੱਤੇ ਉਤਾਰੂ ਹੈ ਅਤੇ ਕਿਸੇ ਵੀ ਹੱਦ ਤੱਕ ਜਾਣ ਵਾਲਾ ਖਤਰਨਾਕ ਕਦਮ ਪੁੱਟ ਸਕਦੀ ਹੈ।

ਕੇਂਦਰ ਸਰਕਾਰ ਨਾਲ ਕਿਸਾਨਾਂ ਦੀਆਂ ਮੀਟਿੰਗਾਂ ਦੇ ਪਹਿਲੇ ਚਾਰ ਗੇੜਾਂ ਵਿਚ ਇਹ ਗੱਲ ਭਾਰੂ ਰਹੀ ਕਿ ਭਾਰਤ ਦੇ ਸੰਵਿਧਾਨ ਨੇ ਖੇਤੀ ਅਤੇ ਮੰਡੀਕਰਨ ਦੋਵੇਂ ਖੇਤਰ ਰਾਜਾਂ ਦੇ ਵਿਸ਼ਿਆਂ ਦੀ ਸੂਚੀ ਵਿਚ ਰੱਖੇ ਹਨ ਤਾਂ ਕੇਂਦਰ ਸਰਕਾਰ ਇਨ੍ਹਾਂ ਦੇ ਬਾਰੇ ਕੋਈ ਕਾਨੂੰਨ ਬਣਾ ਹੀ ਨਹੀਂ ਸਕਦੀ। ਕੇਂਦਰ ਸਰਕਾਰ ਦੇ ਮੰਤਰੀਆਂ ਨੇ ਕਦੇ ਵੀ ਇਸ ਦਾ ਕੋਈ ਖੰਡਨ ਕਰਨ ਦੀ ਲੋੜ ਨਹੀਂ ਸੀ ਸਮਝੀ, ਪਰ 8 ਦਸੰਬਰ ਦੇ ਭਾਰਤ-ਬੰਦ ਦੇ ਬਾਅਦ ਹੋਈ ਮੀਟਿੰਗ ਵਿਚ ਅਗਲੀ ਕਹਾਣੀ ਲੈ ਆਏ ਕਿ ਸਰਕਾਰ ਨੇ ਜੋ ਕੁਝ ਕੀਤਾ ਹੈ, ਕੇਂਦਰ ਸਰਕਾਰ ਵਾਲੀ ਸੂਚੀ ਮੁਤਾਬਕ ਕੀਤਾ ਹੈ। ਪਹਿਲੀਆਂ ਮੀਟਿੰਗ ਵਿਚ ਕੇਂਦਰੀ ਮੰਤਰੀ ਪਿਊਸ਼ ਗੋਇਲ ਦਾ ਬੈਠਣਾ ਇਸ ਲਈ ਜ਼ਰੂਰੀ ਮੰਨਿਆ ਜਾਂਦਾ ਸੀ ਕਿ ਕਿਸਾਨਾਂ ਨੇ ਰੇਲ ਲਾਈਨਾਂ ਰੋਕੀਆਂ ਹਨ ਤੇ ਉਹ ਰੇਲਵੇ ਮੰਤਰੀ ਹੋਣ ਕਾਰਨ ਗੱਲਬਾਤ ਦੀ ਇੱਕ ਧਿਰ ਹੈ, ਪਰ ਏਥੇ ਆ ਕੇ ਉਸ ਦੀ ਭੂਮਿਕਾ ਵੀ ਸਰਕਾਰ ਨੇ ਨਵੇਂ ਸਿਰੇ ਤੋਂ ਦੱਸ ਦਿੱਤੀ।

ਮੰਤਰੀਆਂ ਨੇ 9 ਦਸੰਬਰ ਨੂੰ ਮੀਡੀਆ ਕਾਨਫਰੰਸ ਵਿਚ ਕਿਹਾ ਕਿ ਖੇਤੀ ਅਤੇ ਮੰਡੀਕਰਨ ਤਾਂ ਰਾਜ ਸਰਕਾਰਾਂ ਦਾ ਵਿਸ਼ਾ ਹੈ, ਪਰ ਨਵੇਂ ਕਾਨੂੰਨ ਉਸ ਲਿਸਟ ਮੁਤਾਬਕ ਨਹੀਂ, ਉਸ ਕੇਂਦਰੀ ਸੂਚੀ ਮੁਤਾਬਕ ਹਨ, ਜਿੱਥੇ ਵਪਾਰ ਵੀ ਦਰਜ ਹੈ ਤੇ ਇਹ ਕਾਨੂੰਨ ਖੇਤੀਬਾੜੀ ਨਾਲ ਸਬੰਧਤ ਨਹੀਂ, ਫਸਲ ਦੇ ਵਪਾਰ ਨਾਲ ਸਬੰਧਤ ਹੋਣ ਕਾਰਨ ਏਥੇ ਪਿਊਸ਼ ਗੋਇਲ ਰੇਲਵੇ ਮੰਤਰੀ ਦੀ ਹੈਸੀਅਤ ਵਿਚ ਨਹੀਂ, ਵਪਾਰ ਮੰਤਰੀ ਵਜੋਂ ਗੱਲਬਾਤ ਵਿਚ ਬੈਠਦਾ ਹੈ। ਇਸ ਦੌਰਾਨ ਚਰਚਾ ਦਾ ਕੇਂਦਰ ਬਣੇ ਅਡਾਨੀ ਕਾਰਪੋਰੇਟ ਘਰਾਣੇ ਦਾ ਬਿਆਨ ਵੀ ਮੰਤਰੀਆਂ ਦੀ ਮੀਡੀਆ ਕਾਨਫਰੰਸ ਦੇ ਨਾਲ ਆ ਗਿਆ ਕਿ ਨਾ ਉਹ ਖੇਤੀਬਾੜੀ ਕਰਨ ਵਾਲੇ ਹਨ ਤੇ ਨਾ ਹੀ ਫਸਲ ਦਾ ਕਾਰੋਬਾਰ ਕਰਨਾ ਹੈ, ਉਨ੍ਹਾਂ ਨੇ ਸਿਰਫ ਫੂਡ ਕਾਰਪੋਰੇਸ਼ਨ ਆਫ ਇੰਡੀਆ ਵੱਲੋਂ ਖਰੀਦੀਆਂ ਫਸਲਾਂ ਦੀ ਸਟੋਰੇਜ ਦਾ ਕੰਮ ਕਰਨਾ ਹੈ, ਜਿਸ ਦਾ ਠੇਕਾ ਪਹਿਲਾਂ ਹੋ ਚੁਕਾ ਹੈ।

ਕਿਸਾਨਾਂ ਨਾਲ ਮੀਟਿੰਗਾਂ ਵਿਚ ਪਹਿਲਾਂ ਇਹ ਗੱਲ ਦੋ ਵਾਰ ਕਹਿਣਾ ਕਿ ਫਲਾਣਾ-ਫਲਾਣਾ ਦੋ ਘਰਾਣੇ ਨਾਰਾਜ਼ ਹੋਣ ਦਾ ਡਰ ਹੈ, ਫਿਰ ਦੋ ਮੰਤਰੀਆਂ ਦੀ ਮੀਡੀਆ ਕਾਨਫਰੰਸ ਅਤੇ ਉਨ੍ਹਾਂ ਦੋਵਾਂ ਵਿਚੋਂ ਇੱਕ ਘਰਾਣੇ ਦਾ ਸਪਸ਼ਟੀਕਰਨ ਇੱਕੋ ਦਿਨ ਜਾਰੀ ਹੋਣਾ ਦੱਸਦਾ ਹੈ ਕਿ ਦੋਵੇਂ ਧਿਰਾਂ ਮੁਕੰਮਲ ਤਾਲਮੇਲ ਨਾਲ ਚੱਲ ਰਹੀਆਂ ਹਨ। ਇਹੀ ਕਾਰਨ ਹੈ ਕਿ ਭਾਰਤ ਦੀ ਮੌਜੂਦਾ ਸਰਕਾਰ ਇਸ ਵੇਲੇ ਗੱਲਬਾਤ ਕਰਨ ਦੇ ਬਹਾਨੇ ਕਿਸਾਨਾਂ ਨੂੰ ਖੱਜਲ ਕਰ ਰਹੀ ਹੈ। ਸਰਕਾਰਾਂ ਪਹਿਲਾਂ ਵੀ ਭਾਰਤ ਦੇ ਕਾਰਪੋਰੇਟ ਘਰਾਣਿਆਂ ਦੀ ਸਰਪ੍ਰਸਤੀ ਜਾਂ ਖਿਦਮਤ ਕਰਦੀਆਂ ਸਨ, ਪਰ ਨਰਿੰਦਰ ਮੋਦੀ ਸਰਕਾਰ ਜਿਸ ਹੱਦ ਤੱਕ ਚਲੀ ਗਈ ਹੈ, ਇਸ ਹੱਦ ਤੱਕ ਕਦੇ ਕੋਈ ਸਰਕਾਰ ਨਹੀਂ ਸੀ ਗਈ, ਮੋਦੀ ਦੇ ਵੱਡੇ ਆਗੂ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਵੀ ਏਨੀ ਬੇਸ਼ਰਮੀ ਨਾਲ ਇਨ੍ਹਾਂ ਘਰਾਣਿਆਂ ਦੀ ਚਾਕਰੀ ਕਰਨ ਤੱਕ ਨਹੀਂ ਜਾ ਸਕੀ ਸੀ। ਇਸ ਤਰ੍ਹਾਂ ਕਿਸਾਨਾਂ ਦੇ ਨਾਲ ਸਰਕਾਰ ਦੀਆਂ ਮੀਟਿੰਗਾਂ ਵਿਚੋਂ ਹੋਰ ਕੁਝ ਭਾਵੇਂ ਨਹੀਂ ਨਿਕਲਿਆ, ਮੋਦੀ ਸਰਕਾਰ ਦਾ ਇਕਬਾਲਨਾਮਾ ਮਿਲ ਗਿਆ ਹੈ ਕਿ ਇਹ ਸਰਕਾਰ ਦੇਸ਼ ਦੇ ਲੋਕਾਂ ਦੀ ਥਾਂ ਦੋ ਪੂੰਜੀਪਤੀ ਟੱਬਰਾਂ ਲਈ ਕੰਮ ਕਰ ਰਹੀ ਹੈ। ਸਰਕਾਰ ਵੱਲੋਂ ਲਏ ਇਹੋ ਜਿਹੇ ਪੈਂਤੜੇ ਨੇ ਦੇਸ਼ ਦੇ ਭਵਿੱਖ ਦੇ ਜੋ ਸੰਕੇਤ ਦੇ ਦਿੱਤੇ ਹਨ, ਉਹ ਸਿੱਧਾ ਨਿਘਾਰ ਵੱਲ ਜਾਣ ਵਾਲੇ ਹਨ।

---

# ਨਵੇਂ ਸੰਸਦ ਭਵਨ ਦਾ ਨੀਂਹ ਪੱਥਰ

## ਸਿਆਸੀ ਆਗੂਆਂ ਤੇ ਬੁੱਧੀਜੀਵੀਆਂ ਦੀ ਨਜ਼ਰ ਵਿਚ

ਅੱਬਾਸ ਧਾਲੀਵਾਲ, ਮਲੇਰਕੋਟਲਾ


ਪਿਛਲੇ ਕੁਝ ਸਮੇਂ ਤੋਂ ਨਵੀਂ ਸੰਸਦ ਅਰਥਾਤ ਵਿਸਟਾ ਦੇ ਨਿਰਮਾਣ ਨੂੰ ਲੈ ਕੇ ਲੋਕਾਂ ਵਿਚ ਕਾਫੀ ਉਤਸੁਕਤਾ ਤੇ ਸ਼ਸ਼ੋਪੰਜ ਦੀ ਹਾਲਤ ਬਣੀ ਹੋਈ ਸੀ, ਪਰ 10 ਦਸੰਬਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਨਵੇਂ ਸੰਸਦ ਭਵਨ ਦਾ ਨੀਂਹ ਪੱਥਰ ਰੱਖਦਿਆਂ ਤਮਾਮ ਅਨਿਸ਼ਚਿਤਤਾਵਾਂ ਅਤੇ ਕਿਆਸਅਰਾਈਆਂ ਨੂੰ ਜਿਵੇਂ ਇਕ ਤਰ੍ਹਾਂ ਨਾਲ ਵਿਰਾਮ ਲਾ ਦਿੱਤਾ। ਇਸ ਮੌਕੇ ਆਪਣੇ ਸੰਬੋਧਨ ਵਿਚ ਉਨ੍ਹਾਂ ਕਿਹਾ ਕਿ ਅੱਜ ਭਾਰਤ ਦੇ ਜਮਹੂਰੀ ਇਤਿਹਾਸ ਵਿਚ ਇੱਕ ਮੀਲ-ਪੱਥਰ ਹੈ, ਜੋ ਭਾਰਤੀਅਤਾ ਦੇ ਵਿਚਾਰ ਨਾਲ ਭਰਪੂਰ ਹੈ। ਉਨ੍ਹਾਂ ਇਹ ਵੀ ਕਿਹਾ ਕਿ ਭਾਰਤ ਦੇ ਸੰਸਦ ਭਵਨ ਦੀ ਉਸਾਰੀ ਦੀ ਸ਼ੁਰੂਆਤ ਸਾਡੀਆਂ ਜਮਹੂਰੀ ਰਵਾਇਤਾਂ ਦੇ ਸਭ ਤੋਂ ਵੱਧ ਅਹਿਮ ਪੜਾਵਾਂ ਵਿਚੋਂ ਇੱਕ ਹੈ। ਉਨ੍ਹਾਂ ਭਾਰਤ ਦੀ ਜਨਤਾ ਨੂੰ ਮਿਲ ਕੇ ਸੰਸਦ ਦੀ ਇਸ ਨਵੀਂ ਇਮਾਰਤ ਦੀ ਉਸਾਰੀ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਜਦੋਂ ਭਾਰਤ ਆਪਣੀ ਆਜ਼ਾਦੀ-ਪ੍ਰਾਪਤੀ ਦੇ 75 ਸਾਲਾ ਜਸ਼ਨ ਮਨਾਵੇਗਾ, ਤਦ ਸਾਡੀ ਸੰਸਦ ਦੀ ਨਵੀਂ ਇਮਾਰਤ ਤੋਂ ਵੱਧ ਸੁੰਦਰ ਜਾਂ ਸ਼ੁੱਧ ਹੋਰ ਕੁਝ ਨਹੀਂ ਹੋਵੇਗਾ।

ਵਰਣਨਯੋਗ ਹੈ ਕਿ ਇਸ ਉਕਤ ਨਵੀਂ ਸੰਸਦ 'ਤੇ ਲਗਭਗ 971 ਕਰੋੜ ਰੁਪਏ ਖਰਚ ਆਉਣ ਦਾ ਅਨੁਮਾਨ ਹੈ, ਇਸ ਨਵੇਂ ਸੰਸਦ ਭਵਨ 'ਚ ਲੋਕ ਸਭਾ ਮੈਂਬਰਾਂ ਲਈ ਲਗਭਗ 888 ਅਤੇ ਰਾਜ ਸਭਾ ਮੈਂਬਰਾਂ ਲਈ 326 ਤੋਂ ਵੱਧ ਸੀਟਾਂ ਹੋਣਗੀਆਂ। ਸੰਸਦ ਭਵਨ ਦੇ ਹਾਲ 'ਚ ਕੁਲ 1224 ਮੈਂਬਰ ਇਕੱਠੇ ਬੈਠ ਸਕਣਗੇ। ਇਹ ਇਮਾਰਤ ਲਗਭਗ 64,500 ਵਰਗ ਜ਼ਮੀਨ 'ਚ ਬਣਾਈ ਜਾ ਰਹੀ ਹੈ।

ਚਾਰ ਮੰਜ਼ਿਲਾ ਨਵੇਂ ਭਵਨ ਦਾ ਨਿਰਮਾਣ ਕੰਮ ਦੇਸ਼ ਦੀ ਆਜ਼ਾਦੀ ਦੀ 75ਵੀਂ ਵਰ੍ਹੇਗੰਢ ਤਕ ਪੂਰਾ ਕਰ ਲਏ ਜਾਣ ਦੀ ਉਮੀਦ ਹੈ। ਨਵੀਂ ਇਮਾਰਤ ਦਾ ਡਿਜ਼ਾਈਨ ਅਹਿਮਦਾਬਾਦ ਦੇ ਮੈਸਰਸ ਐਚ. ਸੀ. ਪੀ. ਡਿਜ਼ਾਈਨ ਅਤੇ ਮੈਨੇਜਮੈਂਟ ਪ੍ਰਾਈਵੇਟ ਲਿਮਟਿਡ ਵਲੋਂ ਤਿਆਰ ਕੀਤਾ ਗਿਆ ਹੈ ਅਤੇ ਇਸ ਦਾ ਨਿਰਮਾਣ ਟਾਟਾ ਪ੍ਰਾਜੈਕਟਸ ਵਲੋਂ ਕੀਤਾ ਜਾਵੇਗਾ। ਇਹ ਪੂਰੀ ਇਮਾਰਤ ਸੈਂਟਰਲ ਵਿਸਟਾ ਪ੍ਰਾਜੈਕਟ ਦਾ ਹਿੱਸਾ ਹੈ, ਜਿਸ ਵਿਚ ਰਾਸ਼ਟਰਪਤੀ ਭਵਨ ਤੋਂ ਇੰਡੀਆ ਗੇਟ ਤੱਕ ਫੈਲੇ 13.4 ਕਿਲੋਮੀਟਰ ਲੰਮੇ ਰਾਜਪਥ ਉਤੇ ਪੈਣ ਵਾਲੇ ਸਰਕਾਰੀ ਭਵਨਾਂ ਦੀ ਮੁੜ-ਉਸਾਰੀ ਕੀਤੀ ਜਾਣੀ ਹੈ।

ਇਥੇ ਜ਼ਿਕਰਯੋਗ ਹੈ ਕਿ ਮੌਜੂਦਾ ਸੰਸਦ ਭਵਨ 1921 'ਚ ਬਣਨਾ ਸ਼ੁਰੂ ਹੋਇਆ ਸੀ ਅਤੇ ਲਗਭਗ 6 ਸਾਲ ਬਾਅਦ ਅਰਥਾਤ 1927 'ਚ ਬਣ ਕੇ ਤਿਆਰ ਹੋਇਆ ਸੀ। ਜਿਸ ਵਿਚ ਆਜ਼ਾਦ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਤੋਂ ਲੈ ਕੇ ਇੰਦਰਾ ਗਾਂਧੀ, ਡਾ. ਮਨਮੋਹਨ ਸਿੰਘ ਅਤੇ ਮੌਜੂਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹੁਣ ਤੱਕ ਬੈਠਦੇ ਆਏ ਹਨ।

ਉਕਤ ਨਵੀਂ ਇਮਾਰਤ ਦੇ ਨੀਂਹ ਪੱਥਰ ਰੱਖਣ ਉਪਰੰਤ ਦੇਸ਼ ਦੇ ਵੱਖ ਵੱਖ ਰਾਜਨੀਤਕ ਆਗੂਆਂ ਅਤੇ ਸੋਸ਼ਲ ਮੀਡੀਆ ਨਾਲ ਜੁੜੇ ਹੋਏ ਲੋਕਾਂ ਦੀਆਂ ਵੱਖ ਵੱਖ ਪ੍ਰਤੀਕਿਰਿਆਵਾਂ ਵੇਖਣ ਅਤੇ ਸੁਣਨ ਨੂੰ ਮਿਲ ਰਹੀਆਂ ਹਨ। ਇਸ ਸੰਦਰਭ ਵਿਚ ਸਾਊਥ ਤੇ ਹਿੰਦੀ ਫਿਲਮਾਂ ਦੇ ਮਸ਼ਹੂਰ ਅਦਾਕਾਰ ਅਤੇ ਮੱਕਲ ਨਿਧੀ ਮਯਯਮ (ਐਮ. ਐਨ. ਐਮ.) ਪਾਰਟੀ ਦੇ ਮੁਖੀ ਕਮਲ ਹਾਸਨ ਨੇ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ 'ਤੇ ਨਿਸ਼ਾਨਾ ਸਾਧਦਿਆਂ ਆਪਣੇ ਇਕ ਟਵੀਟ ਵਿਚ ਆਖਿਆ ਹੈ ਕਿ "ਜਦੋਂ ਚੀਨ ਦੀ ਮਹਾਨ ਕੰਧ ਬਣਾਈ ਜਾ ਰਹੀ ਸੀ ਤਾਂ ਹਜ਼ਾਰਾਂ ਲੋਕਾਂ ਦੀ ਮੌਤ ਹੋ ਗਈ ਸੀ। ਉਸ ਸਮੇਂ ਦੇ ਸ਼ਾਸਕਾਂ ਨੇ ਕਿਹਾ ਸੀ ਕਿ ਇਹ ਲੋਕਾਂ ਦੀ ਰੱਖਿਆ ਲਈ ਹੈ। ਹੁਣ ਕਰੋਨਾ ਮਹਾਮਾਰੀ ਕਾਰਨ ਦੇਸ਼ ਦੀ ਅੱਧੀ ਆਬਾਦੀ ਭੁੱਖੀ ਹੈ, ਲੋਕ ਆਪਣੀ ਜਾਨ ਗੁਆ ਰਹੇ ਹਨ, ਤਾਂ ਕਿਸ ਦੀ ਰੱਖਿਆ ਲਈ ਤੁਸੀਂ 1000 ਕਰੋੜ ਰੁਪਏ ਦੀ ਸੰਸਦ ਬਣਾ ਰਹੇ ਹੋ? ਮੇਰੇ ਸਤਿਕਾਰਤ ਚੁਣੇ ਗਏ ਪ੍ਰਧਾਨ ਮੰਤਰੀ ਜਵਾਬ ਦਿਓ।"



ਇਸ ਦੇ ਨਾਲ ਹੀ ਕਮਲ ਹਾਸਨ ਨੇ ਬੀਤੀ ਐਤਵਾਰ ਨੂੰ ਤਾਮਿਲਨਾਡੂ ਚੋਣਾਂ ਲਈ ਮਦੁਰਾਇ ਤੋਂ ਪ੍ਰਚਾਰ ਸ਼ੁਰੂ ਕਰਨ ਤੋਂ ਪਹਿਲਾਂ ਮੋਦੀ ਨੂੰ ਸਵਾਲ ਕਰਦਿਆਂ ਕਿਹਾ ਕਿ ਜਦੋਂ ਕਰੋਨਾ ਕਾਰਨ ਅੱਧਾ ਭਾਰਤ ਭੁੱਖਾ ਹੈ ਅਤੇ ਲੋਕ ਨੌਕਰੀਆਂ ਗੁਆ ਰਹੇ ਹਨ ਤਾਂ ਇਕ ਹਜ਼ਾਰ ਕਰੋੜ ਰੁਪਏ ਦਾ ਨਵਾਂ ਸੰਸਦ ਭਵਨ ਬਣਾਉਣ ਦੀ ਕੀ ਲੋੜ ਪੈ ਗਈ? ਉਨ੍ਹਾਂ ਆਪਣੇ ਟਵੀਟ 'ਚ ਕਿਹਾ ਕਿ ਜਦੋਂ ਚੀਨ ਦੀ ਮਹਾਨ ਕੰਧ ਦੀ ਉਸਾਰੀ ਕੀਤੀ ਜਾ ਰਹੀ ਸੀ ਤਾਂ ਹਜ਼ਾਰਾਂ ਲੋਕਾਂ ਦੀ ਮੌਤ ਹੋਈ। ਉਸ ਸਮੇਂ ਹਾਕਮਾਂ ਨੇ ਕਿਹਾ ਕਿ ਇਹ ਲੋਕਾਂ ਦੀ ਰਾਖੀ ਲਈ ਹੈ। ਤੁਸੀਂ ਕਿਸ ਦੀ ਰਾਖੀ ਲਈ ਇਕ ਹਜ਼ਾਰ ਕਰੋੜ ਰੁਪਏ ਦੇ ਸੰਸਦ ਭਵਨ ਦੀ ਉਸਾਰੀ ਕਰਵਾ ਰਹੇ ਹੋ? ਮੇਰੇ ਮਾਣਯੋਗ ਚੁਣੇ ਹੋਏ ਪ੍ਰਧਾਨ ਮੰਤਰੀ ਜੁਆਬ ਦੇਣ।


ਦੂਜੇ ਪਾਸੇ ਕਾਂਗਰਸ ਦੇ ਕੌਮੀ ਬੁਲਾਰੇ ਅਤੇ ਸ੍ਰੀ ਅਨੰਦਪੁਰ ਸਾਹਿਬ ਤੋਂ ਲੋਕ ਸਭਾ ਮੈਂਬਰ ਮਨੀਸ਼ ਤਿਵਾੜੀ ਨੇ ਮੋਦੀ ਸਰਕਾਰ ਵੱਲੋਂ ਉਸ ਵਕਤ ਸੈਂਟਰਲ ਵਿਸਟਾ ਦੇ ਨਿਰਮਾਣ ਦੀ ਸੋਚ 'ਤੇ ਸਵਾਲ ਖੜ੍ਹੇ ਕੀਤੇ ਹਨ, ਜਦ ਦੇਸ਼ ਗੰਭੀਰ ਆਰਥਕ ਮੁਸ਼ਕਿਲਾਂ ਦਾ ਸਾਹਮਣਾ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਸ਼ਾਨ ਦੇ ਭੁਲੇਖੇ ਤੇ ਫਜ਼ੂਲ ਪੈਸੇ ਖਰਚ ਕੀਤੇ ਜਾਣ ਉਪਰ ਸਵਾਲ ਕਰਦਿਆਂ ਕਿਹਾ ਕਿ ਇਕ ਪਾਸੇ ਸਰਕਾਰ ਨੇ ਮੈਂਬਰ ਪਾਰਲੀਮੈਂਟਾਂ ਦਾ ਸਥਾਨਕ ਵਿਕਾਸ ਫੰਡ ਬੰਦ ਕਰ ਦਿੱਤਾ ਹੈ, ਤਾਂ ਦੂਜੇ ਧਿਰ ਉਹ ਸੰਸਦ ਦੀ ਨਵੀਂ ਇਮਾਰਤ ਲਈ ਹਜ਼ਾਰਾਂ ਕਰੋੜਾਂ ਰੁਪਏ ਖਰਚ ਕਰਨ ਜਾ ਰਹੀ ਹੈ।

ਇਸੇ ਸੰਦਰਭ ਵਿਚ ਸੋਸ਼ਲ ਮੀਡੀਆ 'ਤੇ ਸਰਗਰਮ ਰਹਿਣ ਵਾਲੇ ਡਾ. ਵਹੀਦ ਦਾ ਕਹਿਣਾ ਹੈ ਕਿ ਜੇ ਵਿਸ਼ਵ ਦੇ ਵਿਕਸਿਤ ਦੇਸ਼ਾਂ ਦੀ ਗੱਲ ਕਰੀਏ ਤਾਂ ਹਾਲੈਂਡ ਦੀ ਸੰਸਦ ਦੀ ਇਮਾਰਤ 13ਵੀਂ ਸਦੀ ਵਿਚ ਬਣੀ ਸੀ, ਇਟਲੀ ਦੀ ਇਮਾਰਤ 16ਵੀਂ ਸਦੀ ਵਿਚ, ਜਦੋਂ ਕਿ ਫਰਾਂਸ ਦੀ ਇਮਾਰਤ 1645 ਅਤੇ ਇੰਗਲੈਂਡ ਦੀ ਇਮਾਰਤ 1870 ਵਿਚ ਬਣੀ ਸੀ। ਭਾਰਤ ਦੇ ਸੰਸਦ ਭਵਨ ਦੀ ਇਮਾਰਤ 1927 ਵਿਚ ਬਣ ਕੇ ਤਿਆਰ ਹੋਈ ਸੀ, ਪਰ ਹੁਣ ਇਸ ਨੂੰ ਵਿਡੰਬਨਾ ਹੀ ਕਿਹਾ ਜਾ ਸਕਦਾ ਹੈ ਕਿ ਉਕਤ ਵਿਕਸਿਤ ਦੇਸ਼ਾਂ ਦੀਆਂ ਸੰਸਦਾਂ ਤੋਂ ਬਾਅਦ ਵਿਚ ਬਣੀ ਹੋਣ ਦੇ ਬਾਵਜੂਦ ਭਾਰਤ ਦੀ ਸੰਸਦ ਭਵਨ ਨੂੰ ਅੱਜ ਇਕ ਤਰ੍ਹਾਂ ਨਾਲ ਨਾਕਾਫੀ ਜਾਂ ਨਕਾਰਾ ਘੋਸ਼ਿਤ ਕਰ ਦਿੱਤਾ ਗਿਆ ਹੈ। ਉਨ੍ਹਾਂ ਅੱਗੇ ਕਿਹਾ ਕਿ ਹਾਲਾਂਕਿ ਇਸ ਸਮੇਂ ਭਾਰਤ ਕਰੋਨਾ ਕਾਰਨ ਰਹੇ ਲੌਕ-ਡਾਊਨ ਅਤੇ ਇਸ ਤੋਂ ਪਹਿਲਾਂ ਨੋਟਬੰਦੀ ਅਤੇ ਜੀ. ਐਸ. ਟੀ. ਜਿਹੇ ਲਏ ਗਲਤ ਫੈਸਲਿਆਂ ਦੇ ਚਲਦਿਆਂ ਦੇਸ਼ ਆਰਥਕ ਪੱਖੋਂ ਬੁਰੀ ਤਰ੍ਹਾਂ ਝੰਬਿਆ ਪਿਆ ਹੈ; ਪਰ ਇਸ ਦੇ ਬਾਵਜੂਦ ਫੋਕੀ ਸ਼ਹੁਰਤ ਹਾਸਲ ਕਰਨ ਲਈ ਉਕਤ ਇਮਾਰਤ 'ਤੇ ਭਾਰੀ ਰਕਮ ਖਰਚ ਕੀਤੀ ਜਾ ਰਹੀ ਹੈ।

ਡਾ. ਵਹੀਦ ਅਨੁਸਾਰ ਇਸ ਸਮੇਂ ਦੇਸ਼ ਦੇ ਵਧੇਰੇ ਗਰੀਬ ਤਬਕੇ ਨੂੰ ਗੁੱਲੀ, ਕੁੱਲੀ, ਜੁੱਲੀ ਦੀ ਪਈ ਹੋਈ ਹੈ; ਮੱਧ ਵਰਗ ਨੌਕਰੀਆਂ ਹੱਥੋਂ ਤ੍ਰਾਹ ਤ੍ਰਾਹ ਕਰ ਰਿਹਾ ਹੈ ਅਤੇ ਦੁਕਾਨਦਾਰ ਗੱਲੇ 'ਚੋਂ ਭਾਨ ਗਿਣ ਰਿਹਾ ਹੈ, ਜਦੋਂ ਕਿ 22 ਕਰੋੜ ਦੇ ਕਰੀਬ ਲੋਕ ਦੇਸ਼ 'ਚ ਅੰਨ ਖਾਧੇ ਬਿਨਾ ਭੁੱਖੇ ਹੀ ਸੌਂ ਜਾਣ ਲਈ ਮਜਬੂਰ ਹਨ ਅਤੇ ਕਿਸਾਨ ਸੜਕਾਂ 'ਤੇ ਆਪਣੀ ਜ਼ਿੰਦਗੀ ਅਤੇ ਮੌਤ ਦੀ ਲੜਾਈ ਲੜ ਰਿਹਾ ਹੈ-ਅਜਿਹੇ ਵਿਚ ਜੇ ਕੋਈ ਦੇਸ਼ ਦੇ ਲੋਕਾਂ ਵਲੋਂ ਟੈਕਸ ਦੇ ਰੂਪ ਵਿਚ ਦਿੱਤੇ ਕਰੋੜਾਂ ਰੁਪਏ ਨੂੰ ਮਹਿਜ਼ ਫੋਕੀ ਸ਼ਹੁਰਤ ਲਈ ਫੂਕ ਦੇਵੇ, ਫਿਰ ਉਸ ਦੇਸ਼ ਦਾ ਰੱਬ ਹੀ ਰਾਖਾ ਹੈ!

ਮੇਰੇ ਖਿਆਲ 'ਚ ਨਵੇਂ ਸੰਸਦ ਦਾ ਨਿਰਮਾਣ ਭਾਵੇਂ ਕੋਈ ਮਾੜੀ ਗੱਲ ਨਹੀਂ, ਪਰ ਜਿਸ ਤਰ੍ਹਾਂ ਦੇਸ਼ ਇਸ ਸਮੇਂ ਆਰਥਕ ਸੰਕਟ 'ਚੋਂ ਲੰਘ ਰਿਹਾ ਹੈ ਅਤੇ ਜਿਵੇਂ ਕਿਸਾਨ ਪਿਛਲੇ ਢਾਈ ਤਿੰਨ ਮਹੀਨਿਆਂ ਤੋਂ ਨਵੇਂ ਖੇਤੀ ਕਾਨੂੰਨਾਂ ਨੂੰ ਰੱਦ ਕਰਾਉਣ ਨੂੰ ਲੈ ਕੇ ਮਘਰ, ਪੋਹ ਦੀਆਂ ਠੰਡੀਆਂ ਰਾਤਾਂ ਸੜਕਾਂ 'ਤੇ ਕੱਟਣ ਲਈ ਮਜਬੂਰ ਹਨ ਅਤੇ ਜਿਸ ਤਰ੍ਹਾਂ ਉਕਤ ਖੇਤੀ ਕਾਨੂੰਨਾਂ ਵਿਰੁੱਧ ਵਿਸ਼ਵ ਦੇ ਵੱਖ ਵੱਖ ਦੇਸ਼ਾਂ-ਅਮਰੀਕਾ, ਜਰਮਨੀ ਫਰਾਂਸ, ਹਾਲੈਂਡ, ਇੰਗਲੈਂਡ ਅਤੇ ਕੈਨੇਡਾ ਆਦਿ 'ਚ ਰੋਸ ਪ੍ਰਦਰਸ਼ਨ ਜੋਰ ਫੜਦੇ ਜਾ ਰਹੇ ਹਨ, ਜਿਸ ਤਰ੍ਹਾਂ ਅਮਰੀਕਾ ਇੰਗਲੈਂਡ ਅਤੇ ਕੈਨੇਡਾ ਆਦਿ ਦੇ ਹਾਕਮਾਂ ਦੇ ਬਿਆਨ ਲਗਾਤਾਰ ਖੇਤੀ ਕਾਨੂੰਨਾਂ ਦੇ ਵਿਰੋਧ 'ਚ ਅਤੇ ਕਿਸਾਨਾਂ ਦੇ ਹੱਕ ਵਿਚ ਆ ਰਹੇ ਹਨ। ਅਜਿਹੇ ਵਿਚ ਦੇਸ਼ ਦੇ ਅੰਨਦਾਤਾ ਕਹੇ ਜਾਣ ਵਾਲੇ ਕਿਸਾਨਾਂ ਦੀਆਂ ਅਵਾਜ਼ਾਂ ਨੂੰ ਸਾਡੇ ਹੁਕਮਰਾਨਾਂ ਦਾ ਅਣਸੁਣਿਆ ਕਰਨਾ ਯਕੀਨਨ ਕਿਸੇ ਤ੍ਰਾਸਦੀ ਤੋਂ ਘੱਟ ਨਹੀਂ ਹੈ। ਅਜਿਹੇ ਵਿਚ ਲੋਕਤੰਤਰ ਦਾ ਮੰਦਿਰ ਸਮਝੇ ਜਾਂਦੇ ਸੰਸਦ ਭਵਨ ਦਾ ਨੀਂਹ ਪੱਥਰ ਰੱਖਿਆ ਜਾਣਾ ਕੀ ਉਚਿਤ ਸੀ! ਸ਼ਾਇਦ ਇਸ ਨੂੰ ਉਚਿਤ ਨਹੀਂ ਠਹਿਰਾਇਆ ਜਾ ਸਕਦਾ, ਕਿਉਂਕਿ ਇਕ ਪਾਸੇ ਜਿਥੇ ਅਸੀਂ ਕਿਸਾਨਾਂ ਦੀਆਂ ਹੱਕੀ ਮੰਗਾਂ ਨੂੰ ਨਜ਼ਰ-ਅੰਦਾਜ਼ ਕਰ ਜਮਹੂਰੀਅਤ ਦਾ ਗਲਾ ਘੁੱਟ ਰਹੇ ਹਾਂ ਅਤੇ ਦੂਜੇ ਪਾਸੇ ਅਸੀਂ ਆਪਣੇ ਵੱਡੇ ਲੋਕਤੰਤਰੀ ਦੇਸ਼ ਹੋਣ ਦੇ ਦਾਅਵੇ ਕਰ ਰਹੇ ਹਾਂ। ਯਕੀਨਨ ਇਹ ਸਭ ਕੁਝ ਜਿਥੇ ਸਾਡੀ ਜਮਹੂਰੀਅਤ 'ਤੇ ਸਵਾਲ ਖੜ੍ਹੇ ਕਰਦਾ ਜਾਪਦਾ ਹੈ, ਉਥੇ ਹੀ ਦੁਨੀਆਂ ਦੇ ਸਾਹਮਣੇ ਸਾਡੇ ਦੇਸ਼ ਦੇ ਅਕਸ ਨੂੰ ਧੁੰਦਲਾ ਕਰ ਰਿਹਾ ਹੈ। ਸੋ ਅੱਜ ਲੋੜ ਹੈ ਦੁਨੀਆਂ ਸਾਹਮਣੇ ਦੇਸ਼ ਦੇ ਅਕਸ ਨੂੰ ਸੰਵਾਰਨ ਦੀ, ਨਾ ਕਿ ਭਾਵਨਾ ਰਹਿਤ ਖਾਲੀ ਇਮਾਰਤਾਂ ਉਸਾਰਨ ਦੀ!

# ਸ਼ਹਾਦਤ ਗੁਰੂ ਤੇਗ ਬਹਾਦਰ, ਮਨੁੱਖੀ ਅਧਿਕਾਰ ਅਤੇ ਕਿਸਾਨ ਅੰਦੋਲਨ



ਡਾ. ਗੁਰਨਾਮ ਕੌਰ, ਕੈਨੇਡਾ

ਦਸੰਬਰ ਦਾ ਮਹੀਨਾ ਸਿੱਖ ਧਰਮ ਦੇ ਇਤਿਹਾਸ ਵਿਚ ਬਹੁਤ ਹੀ ਮਹੱਤਵ ਰੱਖਦਾ ਹੈ, ਜੋ ਵਾਰ ਵਾਰ ਸਾਨੂੰ ਜਿੱਥੇ ਆਪਣੇ ਇਤਿਹਾਸ ਦੇ ਉਨ੍ਹਾਂ ਪੰਨਿਆਂ ਦੀ ਯਾਦ ਦਿਵਾਉਂਦਾ ਹੈ, ਜੋ ਸ਼ਹਾਦਤਾਂ ਨਾਲ ਭਰੇ ਹੋਏ ਹਨ; ਉਸ ਦੇ ਨਾਲ ਹੀ ਸਾਨੂੰ ਉਨ੍ਹਾਂ ਕੀਮਤਾਂ ਦੀ ਯਾਦ ਨੂੰ ਸਾਡੇ ਚੇਤਿਆਂ ਵਿਚ ਸਦਤਾਜ਼ਾ ਕਰਾਉਂਦਾ ਰਹਿੰਦਾ ਹੈ, ਜੋ ਗੁਰੂਆਂ ਦੀ ਬਖਸ਼ਿਸ਼ ਨਾਲ ਸਾਡਾ ਵਿਰਸਾ ਬਣੀਆਂ ਹਨ। ਦਸੰਬਰ ਦੇ ਠੰਢੇ ਯੱਖ ਮਹੀਨੇ ਵਿਚ ਗੁਰੂ ਗੋਬਿੰਦ ਸਿੰਘ ਨੇ ਪਰਿਵਾਰ ਅਤੇ ਸਿੰਘਾਂ ਸਮੇਤ ਅਨੰਦਪੁਰ ਦੇ ਕਿਲੇ ਨੂੰ ਛੱਡਿਆ ਸੀ ਅਤੇ ਸਰਸਾ ਨਦੀ ਨੂੰ ਪਾਰ ਕਰਦਿਆਂ ਦੋ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਤੋਂ ਵਿਛੋੜਾ ਪੈ ਗਿਆ ਸੀ। ਦੋ ਵੱਡੇ ਸਾਹਿਬਜ਼ਾਦਿਆਂ-ਬਾਬਾ ਅਜੀਤ ਸਿੰਘ ਤੇ ਜੁਝਾਰ ਸਿੰਘ ਨੇ ਚਮਕੌਰ ਦੇ ਯੁੱਧ ਵਿਚ ਲੜਦਿਆਂ ਸ਼ਹਾਦਤ ਦਿਤੀ ਅਤੇ ਛੋਟੇ ਸਾਹਿਬਜ਼ਾਦਿਆਂ-ਬਾਬਾ ਫਤਿਹ ਸਿੰਘ ਤੇ ਜੋਰਾਵਰ ਸਿੰਘ ਨੂੰ ਸੂਬਾ ਸਰਹਿੰਦ ਨੇ ਕੰਧਾਂ ਵਿਚ ਚਿਣਾ ਕੇ ਸ਼ਹੀਦ ਕਰ ਦਿੱਤਾ; ਨਾਲ ਹੀ ਮਾਤਾ ਗੁਜਰੀ ਜੀ ਵੀ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੇ ਸਨ। ਇਸੇ ਠੰਡੇ ਯੱਖ ਮਹੀਨੇ ਵਿਚ ਕਿਸਾਨ ਆਪਣੇ ਹੱਕਾਂ ਦੀ ਰਾਖੀ ਅਤੇ ਤਿੰਨ ਕਾਲੇ ਖੇਤੀ ਕਾਨੂੰਨਾਂ ਨੂੰ ਵਾਪਸ ਕਰਾਉਣ ਲਈ ਦਿੱਲੀ ਵਿਖੇ ਮੋਰਚਿਆ 'ਤੇ ਡਟੇ ਹੋਏ ਹਨ। ਗੁਰੂਆਂ ਨੇ ਸਾਨੂੰ ਸਿਖਾਇਆ ਹੈ ਕਿ ਮਨੁੱਖ ਮਹਿਜ ਆਪਣੀ ਖਾਤਰ ਹੀ ਨਹੀਂ ਜਿਉਂਦਾ, ਸਗੋਂ ਆਪਣੇ ਅਤੇ ਦੂਸਰਿਆਂ ਦੇ ਹੱਕਾਂ ਤੇ ਸਰਬੱਤ ਦੇ ਭਲੇ ਲਈ ਜਿਉਂਦਾ ਵੀ ਹੈ ਅਤੇ ਜੇ ਲੋੜ ਪਵੇ ਤਾਂ ਸ਼ਹਾਦਤ ਵੀ ਦੇ ਸਕਦਾ ਹੈ।

ਗੁਰੂ ਨਾਨਕ ਦੇ ਦਿੱਤੇ ਜੀਵਨ ਦਰਸ਼ਨ ਨੇ ਭਾਰਤ ਦੀ ਸੁੱਤੀ ਹੋਈ ਆਤਮਾ ਨੂੰ ਜਗਾਇਆ ਸੀ; ਮਨੁੱਖੀ ਇਨਸਾਫ, ਬਰਾਬਰੀ, ਸਵੈਮਾਣ, ਆਜ਼ਾਦੀ, ਸਰਬੱਤ ਦੇ ਭਲੇ ਲਈ ਜਿਉਣਾ ਸਿਖਾਇਆ। ਸਿੱਖ ਧਰਮ-ਚਿੰਤਨ ਵਿਚ ਤਾਂ ਮਰਨ ਨੂੰ ਵੀ ਬਹਾਦਰ ਲੋਕਾਂ ਦਾ ਹੱਕ ਅਤੇ ਸੱਚ ਅਰਥਾਤ ਸਫਲ ਮੰਨਿਆ ਗਿਆ ਹੈ। ਗੁਰੂ ਨਾਨਕ ਸਾਹਿਬ ਅਨੁਸਾਰ ਜਿਹੜੇ ਮਨੁੱਖ ਪ੍ਰਵਾਣ ਹੋ ਕੇ ਮਰਦੇ ਹਨ, ਇਨਸਾਫ (ਧਰਮ) ਅਤੇ ਮਨੁੱਖਤਾ ਦੀ ਸੇਵਾ ਲਈ ਮਰਦੇ ਹਨ, ਉਨ੍ਹਾਂ ਦਾ ਮਰਨਾ ਸਫਲ ਮੰਨਿਆ ਜਾਂਦਾ ਹੈ। ਸੂਰਮੇ ਉਨ੍ਹਾਂ ਨੂੰ ਮੰਨਿਆ ਜਾਂਦਾ ਹੈ, ਜਿਨ੍ਹਾਂ ਨੂੰ ਸੱਚੀ ਦਰਗਾਹ ਵਿਚ ਸੱਚੀ ਇੱਜ਼ਤ ਮਿਲਦੀ ਹੈ। ਇਸ ਸੰਸਾਰ ਤੋਂ ਵੀ ਇੱਜ਼ਤ ਕਮਾ ਕੇ ਜਾਂਦੇ ਹਨ ਤੇ ਅੱਗੇ ਵੀ ਆਪਣਾ ਮਾਣ, ਆਪਣੀ ਇੱਜ਼ਤ ਕਾਇਮ ਰੱਖਦੇ ਹਨ। ਉਸ ਪਰਵਦਗਾਰ ਨੂੰ ਲਾਸਾਨੀ, ਸਰਵਵਿਆਪਕ ਜਾਣ ਕੇ ਉਸ ਦਾ ਸਿਮਰਨ ਕਰਦੇ ਹਨ ਅਤੇ ਇਸ ਸਿਮਰਨ ਦਾ ਫਲ ਪ੍ਰਾਪਤ ਹੁੰਦਾ ਹੈ। ਉਸ ਦੇ ਸਿਮਰਨ ਨਾਲ ਮਨ 'ਚੋਂ ਹਰ ਤਰ੍ਹਾਂ ਦਾ ਭੈ, ਖਾਸ ਕਰਕੇ ਮੌਤ ਦਾ ਭੈ ਦੂਰ ਹੋ ਜਾਂਦਾ ਹੈ। ਗੁਰਬਾਣੀ ਅਨੁਸਾਰ ਜੋ ਮਨੁੱਖ ਉਸ ਇੱਕ ਪਰਵਦਗਾਰ ਦੇ ਭੈ 'ਚ ਜਿਉਂਦਾ ਹੈ, ਉਹ ਨਿਰਭਉ ਹੋ ਜਾਂਦਾ ਹੈ, ਉਸ ਨੂੰ ਕਿਸੇ ਹੋਰ ਦਾ ਜਾਂ ਮੌਤ ਦਾ ਭੈ ਨਹੀਂ ਰਹਿੰਦਾ। ਇਸ ਦੇ ਨਾਲ ਹੀ ਹਦਾਇਤ ਇਹ ਵੀ ਕੀਤੀ ਹੈ ਕਿ ਅਹੰਕਾਰ ਨਹੀਂ ਕਰਨਾ, ਕਿਸੇ ਨੂੰ ਉਚਾ ਬੋਲ ਨਹੀਂ ਬੋਲਣਾ, ਆਪਣੇ ਆਪ 'ਤੇ ਸੰਜਮ ਰੱਖਣਾ ਹੈ,

ਮਰਣੁ ਮੁਣਸਾ ਸੂਰਿਆ ਹਕੁ ਹੈ
ਜੋ ਹੋਇ ਮਰਨਿ ਪਰਵਾਣੋ॥
ਸੂਰੇ ਸੇਈ ਆਗੈ ਆਖੀਅਹਿ
ਦਰਗਹ ਪਾਵਹਿ ਸਾਚੀ ਮਾਣੋ॥
ਦਰਗਹ ਮਾਣੁ ਪਾਵਹਿ ਪਤਿ ਸਿਉ
ਜਾਵਹਿ ਆਗੈ ਦੂਖੁ ਨ ਲਾਗੈ॥
ਕਰਿ ਏਕੁ ਧਿਆਵਹਿ ਤਾਂ ਫਲੁ ਪਾਵਹਿ
ਜਿਤੁ ਸੇਵਿਐ ਭਉ ਭਾਗੈ॥
ਊਚਾ ਨਹੀ ਕਹਣਾ ਮਨ ਮਹਿ
ਰਹਣਾ ਆਪੇ ਜਾਣੈ ਜਾਣੋ॥
ਮਰਣੁ ਮੁਣਸਾ ਸੂਰਿਆ ਹਕੁ ਹੈ
ਜੋ ਹੋਇ ਮਰਣੁ ਪਰਵਾਣੋ॥ (ਪੰਨਾ 579-80)

ਗੁਰੂ ਤੇਗ ਬਹਾਦਰ ਸਾਹਿਬ ਦਾ ਜਨਮ ਅਪਰੈਲ 1621 ਈਸਵੀ ਨੂੰ ਮਾਤਾ ਨਾਨਕੀ ਅਤੇ ਗੁਰੂ ਹਰਗੋਬਿੰਦ, ਛੇਵੀਂ ਨਾਨਕ ਜੋਤਿ ਦੇ ਗ੍ਰਹਿ ਵਿਖੇ ਹੋਇਆ। ਗੁਰੂ ਹਰਗੋਬਿੰਦ ਸਾਹਿਬ, ਮੀਰੀ-ਪੀਰੀ ਦੇ ਮਾਲਕ ਨੇ ਗੁਰੂ ਨਾਨਕ ਸਾਹਿਬ ਦੇ ਅਧਿਆਤਮਕ ਅਤੇ ਸੰਸਾਰਕ ਜੀਵਨ ਦੀ ਇਕਸੁਰਤਾ ਵਾਲੇ ਸਥਾਪਤ ਕੀਤੇ ਜੀਵਨ ਦਰਸ਼ਨ ਨੂੰ ਅੱਗੇ ਲੈ ਜਾਂਦਿਆਂ, ਸੰਤ ਅਤੇ ਸਿਪਾਹੀ ਦੇ ਸੁਮੇਲ ਦਾ ਪ੍ਰਤੀਕ ਦੋ ਤਲਵਾਰਾਂ ਪਹਿਨੀਆਂ। ਗੁਰੂ ਤੇਗ ਬਹਾਦਰ ਜੀ ਦਾ ਪਹਿਲਾ ਨਾਮ ਤਿਆਗ ਮੱਲ ਸੀ ਅਤੇ ਉਨ੍ਹਾਂ ਦਾ ਮੁਢਲਾ ਜੀਵਨ ਅੰਮ੍ਰਿਤਸਰ ਵਿਚ ਬੀਤਿਆਂ ਜਿੱਥੇ ਗੁਰੂ ਹਰਗੋਬਿੰਦ ਸਾਹਿਬ ਨੇ ਉਨ੍ਹਾਂ ਦੀ ਸ਼ਾਸਤਰ ਅਤੇ ਸ਼ਸਤਰ ਵਿੱਦਿਆ ਦਾ ਪ੍ਰਬੰਧ ਕੀਤਾ। ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਦੀ ਰਹਿਨੁਮਾਈ ਵਿਚ ਉਨ੍ਹਾਂ ਨੇ ਗੁਰਮੁਖੀ, ਸੰਸਕ੍ਰਿਤ, ਫਾਰਸੀ ਆਦਿ ਬੋਲੀਆਂ ਦੀ ਉਚੇਚੀ ਸਿੱਖਿਆ ਦੇ ਨਾਲ ਨਾਲ ਧਰਮ ਦਰਸ਼ਨ ਦਾ ਗਿਆਨ ਪ੍ਰਾਪਤ ਕੀਤਾ; ਘੋੜ-ਸਵਾਰੀ, ਤੀਰ ਅੰਦਾਜ਼ੀ ਦੀ ਮੁਹਾਰਤ ਪ੍ਰਾਪਤ ਕੀਤੀ ਅਤੇ ਤਲਵਾਰਬਾਜ਼ੀ ਦੀ ਸਿਖਲਾਈ ਗੁਰੂ ਹਰਗੋਬਿੰਦ ਸਾਹਿਬ ਨੇ ਆਪ ਦਿੱਤੀ।

ਅਕਬਰ ਬਾਦਸ਼ਾਹ ਤੋਂ ਬਾਅਦ ਜਹਾਂਗੀਰ ਵੱਲੋਂ ਦਿੱਲੀ ਦੇ ਤਖਤ ਤੇ ਬੈਠਣ ਉਪਰੰਤ ਮੁਗਲ ਸਲਤਨਤ ਦਾ ਸਿੱਖ ਧਰਮ ਪ੍ਰਤੀ ਰਵੱਈਆ ਸੁਖਾਵਾਂ ਨਹੀਂ ਸੀ ਰਿਹਾ। ਪੰਜਵੇਂ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਉਪਰੰਤ ਗੁਰੂ ਹਰਗੋਬਿੰਦ ਸਾਹਿਬ ਨੂੰ ਮੁਗਲਾਂ ਨਾਲ ਕਈ ਲੜਾਈਆਂ ਲੜਨੀਆਂ ਪਈਆਂ ਅਤੇ ਬਾਲਕ ਤੇਜ ਮੱਲ ਨੇ ਪਿਤਾ-ਗੁਰੂ ਦੀ ਆਗਿਆ ਨਾਲ ਮਹਿਜ ਤੇਰਾਂ ਸਾਲ ਦੀ ਉਮਰ ਵਿਚ ਕਰਤਾਰਪੁਰ ਵਿਚ ਮੁਗਲਾਂ ਨਾਲ ਹੋਏ ਯੁੱਧ ਵਿਚ ਹਿੱਸਾ ਲਿਆ। ਇਸ ਜੰਗ ਵਿਚ ਉਨ੍ਹਾਂ ਨੇ ਜਿਸ ਦਲੇਰੀ ਅਤੇ ਹੁਸ਼ਿਆਰੀ ਨਾਲ ਦੁਸ਼ਮਣ ਨਾਲ ਲੜਦਿਆਂ ਤਲਵਾਰ ਦੇ ਜੌਹਰ ਦਿਖਾਏ, ਉਸ ਤੋਂ ਹੀ ਉਨ੍ਹਾਂ ਦਾ ਨਾਮ ਤੇਜ ਮੱਲ ਤੋਂ ਤੇਗ ਬਹਾਦਰ (ਤਲਵਾਰ ਦੇ ਧਨੀ) ਹੋ ਗਿਆ। ਕਰਤਾਰਪੁਰ ਦੇ ਨਿਵਾਸ ਦੌਰਾਨ ਹੀ ਉਨ੍ਹਾਂ ਦਾ ਵਿਆਹ 1632 ਈਸਵੀ ਵਿਚ (ਮਾਤਾ) ਗੁਜਰੀ ਜੀ ਨਾਲ ਹੋ ਗਿਆ। ਗੁਰੂ ਹਰਗੋਬਿੰਦ ਸਾਹਿਬ ਦੇ ਹੁਕਮ ਦੀ ਪਾਲਣਾ ਕਰਦਿਆਂ ਉਨ੍ਹਾਂ ਨੇ ਆਪਣੀ ਮਾਤਾ ਨਾਨਕੀ ਅਤੇ ਪਤਨੀ ਗੁਜਰੀ ਜੀ ਸਮੇਤ ਬਕਾਲੇ ਰਿਹਾਇਸ਼ ਕਰ ਲਈ। ਗੁਰੂ ਹਰਗੋਬਿੰਦ ਸਾਹਿਬ ਨੇ ਸ਼ਿਵਾਲਕ ਪਹਾੜੀਆਂ ਦੇ ਪੈਰਾਂ ਵਿਚ ਨਵਾਂ ਨਗਰ ਕੀਰਤਪੁਰ ਵਸਾਇਆ ਅਤੇ ਇਥੇ ਹੀ ਆਪਣੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ 1644 ਵਿਚ ਗੁਰਗੱਦੀ ਬਾਬਾ ਗੁਰਦਿੱਤਾ ਜੀ ਦੇ ਪੁੱਤਰ, ਆਪਣੇ ਪੋਤੇ ਹਰਿ ਰਾਏ ਜੀ ਨੂੰ ਸੌਂਪ ਦਿੱਤੀ, ਜਿਨ੍ਹਾਂ ਨੇ ਸੰਗਤਿ ਦੀ ਅਗਵਾਈ 1661 ਈਸਵੀ ਤੱਕ ਕੀਤੀ। ਗੁਰੂ ਆਪ ਜਾਣੀ ਜਾਣ ਸਨ ਅਤੇ ਇਸ ਵਿਚ ਵੀ ਕੋਈ ਮਸਲੀਅਤ ਸੀ, ਜਿਸ ਵਿਚ ਆਉਣ ਵਾਲੇ ਔਖੇ ਵਕਤ ਲਈ ਗੁਰੂ ਤੇਗ ਬਹਾਦਰ ਸਾਹਿਬ ਦੀ ਤਿਆਰੀ ਦਾ ਰਹੱਸ ਛੁਪਿਆ ਹੋਇਆ ਸੀ।

ਗੁਰੂ ਹਰਿ ਰਾਏ ਜੀ ਨੇ 1661 ਈ. ਵਿਚ ਗੁਰਗੱਦੀ ਗੁਰੂ ਹਰਕ੍ਰਿਸ਼ਨ ਜੀ ਨੂੰ ਸੌਂਪੀ, ਜਿਨ੍ਹਾਂ ਦੀ ਉਮਰ ਉਸ ਵੇਲੇ ਬਹੁਤ ਛੋਟੀ ਸੀ। ਗੁਰੂ ਹਰਕ੍ਰਿਸ਼ਨ 1664 ਈ. ਵਿਚ ਦਿੱਲੀ ਵਿਖੇ ਸਨ, ਜਦੋਂ ਉਥੇ ਹੈਜ਼ਾ ਅਤੇ ਚੇਚਕ ਦੀ ਮਹਾਂਮਾਰੀ ਫੈਲ ਗਈ। ਬਿਮਾਰਾਂ ਦੀ ਦੇਖ-ਭਾਲ ਕਰਦਿਆਂ ਗੁਰੂ ਹਰਕ੍ਰਿਸ਼ਨ ਬਿਮਾਰ ਹੋ ਗਏ ਅਤੇ ਆਪਣੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਉਨ੍ਹਾਂ ਨੇ ਇਸ਼ਾਰਾ ਕੀਤਾ ਕਿ 'ਬਾਬਾ ਬਕਾਲੇ', ਜਿਸ ਦਾ ਅਰਥ ਸੀ ਕਿ ਉਨ੍ਹਾਂ ਦਾ ਵਾਰਿਸ ਗੁਰੂ ਬਕਾਲੇ ਵਿਖੇ ਹੈ। ਗੁਰੂ ਨਾਨਕ ਦੇ ਸਥਾਪਤ ਕੀਤੇ ਮਾਰਗ ਤੇ ਸੰਗਤਾਂ ਦੀ ਅਗਵਾਈ ਕਰਨ ਲਈ ਨੌਵੇਂ ਗੁਰੂ ਦੇ ਰੂਪ ਵਿਚ ਗੁਰੂ ਤੇਗ ਬਹਾਦਰ 20 ਮਾਰਚ 1665 ਨੂੰ ਗੁਰਗੱਦੀ 'ਤੇ ਬੈਠੇ, ਬਕਾਲੇ ਤੋਂ ਕੀਰਤਪੁਰ ਸਾਹਿਬ ਚਲੇ ਗਏ ਅਤੇ ਥੋੜ੍ਹੀ ਦੇਰ ਬਾਅਦ ਹੀ ਉਨ੍ਹਾਂ ਨੇ ਕੀਰਤਪੁਰ ਸਾਹਿਬ ਦੇ ਨੇੜੇ ਹੀ ਆਪਣੀ ਮਾਤਾ ਜੀ ਦੇ ਨਾਮ 'ਤੇ 'ਚੱਕ ਨਾਨਕੀ' ਵਸਾਇਆ, ਜੋ ਪਿੱਛੋਂ ਅਨੰਦਪੁਰ ਕਰਕੇ ਜਾਣਿਆ ਗਿਆ ਅਤੇ ਖਾਲਸੇ ਦਾ ਜਨਮ ਸਥਾਨ ਬਣਿਆ। ਗੁਰੂ ਨਾਨਕ ਅਤੇ ਉਨ੍ਹਾਂ ਦੇ ਵਾਰਿਸ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਦਾ ਪ੍ਰਚਾਰ ਕਰਨ ਲਈ ਉਨ੍ਹਾਂ ਨੇ ਪੰਜਾਬ ਦੇ ਦੂਰ-ਦੁਰਾਡੇ ਖੇਤਰਾਂ ਦੀ ਯਾਤਰਾ ਕੀਤੀ ਅਤੇ ਨਾਲ ਹੀ ਭਾਰਤ ਦੇ ਬਹੁਤ ਸਾਰੇ ਹਿੱਸਿਆਂ ਜਿਵੇਂ ਯੂ. ਪੀ., ਬਿਹਾਰ, ਬੰਗਾਲ ਅਤੇ ਅਸਾਮ ਵਰਗੇ ਪ੍ਰਾਂਤਾਂ ਵਿਚ ਗਏ। ਜਦੋਂ ਗੁਰੂ ਤੇਗ ਬਹਾਦਰ ਆਪਣੇ ਪਰਿਵਾਰ ਨੂੰ ਬਿਹਾਰ ਵਿਚ ਪਟਨਾ ਵਿਖੇ ਠਹਿਰਾ ਕੇ ਆਪ ਅਸਾਮ ਵੱਲ ਗਏ ਤਾਂ ਇਸੇ ਸਮੇਂ ਦੌਰਾਨ ਬਾਲਕ ਗੋਬਿੰਦ ਰਾਇ ਦਾ ਜਨਮ 5 ਜਨਵਰੀ 1666 ਈ. ਨੂੰ ਹੋਇਆ। ਗੁਰੂ ਤੇਗ ਬਹਾਦਰ ਜਦੋਂ ਪ੍ਰਚਾਰ ਵਿਚ ਰੁੱਝੇ ਹੋਏ ਸਨ ਤਾਂ ਬਾਲਕ ਗੋਬਿੰਦ ਰਾਇ ਦੀ ਮੁਢਲੀ ਸਿੱਖਿਆ ਦਾ ਪ੍ਰਬੰਧ ਪਟਨਾ ਵਿਖੇ ਮਾਤਾ ਗੁਜਰੀ ਜੀ ਨੇ ਆਪਣੀ ਦੇਖ ਰੇਖ ਵਿਚ ਕੀਤਾ। ਕਰੀਬ 1672 ਈ. ਵਿਚ ਗੁਰੂ ਪਰਿਵਾਰ ਵਾਪਸ ਅਨੰਦਪੁਰ ਆ ਗਿਆ।

ਇਸ ਸਮੇਂ ਔਰੰਗਜ਼ੇਬ ਦਿੱਲੀ ਦੇ ਤਖਤ 'ਤੇ ਬਿਰਾਜਮਾਨ ਸੀ ਅਤੇ ਉਸ ਦੇ ਰਾਜਕਾਲ ਵਿਚ ਮੁਗਲ ਹਾਕਮਾਂ ਦਾ ਜ਼ਬਰ ਪਰਜਾ 'ਤੇ ਬਹੁਤ ਵਧ ਗਿਆ ਸੀ ਅਤੇ ਵੱਡੇ ਪੱਧਰ 'ਤੇ ਲੋਕਾਂ ਨੂੰ ਮੁਸਲਮਾਨ ਬਣਨ ਲਈ ਮਜ਼ਬੂਰ ਕੀਤਾ ਜਾ ਰਿਹਾ ਸੀ। ਬਾਲਕ ਗੋਬਿੰਦ ਰਾਇ ਦੀ ਉਮਰ ਸਿਰਫ 9 ਸਾਲ ਸੀ, ਜਦੋਂ ਕਸ਼ਮੀਰੀ ਪੰਡਿਤ ਗੁਰੂ ਤੇਗ ਬਹਾਦਰ ਸਾਹਿਬ ਕੋਲ ਅਨੰਦਪੁਰ ਆਪਣੀ ਫਰਿਆਦ ਲੈ ਕੇ ਆਏ ਸਨ ਕਿ ਉਨ੍ਹਾਂ ਨੂੰ ਮੁਸਮਾਨ ਬਣਨ ਲਈ ਮਜ਼ਬੂਰ ਕੀਤਾ ਜਾ ਰਿਹਾ ਹੈ। ਗੁਰੂ ਤੇਗ ਬਹਾਦਰ ਕਸ਼ਮੀਰੀ ਪੰਡਿਤਾਂ ਦੀ ਪੁਕਾਰ ਸੁਣ ਕੇ ਔਰੰਗਜ਼ੇਬ ਦੇ ਇਸ ਜ਼ੁਲਮ ਨੂੰ ਰੋਕਣ ਲਈ ਦਿੱਲੀ ਵੱਲ ਰਵਾਨਾ ਹੋਏ ਅਤੇ ਭਾਈ ਮਤੀ ਦਾਸ, ਸਤੀ ਦਾਸ ਅਤੇ ਭਾਈ ਦਿਆਲਾ ਵੀ ਉਨ੍ਹਾਂ ਦੇ ਨਾਲ ਗਏ। ਗੁਰੂ ਤੇਗ ਬਹਾਦਰ ਅਤੇ ਉਨ੍ਹਾਂ ਦੀ ਸੰਗਤਿ ਵਿਚ ਗਏ ਸਿੱਖਾਂ ਨੇ ਦਿੱਲੀ ਵਿਚ ਸ਼ਹਾਦਤ ਦਿੱਤੀ। ਇਹ ਸ਼ਹਾਦਤ ਆਪਣੇ ਧਰਮ ਨੂੰ ਮੰਨਣ ਦੀ ਮਨੁੱਖ ਦੀ ਮੁਢਲੀ ਆਜ਼ਾਦੀ, ਬਰਾਬਰੀ, ਮਨੁੱਖੀ ਸਵੈਮਾਨ ਅਤੇ ਇਨਸਾਫ ਲਈ ਦਿੱਤੀ ਗਈ। ਇਹ ਸ਼ਹਾਦਤ ਇਸ ਸਿਧਾਂਤ ਦੀ ਸਥਾਪਤੀ ਲਈ ਦਿੱਤੀ ਗਈ ਕਿ ਸਾਰੇ ਮਨੁੱਖ ਉਸ ਇੱਕ ਅਕਾਲ ਪੁਰਖ ਦੀ ਸਿਰਜਣਾ ਹਨ, ਸਭ ਦਾ ਸੋਮਾ ਉਹ ਇੱਕ ਅਕਾਲ ਪੁਰਖ ਹੈ, ਇਸ ਲਈ ਸਾਰਿਆਂ ਨੂੰ ਜੀਣ ਅਤੇ ਥੀਣ ਦਾ ਬਰਾਬਰ ਦਾ ਹੱਕ ਹੈ। ਹਰ ਇੱਕ ਮਨੁੱਖ ਨੂੰ, ਭਾਵੇਂ ਕਿਸੇ ਵੀ ਅਕੀਦੇ ਨਾਲ ਸਬੰਧਤ ਹੋਵੇ, ਆਪਣੇ ਇਸ਼ਟ ਨੂੰ ਧਿਆਉਣ ਦਾ ਹੱਕ ਹੈ। ਇਸ ਲਈ ਉਨ੍ਹਾਂ ਨੇ ਹੱਕ ਅਤੇ ਸੱਚ ਲਈ ਸ਼ਹਾਦਤ ਦਿੱਤੀ।



*ਹੱਕ ਪ੍ਰਾਪਤੀ ਲਈ ਦਿੱਲੀ ਦੀਆਂ ਸੜਕਾਂ ਦੇ ਸੁੱਤੇ ਕਿਸਾਨ*

ਗੁਰੂ ਨਾਨਕ ਸਾਹਿਬ ਨੇ ਲੋਕਾਂ ਦੀ ਲੁੱਟ-ਖਸੁੱਟ ਕਰਨ ਵਾਲੇ ਰਾਜਿਆਂ, ਉਨ੍ਹਾਂ ਦੇ ਅਹਿਲਕਾਰਾਂ ਨੂੰ ਲੋਕਾਂ ਦਾ ਸ਼ਿਕਾਰ ਕਰਨ ਵਾਲੇ 'ਸੀਹ' ਅਤੇ 'ਕੁਤੇ'; ਧਾਰਮਿਕ ਹੋਣ ਦਾ ਦਿਖਾਵਾ ਕਰਦਿਆਂ ਲੋਕਾਂ ਦੇ ਹੱਕ ਖੋਹਣ ਵਾਲਿਆਂ ਨੂੰ 'ਜਗਤ ਕਾਸਾਈ' ਕਿਹਾ ਹੈ ਅਤੇ ਬਾਹਰੀ ਹਮਲਾਵਰਾਂ ਨੂੰ 'ਪਾਪ ਕੀ ਜੰਞ' ਕਹਿ ਕੇ ਵਿਰੋਧ ਕੀਤਾ। ਮਲਕ ਭਾਗੋ ਵਰਗਿਆਂ ਨੂੰ ਸਪੱਸ਼ਟ ਕੀਤਾ ਕਿ ਉਹ ਲੋਕਾਂ ਦਾ ਖੂਨ ਚੂਸ ਰਹੇ ਹਨ। ਗੁਰੂ ਤੇਗ ਬਹਾਦਰ ਨੇ ਮਾਨਵਤਾਵਾਦੀ ਕੀਮਤਾਂ ਦੀ ਸਥਾਪਤੀ ਲਈ ਸ਼ਹਾਦਤ ਦਿੱਤੀ। ਉਨ੍ਹਾਂ ਨੇ ਤਾਂ ਮਨੁੱਖ ਦੇ ਸਾਹਮਣੇ ਗਿਆਨਵਾਨ ਹੋਣ ਦਾ ਪੈਮਾਨਾ ਵੀ ਰੱਖਿਆ, ਜੋ ਮਨੁੱਖ ਕਿਸੇ ਨੂੰ ਨਾ ਡਰਾਉਂਦਾ ਹੈ ਅਤੇ ਨਾਹੀ ਕਿਸੇ ਤੋਂ ਡਰਦਾ ਹੈ,

ਭੈ ਕਾਹੂ ਕਉ ਦੇਤ ਨਹਿ
ਨਹਿ ਭੈ ਮਾਨਤ ਆਨ॥
ਕਹੁ ਨਾਨਕ ਸੁਨਿ ਰੇ ਮਨਾ
ਗਿਆਨੀ ਤਾਹਿ ਬਖਾਨਿ॥ (ਪੰਨਾ 1426-27)

ਇਨ੍ਹਾਂ ਹੀ ਮਾਨਵਤਾ ਨੂੰ ਪ੍ਰਣਾਈਆਂ ਕੀਮਤਾਂ ਨੂੰ ਅੱਗੇ ਲੈ ਜਾਂਦਿਆ ਇਨ੍ਹਾਂ ਦੀ ਸਥਾਪਤੀ ਲਈ ਗੁਰੂ ਗੋਬਿੰਦ ਸਿੰਘ ਨੇ ਖਾਲਸਾ ਸਾਜ ਕੇ ਗਰੀਬਾਂ, ਸਦੀਆਂ ਤੋਂ ਦੱਬੇ-ਕੁਚਲੇ, ਜ਼ੁਲਮ ਸਹਿ ਰਹੇ ਕਮਜ਼ੋਰਾਂ ਨੂੰ ਜ਼ਾਬਰਾਂ ਨਾਲ ਟੱਕਰ ਲੈਣ ਦੇ ਯੋਗ ਬਣਾਇਆ।

ਪਹਿਲੀ ਅਤੇ ਦੂਸਰੀ ਆਲਮੀ ਜੰਗਾਂ ਦੌਰਾਨ ਬਹੁਤ ਵੱਡੀ ਪੱਧਰ 'ਤੇ ਮਨੁੱਖੀ ਹੱਕਾਂ ਦਾ ਘਾਣ ਹੋਇਆ। ਮਨੁੱਖਤਾ ਨੂੰ ਵੱਡੀ ਪੱਧਰ 'ਤੇ ਜਿੱਥੇ ਜਾਨ ਅਤੇ ਮਾਲ ਤੋਂ ਹੱਥ ਧੋਣੇ ਪਏ, ਘਰੋਂ ਬੇਘਰ ਹੋਣਾ ਪਿਆ, ਉਥੇ ਹੀ ਅਣਮਨੁੱਖੀ ਵਤੀਰਾ ਸਹਿਨ ਕਰਦਿਆਂ ਜ਼ਲੀਲ ਹੋਣਾ ਪਿਆ। ਭਵਿੱਖ ਵਿਚ ਇਸ ਕਿਸਮ ਦੀ ਆਲਮੀ ਤਬਾਹੀ ਦੀ ਰੋਕਥਾਮ ਲਈ ਹੀ ਇਨ੍ਹਾਂ ਯੁੱਧਾਂ ਵਿਚੋਂ ਯੂ. ਐਨ. ਓ. ਵਰਗੀ ਸੰਸਥਾ ਦੀ ਸਥਾਪਨਾ ਹੋਈ। ਸੰਨ 1948 ਵਿਚ 10 ਦਸੰਬਰ ਨੂੰ ਵਿਸ਼ਵਵਿਆਪੀ ਮਨੁੱਖੀ ਅਧਿਕਾਰ ਦਿਵਸ ਐਲਾਨਿਆ ਗਿਆ ਤਾਂ ਕਿ ਹਰ ਮਨੁੱਖ ਨੂੰ ਬਰਾਬਰੀ, ਨਿਆਉਂ, ਆਜ਼ਾਦੀ ਅਤੇ ਸੁਰੱਖਿਆ ਮੁਹੱਈਆ ਕਰਾਉਣ ਲਈ ਯਤਨ ਕੀਤੇ ਜਾਣ। ਸਾਂਝੇ ਯਤਨਾਂ ਰਾਹੀਂ ਦੁਨੀਆਂ ਭਰ ਵਿਚ ਨਾਬਰਾਬਰੀ ਅਤੇ ਦੁਸ਼ਵਾਰੀਆਂ ਦਾ ਸਾਹਮਣਾ ਕਰ ਰਹੇ ਲੋਕਾਂ ਦੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਤੇ ਲੋਕਤੰਤਰੀ ਕੀਮਤਾਂ ਦੀ ਬਹਾਲੀ ਲਈ ਵੱਧ ਤੋਂ ਵੱਧ ਉਪਰਾਲੇ ਕੀਤੇ ਜਾ ਸਕਣ। ਇਸ ਤਰ੍ਹਾਂ 10 ਦਸੰਬਰ ਸੰਸਾਰ ਪੱਧਰ ਤੇ 'ਹਿਊਮਨ ਰਾਈਟਸ ਡੇ' ਕਰਕੇ ਮਨਾਇਆ ਜਾਂਦਾ ਹੈ।

ਦਿੱਲੀ ਨੂੰ ਜਾਂਦੇ ਸ਼ਾਹਰਾਹਾਂ 'ਤੇ ਦਿੱਲੀ ਦੁਆਲੇ ਸੰਘਰਸ਼ ਕਰ ਰਹੇ ਕਿਸਾਨਾਂ ਵਿਚ ਪੰਜਾਬ ਦੀਆਂ 32 ਜਥੇਬੰਦੀਆਂ ਦੇ ਨਾਲ ਹਰਿਆਣਾ, ਉਤਰ ਪ੍ਰਦੇਸ਼, ਉਤਰਾਖੰਡ, ਮੱਧ ਪ੍ਰਦੇਸ਼, ਰਾਜਸਥਾਨ ਅਤੇ ਹੋਰ ਵੱਖ ਵੱਖ ਪ੍ਰਾਂਤਾਂ ਤੋਂ ਕਿਸਾਨ ਜਥੇਬੰਦੀਆਂ ਸੰਘਰਸ਼ ਵਿਚ ਸ਼ਾਮਲ ਹਨ। ਭਾਜਪਾਈ ਸਰਕਾਰ ਵੱਲੋਂ ਵੱਖ ਵੱਖ ਸਮਿਆਂ 'ਤੇ ਆਪਣੇ ਹੱਕਾਂ ਲਈ ਅਵਾਜ਼ ਉਠਾਉਣ ਵਾਲੇ ਬੁੱਧੀਜੀਵੀਆਂ, ਵਿਦਿਆਰਥੀਆਂ, ਪੱਤਰਕਾਰਾਂ, ਮਾਨਵ ਅਧਿਕਾਰੀ ਕਾਰਕੁੰਨਾਂ ਅਤੇ ਸਮਾਜ ਸੇਵੀ ਪੁਰਸ਼ਾਂ ਅਤੇ ਔਰਤਾਂ ਨੂੰ ਜੇਲ੍ਹਾਂ ਵਿਚ ਬੰਦ ਕੀਤਾ ਹੋਇਆ ਹੈ। ਇਨ੍ਹਾਂ ਵਿਚੋਂ ਕਈ ਤਾਂ ਵੱਡੀ ਉਮਰ ਦੇ ਹਨ, ਜਿਨ੍ਹਾਂ ਦੀ ਸਿਹਤ ਵੀ ਠੀਕ ਨਹੀਂ ਹੈ, ਅਪੰਗ ਵੀ ਹਨ। 10 ਦਸੰਬਰ ਨੂੰ ਮਾਨਵ ਅਧਿਕਾਰ ਦਿਵਸ ਮਨਾਉਂਦੇ ਹੋਏ ਕਿਸਾਨ ਧਰਨੇ 'ਤੇ ਬੈਠੀਆਂ ਬੀਬੀਆਂ ਨੇ ਜੇਲ੍ਹਾਂ ਵਿਚ ਬੰਦ ਇਨ੍ਹਾਂ ਵਿਅਕਤੀਆਂ ਦੇ ਨਾਂਵਾਂ ਦੀਆਂ ਤਖਤੀਆਂ ਚੁੱਕੀਆਂ ਹੋਈਆਂ ਸਨ ਕਿ ਇਨ੍ਹਾਂ ਨੂੰ ਜੇਲ੍ਹਾਂ ਤੋਂ ਰਿਹਾ ਕੀਤਾ ਜਾਵੇ। ਇੱਥੇ ਇਹ ਵੀ ਯਾਦ ਰੱਖਣਾ ਬਣਦਾ ਹੈ ਕਿ ਗੁਰੂ ਹਰਗੋਬਿੰਦ ਸਾਹਿਬ ਨਾਲ ਗਵਾਲੀਅਰ ਦੇ ਕਿਲੇ ਵਿਚ ਭਾਰਤੀ ਰਿਆਸਤਾਂ ਦੇ 52 ਰਾਜੇ ਵੀ ਕੈਦ ਸਨ। ਜਦੋਂ ਗੁਰੂ ਹਰਗੋਬਿੰਦ ਦੀ ਰਿਹਾਈ ਲਈ ਜਹਾਂਗੀਰ ਨੇ ਕਿਹਾ ਤਾਂ ਗੁਰੂ ਹਰਗੋਬਿੰਦ ਨੇ ਉਨ੍ਹਾਂ 52 ਰਾਜਿਆਂ ਦੀ ਰਿਹਾਈ ਦੀ ਸ਼ਰਤ ਵੀ ਨਾਲ ਰੱਖ ਦਿੱਤੀ ਸੀ, ਜਿਸ 'ਤੇ ਜਹਾਂਗੀਰ ਨੇ ਕਿਹਾ ਸੀ ਕਿ ਗੁਰੂ ਦੇ ਚੋਲੇ ਦੀਆਂ ਕਲੀਆਂ ਫੜ ਕੇ ਜਿੰਨੇ ਜਾ ਸਕਦੇ ਹਨ, ਚਲੇ ਜਾਣ। ਗੁਰੂ ਹਰਗੋਬਿੰਦ ਸਾਹਿਬ ਨੇ ਸਿੱਖਾਂ ਨੂੰ ਕਹਿ ਕੇ 52 ਕਲੀਆਂ ਵਾਲਾ ਚੋਲਾ ਮੰਗਵਾਇਆ ਸੀ, ਜਿਸ ਦੀਆਂ ਕਲੀਆਂ ਫੜ ਕੇ ਉਹ 52 ਰਾਜੇ ਵੀ ਰਿਹਾ ਹੋ ਗਏ ਸਨ। ਇੱਥੋਂ ਹੀ ਗੁਰੂ ਹਰਗੋਬਿੰਦ ਸਾਹਿਬ ਦਾ ਨਾਮ 'ਬੰਦੀ ਛੋੜ ਗੁਰੂ' ਪਿਆ ਸੀ।

ਇਸੇ ਤਰ੍ਹਾਂ 30 ਨਵੰਬਰ ਨੂੰ ਕੁੰਡਲੀ ਅਤੇ ਟਿੱਕਰੀ ਬਾਰਡਰ 'ਤੇ ਸੰਘਰਸ਼ ਕਰ ਰਹੇ ਕਿਸਾਨਾਂ ਵੱਲੋਂ ਗੁਰੂ ਨਾਨਕ ਦੇਵ ਜੀ ਦਾ ਜਨਮ ਦਿਨ ਮਨਾਇਆ ਗਿਆ, ਲੰਗਰ ਅਤੇ ਕੜਾਹ ਪ੍ਰਸ਼ਾਦ ਦੀ ਦੇਗ ਵਰਤਾਈ ਗਈ। ਵੱਡੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਯਾਦ ਕਰਦਿਆਂ 21 ਦਸੰਬਰ ਤੋਂ ਤਿੰਨ ਦਿਨ ਦਾ ਸ਼ਹੀਦੀ ਜੋੜ ਮੇਲ ਚਮਕੌਰ ਸਾਹਿਬ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਤਿ 26 ਦਸੰਬਰ ਤੋਂ ਤਿੰਨ ਦਿਨ ਦਾ ਸ਼ਹੀਦੀ ਜੋੜ ਮੇਲ ਫਤਿਹਗੜ੍ਹ ਸਾਹਿਬ ਵਿਚ ਮਨਾਇਆ ਜਾਂਦਾ ਹੈ। ਬਿਲਕੁਲ ਕੁਦਰਤੀ ਹੈ ਕਿ ਜੇ ਉਦੋਂ ਤੱਕ ਕੇਂਦਰ ਨੇ ਕਿਸਾਨਾਂ ਦੀਆਂ ਮੰਗਾਂ ਦਾ ਕੋਈ ਸਹੀ ਫੈਸਲਾ ਨਾ ਕੀਤਾ ਤਾਂ ਇਹ ਦਿਨ ਕਿਸਾਨਾਂ ਵੱਲੋਂ ਧਰਨੇ 'ਤੇ ਹੀ ਮਨਾਏ ਜਾਣਗੇ। ਇਹ ਸ਼ਹਾਦਤਾਂ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ, ਜ਼ੁਲਮ ਦੀ ਵਿਰੋਧਤਾ ਵਿਚ ਦਿੱਤੀਆਂ ਗਈਆਂ ਸਨ।

ਪੰਜਾਬ ਦੀ ਧਰਤੀ ਗੁਰੂਆਂ, ਪੀਰਾਂ, ਸੂਫੀ ਸੰਤਾਂ ਦੀ ਵਰੋਸਾਈ ਧਰਤੀ ਹੈ। ਪੰਜਾਬ ਦੇ ਰਾਗੀ-ਢਾਡੀ, ਗੀਤਕਾਰ, ਸੰਗੀਤਕਾਰ, ਗਾਇਕ ਸਮੇਂ ਸਮੇਂ ਆਪਣੇ ਵਿਰਸੇ ਦੇ ਰੂਬਰੂ ਹੁੰਦੇ ਰਹਿੰਦੇ ਹਨ ਅਤੇ ਆਪਣੀਆਂ ਲਿਖਤਾਂ ਤੇ ਗੌਣਾਂ ਰਾਹੀਂ ਉਨ੍ਹਾਂ ਨੂੰ ਯਾਦ ਕਰਦੇ ਰਹਿੰਦੇ ਹਨ। ਕਿਸਾਨਾਂ ਵੱਲੋਂ ਆਪਣੇ ਆਪਣੇ ਪਿੰਡਾਂ ਵਿਚੋਂ ਉਗਰਾਹੀਆਂ ਕਰਕੇ, ਬਾਹਰਲੇ ਮੁਲਕਾਂ ਵਿਚ ਰਹਿ ਰਹੇ ਕਿਸਾਨਾਂ ਦੇ ਗਰਾਈਆਂ, ਸਕੇ-ਸਬੰਧੀਆਂ, ਧੀਆਂ-ਪੁੱਤਾਂ, ਭੈਣ-ਭਾਈਆਂ ਵੱਲੋਂ ਆਪਣੀ ਆਪਣੀ ਹੈਸੀਅਤ ਮੁਤਾਬਿਕ ਅਤੇ ਖਾਲਸਾ ਏਡ, ਇਸ ਵਰਗੀਆਂ ਹੋਰ ਸਮਾਜ ਸੇਵੀ ਅਤੇ ਲੋਕ ਭਲਾਈ ਨੂੰ ਪ੍ਰਣਾਈਆਂ ਸੰਸਥਾਵਾਂ ਵੱਲੋਂ ਸੰਘਰਸ਼ ਕਰ ਰਹੇ ਕਿਸਾਨਾਂ ਨੂੰ ਲੰਗਰ, ਬਿਸਤਰੇ, ਕੱਪੜੇ, ਦਵਾਈਆਂ ਅਤੇ ਹੋਰ ਲੋੜੀਂਦੀਆਂ ਚੀਜ਼ਾਂ ਮੁਹੱਈਆ ਕਰਵਾ ਕੇ ਮਦਦ ਕੀਤੀ ਜਾ ਰਹੀ ਹੈ।

ਹਰੀ ਕ੍ਰਾਂਤੀ ਰਾਹੀਂ ਕਿਸਾਨ ਨੇ ਭਾਰਤ ਨੂੰ ਭੋਜਨ ਅਸੁਰੱਖਿਆ ਵਿਚੋਂ ਕੱਢਿਆ, ਪਰ ਅੱਜ ਕਿਸਾਨ ਆਪ ਅਸੁਰੱਖਿਅਤ ਹੈ। ਕੋਵਿਡ-19 ਵਿਚ ਰਸਤਿਆਂ ਵਿਚ ਪੈਦਲ ਜਾ ਰਹੇ, ਘਰਾਂ ਵਿਚ ਭੁੱਖ ਨਾਲ ਤੜਪ ਰਹੇ ਮਜ਼ਦੂਰਾਂ ਅਤੇ ਲੋਕਾਂ ਦੀ ਭੋਜਨ ਮੁਹੱਈਆ ਕਰਕੇ ਕਿਸਾਨਾਂ ਨੇ ਮਦਦ ਕੀਤੀ ਸੀ। ਜੇ ਪੰਜਾਬ ਦੇ ਗੋਦਾਮਾਂ ਵਿਚ ਅਨਾਜ ਨਾ ਹੁੰਦਾ ਤਾਂ ਕੇਂਦਰ ਸਰਕਾਰ ਵੀ ਮਹਾਮਾਰੀ ਦੌਰਾਨ ਅਨਾਜ ਕਿੱਥੋਂ ਵੰਡਦੀ? ਦੂਜਿਆਂ ਨੂੰ ਰਜਾਉਣ ਵਾਲਾ ਕਿਸਾਨ ਅੱਜ ਆਪ ਪ੍ਰੇਸ਼ਾਨ ਅਤੇ ਦੁਖੀ ਹੈ। ਸੰਨ 1963 ਵਿਚ 50 ਲੱਖ ਟੰਨ ਅਨਾਜ ਬਾਹਰੋਂ ਮੰਗਵਾਇਆ ਸੀ ਅਤੇ 1966 ਵਿਚ ਇੱਕ ਕਰੋੜ ਟੰਨ ਤੋਂ ਵੀ ਜ਼ਿਆਦਾ ਤੇ ਭਾਰਤ-ਪਾਕਿਸਤਾਨ ਯੁੱਧ ਵੇਲੇ ਅਮਰੀਕਾ ਨੇ ਅਨਾਜ ਦੇਣਾ ਬੰਦ ਕਰਨ ਦੀ ਵੀ ਧਮਕੀ ਦਿੱਤੀ ਸੀ। ਦੇਸ਼ ਦੇ ਤਤਕਾਲੀ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਨੇ ਲੋਕਾਂ ਨੂੰ ਇੱਕ ਡੰਗ ਦਾ ਖਾਣਾ ਖਾਣ ਦੀ ਗੁਜਾਰਿਸ਼ ਕੀਤੀ ਸੀ ਤਾਂ ਕਿ ਦੂਸਰੇ ਡੰਗ ਦਾ ਭੋਜਨ ਕਿਸੇ ਹੋਰ ਦੇ ਕੰਮ ਆ ਸਕੇ। ਭਾਰਤ ਦੀ ਮੌਜੂਦਾ ਕੇਂਦਰੀ ਸਰਕਾਰ ਕਾਰਪੋਰੇਟਾਂ ਦੇ ਹੱਥਾਂ ਵਿਚ ਖੇਡ ਰਹੀ ਹੈ ਅਤੇ ਹਕੀਕੀ ਹਾਲਾਤ ਨੂੰ ਅੱਖੋਂ ਪਰੋਖੇ ਕਰਕੇ ਕਿਸਾਨਾਂ ਦੇ ਭਲੇ ਦਾ ਸੋਚਣ ਦੀ ਥਾਂ ਕਾਰਪੋਰੇਟਾਂ ਦੇ ਹਿੱਤਾਂ ਵਿਚ ਭੁਗਤ ਰਹੀ ਹੈ। ਕਿਸਾਨ ਇਨ੍ਹਾਂ ਤਿੰਨ ਕਾਲੇ ਕਾਨੂੰਨਾਂ ਦੀ ਅਸਲੀਅਤ ਨੂੰ ਬਹੁਤ ਚੰਗੀ ਤਰ੍ਹਾਂ ਸਮਝਦੇ ਹਨ। ਅੱਜ ਦੇ ਕਿਸਾਨ ਪੜ੍ਹੇ-ਲਿਖੇ ਅਤੇ ਜਾਗ੍ਰਿਤ ਹਨ। ਇਸੇ ਲਈ ਉਹ ਆਪ-ਮੁਹਾਰੇ ਸੰਘਰਸ਼ ਦੇ ਰਾਹ ਪਏ ਹਨ।

ਸਰਕਾਰ ਨੇ ਉਨ੍ਹਾਂ ਦੀਆਂ ਮੰਗਾਂ ਮੰਨਣ ਦੀ ਥਾਂ ਜੋਰ-ਸ਼ੋਰ ਨਾਲ ਪ੍ਰਚਾਰ ਸ਼ੁਰੂ ਕਰ ਦਿੱਤਾ ਹੈ ਕਿ ਇਹ ਕਾਨੂੰਨ ਤਾਂ ਕਿਸਾਨਾਂ ਨੂੰ ਮਾਲਾਮਾਲ ਕਰ ਦੇਣਗੇ। ਕੇਂਦਰੀ ਮੰਤਰੀਆਂ ਵੱਲੋਂ ਥਾਂ ਥਾਂ ਪ੍ਰੈਸ ਕਾਨਫਰੰਸਾਂ ਕੀਤੀਆਂ ਜਾ ਰਹੀਆਂ ਹਨ। 10 ਦਸੰਬਰ ਨੂੰ ਮਾਨਵ ਅਧਿਕਾਰ ਦਿਵਸ ਨੂੰ ਸਮਰਪਤਿ ਕਰਦਿਆਂ ਜੇਲ੍ਹਾਂ ਵਿਚ ਬੰਦ ਬੁੱਧੀਜੀਵੀਆਂ ਅਤੇ ਵਿਦਿਆਰਥੀਆਂ ਦੀ ਰਿਹਾਈ ਦੀ ਮੰਗ ਦੀਆਂ ਤਖਤੀਆਂ ਤੋਂ ਕੇਂਦਰੀ ਮੰਤਰੀ ਨੇ ਬਿਆਨ ਠੋਕ ਦਿੱਤਾ ਕਿ ਕਿਸਾਨਾਂ ਵਿਚ ਮਾਓਵਾਦੀ ਆ ਵੜੇ ਹਨ। ਭਾਜਪਾਈਆਂ ਅਤੇ ਗੋਦੀ ਮੀਡੀਆਂ ਵੱਲੋਂ ਤਰ੍ਹਾਂ ਤਰ੍ਹਾਂ ਦੀਆਂ ਸਾਜਿਸ਼ਾਂ ਲੱਭਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਮਸਾਜ ਦੀਆਂ ਮਸ਼ੀਨਾਂ, ਲੰਗਰ, ਦਵਾਈਆਂ, ਕੱਪੜੇ ਧੋਣ ਦੀਆਂ ਮਸ਼ੀਨਾਂ ਕਿਹੜੀਆਂ ਬਾਹਰੀ ਏਜੰਸੀਆਂ ਵੱਲੋਂ ਮੁਹੱਈਆਂ ਕਰਾਈਆਂ ਜਾ ਰਹੀਆਂ ਹਨ? ਪੰਜਾਬ ਦੇ ਗਾਇਕ ਖੇਤੀਬਾੜੀ ਨਾਲ ਜੁੜੇ ਪਰਿਵਾਰਾਂ ਵਿਚੋਂ ਹਨ ਅਤੇ ਕਰੀਬ ਸਤੰਬਰ-ਅਕਤੂਬਰ ਤੋਂ ਹੀ ਆਪਣੇ ਜੋਸ਼ੀਲੇ ਗੀਤਾਂ ਨਾਲ ਧਰਨਿਆਂ ਵਿਚ ਸ਼ਮੂਲੀਅਤ ਕਰ ਰਹੇ ਹਨ। ਉਨ੍ਹਾਂ 'ਤੇ ਦੋਸ਼ ਲਗਾਏ ਜਾ ਰਹੇ ਹਨ ਕਿ ਉਹ ਲੋਕਾਂ ਨੂੰ ਭੜਕਾਉਣ ਆਏ ਹਨ।

ਮਲੇਰਕੋਟਲੇ ਦੇ ਮੁਸਲਿਮ ਭਾਈਚਾਰੇ ਨਾਲ ਪੰਜਾਬੀਆਂ ਦਾ ਖਾਸ ਸਨੇਹ ਹੈ, ਕਿਉਂਕਿ ਨਵਾਬ ਮਲੇਰਕੋਟਲਾ ਨੇ ਛੋਟੇ ਸਾਹਿਬਜ਼ਾਦਿਆਂ ਦੇ ਹੱਕ ਵਿਚ ਹਾਅ ਦਾ ਨਾਹਰਾ ਮਾਰਿਆ ਸੀ। ਉਨ੍ਹਾਂ ਨੇ ਵੀ ਸੰਘਰਸ਼ ਕਰ ਰਹੇ ਕਿਸਾਨਾਂ ਲਈ ਮਿੱਠੇ ਚੌਲਾਂ ਦੇ ਲੰਗਰ ਲਾਏ ਹਨ। ਕੁਝ ਭਾਜਪਾਈਆਂ ਵੱਲੋਂ

(ਬਾਕੀ ਅਗਲੇ ਸਫੇ 'ਤੇ)

# "ਉੜਤਾ ਪੰਜਾਬ" ਬਣ ਰਿਹਾ ਹੈ "ਜੁੜਤਾ ਪੰਜਾਬ"

## ਕਿਸਾਨ ਅੰਦੋਲਨ ਦੇ ਸੰਦਰਭ ਵਿਚ



**ਰਵਿੰਦਰ ਸਿੰਘ ਸੋਢੀ**
ਫੋਨ: 604-369-2371

ਪੰਜਾਬ ਵਿਚ ਵਹਿ ਰਿਹਾ ਛੇਵਾਂ ਦਰਿਆ; ...ਮੰਤਰੀ ਦੀ ਮਿਲੀ ਭੁਗਤ ਨਾਲ ਨਸ਼ਿਆਂ ਦਾ ਕਾਰੋਬਾਰ ਜੋਰਾਂ 'ਤੇ;...ਦੇ ਕਰੀਬੀ ਤੋਂ ਕਰੋੜਾਂ ਦੇ ਨਸ਼ੇ ਬਰਾਮਦ; ਇਕ ਵਾਰ ਸਾਡੀ ਸਰਕਾਰ ਬਣ ਲੈਣ ਦਿਓ, ਮੈਂ ਸਹੁੰ ਖਾ ਕੇ ਕਹਿ ਰਿਹਾਂ ਕਿ ਇਕ ਹਫਤੇ ਵਿਚ ਨਸ਼ੇ ਬੰਦ ਕਰ ਦੇਵਾਂਗਾ; ਪਹਿਲੀ ਸਰਕਾਰ ਨਾਲੋਂ ਵਰਤਮਾਨ ਸਰਕਾਰ ਦੇ ਰਾਜ ਵਿਚ ਨਸ਼ਿਆਂ ਨਾਲ ਹੋਣ ਵਾਲੀਆਂ ਮੌਤਾਂ ਵਿਚ ਵਾਧਾ; ਸਾਡੀ ਸਰਕਾਰ ਨੇ ਨਸ਼ਿਆਂ ਦੀ ਸਪਲਾਈ ਲਾਈਨ ਬੰਦ ਕੀਤੀ; ਸਰਕਾਰ ਨਸ਼ੇ ਦੇ ਵਪਾਰੀਆਂ ਨੂੰ ਨਹੀਂ ਫੜ ਰਹੀ, ਛੋਟਾ ਮੋਟਾ ਨਸ਼ਾ ਕਰਨ ਵਾਲਿਆਂ ਨੂੰ ਫੜ ਰਹੀ ਹੈ-ਅਜਿਹੀਆਂ ਅਤੇ ਹੋਰ ਕਈ ਸੁਰਖੀਆਂ ਪਿਛਲੇ ਕਈ ਸਾਲਾਂ ਤੋਂ ਪੰਜਾਬ ਦੇ ਅਖਬਾਰਾਂ ਦਾ ਸ਼ਿੰਗਾਰ ਬਣ ਰਹੀਆਂ ਹਨ। ਇਸ ਦੇ ਨਾਲ ਹੀ ਨਸ਼ੇ ਨਾਲ ਮਰਨ ਵਾਲੇ ਨੌਜਵਾਨਾਂ ਦੀਆਂ ਖਬਰਾਂ ਦੇ ਨਾਲ-ਨਾਲ ਨਸ਼ੇ ਲਈ ਪੈਸੇ ਨਾ ਮਿਲਣ ਕਰਕੇ ਮਾਂ-ਪਿਓ ਨੂੰ ਜਖਮੀ ਕਰਨ ਜਾਂ ਕਤਲ ਕਰਨ ਦੀਆਂ ਖਬਰਾਂ ਵੀ ਛਪਦੀਆਂ ਹੀ ਰਹਿੰਦੀਆਂ ਹਨ। ਗੱਲ ਇਥੋਂ ਤੱਕ ਪਹੁੰਚ ਚੁਕੀ ਹੈ ਕਿ ਲੜਕਿਆਂ ਦੇ ਨਾਲ-ਨਾਲ ਲੜਕੀਆਂ ਸਬੰਧੀ ਵੀ ਅਜਿਹੀਆਂ ਭੈੜੀਆਂ ਖਬਰਾਂ ਮਿਲਦੀਆਂ ਰਹਿੰਦੀਆਂ ਹਨ। ਲਗਦਾ ਹੈ, ਤੰਦ ਨਹੀਂ ਤਾਣੀ ਹੀ ਉਲਝੀ ਪਈ ਹੈ। ਮਾਂ-ਪਿਓ ਨਾ ਤਾਂ ਕਿਸੇ ਨੂੰ ਆਪਣੇ ਢਿੱਡ ਦੀ ਗੱਲ ਦੱਸ ਸਕਦੇ ਹਨ ਅਤੇ ਨਾ ਹੀ ਬੱਚਿਆਂ ਦੀਆਂ ਬਹਿਬਤਾਂ ਨੂੰ ਲੁਕਾ ਸਕਦੇ ਹਨ। ਜੇ ਕੋਈ ਪੰਜਾਬ ਹਿਤੈਸ਼ੀ ਇਸ ਨੂੰ ਪੂਰੀ ਤਰ੍ਹਾਂ ਮੰਨਣ ਨੂੰ ਤਿਆਰ ਨਾ ਵੀ ਹੋਵੇ, ਤਾਂ ਵੀ ਉਹ ਇਸ ਤੱਥ ਨੂੰ ਪੂਰੀ ਤਰ੍ਹਾਂ ਨਕਾਰ ਵੀ ਨਹੀਂ ਸਕਦਾ। ਪੰਜਾਬ ਦੇ ਅਜਿਹੇ ਵਰਤਾਰੇ ਨੂੰ ਦਿਖਾਉਂਦੀ ਹਿੰਦੀ ਵਿਚ ਇਕ ਫਿਲਮ ਵੀ ਬਣੀ ਸੀ, "ਉੜਤਾ ਪੰਜਾਬ।"

ਕਿਸੇ ਧਾਰਮਿਕ, ਰਾਜਸੀ ਨੇਤਾ, ਬੁੱਧੀਜੀਵੀ, ਸਮਾਜ ਸੇਵਕ, ਵੱਡੇ ਅਹੁਦੇ 'ਤੇ ਬੈਠੇ ਜ਼ਿੰਮੇਦਾਰ ਅਫਸਰਾਂ ਨੂੰ ਪਤਾ ਨਹੀਂ ਲੱਗ ਰਿਹਾ ਕਿ ਇਸ ਬੁਰਾਈ ਨੂੰ ਕਿਵੇਂ ਦੂਰ ਕੀਤਾ ਜਾਵੇ! ਚੰਗੇ ਖਾਂਦੇ-ਪੀਂਦੇ ਲੋਕਾਂ ਨੇ ਆਪਣੇ ਬੱਚਿਆਂ ਨੂੰ ਵਿਦੇਸ਼ ਭੇਜਣਾ ਸ਼ੁਰੂ ਕਰ ਦਿੱਤਾ ਤਾਂ ਜੋ ਬੱਚੇ ਅਜਿਹੇ ਮਾਹੌਲ ਤੋਂ ਦੂਰ ਹੋ ਸਕਣ।

ਪਰ ਅਚਾਨਕ ਹੀ ਨਸ਼ਿਆਂ ਦੀਆਂ ਖਬਰਾਂ ਵਿਚ ਇਕੋ ਦਮ ਕਮੀ ਆਈ ਹੈ। ਅਜਿਹੀਆਂ ਖਬਰਾਂ ਦਾ ਨਾ ਛਪਣਾ ਇਸ ਗੱਲ ਦਾ ਸੂਚਕ ਨਹੀਂ ਕਿ ਨਸ਼ੇ ਇਕੋ ਦਮ ਗਾਇਬ ਹੋ ਗਏ ਹਨ ਜਾਂ ਨਸ਼ੇ ਕਰਨ ਵਾਲਿਆਂ ਨੂੰ ਸੋਝੀ ਆ ਗਈ ਹੈ ਕਿ ਨਸ਼ੇ ਨੁਕਸਾਨ ਕਰਦੇ ਹਨ। ਇਸ ਦਾ ਕਾਰਨ ਹੈ ਕਿ ਨੌਜਵਾਨਾਂ ਨੂੰ ਜ਼ਿੰਦਗੀ ਨਾਲ ਜੁੜਨ ਲਈ ਇਕ ਠੋਸ ਮੁੱਦਾ ਮਿਲ ਗਿਆ ਹੈ। ਮੁੱਦਾ ਹੈ, ਕਿਸਾਨੀ ਅੰਦੋਲਨ। ਜੇ ਅੱਜ ਦੀ ਪੀੜ੍ਹੀ ਨਸ਼ਿਆਂ ਵੱਲ ਪ੍ਰੇਰਿਤ ਹੋਈ ਹੈ ਤਾਂ ਉਸ ਦਾ ਮੁੱਖ ਕਾਰਨ ਹੈ ਕਿ ਪੜ੍ਹ-ਲਿਖ ਕੇ ਵੀ ਜਦੋਂ ਉਨ੍ਹਾਂ ਨੂੰ ਵਿਹਲੇ ਰਹਿਣਾ ਪੈਂਦਾ ਹੈ, ਘਰਦਿਆਂ ਅਤੇ ਬਾਹਰਲਿਆਂ ਦੀਆਂ ਗੱਲਾਂ ਸੁਣਨੀਆਂ ਪੈਂਦੀਆਂ ਹਨ ਤਾਂ ਉਨ੍ਹਾਂ ਵਿਚ ਆਪਣੇ ਚੌਗਿਰਦੇ ਪ੍ਰਤੀ, ਸਮਾਜ ਪ੍ਰਤੀ, ਦੇਸ਼ ਦੇ ਰਾਜਸੀ ਪ੍ਰਬੰਧ ਪ੍ਰਤੀ ਵਿਦਰੋਹ, ਗੁੱਸੇ ਤੇ ਨਫਰਤ ਦੀ ਭਾਵਨਾ ਪੈਦਾ ਹੁੰਦੀ ਹੈ। ਉਹ ਹੀਣ ਭਾਵਨਾ ਦਾ ਸ਼ਿਕਾਰ ਹੋ ਕੇ ਗਲਤ ਪਾਸੇ ਪ੍ਰੇਰਿਤ ਹੋ ਜਾਂਦੇ ਹਨ। ਅਜਿਹਾ ਕਰਕੇ ਜਿਥੇ ਉਨ੍ਹਾਂ ਦਾ ਅਬੋਧ ਮਨ ਅਜਿਹੇ ਭੈੜੇ ਮਾਹੌਲ ਨੂੰ ਸਿਰਜਣ ਵਾਲੇ ਸਿਸਟਮ ਤੋਂ ਬਦਲਾ ਲੈਂਦਾ ਜਾਪਦਾ ਹੈ, ਉਸ ਦੇ ਨਾਲ ਹੀ ਕੁਝ ਦੇਰ ਲਈ ਆਪਣੇ ਅੰਦਰ ਪੈਦਾ ਹੋਈ ਹੀਣ ਭਾਵਨਾ ਤੋਂ ਵੀ ਛੁਟਕਾਰਾ ਪਾਉਂਦੇ ਹਨ; ਪਰ ਇਹ ਭੋਲੇ ਪੰਛੀਆਂ ਨੂੰ ਇਹ ਨਹੀਂ ਪਤਾ ਹੁੰਦਾ ਕਿ ਨਸ਼ਿਆਂ ਦੀ ਦਲ ਦਲ ਵਿਚ ਫਸਿਆ ਮਨੁੱਖ ਉਸ ਵਿਚੋਂ ਨਿਕਲ ਨਹੀਂ ਸਕਦਾ ਅਤੇ ਜਦੋਂ ਇਸ ਚੀਜ ਦਾ ਅਹਿਸਾਸ ਹੁੰਦਾ ਹੈ, ਬਹੁਤ ਦੇਰ ਹੋ ਚੁਕੀ ਹੁੰਦੀ ਹੈ। ਕਿਸਾਨੀ ਅੰਦੋਲਨ ਨੇ ਉਨ੍ਹਾਂ ਦੀਆਂ ਅੱਖਾਂ ਖੋਲ੍ਹ ਦਿਤੀਆਂ ਹਨ ਕਿ ਸਮੇਂ ਦੀ ਸਰਕਾਰ ਕਿਵੇਂ ਉਨ੍ਹਾਂ ਦੇ ਦੁਆਲੇ ਅਜਿਹਾ ਮੱਕੜ ਜਾਲ ਬੁਣ ਰਹੀ ਹੈ, ਜੋ ਨਸ਼ਿਆਂ ਨਾਲੋਂ ਵੀ ਭੈੜਾ ਹੈ। ਜਦੋਂ ਉਨ੍ਹਾਂ ਨੇ ਦੇਖਿਆ ਕਿ ਕਿਵੇਂ ਬਜੁਰਗ ਸੜਕਾਂ ਤੇ ਉੱਤਰ ਆਏ ਹਨ ਤਾਂ ਨਸ਼ਿਆਂ ਨਾਲ ਥੋਥੀ ਹੋ ਰਹੀ ਜ਼ਮੀਰ ਨੇ ਹਲੂਣਾ ਖਾਧਾ ਅਤੇ ਉਹ ਵੀ ਬਜੁਰਗਾਂ ਦੇ ਮੋਢੇ ਦੇ ਨਾਲ ਮੋਢਾ ਜੋੜ ਇਸ ਸੰਘਰਸ਼ ਦਾ ਹਿੱਸਾ ਬਣ ਗਏ। ਨੌਜਵਾਨ ਸਿਰਫ ਇਸ ਅੰਦੋਲਨ ਦਾ ਹਿੱਸਾ ਹੀ ਨਹੀਂ ਬਣੇ, ਸਗੋਂ ਇਸ ਨੂੰ ਨਵੀਂ ਸੇਧ ਦੇਣ ਵਾਲੇ ਵੀ ਬਣੇ। ਸਰਕਾਰ ਵਿਰੁੱਧ ਸੜਕਾਂ 'ਤੇ ਜਾਂ ਰੇਲ ਲਾਈਨਾਂ 'ਤੇ ਬੈਠ ਕੇ ਹੀ ਕੰਮ ਨਹੀਂ ਚਲਦਾ। ਧਰਨੇ 'ਤੇ ਬੈਠੇ ਲੋਕਾਂ ਲਈ ਰੋਟੀ-ਪਾਣੀ ਦਾ ਪ੍ਰਬੰਧ ਕਰਨਾ, ਕਿਸੇ ਦੀ ਤਬੀਅਤ ਖਰਾਬ ਹੋਣ ਦੀ ਸੂਰਤ ਵਿਚ ਉਸ ਨੂੰ ਡਾਕਟਰੀ ਸਹਾਇਤਾ ਮੁਹੱਈਆ ਕਰਵਾਉਣੀ, ਘਰ ਦੇ ਕੰਮਕਾਜ ਦਾ ਧਿਆਨ ਰੱਖਣਾ, ਡੰਗਰ-ਵੱਛੇ ਦੀ ਦੇਖਭਾਲ, ਖੇਤਾਂ ਦੀ ਸਾਂਭ-ਸੰਭਾਲ ਆਦਿ ਹੋਰ ਕਈ ਜ਼ਿੰਮੇਵਾਰੀਆਂ ਵੀ ਹੁੰਦੀਆਂ ਹਨ। ਕਮਾਲ ਦੀ ਗੱਲ ਹੈ ਕਿ ਬਿਨਾ ਕਿਸੇ ਦੇ ਕਹੇ ਜਾਂ ਸਮਝਾਏ ਨੌਜਵਾਨਾਂ ਨੇ ਆਪ ਅੱਗੇ ਹੋ ਕੇ ਇਹ ਸਾਰਾ ਕੁਝ ਖੁਸ਼ੀ ਖੁਸ਼ੀ ਕੀਤਾ। ਜੇ ਨਸ਼ਿਆਂ ਵਿਚ ਗਲਤਾਨ ਨੌਜਵਾਨ, ਨਸ਼ਿਆਂ ਨੂੰ ਤਿਆਗ, ਪਿਛਲੇ ਮੋਰਚਿਆਂ 'ਤੇ ਨਾ ਡਟਦੇ ਤਾਂ ਕਿਸਾਨੀ ਅੰਦੋਲਨ ਸੜਕਾਂ 'ਤੇ ਹੀ ਕਦੋਂ ਦਾ ਦਮ ਤੋੜ ਚੁਕਾ ਹੁੰਦਾ। ਦਿੱਲੀ ਨੂੰ ਤਾਂ ਘੇਰਾ ਪਾਉਣਾ ਦੂਰ ਦੀ ਗੱਲ, ਹਰਿਆਣਾ ਦੀ ਪੁਲਿਸ ਨੇ ਸ਼ੰਭੂ ਤੋਂ ਅੱਗੇ ਨਹੀਂ ਸੀ ਟੱਪਣ ਦੇਣਾ। ਇਹ ਜਵਾਨੀ ਦਾ ਹੀ ਜੋਸ਼ ਸੀ ਕਿ ਜੇ. ਬੀ. ਸੀ. ਨਾਲ ਚੁੱਕ ਕੇ ਰੱਖੇ ਭਾਰੇ ਭਾਰੇ ਪੱਥਰਾਂ ਨੂੰ ਹੱਥਾਂ ਨਾਲ ਰੋਹੜ ਕੇ ਰਸਤਾ ਸਾਫ ਕਰ ਦਿੱਤਾ, ਪੁਲਿਸ ਦੇਖਦੀ ਹੀ ਰਹਿ ਗਈ। ਪੁਟੀਆਂ ਸੜਕਾਂ ਦੇਖ, ਖਤਾਨਾਂ ਦੇ ਉਬੜ-ਖਾਬੜ ਰਾਹਾਂ 'ਚੋਂ ਟਰੈਕਟਰ- ਟਰਾਲੀਆਂ ਲੰਘਾ ਕੇ ਲੈ ਗਏ।

ਕਿਸਾਨਾਂ ਦਾ ਮੁੱਖ ਮਕਸਦ ਦਿੱਲੀ ਪਹੁੰਚਣਾ ਸੀ, ਉਹ ਉਨ੍ਹਾਂ ਪੂਰਾ ਕਰ ਲਿਆ; ਪਰ ਜੇ ਲੱਖਾਂ ਦੀ ਭੀੜ ਨੇ ਲੰਬੇ ਸਮੇਂ ਤੱਕ ਇਕ ਜਗ੍ਹਾ ਘੇਰਾ ਪਾ ਕੇ ਬੈਠੇ ਰਹਿਣਾ ਹੈ ਤਾਂ ਉਸ ਲਈ ਕਈ ਹੋਰ ਇੰਤਜਾਮ ਵੀ ਕਰਨੇ ਪੈਣੇ ਸਨ। ਲੰਗਰ ਲਈ ਰਾਸ਼ਨ ਤਾਂ ਕਿਸਾਨ ਨਾਲ ਹੀ ਲੈ ਗਏ ਸਨ, ਪਰ ਲੰਗਰ ਤਿਆਰ ਕਰਨ ਲਈ ਲੱਕੜਾਂ, ਗੈਸ, ਚੁੱਲ੍ਹੇ ਆਦਿ ਦਾ ਪ੍ਰਬੰਧ ਵੀ ਤਾਂ ਚਾਹੀਦਾ ਸੀ। ਉਸ ਲਈ ਹਰਿਆਣਾ ਦੇ ਕਿਸਾਨਾਂ ਨੇ ਦਿਲ ਖੋਲ੍ਹ ਕੇ ਸੇਵਾ ਨਿਭਾਈ। ਇਸ ਸੇਵਾ ਵਿਚ ਵੀ ਹਰਿਆਣਾ ਦੇ ਨੌਜਵਾਨਾਂ ਨੇ ਪੰਜਾਬੀ ਨੌਜਵਾਨਾਂ ਦਾ ਪੂਰਾ ਹੱਥ ਵਟਾਇਆ। ਘੇਰੇ ਵਾਲੀ ਜਗ੍ਹਾ ਦੀ ਸਫਾਈ ਕਰਨ ਵਿਚ ਵੀ ਨੌਜਵਾਨ ਵਰਗ ਨੇ ਕੋਈ ਕਸਰ ਨਹੀਂ ਛੱਡੀ। ਦਿੱਲੀ ਦੀ ਜਨਤਾ ਨੂੰ ਬਹੁਤੀ ਪ੍ਰੇਸ਼ਾਨੀ ਨਾ ਹੋਵੇ, ਇਸ ਗੱਲ ਦਾ ਵੀ ਧਿਆਨ ਰਖਿਆ। ਇਸ ਪੱਖੋਂ ਪੰਜਾਬ ਅਤੇ ਹਰਿਆਣਾ ਦੇ ਨੌਜਵਾਨਾਂ ਦੀ ਹਰ ਪਾਸਿਓਂ ਤਾਰੀਫ ਹੋਈ ਹੈ। ਦਿੱਲੀ ਦੀ ਆਮ ਜਨਤਾ ਦਾ ਵਿਚਾਰ ਹੈ ਕਿ ਕਿਸਾਨਾਂ ਨੇ ਵੀ ਮਜਬੂਰ ਹੋ ਕੇ ਹੀ ਇਹ ਸਖਤ ਕਦਮ ਚੁਕਿਆ ਹੈ, ਵਰਨਾ ਕੌਣ ਸਰਦੀਆਂ ਦੀਆਂ ਰਾਤਾਂ ਖੁੱਲ੍ਹੀਆਂ ਸੜਕਾਂ 'ਤੇ ਗੁਜ਼ਾਰਨਾ ਚਾਹਵੇਗਾ? ਦਿੱਲੀ ਦੀਆਂ ਨੌਜਵਾਨ ਲੜਕੀਆਂ ਨੇ ਵੀ ਪੰਜਾਬ, ਹਰਿਆਣੇ ਦੇ ਲੜਕਿਆਂ ਦੀ ਇਸ ਗੱਲੋਂ ਪ੍ਰਸ਼ੰਸਾ ਕੀਤੀ ਹੈ ਕਿ ਉਹ ਕੋਲੋਂ ਲੰਘ ਰਹੀਆਂ ਕੁੜੀਆਂ ਵੱਲ ਝਾਕਦੇ ਵੀ ਨਹੀਂ। ਸ਼ਾਇਦ ਇਸੇ ਕਾਰਨ ਹੀ ਦਿੱਲੀ ਦੇ ਲੋਕ ਮੋਰਚਾ ਲਾਈ ਬੈਠੇ ਕਿਸਾਨਾਂ ਦੇ ਹੱਕ ਵਿਚ ਅਵਾਜ਼ ਉਠਾ ਰਹੇ ਹਨ।




ਖਾਲਸਾ ਏਡ ਵਲੋਂ ਮਸਾਜ ਦੀਆਂ ਮਸ਼ੀਨਾਂ ਦੀ ਸੇਵਾ

ਇਹੋ ਨਹੀਂ, ਸਮਾਜ ਸੇਵੀ ਸੰਸਥਾਵਾਂ ਦੀ ਮਦਦ ਦੇ ਨਾਲ ਨਾਲ ਨੌਜਵਾਨ ਹਰ ਤਰ੍ਹਾਂ ਦੀ ਸੇਵਾ ਕਰਨ ਲਈ ਅੱਗੇ ਆਏ। ਧਰਨੇ ਵਾਲੀ ਥਾਂ ਦੇ ਨੇੜੇ ਹੀ ਵਾਸ਼ਿੰਗ ਮਸ਼ੀਨਾਂ ਲਾ ਕੇ ਪ੍ਰਦਰਸ਼ਨਕਾਰੀਆਂ ਦੇ ਕੱਪੜੇ ਧੋਣੇ ਸ਼ੁਰੂ ਕਰ ਦਿੱਤੇ। ਸਮੱਸਿਆ ਆਈ ਕਿ ਲੱਖਾਂ ਦੀ ਤਾਦਾਦ ਵਿਚ ਲੋਕਾਂ ਦੇ ਮੋਬਾਇਲ ਕਿਵੇਂ ਚਾਰਜ ਕੀਤੇ ਜਾਣ। ਆਸ-ਪਾਸ ਦੀਆਂ ਦੁਕਾਨਾਂ ਵਾਲਿਆਂ ਨੇ ਭਾਵੇਂ ਇਹ ਜ਼ਿੰਮੇਦਾਰੀ ਨਿਭਾਈ, ਪਰ ਇਹ ਕਾਫੀ ਨਹੀਂ ਸੀ। ਇਥੇ ਫਿਰ ਨੌਜਵਾਨਾਂ ਦੇ ਦਿਮਾਗ ਨੇ ਕੰਮ ਕੀਤਾ। ਕੁਝ ਹਰਿਆਣਵੀ ਨੌਜਵਾਨ ਆਪਣੇ ਘਰਾਂ 'ਤੇ ਲਾਏ ਸੂਰਜ ਦੀ ਰੌਸ਼ਨੀ ਨਾਲ ਚੱਲਣ ਵਾਲੇ ਪੈਨਲ ਲਾਹ ਲਿਆਏ। ਉਨ੍ਹਾਂ ਨੂੰ ਟਰਾਲੀ ਵਿਚ ਰੱਖ ਕੇ ਮੋਬਾਇਲ ਚਾਰਜ ਦਾ ਕੰਮ ਵੱਡੇ ਪੱਧਰ 'ਤੇ ਸ਼ੁਰੂ ਹੋ ਗਿਆ। ਰਾਤ ਲਈ ਉਹ ਵੱਡੇ ਬੈਟਰੇ ਚਾਰਜ ਕਰ ਰੱਖਦੇ ਹਨ।

ਨੌਜਵਾਨ ਸਿਰਫ ਪ੍ਰਦਰਸ਼ਨਕਾਰੀਆਂ ਲਈ ਹੀ ਲੰਗਰ ਤਿਆਰ ਨਹੀਂ ਕਰਦੇ, ਸਗੋਂ ਉਸ ਜਗ੍ਹਾ ਤੋਂ ਲੰਘਣ ਵਾਲੇ ਰਾਹੀਆਂ ਨੂੰ ਵੀ ਲੰਗਰ ਛਕਾਉਂਦੇ ਹਨ। ਜਿਹੜੇ ਪੁਲਿਸ ਵਾਲਿਆਂ ਨੇ ਉਨ੍ਹਾਂ 'ਤੇ ਜਲ ਤੋਪਾਂ ਚਲਾਈਆਂ, ਉਨ੍ਹਾਂ ਨੂੰ ਹੀ ਆਪਣੇ ਕੋਲ ਰੱਖਿਆ ਪਾਣੀ ਵੀ ਪਿਲਾਉਂਦੇ ਹਨ ਅਤੇ ਲੰਗਰ ਵੀ ਛਕਾਉਂਦੇ ਹਨ। ਇਹ ਹੈ ਨੌਜਵਾਨਾਂ ਦੀ ਸੂਝਮਈ ਸੋਚ। ਇਹੋ ਨਹੀਂ, ਹਰਿਆਣੇ ਦੀਆਂ ਬੇਸ਼ੁਮਾਰ ਔਰਤਾਂ ਅਤੇ ਮੁਟਿਆਰਾਂ ਲੰਗਰ ਦੀ ਸੇਵਾ ਨਿਭਾ ਰਹੀਆਂ ਹਨ। ਟੀ. ਵੀ. ਦੇ ਕਿਸੇ ਚੈਨਲ 'ਤੇ ਇਕ ਹਰਿਆਣਵੀ ਮੁਟਿਆਰ ਦੇ ਵਿਚਾਰ ਪੇਸ਼ ਕੀਤੇ ਜਾ ਰਹੇ ਸਨ। ਅੱਖਾਂ ਭਰੀ ਉਹ ਮੁਟਿਆਰ ਕਹਿ ਰਹੀ ਸੀ ਕਿ ਉਨ੍ਹਾਂ ਨੂੰ ਇਹ ਦੇਖ ਕੇ ਬਹੁਤ ਦੁੱਖ ਹੁੰਦਾ ਹੈ ਕਿ ਉਨ੍ਹਾਂ ਦੇ ਪਿਉ-ਦਾਦੇ ਦੀ ਉਮਰ ਦੇ ਬਜੁਰਗ ਲੰਗਰ ਤਿਆਰ ਕਰ ਰਹੇ ਹਨ ਅਤੇ ਏਨੀ ਠੰਡ ਵਿਚ ਖੁੱਲ੍ਹੇ ਅਸਮਾਨ ਹੇਠਾਂ ਹੀ ਸੜਕਾਂ 'ਤੇ ਰਾਤਾਂ ਕੱਟ ਰਹੇ ਹਨ, ਪਰ ਸਰਕਾਰ ਦਾ ਇਸ ਪਾਸੇ ਕੋਈ ਧਿਆਨ ਹੀ ਨਹੀਂ।

ਜਿਹੜੇ ਨੌਜਵਾਨ ਪਿੰਡਾਂ ਵਿਚ ਰਹਿ ਗਏ ਹਨ, ਉਨ੍ਹਾਂ ਨੇ ਦਿੱਲੀ ਗਏ ਸਾਰੇ ਕਿਸਾਨਾਂ ਨੂੰ ਯਕੀਨ ਦਿਵਾਇਆ ਹੈ ਕਿ ਉਹ ਆਪਣੇ ਖੇਤਾਂ, ਘਰੇਲੂ ਕੰਮ ਜਾਂ ਡੰਗਰਾਂ ਦੀ ਸੰਭਾਲ ਦੀ ਫਿਕਰ ਨਾ ਕਰਨ, ਉਹ ਆਪੇ ਸਾਂਭ ਲੈਣਗੇ। ਇਹੋ ਨਹੀਂ, ਹਰਿਆਣਾ ਦੀਆਂ ਬੇਸ਼ੁਮਾਰ ਮੁਟਿਆਰਾਂ ਲੰਗਰ ਦੀ ਸੇਵਾ ਕਰ ਰਹੀਆਂ ਹਨ। ਇਹ ਹੈ ਨੌਜਵਾਨ ਸ਼ਕਤੀ ਦਾ ਕਮਾਲ!

ਇਹ ਸਤਰਾਂ ਲਿਖ ਕੇ ਅਸੀਂ ਕਿਸਾਨਾਂ ਦੀਆਂ ਤਾਰੀਫਾਂ ਦੇ ਕੋਈ ਬਹੁਤੇ ਪੁਲ ਨਹੀਂ ਬੰਨ੍ਹਣੇ ਜਾਂ ਕੇਂਦਰੀ ਸਰਕਾਰ ਨੂੰ ਉਨ੍ਹਾਂ ਦੁਆਰਾ ਜਨਤਾ ਦੀਆਂ ਜਾਇਜ਼ ਮੰਗਾਂ ਨੂੰ ਅਣਗੌਲਿਆਂ ਕਰਕੇ ਭੰਡਣਾ ਨਹੀਂ, ਸਗੋਂ ਨੌਜਵਾਨਾਂ ਦੇ ਮੌਕੇ ਮੁਤਾਬਿਕ ਅੱਗੇ ਆ ਕੇ ਆਪਣੇ ਬਜੁਰਗਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਨ ਦੀ ਚਰਚਾ ਕਰਨੀ ਹੈ। ਇਸ ਪੱਖ 'ਤੇ ਵਿਚਾਰ ਕਰਨੀ ਹੈ ਕਿ ਦੇਸ਼ ਦੀ ਜਵਾਨੀ ਨਸ਼ਿਆਂ ਦੇ ਲੜ ਕਿਉਂ ਲੱਗੀ? ਦੁੱਧ-ਮੱਖਣ ਦੇ ਸ਼ੌਕੀਨ, ਚਿੱਟੇ ਦੇ ਮਗਰ ਕਿਵੇਂ ਲੱਗ ਗਏ? ਭਾਰੀ-ਭਾਰੀ ਮੁਦਕਰ ਚੁੱਕ ਕੇ, ਡੰਡ ਬੈਠਕਾਂ ਲਾ-ਲਾ ਜੁੱਸੇ ਬਣਾਉਣ ਵਾਲੇ ਨੌਜਵਾਨ ਹੌਲੀ-ਹੌਲੀ ਕਿਵੇਂ ਵੰਨ-ਸੁਵੰਨੇ ਨਸ਼ਿਆਂ ਦੇ ਆਦੀ ਹੋ ਕੇ ਹੱਡੀਆਂ ਦੀ ਮੁੱਠ ਬਣ ਗਏ? ਸੁੱਖਾਂ ਸੁੱਖ ਕੇ ਲਏ ਭੁਜੰਗੀਆਂ ਦੇ ਸਿਰ 'ਤੇ ਸਿਹਰੇ ਸਜਦੇ ਦੇਖਣ ਦੀ ਰੀਝ ਦਿਲ 'ਚ ਪਾਲੀ ਬੈਠੇ ਮਾਂ-ਪਿਓ ਨੂੰ ਕਿਵੇਂ ਨਸ਼ਿਆਂ ਦੀ ਭੇਟ ਚੜ੍ਹੇ ਪੁੱਤਰਾਂ ਦੀਆਂ ਅਰਥੀਆਂ ਦੇਖਣ ਦੇ ਕੁਲਹਿਣੇ ਦਿਨ ਦੇਖਣੇ ਪਏ? ਇਨ੍ਹਾਂ ਵਰਤਾਰਿਆਂ ਪਿਛੇ ਕਿਹੜੀਆਂ ਸ਼ਕਤੀਆਂ ਕੰਮ ਕਰ ਰਹੀਆਂ ਹਨ, ਇਨ੍ਹਾਂ ਦਾ ਵਿਸ਼ਲੇਸ਼ਣ ਕਰਨ ਦੀ ਵੀ ਲੋੜ ਹੈ।

ਸਭ ਤੋਂ ਪਹਿਲੀ ਗੱਲ ਹੈ ਕਿ ਨੌਜਵਾਨ ਨਸ਼ਿਆਂ ਵੱਲ ਪ੍ਰੇਰਿਤ ਕਿਵੇਂ ਹੋਏ? ਸੰਯੁਕਤ ਪਰਿਵਾਰ ਟੁੱਟਣ ਲੱਗੇ, ਜਿਸ ਕਾਰਨ ਜ਼ਮੀਨਾਂ ਵੰਡੀਆਂ ਗਈਆਂ। ਖੇਤੀ ਨਾਲ ਘਰ ਦਾ ਗੁਜ਼ਾਰਾ ਮੁਸ਼ਕਿਲ ਹੋ ਗਿਆ। ਨੌਕਰੀਆਂ ਦਾ ਪ੍ਰਬੰਧ ਕਰਨ ਦੀ ਜ਼ਿੰਮੇਵਾਰੀ ਕੇਂਦਰੀ ਅਤੇ ਰਾਜ ਸਰਕਾਰਾਂ ਦੀ ਹੈ, ਪਰ ਇਸ ਪੱਖੋਂ ਸਾਡੀਆਂ ਸਰਕਾਰਾਂ ਨੇ ਨਿਰਾਸ਼ ਹੀ ਕੀਤਾ। ਪੜ੍ਹੇ-ਲਿਖੇ ਨੌਜਵਾਨ ਵਿਹਲੇ ਫਿਰਨ ਲੱਗੇ। 'ਆਪਣਾ ਕੋਈ ਕੰਮ-ਧੰਦਾ ਕਰ ਲਓ', ਇਹ ਕਹਿਣਾ ਅਸਾਨ ਹੈ, ਪਰ ਕਰਨਾ ਮੁਸ਼ਕਿਲ।




ਵਿਹਲਾ ਮਨ, ਸ਼ੈਤਾਨ ਦਾ ਘਰ। ਕੁਝ ਮਾੜੇ ਅਨਸਰਾਂ ਨੇ ਨਿੱਜੀ ਮੁਫਾਦ ਖਾਤਰ ਨਸ਼ਿਆਂ ਦੇ ਕਾਰੋਬਾਰ ਨੂੰ ਵਧਾਇਆ। ਸਰਕਾਰ ਇਸ ਪੱਖੋਂ ਅਵੇਸਲੀ ਹੀ ਰਹੀ। ਵਿਹਲੇ ਨੌਜਵਾਨ ਸਹਿਜੇ ਹੀ ਨਸ਼ਿਆਂ ਵੱਲ ਪ੍ਰੇਰਿਤ ਹੋ ਗਏ। ਸਬੰਧਤ ਸਰਕਾਰੀ ਅਦਾਰਿਆਂ ਦੇ ਉਪਰਲੇ ਪੱਧਰ ਤੋਂ ਲੈ ਕੇ ਹੇਠਲੇ ਪੱਧਰ ਦੇ ਕਰਮਚਾਰੀਆਂ ਨੇ ਖੂਬ ਹੱਥ ਰੰਗੇ। ਖੈਰ! ਇਸ ਸਬੰਧੀ ਚਰਚਾ ਕਰਨਾ ਸਾਡਾ ਅੱਜ ਦਾ ਮੁੱਖ ਵਿਸ਼ਾ ਨਹੀਂ ਹੈ।

ਕਿਸਾਨ ਅੰਦੋਲਨ ਨੇ ਪਰਿਵਾਰਾਂ ਵਿਚ ਪਈਆਂ ਲਕੀਰਾਂ ਨੂੰ ਕਾਫੀ ਹੱਦ ਤੱਕ ਮਿਟਾ ਦਿੱਤਾ ਹੈ। ਮਰਦ ਕਿਉਂਕਿ ਦਿੱਲੀ ਜਾਂ ਸਥਾਨਕ ਧਰਨਿਆਂ 'ਤੇ ਬੈਠੇ ਹਨ, ਇਸ ਲਈ ਘਰੇਲੂ ਕੰਮਾਂ ਲਈ ਇਕ-ਦੂਜੇ ਦੀ ਲੋੜ ਪੈਂਦੀ ਹੈ। ਟੁੱਟ ਚੁੱਕੇ ਰਿਸ਼ਤੇ ਫੇਰ ਜੁੜ ਰਹੇ ਹਨ। ਸੱਸ-ਨੂੰਹ, ਦਰਾਣੀ-ਜਠਾਣੀ ਦੇ ਮੂੰਹ ਜਿਹੜੇ ਵਿੰਗੇ ਹੀ ਰਹਿੰਦੇ ਸਨ, ਠੀਕ ਹੋ ਰਹੇ ਹਨ। ਸੀਰੀ ਵੀ ਘਰ ਦੇ ਹੀ ਜੀਅ ਬਣ ਗਏ ਹਨ। ਧਰਨਿਆਂ 'ਤੇ ਬੈਠਿਆਂ ਨੂੰ ਇਕ ਦੂਜੇ ਦੀ ਲੋੜ ਰਹਿੰਦੀ ਹੀ ਹੈ, ਇਸ ਲਈ ਉੱਚ-ਨੀਚ ਵਾਲਾ ਭੇਦ ਭਾਵ ਵੀ ਖਤਮ ਹੋ ਰਿਹਾ ਹੈ। ਇਸ ਅੰਦੋਲਨ ਨੂੰ ਕਿਸੇ ਖਾਸ ਵਰਗ ਦੀ ਹੀ ਹਮਾਇਤ ਪ੍ਰਾਪਤ ਨਹੀਂ, ਸਗੋਂ ਹਰ ਪਾਸਿਓਂ ਹੀ ਭਰਪੂਰ ਸਮਰਥਨ ਮਿਲ ਰਿਹਾ ਹੈ। ਜੇ ਦੇਖਿਆ ਜਾਵੇ ਤਾਂ ਸਿਰਫ ਭਾਜਪਾ ਦੇ ਕੱਟੜ ਸਮਰਥਕ ਹੀ ਵਿਰੋਧ ਕਰ ਰਹੇ ਹਨ। ਕਮਾਲ ਦੀ ਗੱਲ ਹੈ ਕਿ ਵਿਦੇਸ਼ਾਂ ਵਿਚ ਬੈਠੇ ਭਾਰਤੀ ਵੀ ਸਿਰਫ ਸ਼ਬਦੀ ਸਮਰਥਨ ਨਹੀਂ ਦੇ ਰਹੇ, ਸਗੋਂ ਮਾਇਕ ਇਮਦਾਦ ਵੀ ਭੇਜ ਰਹੇ ਹਨ।

ਹਰਿਆਣਾ ਦੇ ਪਿੰਡਾਂ ਵਿਚੋਂ ਰੋਜ਼ਾਨਾ ਵਰਤੋਂ ਲਈ ਦੁੱਧ, ਸਬਜ਼ੀਆਂ ਤਾਂ ਆ ਹੀ ਰਹੀਆਂ ਹਨ, ਇਸ ਤੋਂ ਇਲਾਵਾ ਦੇਸੀ ਘਿਉ ਦੀਆਂ ਪਿੰਨੀਆਂ ਵੀ ਆ ਰਹੀਆਂ ਹਨ। ਬਜੁਰਗ ਔਰਤਾਂ ਨੂੰ ਪਤਾ ਹੈ ਕਿ ਠੰਡ ਵਿਚ ਅਲਸੀ ਦੀਆਂ ਪਿੰਨੀਆਂ ਫਾਇਦੇਮੰਦ ਹੁੰਦੀਆਂ ਹਨ, ਇਸ ਲਈ ਪਿੰਡਾਂ ਵਿਚੋਂ ਧੜਾ-ਧੜ ਇਹ ਪਿੰਨੀਆਂ ਬਣਾ ਕੇ ਭੇਜੀਆਂ ਜਾ ਰਹੀਆਂ ਹਨ। ਘਰ ਦੇ ਬਜੁਰਗਾਂ ਤੋਂ ਸੁਣਦੇ ਹੁੰਦੇ ਸਾ ਕਿ ਸਾਂਝੇ ਕੰਮ ਲਈ ਸਾਰਾ ਪਿੰਡ ਹੀ ਹੱਥ ਵਟਾਉਂਦਾ ਸੀ, ਅੱਜ ਦੇਖਣ ਨੂੰ ਵੀ ਮਿਲ ਰਿਹਾ ਹੈ। ਗੈਸ ਸਿਲੰਡਰਾਂ ਦੀ ਕੋਈ ਕਮੀ ਨਹੀਂ। ਵਿਸ਼ਵ ਪ੍ਰਸਿਧ 'ਖਾਲਸਾ ਏਡ' ਦੇ ਰਵੀ ਸਿੰਘ ਨੇ ਖੁੱਲ੍ਹੇ ਦਿਲ ਨਾਲ ਸਹਾਇਤਾ ਭੇਜੀ ਹੈ। ਸਰਬੱਤ ਦਾ ਭਲਾ ਵਾਲੇ ਐਸ. ਪੀ. ਸਿੰਘ ਓਬਰਾਏ ਨੇ ਵੀਹ ਟਨ ਸੁੱਕੇ ਰਾਸ਼ਨ ਦੇ ਨਾਲ ਤਿੰਨ ਹਜ਼ਾਰ ਕੰਬਲ, ਤਿੰਨ ਹਜ਼ਾਰ ਚੱਪਲਾਂ ਅਤੇ ਹੋਰ ਬਹੁਤ ਸਮਾਨ ਭੇਜਿਆ ਹੈ। ਮਸਜਿਦਾਂ 'ਚੋਂ ਲੰਗਰ ਬਣ ਕੇ ਆ ਰਿਹਾ ਹੈ, ਮਲੇਰਕੋਟਲਾ ਤੋਂ ਖਾਸ ਤੌਰ 'ਤੇ ਚੌਲ ਬਣਾ ਕੇ ਭੇਜੇ ਜਾ ਰਹੇ ਹਨ।

ਇਸ ਅੰਦੋਲਨ ਦੇ ਆਗੂਆਂ ਨੇ ਨੌਜਵਾਨ ਵਰਗ ਨੂੰ ਸ਼ਾਇਦ ਇਸ ਗੱਲੋਂ ਪਹਿਲਾਂ ਹੀ ਸੁਚੇਤ ਕੀਤਾ ਲਗਦਾ ਹੈ ਕਿ ਉਨ੍ਹਾਂ ਨੇ ਗੁੱਸੇ ਵਿਚ ਆ ਕੇ ਕਿਸੇ ਨੂੰ ਗਲਤ ਗੱਲ ਨਹੀਂ ਕਹਿਣੀ ਅਤੇ ਨਾ ਹੀ ਧੱਕਾ-ਮੁੱਕੀ ਕਰਨੀ ਹੈ। ਇਹੋ ਕਾਰਨ ਹੈ ਕਿ ਉਨ੍ਹਾਂ ਨੇ ਜਲ-ਤੋਪਾਂ ਅਤੇ ਅੱਥਰੂ ਗੈਸ ਦੇ ਗੋਲਿਆਂ ਦਾ ਵੀ ਸ਼ਾਂਤ ਰਹਿ ਕੇ ਹੀ ਸਾਹਮਣਾ ਕੀਤਾ। ਕਿਤੇ ਵੀ ਉਤੇਜਨਾ ਵਿਚ ਆ ਕੇ ਕੋਈ ਗਲਤ ਨਾਹਰਾ ਨਹੀਂ ਲਾਇਆ, ਜਿਸ ਨਾਲ ਪੁਲਿਸ ਨੂੰ ਹਰਕਤ ਵਿਚ ਆਉਣ ਦਾ ਮੌਕਾ ਮਿਲੇ। ਸਿਰਫ ਇਕ ਵਾਰ 'ਖਾਲਿਸਤਾਨ' ਦਾ ਨਾਹਰਾ ਲੱਗਿਆ, ਪਰ ਬਾਅਦ ਵਿਚ ਪਤਾ ਲੱਗ ਗਿਆ ਕਿ ਉਹ ਕਿਸੇ ਸ਼ਰਾਰਤੀ ਅਨਸਰ ਦਾ ਕੰਮ ਸੀ। ਨੌਜਵਾਨਾਂ ਨੇ ਤਾਂ ਇਹ ਮੋਰਚਾ ਸਾਂਭਿਆ ਹੋਇਆ ਹੈ ਕਿ ਕੋਈ ਸ਼ਰਾਰਤ ਕਰਕੇ ਉਨ੍ਹਾਂ ਦੇ ਸੰਘਰਸ਼ ਨੂੰ ਬਦਨਾਮ ਕਰਨ ਵਾਲਾ ਨਾ ਆ ਜਾਵੇ।

ਨੌਜਵਾਨਾਂ ਦੇ ਇਸ ਵਰਤਾਓ ਤੋਂ ਇਹ ਪਤਾ ਲੱਗਦਾ ਹੈ ਕਿ ਉਨ੍ਹਾਂ ਦਾ ਖੂਨ ਭਾਵੇਂ ਗਰਮ ਹੁੰਦਾ ਹੈ, ਪਰ ਜੇ ਉਨ੍ਹਾਂ ਤੇ ਵਿਸ਼ਵਾਸ ਕਰਕੇ ਉਨ੍ਹਾਂ ਨੂੰ ਕੋਈ ਜ਼ਿੰਮੇਦਾਰੀ ਸੌਂਪੀ ਜਾਵੇ ਤਾਂ ਉਹ ਖੁਸ਼ੀ ਖੁਸ਼ੀ ਉਸ ਨੂੰ ਨੇਪਰੇ ਚਾੜ੍ਹਨ ਲਈ ਆਪਣਾ ਟਿੱਲ ਲਾ ਦਿੰਦੇ ਹਨ। ਇਹ ਤਾਂ ਸਾਡੀਆਂ ਨਿਕੰਮੀਆਂ ਸਰਕਾਰਾਂ ਦੀ ਗਲਤ ਨੀਤੀਆਂ ਕਾਰਨ ਤੇ ਕੁਝ ਸਰਕਾਰੀ ਏਜੰਸੀਆਂ ਦੀ ਮਾੜੀ ਕਾਰਗੁਜ਼ਾਰੀ ਕਾਰਨ ਨੌਜਵਾਨ ਵਰਗ ਨਸ਼ਿਆਂ ਵੱਲ ਧੱਕਿਆ ਗਿਆ।

ਜੇ ਭਾਈਚਾਰਕ ਸਾਂਝ ਦੀ ਗੱਲ ਕੀਤੀ ਜਾਵੇ ਤਾਂ ਕਿਸਾਨੀ ਸੰਘਰਸ਼ ਦੌਰਾਨ ਹਰਿਆਣਾ ਰਾਜ ਦੇ ਕਿਸਾਨਾਂ, ਨੌਜਵਾਨ ਲੜਕੇ-ਲੜਕੀਆਂ, ਬਜੁਰਗ ਮਰਦਾਂ-ਔਰਤਾਂ ਸਭ ਦਾ ਹੀ ਭਰਪੂਰ ਸਮਰਥਨ ਮਿਲਿਆ। ਪੰਜਾਬ ਦੇ ਕਿਸਾਨ ਵੱਲੋਂ ਸ਼ੁਰੂ ਕੀਤੇ ਗਏ ਇਸ ਅੰਦੋਲਨ ਨੂੰ ਸਾਰੇ ਦੇਸ਼ ਦੇ ਕਿਸਾਨਾਂ ਅਤੇ ਆਮ ਲੋਕਾਂ ਦਾ ਸਾਥ ਮਿਲਿਆ। ਪੰਜਾਬ ਦੇ ਨੌਜਵਾਨਾਂ 'ਤੇ ਲੱਗਿਆ 'ਨਸ਼ੇੜੀ' ਵਾਲਾ ਠੱਪਾ ਬਹੁਤ ਹੱਦ ਤੱਕ ਫਿਕਾ ਪੈ ਗਿਆ ਹੈ। ਹੰਭਲਾ ਮਾਰੀਏ ਇਸ ਨੂੰ ਪੂਰੀ ਤਰ੍ਹਾਂ ਮਿਟਾਉਣਾ ਬਹੁਤ ਜਰੂਰੀ ਹੈ। ਇਸ ਅੰਦੋਲਨ ਨੇ ਜੋ ਵੱਖ ਵੱਖ ਵਰਗਾਂ ਦੀ ਆਪਸੀ ਸਾਂਝ ਨੂੰ ਹਲੂਣਾ ਦੇ ਕੇ ਸਭ ਨੂੰ ਨੇੜੇ ਲਿਆਂਦਾ ਹੈ, ਇਹ ਨੇੜਤਾ ਇਸੇ ਤਰ੍ਹਾਂ ਹੀ ਕਾਇਮ ਰਹਿਣੀ ਚਾਹੀਦੀ ਹੈ ਤਾਂ ਜੋ ਪੰਜਾਬ 'ਉੜਤਾ ਪੰਜਾਬ' ਨਾਲੋਂ 'ਜੁੜਤਾ ਪੰਜਾਬ' ਨਜ਼ਰ ਆਵੇ।

# ਸ਼ਹਾਦਤ ਗੁਰੂ ਤੇਗ ਬਹਾਦਰ, ਮਨੁੱਖੀ ਅਧਿਕਾਰ ਅਤੇ ਕਿਸਾਨ ਅੰਦੋਲਨ

(ਪਿਛਲੇ ਸਫੇ ਦੀ ਬਾਕੀ)

ਇਸ ਨੂੰ ਪਾਕਿਸਤਾਨ ਅਤੇ ਚੀਨ ਵੱਲੋਂ ਸਪਾਂਸਰ ਕੀਤਾ ਸੰਘਰਸ਼ ਕਿਹਾ ਜਾ ਰਿਹਾ ਹੈ। ਕਦੇ ਉਨ੍ਹਾਂ ਦੀਆਂ ਟਰੈਕਟਰ-ਟਰਾਲੀਆਂ 'ਤੇ ਕਿੰਤੂ-ਪ੍ਰੰਤੂ ਕੀਤਾ ਜਾਂਦਾ ਹੈ। ਉਹ ਭੁੱਲ ਜਾਂਦੇ ਹਨ ਕਿ ਖਾਲਸਾ ਏਡ ਤਾਂ ਉਥੇ ਵੀ ਪਹੁੰਚਦੀ ਹੈ, ਜਿੱਥੇ ਰੈੱਡ ਕਰਾਸ ਦੀ ਵੀ ਪਹੁੰਚਣ ਦੀ ਹਿੰਮਤ ਨਹੀਂ ਹੁੰਦੀ; ਭਾਰਤ ਦੇ ਵੱਖ ਵੱਖ ਇਲਾਕਿਆਂ ਵਿਚ ਕੁਦਰਤੀ ਆਫਤਾਂ ਵੇਲੇ ਕੇਂਦਰ ਅਤੇ ਸੂਬਾ ਸਰਕਾਰਾਂ ਅੱਖ ਵਿਚ ਪਾਈਆਂ ਨਹੀਂ ਰੜਕਦੀਆਂ, ਪਰ ਖਾਲਸਾ ਏਡ ਵੱਲੋਂ ਉਥੇ ਵੀ ਹਰ ਤਰ੍ਹਾਂ ਦੀ ਮਦਦ ਪੁਚਾਈ ਜਾਂਦੀ ਹੈ। ਜਿਹੜਾ ਕਿਸਾਨ ਦੁਨੀਆਂ ਦੇ ਕਿਸੇ ਭੁੱਖੇ ਨੂੰ ਨਹੀਂ ਜਰਦਾ, ਉਹ ਸੰਘਰਸ਼ ਵਿਚ ਲੰਗਰ ਦੀ ਤੋਟ ਕਿਵੇਂ ਆਉਣ ਦੇਵੇਗਾ? ਮਨੁੱਖੀ ਹੱਕਾਂ ਦੀ ਬਹਾਲੀ ਲਈ ਜਦੋਂ ਜਹਿਦ ਕਰਨੀ, ਸੇਵਾ ਕਰਨੀ, ਆਪਣੀਆਂ ਰਚਨਾਵਾਂ ਅਤੇ ਗੀਤਾਂ ਵਿਚ ਆਪਣੇ ਵਿਰਸੇ ਨੂੰ ਯਾਦ ਕਰਨਾ ਪੰਜਾਬੀਆਂ ਨੂੰ ਗੁੜ੍ਹਤੀ ਵਿਚ ਮਿਲਦਾ ਹੈ। ਅਸਲ ਵਿਚ ਕੇਂਦਰੀ ਹਕੂਮਤ ਅਤੇ ਗੋਦੀ ਮੀਡੀਆ ਸਾਰੇ ਭਾਰਤ ਦੇ ਕਿਸਾਨਾਂ ਦੇ ਇਕੱਠ ਤੋਂ ਪ੍ਰੇਸ਼ਾਨ ਹੈ ਕਿ ਇਹ ਕਿਵੇਂ ਹੋ ਗਿਆ!

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

# ਅਰਦਾਸ ਦੀ ਆਸਥਾ

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਇਹ ਕਹਿ ਕੇ ਬਾਪ ਦੀ ਵਡਿਆਈ ਕੀਤੀ ਸੀ ਕਿ ਬਾਪ ਉਹ ਹੁੰਦਾ, ਜੋ ਛੱਤਹੀਣ ਹੁੰਦਿਆਂ ਵੀ ਬੱਚਿਆਂ ਲਈ ਛੱਤ ਹੁੰਦਾ। ਬਾਪ ਹੀ ਅਜਿਹਾ ਬਿਰਖ ਹੁੰਦਾ, ਜਿਸ ਦੀ ਛਾਂ ਵਿਚ ਧੁੱਪਾਂ ਠਰ ਜਾਂਦੀਆਂ ਹਨ। ਉਸ ਦੇ ਆਗੋਸ਼ ਵਿਚਲੇ ਨਿੱਘ ਨਾਲ ਸਰਦੀਆਂ ਨੂੰ ਵੀ ਤ੍ਰੇਲੀਆਂ ਆ ਜਾਂਦੀਆਂ ਨੇ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਕਿਹਾ ਹੈ ਕਿ ਅਰਦਾਸ ਕਰੋ ਕਿ ਖੇਤਾਂ ਵਿਚ ਖੁਸ਼ਹਾਲੀ ਮੌਲਦੀ ਰਹੇ। ਖੇਤਾਂ ਵਿਚ ਵੱਸਦੇ ਰੱਬ ਨੂੰ ਅੰਨਦਾਤੇ ਅਤੇ ਲੋਕਾਈ ਦੇ ਦੁੱਖ-ਦਰਦ, ਅਮੀਰਤਾ ਅਤੇ ਅੰਤਰੀਵਤਾ ਬਖਸ਼ਣ ਦੀ ਸੋਝੀ ਤੇ ਸਮਰੱਥਾ ਪ੍ਰਾਪਤ ਹੁੰਦੀ ਰਹੇ।...ਅਰਦਾਸ ਕਰੀਏ ਕਿ ਹਰ ਮਨ ਨੂੰ ਸ਼ੁਭ-ਚਿੰਤਨ ਦੀ ਗੁੜਤੀ ਮਿਲੇ, ਹਰ ਸੋਚ ਵਿਚ ਸੂਰਜਾਂ ਦੀ ਦਸਤਕ ਹੋਵੇ, ਹਰ ਸੁਹਜ ਵਿਚ ਸਬਰ, ਸੰਤੋਖ ਅਤੇ ਸਕੂਨ ਦੀ ਸੁਗਮਤਾ ਸਰਸਰਾਵੇ। ਡਾ. ਭੰਡਾਲ ਕਹਿੰਦੇ ਹਨ, "ਅਰਦਾਸ, ਮਨ ਤੋਂ ਮਨ ਤੀਕ ਪਹੁੰਚਣ ਦਾ ਸਬੱਬ। ਅੰਦਰ ਵੱਸਦੇ ਰੱਬ ਨੂੰ ਮੁਖਾਤਬ ਹੋਣਾ ਅਤੇ ਉਸ ਨਾਲ ਦਿਲ ਦੀਆਂ ਗੱਲਾਂ ਛੂਹਣਾ।...ਅਰਦਾਸ ਸਿਰਫ ਬੋਲਾਂ ਨਾਲ ਹੀ ਨਹੀਂ ਉਚਾਰੀ ਜਾਂਦੀ ਜਾਂ ਸ਼ਬਦਾਂ ਵਿਚ ਹੀ ਨਹੀਂ ਉਤਾਰੀ ਜਾਂਦੀ। ਦਰਅਸਲ ਅਰਦਾਸ ਤਾਂ ਮੂਕਤਾ ਵਿਚੋਂ ਪੈਦਾ ਹੁੰਦੀ ਜਦ ਵਿਅਕਤੀ ਆਪਣੇ ਆਪ ਨਾਲ ਇਕਸੁਰ ਹੁੰਦਾ। ਅਰਦਾਸ ਤਾਂ ਦਿਲ-ਦਰਵਾਜੇ ਵਿਚੋਂ ਨਿਕਲੀ ਹੋਈ ਹੂਕ, ਜੋ ਰੂਹ ਤੋਂ ਰੂਹ ਤੀਕ ਦੇ ਸਫਰਨਾਮੇ ਦੀ ਤਹਿਰੀਕ।...ਅਰਦਾਸ ਕਰੀਏ ਕਿ ਮਨੁੱਖ ਤੇ ਮਨੁੱਖਤਾ ਜਿਉਂਦੀ ਰਹੇ।" -ਸੰਪਾਦਕ*

ਅਰਦਾਸ, ਮਨ ਦੀਆਂ ਸੁੱਚੀਆਂ ਭਾਵਨਾਵਾਂ ਦੀ ਤਸ਼ਬੀਹ, ਸ਼ੁਭ-ਚਿੰਤਨ ਨੂੰ ਮਿਲੀ ਅਵਾਜ਼ ਅਤੇ ਅੰਤਰੀਵ ਦੀ ਅੰਬਰੀ ਪਰਵਾਜ਼।

ਅਰਦਾਸ, ਰੂਹ ਦੀਆਂ ਰਮਜ਼ਾਂ ਦੀ ਰਵਾਨਗੀ, ਪਾਕੀਜ਼ ਵਿਚਾਰਾਂ ਦੀ ਤਰਤੀਬ ਅਤੇ ਸੱਚੀਆਂ ਸੱਧਰਾਂ ਦੀ ਅਰਾਧਨਾ ਤੇ ਅੰਗੜਾਈ।

ਅਰਦਾਸ, ਮਨ ਤੋਂ ਮਨ ਤੀਕ ਪਹੁੰਚਣ ਦਾ ਸਬੱਬ। ਅੰਦਰ ਵੱਸਦੇ ਰੱਬ ਨੂੰ ਮੁਖਾਤਬ ਹੋਣਾ ਅਤੇ ਉਸ ਨਾਲ ਦਿਲ ਦੀਆਂ ਗੱਲਾਂ ਛੂਹਣਾ।

ਅਰਦਾਸ, ਆਤਮਿਕ ਮੰਥਨ ਵਿਚੋਂ ਉਗਮੀਆਂ ਸੋਚਾਂ। ਹਵਾ ਵਿਚ ਪੈਦਾ ਹੋਈ ਸੁਹਜ-ਸਰਗਮ ਅਤੇ ਇਸ ਸਰਗਮ ਨੂੰ ਸੰਗੀਤਕ ਧੁਨਾਂ ਬਖਸ਼ਣ ਦੀ ਰਹਿਮਤ।

ਅਰਦਾਸ ਬੇਲਾਗਤਾ, ਬੇਨਿਆਜ਼ੀ, ਬੇਲਿਹਾਜ਼ੀ, ਬੰਦਗੀ, ਬੰਦਿਆਈ ਅਤੇ ਬੰਦੇ ਵਿਚੋਂ ਪੈਦਾ ਹੁੰਦੀ, ਜੋ ਸਰਬੱਤ ਦੇ ਭਲੇ ਦੀ ਕਾਮਨਾ ਕਰਦੀ।

ਅਰਦਾਸ, ਸਵੈ ਤੋਂ ਪਰ ਤੀਕ ਦੀ ਯਾਤਰਾ। ਨਿੱਜੀ ਲੋੜਾਂ, ਥੋੜ੍ਹਾਂ, ਘਾਟਾਂ ਅਤੇ ਕਮੀਆਂ ਤੋਂ ਉਪਰ ਉਠ ਕੇ ਕਿਸੇ ਜਰੂਰਤਮੰਦ, ਲੋੜਵੰਤੇ ਜਾਂ ਗਰੀਬ-ਗੁਰਬੇ ਦੀਆਂ ਅਸੀਸਾਂ ਨੂੰ ਝੋਲੀ ਵਿਚ ਪਵਾਉਣ ਦੀ ਲੋਚਾ।

ਅਰਦਾਸ, ਨਫਾਸਤ, ਨਿਆਰਾਪਣ, ਨਿਰਮਾਣਤਾ, ਨਿਰਮਲਤਾ ਅਤੇ ਨਿੱਗਰ ਸੋਚ ਦੀ ਪ੍ਰਤੀਕ। ਰੂਹ ਦਾ ਗੀਤ, ਜੋ ਸਿਰਫ ਫੱਕਰ ਲੋਕ ਹੀ ਗਾਉਂਦੇ।

ਅਰਦਾਸ, ਆਤਮਾ ਵਿਚੋਂ ਉਗਮਦਾ ਅੰਤਰ-ਸੰਵਾਦ, ਜਿਸ ਵਿਚੋਂ ਸ਼ਬਦ ਦੀ ਰਹਿਨੁਮਾਈ ਮਿਲਦੀ ਅਤੇ ਇਨ੍ਹਾਂ ਵਿਚ ਅਰਥਾਂ ਦੀ ਖੁਸ਼ਬੋਈ ਹੁੰਦੀ।

ਅਰਦਾਸ ਮਾਸੂਮ, ਕੋਮਲ, ਪਾਕ ਅਤੇ ਪਾਰਦਰਸ਼ੀ ਵਿਅਕਤੀਤਵ ਵਿਚੋਂ ਉਦੈ ਹੁੰਦੀ। ਕਿਰਨਾਂ ਦਾ ਜਲੌਅ। ਹਰੇਕ ਦੇ ਰਾਹ ਵਿਚ ਚਾਨਣੀ ਦਾ ਛਿੜਕਾ ਅਤੇ ਠਰੀਆਂ ਰਾਤਾਂ ਵਿਚ ਨਿੱਘ-ਤ੍ਰੌਂਕਣੀ ਦਾ ਕ੍ਰਿਸ਼ਮਾ।

ਅਰਦਾਸ, ਅਰਥ ਤੇ ਆਸਥਾ ਦੀ ਅੰਬਰ-ਅੰਗੜਾਈ। ਅਗਮ ਅਗੋਚਰ ਅਨਾਇਤ ਦੀ ਹੁੰਦੀ ਭਰਪਾਈ। ਅਰਦਾਸ ਵਿਚੋਂ ਉਗਮਦਾ ਸਾਹਾਂ ਸੰਦਲਾ ਗੀਤ ਅਤੇ ਜ਼ਿੰਦਗੀ ਦੇ ਹਰ ਰੰਗ ਨੂੰ ਮਾਣਨ ਦੀ ਰੀਤ। ਅਰਦਾਸ ਖ਼ਆਬ ਤੇ ਖਬਤ ਦਾ ਰੱਖਦੀ ਸਦਾ ਖਿਆਲ ਅਤੇ ਜੀਵਨ-ਰੰਗਤਾ ਸੰਗ ਭਿਆਲ।

ਅਰਦਾਸ, ਸਾਰੇ ਕਰ ਹੀ ਨਹੀਂ ਸਕਦੇ ਅਤੇ ਨਾ ਹੀ ਉਨ੍ਹਾਂ ਦੀ ਅਰਦਾਸ ਕਦੇ ਕਬੂਲ ਹੁੰਦੀ। ਸਿਰਫ ਕੁਝ ਕੁ ਪਾਕ ਰੂਹਾਂ ਹੁੰਦੀਆਂ, ਜੋ ਆਪਣੀ ਆਤਮਿਕ ਉਡਾਣ ਵਿਚੋਂ ਅਸੇਧ ਤੇ ਅਸ਼ੁੱਧ ਸੋਚਾਂ ਨੂੰ ਪੁਖਤਗੀ ਤੇ ਪ੍ਰੇਰਨਾ ਦੇ ਕੇ, ਕੁਝ ਚੰਗੇਰਾ ਸੋਚਣ ਅਤੇ ਕਰਨ ਦੀ ਤਮੰਨਾ ਪੈਦਾ ਕਰਦੀਆਂ।

ਅਰਦਾਸ ਸਿਰਫ ਬੋਲਾਂ ਨਾਲ ਹੀ ਨਹੀਂ ਉਚਾਰੀ ਜਾਂਦੀ ਜਾਂ ਸ਼ਬਦਾਂ ਵਿਚ ਹੀ ਨਹੀਂ ਉਤਾਰੀ ਜਾਂਦੀ। ਦਰਅਸਲ ਅਰਦਾਸ ਤਾਂ ਮੂਕਤਾ ਵਿਚੋਂ ਪੈਦਾ ਹੁੰਦੀ ਜਦ ਵਿਅਕਤੀ ਆਪਣੇ ਆਪ ਨਾਲ ਇਕਸੁਰ ਹੁੰਦਾ। ਉਸ ਦੀ ਸੋਚ ਵਿਚ ਬੇਗਾਨਗੀ, ਨਫਰਤ, ਈਰਖਾ, ਕੁੜੱਤਣ, ਕੂੜ, ਕਪਟ ਦਾ ਨਾਮੋ-ਨਿਸ਼ਾਨ ਨਹੀਂ ਹੁੰਦਾ। ਜ਼ਿਆਦਾਤਰ ਪੁਜਾਰੀਆਂ, ਮਸੰਦਾਂ ਗ੍ਰੰਥੀਆਂ, ਭਾਈਆਂ ਜਾਂ ਡੇਰੇਦਾਰਾਂ ਦੀ ਅਰਦਾਸ ਵਿਚ ਤਾਂ ਉਨ੍ਹਾਂ ਦੀ ਹਉਮੈ, ਨਿੱਜਪ੍ਰਸਤੀ ਅਤੇ ਖੁਦ ਨੂੰ ਖੁਦਾ ਦੇ ਜ਼ਿਆਦਾ ਕਰੀਬ ਹੋਣ ਦਾ ਗਰੂਰ ਹੁੰਦਾ। ਇਸੇ ਲਈ ਸਿਆਣੇ ਕਹਿੰਦੇ ਨੇ ਕਿਸੇ 'ਤੇ ਕਿਉਂ ਆਸ ਰੱਖੋ ਕਿ ਕੋਈ ਤੁਹਾਡੇ ਲਈ ਅਰਦਾਸ ਕਰੇ? ਕਦੇ ਖੁਦ ਹੀ ਖੁਦ ਲਈ ਅਰਦਾਸ ਕਰਨਾ। ਦੇਖਣਾ! ਤੁਹਾਡੀਆਂ ਮਨ-ਝੀਤਾਂ 'ਚੋਂ ਕਿਰਨਾਂ ਝਾਤ ਮਾਰਨਗੀਆਂ।

ਅਰਦਾਸ ਦੇ ਬਹੁਤ ਸਾਰੇ ਰੰਗ-ਰੂਪ, ਤਰੀਕੇ, ਤਰਜ਼ੀਹਾਂ, ਤਦਬੀਰਾਂ ਅਤੇ ਤਸ਼ਬੀਹਾਂ। ਅਰਦਾਸ ਕਿਸ ਲਈ, ਕਿਹੜੇ ਮਕਸਦ, ਕਿਹੜੇ ਸਮੇਂ ਤੇ, ਕਿਸ ਸਾਹਵੇਂ, ਕੌਣ ਕਰਦਾ ਹੈ, ਇਹ ਹੀ ਨਿਸ਼ਚਿਤ ਕਰਦਾ ਹੈ ਕਿ ਅਰਦਾਸ ਦੇ ਕੀ ਅਰਥ ਨੇ?

ਅਰਦਾਸ ਆਪਣੇ ਲਈ ਜਾਂ ਆਪਣੇ ਵਲੋਂ ਤਾਂ ਸਾਰੇ ਕਰਦੇ, ਪਰ ਅਸਲੀ ਅਰਦਾਸ ਤਾਂ ਉਹ ਹੁੰਦੀ ਹੈ, ਜੋ ਅਸੀਂ ਸੁੱਚੀ ਭਾਵਨਾ ਨਾਲ ਕਿਸੇ ਲਈ ਕਰਦੇ ਹਾਂ। ਇਸ ਨਾਲ ਅਸੀਂ ਕਿਸੇ ਲਈ ਕਿਹੜੀਆਂ ਸ਼ੁੱਭ-ਭਾਵਨਾ ਪ੍ਰਗਟ ਕਰਦੇ ਹਾਂ, ਇਹ ਹਰ ਵਿਅਕਤੀ ਲਈ ਵੱਖ ਵੱਖ ਮਾਇਨੇ ਰੱਖਦਾ।

ਅਰਦਾਸ ਕਰੋ ਉਨ੍ਹਾਂ ਲਈ ਜੋ ਅਰਦਾਸ ਲੋਚਦੇ ਨੇ, ਜਿਨ੍ਹਾਂ ਨੂੰ ਅਰਦਾਸ ਦੇ ਅਰਥ ਪਤਾ ਨੇ ਅਤੇ ਅਰਦਾਸ ਦੀਆਂ ਬਖਸ਼ਿਸ਼ਾਂ ਦਾ ਅਹਿਸਾਸ ਹੈ। ਦਰਅਸਲ ਅਰਦਾਸ ਹੱਥ ਤੇ ਹੱਥ ਧਰਨਾ ਨਹੀਂ ਹੁੰਦੀ। ਅਰਦਾਸ ਤਾਂ ਕਿਸੇ ਦੇ ਮਨ ਵਿਚ ਉਸਾਰੂ ਬਿਰਤੀ ਪੈਦਾ ਕਰਨਾ ਹੁੰਦਾ, ਪ੍ਰੇਰਨਾ ਬਣਨਾ ਹੁੰਦਾ। ਕਿਸੇ ਦੇ ਢਹਿੰਦੇ ਹੌਂਸਲੇ ਜਾਂ ਪਸਤ ਹੋ ਰਹੀ ਆਸਥਾ ਵਿਚ ਨਵੀਂ ਰੂਹ ਫੂਕਣ ਦਾ ਨਾਮ ਤਾਂ ਕਿ ਉਹ ਹੌਂਸਲੇ ਤੇ ਹਿੰਮਤ ਨੂੰ ਆੜੀ ਬਣਾ ਕੇ, ਨਵੇਂ ਰਾਹਾਂ ਦੀ ਨਿਸ਼ਾਨਦੇਹੀ ਕਰੇ, ਜਿਨ੍ਹਾਂ 'ਤੇ ਚੱਲਦਿਆਂ ਉਸ ਦੇ ਕਦਮਾਂ ਨੂੰ ਮੰਜ਼ਿਲਾਂ 'ਤੇ ਪਹੁੰਚਣ ਅਤੇ ਇਨ੍ਹਾਂ 'ਤੇ ਆਪਣੇ ਨਕਸ਼ ਉਕਰਨ ਦਾ ਸ਼ਰਫ ਹਾਸਲ ਹੋਵੇ।

ਅਰਦਾਸ ਕਰੋ ਉਨ੍ਹਾਂ ਪਲੀਤ ਸੋਚਾਂ ਦੀ ਪਾਕੀਜ਼ਗੀ ਲਈ, ਜਿਨ੍ਹਾਂ ਨੇ ਧਰਮ ਨੂੰ ਅਧਰਮ ਬਣਾਇਆ ਏ, ਜਿਨ੍ਹਾਂ ਦੇ ਕਰਮ-ਧਰਮ ਵਿਚ ਕੁਕਰਮਾਂ ਦੀ ਫਸਲ ਮੌਲਦੀ ਏ, ਜਿਨ੍ਹਾਂ ਦੇ ਜ਼ਿਹਨ ਵਿਚ ਜਾਗਦੀ ਜ਼ਮੀਰ ਸੂਲੀ 'ਤੇ ਲਟਕਦੀ ਏ, ਜਿਨ੍ਹਾਂ ਦੀਆਂ ਸੌੜੀਆਂ ਵਲਗਣਾਂ ਵਿਚ ਆਜ਼ਾਦ ਪਰਿੰਦਿਆਂ ਨੂੰ ਹੌਕੇ ਭਰਨ ਦੀ ਆਦਤ ਪੈ ਗਈ ਏ ਜਾਂ ਜਿਨ੍ਹਾਂ ਦੇ ਕਦਮਾਂ ਵਿਚ ਫੁੱਲ ਮਸਲੇ ਜਾਂਦੇ ਨੇ।


ਅਰਦਾਸ ਕਰੋ ਬੰਦਿਆਈ ਤੇ ਭਲਿਆਈ ਤੋਂ ਭਟਕੀਆਂ ਰੂਹਾਂ ਵਾਸਤੇ, ਜਿਨ੍ਹਾਂ ਲਈ ਗਲੀਜ਼ਤਾ ਨਾਲ ਜਿਉਣਾ ਹੀ ਸਾਹ-ਸੰਦੜਾ ਹੈ। ਜਿਨ੍ਹਾਂ ਦੇ ਦੀਦਿਆਂ ਵਿਚ ਕਿਸੇ ਦੇ ਤਨ ਦੇ ਲੰਗਾਰਾਂ ਵਿਚੋਂ ਹੀ ਆਪਣੀ ਨੀਚਤਾ ਨੂੰ ਦਿਖਾਉਣ ਦਾ ਕੂਹਜ ਹੈ। ਜੋ ਮੱਥੇ 'ਚ ਪਾਏ ਸੰਧੂਰਾਂ ਨੂੰ ਪੂੰਝਣ ਲਈ ਰੁਚਿਤ ਨੇ, ਜਿਹੜੇ ਜਿਸਮਾਂ ਦੇ ਵਪਾਰੀ ਨੇ, ਜਿਨ੍ਹਾਂ ਲਈ ਆਬਰੂ ਦੀ ਨਿਲਾਮੀ ਹੀ ਜ਼ਿੰਦਗੀ ਦੀ ਕੁ-ਕਰਮਤਾ ਹੈ; ਜਿਨ੍ਹਾਂ ਦੇ ਮੱਥਿਆਂ ਵਿਚ ਤ੍ਰਿਸੂਲ, ਕਿਰਪਾਨ ਜਾਂ ਖੰਜਰ ਵਿਚੋਂ ਰਿਸਦੇ ਖੂਨ ਹੀ ਦਿਖਾਈ ਦਿੰਦੇ ਨੇ; ਜਿਨ੍ਹਾਂ ਦੇ ਦੀਦਿਆਂ ਵਿਚੋਂ ਬੇਸ਼ਰਮੀ ਦਾ ਝਲਕਾਰਾ ਪੈਂਦਾ ਏ ਅਤੇ ਜਿਨ੍ਹਾਂ ਨੂੰ ਆਪਣੇ ਆਪ 'ਤੇ ਵੀ ਕਦੇ ਨਮੋਸ਼ੀ ਜਾਂ ਬਦਕਾਰੀ ਦਾ ਅਨੁਭਵ ਨਹੀਂ ਹੋਇਆ।

ਅਰਦਾਸ ਕਰੋ ਕਿ ਬੰਦੇ ਦੇ ਮਨ ਵਿਚ ਕੁਦਰਤ ਨਾਲ ਕਰਨ ਵਾਲੇ ਖਿਲਵਾੜ ਨੂੰ ਠੱਲ ਪਵੇ। ਪਾਣੀਆਂ ਵਿਚ ਘੋਲੀ ਜਾ ਰਹੀ ਮੌਤ ਰੂਪੀ ਜ਼ਹਿਰ ਨੂੰ ਰੋਕਿਆ ਜਾਵੇ। ਮਾਰੂਥਲ ਬਣਨ ਜਾ ਰਹੀ ਧਰਤ ਨੂੰ ਬਚਾਇਆ ਜਾਵੇ। ਕੁਦਰਤੀ ਸਰੋਤਾਂ ਦੀ ਸੇਵਾ ਸੰਭਾਲ ਦਾ ਗਿਆਨ ਹੋਵੇ। ਧਰਤੀ ਦੀ ਜ਼ਹਿਰੀਲੀ ਕੁੱਖ ਫਸਲਾਂ ਉਗਾਵੇ ਨਾ ਕਿ ਮੌਤ ਵਿਹਾਜੇ। ਪਾਕ ਪੌਣ ਵਿਚ ਸਾਹਾਂ 'ਚੋਂ ਸੰਦਲੀ ਮਹਿਕ ਹੀ ਆਉਂਦੀ ਰਹੇ, ਨਾ ਕਿ ਇਹ ਮਰਨਹਾਰੀ ਹਵਾ ਬਣ ਕੇ ਮੌਤ ਦੀ ਦਸਤਕ ਬਣੇ। ਇਸ ਧਰਤ ਵਿਚ ਖੇਤ ਹੀ ਉਗਣ ਨਾ ਕਿ ਕਬਰਾਂ। ਯਾਦ ਰਹੇ, ਕਬਰਾਂ ਬੀਜਣਾ ਬਹੁਤ ਆਸਾਨ ਹੁੰਦਾ, ਪਰ ਜਦ ਕਬਰਾਂ ਬੋਲਣ ਲੱਗਦੀਆਂ ਤਾਂ ਇਨ੍ਹਾਂ ਵਿਚ ਪੈਦਾ ਹੋਈ ਵੰਗਾਰ ਨੇ ਅਡੰਬਰੀ ਸਿੰਘਾਸਣਾਂ ਜਾਂ ਮਹਿਲ-ਮੁਨਾਰਿਆਂ ਨੂੰ ਢਹਿ-ਢੇਰੀ ਕਰਨ ਲੱਗਿਆਂ ਦੇਰ ਨਹੀਂ ਲਾਉਣੀ।

ਅਰਦਾਸ ਕਰੋ ਬੱਚਿਆਂ ਦੀ ਮਾਸੂਮੀਅਤ ਸਦਾ ਜਿਉਂਦੀ ਰਹੇ। ਉਨ੍ਹਾਂ ਦੀ ਸਫਾਫਤਾ ਵਿਚ ਮਿਲਾਵਟ ਨਾ ਹੋਵੇ। ਉਨ੍ਹਾਂ ਨੂੰ ਸੁੱਚੇ ਬੋਲਾਂ ਦੀ ਰਹਿਨੁਮਾਈ ਮਿਲੇ। ਉਨ੍ਹਾਂ ਦੇ ਨੈਣਾਂ ਵਿਚ ਸੁੰਦਰ ਤੇ ਸੁਹਾਵਣੇ ਸੁਪਨੇ ਤੈਰਨ। ਨਿੱਕੇ ਨਿੱਕੇ ਕਦਮਾਂ ਨੂੰ ਮੰਜ਼ਿਲਾਂ ਦੀ ਪੈੜ ਮਿਲੇ। ਚੁਲਬੁਲੇ ਚਾਵਾਂ ਦੀ ਪੂਰਤੀ ਹੋਵੇ। ਰੱਜਵਾਂ ਟੁੱਕਰ ਮਿਲੇ ਅਤੇ ਨੰਗੇ ਪਿੰਡਿਆਂ ਨੂੰ ਕੱਜਣ ਮਿਲੇ। ਛੋਟੇ ਛੋਟੇ ਮੋਢਿਆਂ ਨੂੰ ਬਸਤਿਆਂ ਦਾ ਸੁਗਮ-ਸਾਥ ਮਿਲੇ ਅਤੇ ਉਨ੍ਹਾਂ ਦੇ ਮਸਤਕ ਵਿਚ ਸੁਹੰਢਣੀਆਂ ਸੋਚਾਂ ਦੇ ਚਿਰਾਗ ਜਗਣ।

ਅਰਦਾਸ ਕਰੋ ਕਿ ਪਰਿੰਦਿਆਂ ਦੇ ਹਿੱਸੇ ਦਾ ਅਸਮਾਨ ਕਦੇ ਨਾ ਸੁੰਘੜੇ। ਉਨ੍ਹਾਂ ਲਈ ਫਾਹੀਆਂ ਨਾ ਗੱਡੀਆਂ ਜਾਣ ਅਤੇ ਪਰਾਂ ਵਿਚ ਕਦੇ ਵੀ ਪਰਵਾਜ਼ ਨਾ ਦੁੱਬਕੇ। ਉਨ੍ਹਾਂ ਦੇ ਆਲ੍ਹਣਿਆਂ ਵਿਚ ਇੱਲ ਨਾ ਝਪਟੇ। ਬੋਟ-ਚਹਿਕਣੀ ਆਲ੍ਹਣਿਆਂ ਨੂੰ ਭਾਗ ਲਾਵੇ। ਬਿਰਖ ਦੀਆਂ ਟਾਹਣੀ 'ਤੇ ਅਠਖੇਲੀਆਂ ਕਰਦੇ, ਬਿਰਖ ਲਈ ਵੀ ਸਦੀਵਤਾ ਦੀ ਅਰਦਾਸ ਕਰਨ।

ਅਰਦਾਸ ਕਰੋ ਕਿ ਡੋਡੀਆਂ ਨੂੰ ਖਿੜਨ ਦਾ ਸ਼ਰਫ ਮਿਲੇ। ਫੁੱਲ ਦੀ ਮਹਿਕ ਅਤੇ ਰੰਗਤਾ ਨੂੰ ਭਾਗ ਲੱਗੇ ਰਹਿਣ। ਬਾਗ-ਬਗੀਚੇ ਦੇ ਵਿਹੜੇ ਵਿਚ ਤਿੱਤਲੀਆਂ ਦੀ ਉਡਾਰੀ ਅਤੇ ਭੌਰਾਂ ਦੀ ਰਾਗ-ਰਮਤਾ ਨਿਰੰਤਰ ਜਾਰੀ ਰਹੇ। ਇਸ ਰਚਮਿਚਤਾ ਵਿਚੋਂ ਹੀ ਬਗੀਚੀ ਨੂੰ ਭਾਗਾਂ ਭਰਿਆ ਹੋਣ ਅਤੇ



ਚੌਗਿਰਦੇ ਵਿਚ ਜੀਵਨ-ਸੁਗੰਧੀਆਂ ਵੰਡਣ ਦਾ ਨਸੀਬਾ ਪ੍ਰਾਪਤ ਹੋਵੇ।

ਅਰਦਾਸ ਕਰੋ ਕਿ ਘਰਹੀਣਾਂ ਨੂੰ ਘਰ ਨਸੀਬ ਹੋਣ। ਘਰ ਵੱਸਦੇ ਰਹਿਣ ਤੇ ਕਮਰਿਆਂ ਵਿਚ ਮਿੱਠੜੀ ਗੁਫਤਗੂ ਜ਼ਿੰਦਗੀ ਨੂੰ ਜਿਉਣ-ਜੋਗਾ ਕਰਦੀ ਰਹੇ। ਕੰਧਾਂ 'ਤੇ ਲਟਕੇ ਕੈਲੰਡਰ ਵਿਚ ਤਰੀਕਾਂ 'ਤੇ ਨਿਸ਼ਾਨ ਨਾ ਲਾਉਣੇ ਪੈਣ। ਕਮਰੇ ਵਿਚ ਔਂਸੀਆਂ ਪਾਉਣ ਦੀ ਰੁੱਤ ਨਾ ਉਤਰੇ। ਇਹ ਜੀਵਨ-ਮੌਲਤਾ ਨਾਲ ਭਰਪੂਰਤਾ ਦਾ ਨਿੱਘ ਮਾਣਦਾ ਰਹੇ। ਘਰ ਵੀ ਅਰਦਾਸ ਕਰਦਾ ਹੈ ਕਿ ਘਰ ਵਾਲੇ ਸਦਾ ਹੱਸਦੇ, ਵੱਸਦੇ ਅਤੇ ਰੰਗ ਮਾਣਦੇ ਰਹਿਣ, ਕਿਉਂਕਿ ਘਰ ਤਾਂ ਘਰ ਵਾਲਿਆਂ ਨਾਲ ਹੀ ਹੁੰਦੇ। ਵਰਨਾ ਘਰ ਬਹੁਤ ਉਦਾਸ ਹੋ ਜਾਂਦਾ। ਉਦਾਸੇ ਅਤੇ ਹਤਾਸ਼ੇ ਘਰ ਨੂੰ ਪਹਿਲੇ ਰੰਗ, ਹਸਾਸ ਅਤੇ ਹੁਲਾਸ ਵਿਚ ਪਰਤਣ ਲਈ ਕਈ ਵਾਰ ਉਮਰਾਂ ਹੀ ਲੱਗ ਜਾਂਦੀਆਂ। ਘਰ ਅਰਦਾਸ ਕਰਦਾ ਹੈ, ਘਰ ਦੇ ਸਰੋਕਾਰਾਂ ਤੇ ਸੁਹੱਪਣ ਲਈ, ਸਦੀਵਤਾ ਤੇ ਸਾਰਥਕਤਾ ਲਈ, ਸੁਪਨੇ ਤੇ ਸੰਭਾਵਨਾ ਲਈ ਅਤੇ ਸੁੱਖਨ ਤੇ ਸਬਰ ਲਈ ਤਾਂ ਕਿ ਘਰ ਦੇ ਅਰਥ ਸਦਾ ਜਿਉਂਦੇ ਰਹਿਣ।

ਅਰਦਾਸ ਕਰੋ ਕਿ ਸਾਡੇ ਬਜ਼ੁਰਗ ਸਾਡੇ ਲਈ ਅਰਦਾਸ ਕਰਦੇ ਰਹਿਣ, ਕਿਉਂਕਿ ਉਨ੍ਹਾਂ ਦੀ ਅਰਦਾਸ ਵਿਚ ਬੱਚਿਆਂ ਅਤੇ ਉਨ੍ਹਾਂ ਦੇ ਬੱਚਿਆਂ ਲਈ ਢੇਰ ਸਾਰੀਆਂ ਅਸੀਸਾਂ ਹੁੰਦੀਆਂ। ਉਨ੍ਹਾਂ ਦੀ ਰਹਿਬਰੀ ਵਿਚ ਘਰਾਂ ਨੂੰ ਭਾਗ ਲੱਗਦੇ ਅਤੇ ਹਵੇਲੀ ਵਿਚ ਮੱਝਾਂ, ਗਾਵਾਂ ਤੇ ਡੰਗਰਾਂ ਦੀ ਭਰਮਾਰ ਹੁੰਦੀ। ਉਨ੍ਹਾਂ ਦੇ ਜਿਉਂਦੇ ਜੀਅ ਘਰ ਦਾ ਕੁੰਡਾ ਹਮੇਸ਼ਾ ਕਾਇਮ। ਇਹ ਬਜ਼ੁਰਗ ਹੀ ਹੁੰਦੇ, ਜੋ ਸਾਡੀਆਂ ਭਾਵਨਾਵਾਂ ਨੂੰ ਪ੍ਰਵਾਨ ਚੜ੍ਹਾਉਣ ਵਿਚ ਸਦਾ ਸਹਾਈ। ਸਾਡੀਆਂ ਤਰਜ਼ੀਹਾਂ ਲਈ ਤਦਬੀਰਾਂ ਘੜਦੇ। ਉਹ ਨੰਗੇ ਪਿੰਡੇ ਦੀ ਛਾਂ ਕਰਕੇ ਵੀ ਆਪਣੇ ਬੱਚਿਆਂ ਨੂੰ ਲੂਆਂ ਤੋਂ ਬਚਾਉਂਦੇ। ਕਦੇ ਬਜ਼ੁਰਗੀ ਬਹਿਸ਼ਤ ਨੂੰ ਮਾਣਨ ਤੋਂ ਨਾ ਉਕਤਾਉਣਾ, ਕਿਉਂਕਿ ਬਜ਼ੁਰਗ ਜਦ ਤੁਰ ਜਾਂਦੇ ਨੇ ਤਾਂ ਸਾਡੇ ਮਨਾਂ ਵਿਚ ਹਸਰਤ ਹੀ ਰਹਿ ਜਾਂਦੀ ਕਿ ਕਾਸ਼! ਅਸੀਂ ਉਨ੍ਹਾਂ ਨਾਲ ਵੱਧ ਤੋਂ ਵੱਧ ਸਮਾਂ ਬਿਤਾਉਂਦੇ, ਪਰ ਸਮੇਂ ਨੂੰ ਪੁੱਠਾ ਗੇੜਾ ਨਹੀਂ ਦਿੱਤਾ ਜਾ ਸਕਦਾ।

ਅਰਦਾਸ ਕਰੋ ਕਿ ਸਾਡੇ ਸਬੰਧਾਂ ਵਿਚ ਸਾਦਗੀ, ਸੁੰਦਰਤਾ ਅਤੇ ਸਦੀਵਤਾ ਬਰਕਰਾਰ ਰਹੇ। ਪਕਿਆਈ ਅਤੇ ਪਾਕੀਜ਼ਗੀ ਰਹੇ। ਨਿੱਘ ਅਤੇ ਨਰੋਏਪਣ ਦੀ ਭਰਪਾਈ ਹੋਵੇ। ਬਹੁਤ ਔਖੀ ਹੁੰਦੀ ਏ ਸਬੰਧਾਂ ਵਿਚ ਪਈ ਦਰਾੜ ਦੀ ਭਰਪਾਈ। ਲੋੜ ਹੈ ਕਿ ਸਬੰਧਾਂ ਨੂੰ ਸੁਲੱਗਤਾ, ਸਮੂਹਿਕਤਾ ਅਤੇ ਸੁਚਿਆਰੇਪਣ ਨਾਲ ਨਿਭਾਇਆ ਜਾਵੇ ਤਾਂ ਕਿ ਸਬੰਧਾਂ ਵਿਚੋਂ ਸੁਗੰਧੀਆਂ ਦੀਆਂ ਲਗਰਾਂ ਫੁੱਟਦੀਆਂ ਰਹਿਣ।

ਅਰਦਾਸ ਕਰੋ ਕਿ ਕਦੇ ਕੋਈ ਚੁੱਲ੍ਹਾ ਠੰਢਾ ਨਾ ਹੋਵੇ। ਚੌਂਕੇ ਵਿਚ ਘਾਹ ਨਾ ਉਗੇ। ਓਟੇ ਦੀਆਂ ਚਿੜੀਆਂ ਉਦਾਸ ਨਾ ਹੋਣ। ਚੌਂਕੇ ਵਿਚ ਪਰਿਵਾਰਕ ਮਿਲ-ਬੈਠਣੀ ਵਿਚ ਕੋਈ ਬੰਦਿਸ਼ ਨਾ ਪਵੇ, ਕਿਉਂਕਿ ਚੌਂਕੇ ਦੀ ਤੜਫ ਵਿਚ ਬਹੁਤ ਕੁਝ ਤੜਫ ਕੇ ਰਹਿ ਜਾਂਦਾ ਏ। ਇਹ ਤੜਫਣੀ ਹੀ ਸਾਡੇ ਮਨਾਂ ਵਿਚ ਘਰ ਕਰਦੀ, ਚੁੱਲੇ-ਚੌਂਕੇ ਵਿਚ ਹਉਕਾ ਧਰ ਜਾਂਦੀ ਏ ਅਤੇ ਫਿਰ ਅਸੀਂ ਇਹ ਹੌਕੇ-ਹੰਝੂਆਂ ਨੂੰ ਮੁਖਾਤਬ ਹੋਣ ਤੋਂ ਡਰਨ ਲੱਗਦੇ ਹਾਂ।

ਅਰਦਾਸ ਕਰੋ ਕਿ ਖੇਤਾਂ ਵਿਚ ਖੁਸ਼ਹਾਲੀ ਮੌਲਦੀ ਰਹੇ। ਕਦੇ ਖੁਦਕੁਸ਼ੀਆਂ ਦੀ ਫਸਲ ਉਗਾਉਣ ਲਈ ਮਜਬੂਰ ਨਾ ਹੋਣਾ ਪਵੇ। ਆੜ ਵਿਚ ਘਾਹ ਨਾ ਉਗੇ ਅਤੇ ਔਲੂ ਵਿਚ ਪਾਣੀ ਦੀਆਂ ਲਹਿਰਾਂ ਨੂੰ ਅਠਖੇਲੀਆਂ ਕਰਨ ਦੀ ਜਾਚ ਨਾ ਭੁੱਲੇ। ਹਿਲੋਰੇ ਲੈਂਦੀਆਂ ਫਸਲਾਂ ਵਿਚ ਮੁਟਿਆਰ ਵਰਗੀ ਮੜਕ ਤੇ ਲਚਕ ਬਣੀ ਰਹੇ। ਖੇਤਾਂ ਵਿਚ ਵੱਸਦੇ ਰੱਬ ਨੂੰ ਅੰਨਦਾਤੇ ਅਤੇ ਲੋਕਾਈ ਦੇ ਦੁੱਖ-ਦਰਦ, ਅਮੀਰਤਾ ਅਤੇ ਅੰਤਰੀਵਤਾ ਬਖਸ਼ਣ ਦੀ ਸੋਝੀ ਤੇ ਸਮਰੱਥਾ ਪ੍ਰਾਪਤ ਹੁੰਦੀ ਰਹੇ। ਯਾਦ ਰਹੇ, ਖੇਤ ਵੱਸਦੇ ਨੇ ਤਾਂ ਜੀਵਨ ਵੱਸਦਾ ਏ। ਇਸ ਵਿਚੋਂ ਹੀ ਸਮੁੱਚੀ ਕਾਇਨਾਤ ਅਤੇ ਲੋਕਾਈ ਨੂੰ ਰੋਜ਼ੀ-ਰੋਟੀ ਦਾ ਆਹਰ-ਪਾਹਰ ਮਿਲਦਾ ਏ। ਖੇਤ ਵੈਰਾਨ ਹੋ ਗਏ ਜਾਂ ਖਾਲ ਤੇ ਔਲੂ ਵਿਚ ਪਾਣੀ ਹੀ ਨਾ ਰਿਹਾ ਤਾਂ ਸੋਕਿਆਂ ਨਾਲ ਝੰਬੀਆਂ ਫਸਲਾਂ ਦੇ ਮੁੜੇ ਹੋਏ ਕੁੰਡਾਂ ਨੂੰ ਹੱਥ ਵਿਚ ਪਕੜ, ਕਿਰਸਾਨ ਸਿਰਫ ਆਪਣੀ ਮੌਤ ਵਿਹਾਜਣ ਜੋਗਾ ਹੀ ਰਹਿ ਜਾਂਦਾ।

ਅਰਦਾਸ ਕਰੀਏ ਮਨ ਤੋਂ ਪਰ ਕਦੇ ਵੀ ਅਰਦਾਸਾ ਨਾ ਸੋਧੀਏ, ਕਿਉਂਕਿ ਜਦ ਅਸੀਂ ਕਿਸੇ ਦੇ ਖਾਤਮੇ ਲਈ ਅਰਦਾਸਾ ਸੋਧਦੇ ਹਾਂ ਤਾਂ ਦਰਅਸਲ ਅਸੀਂ ਆਪਣੀ ਮੌਤ ਦੇ ਵਰੰਟਾਂ 'ਤੇ ਖੁਦ ਹੀ ਹਸਤਾਖਰ ਕਰਦੇ ਹਾਂ। ਆਪਣੀ ਕਬਰ ਪੁੱਟਣ ਵਾਲੇ ਕਿੰਨੇ ਕੁ ਚਿਰ ਜਿਉਂਦੇ ਰਹਿ ਸਕਦੇ? ਆਖਰ ਨੂੰ ਉਹ ਆਪਣੇ ਸਿਵੇ ਨੂੰ ਸੇਕਣ ਅਤੇ ਆਪਣੀ ਰਾਖ ਫਰੋਲਦੇ, ਠੰਢੇ ਹੋ ਚੁਕੇ ਸਿਵਿਆਂ ਵਿਚੋਂ ਸਾਹਾਂ ਦੀ ਖੈਰਾਤ ਕਦ ਭਾਲਣਗੇ?

ਅਰਦਾਸ ਕਰੋ ਕਿ ਕਵੀ ਤੇ ਕਲਕਾਰ ਜਿਉਂਦੇ-ਜਾਗਦੇ ਰਹਿਣ। ਕਿਰਤਾਂ ਦੀ ਜ਼ਮੀਰ ਨਾ ਮਰੇ। ਜਾਗਦੀਆਂ ਜ਼ਮੀਰਾਂ ਵਾਲੇ ਹੀ ਕੁਝ ਨਰੋਇਆ ਅਤੇ ਨਿਵੇਕਲਾ ਕਰ ਸਕਦੇ ਨੇ ਅਤੇ ਸੁੱਤਿਆਂ ਨੂੰ ਜਗਾ ਸਕਦੇ ਨੇ। ਮਰਨਹਾਰੀਆਂ ਜ਼ਮੀਰਾਂ ਜਾਂ ਵਿਕਾਊ ਜ਼ਹਿਨੀਅਤ ਵਾਲਿਆਂ ਤੋਂ ਕੋਈ ਵੀ ਆਸ ਨਹੀਂ ਰੱਖੀ ਜਾ ਸਕਦੀ। ਅਰਦਾਸ ਕਰੀਏ ਕਿ ਕਲਮਾਂ ਦੀ ਬੋਲੀ ਨਾ ਲੱਗੇ। ਸ਼ਬਦਾਂ ਵਿਚ ਸੁੰਨ ਨਾ ਹੋਵੇ। ਨਰੋਏ ਅਰਥ ਅੰਗੜਾਈਆਂ ਭਰਨ। ਇਹ ਅਰਥ ਮੋਮਬੱਤੀਆਂ ਦੀਆਂ ਡਾਰਾਂ ਬਣ ਕੇ ਮਨ ਮਸਤਕ ਨੂੰ ਰੁਸ਼ਨਾਉਣ ਅਤੇ ਜੀਵਨ ਦੀ ਸੁਚੱਜਤਾ ਨੂੰ ਅਰਥ-ਹੀਣਿਆਂ ਅਤੇ ਨਾ-ਸ਼ੁਕਰਿਆਂ ਦੀ ਸੋਚ ਦੇ ਨਾਂਵੇਂ ਲਾਉਣ।

ਅਰਦਾਸ ਕਰੀਏ ਕਿ ਸੁਪਨਹੀਣਾਂ ਨੂੰ ਸੁਪਨੇ ਦੀ ਸੌਗਾਤ ਮਿਲੇ, ਘੁਸਮੁੱਸੇ ਨੂੰ ਰਿਸ਼ਮਾਂ ਭਰੀ ਪ੍ਰਭਾਤ ਮਿਲੇ। ਹਨੇਰਿਆਂ ਨੂੰ ਤਾਰਿਆਂ ਭਰੀ ਰਾਤ ਮਿਲੇ, ਬੰਦੇ ਨੂੰ ਬੰਦਿਆਈ ਦੀ ਜਾਤ ਮਿਲੇ ਅਤੇ ਸੱਖਣੀਆਂ ਝੋਲੀਆਂ ਨੂੰ ਅਸ਼ੀਰਵਾਦਾਂ ਤੇ ਰਹਿਮਤਾਂ ਦੀ ਦਾਤ ਮਿਲੇ।

ਅਰਦਾਸ ਕਰੀਏ ਕਿ ਮੱਸਿਆ ਰਾਤੇ ਪੁੰਨਿਆਂ ਦਾ ਵਾਸਾ ਹੋਵੇ, ਰੋਂਦੂ ਵਿਹੜਿਆਂ ਵਿਚ ਖੁਸ਼ੀਆਂ ਦਾ ਵਾਸਾ ਹੋਵੇ, ਮਨ ਵਿਚ ਚੰਗੀਆਂ ਰੁਚੀਆਂ ਦਾ ਖਾਸਾ ਹੋਵੇ, ਢਹਿੰਦੀਆਂ ਕਲਾ ਨੂੰ ਸਿਰੜ ਤੇ ਸੰਭਲਤਾ ਦਾ ਭਰਵਾਸਾ ਹੋਵੇ ਅਤੇ ਮਰਨਹਾਰੇ ਵਿਚਾਰਾਂ ਨੂੰ ਆਪਣੇ ਆਪ 'ਤੇ ਧਰਵਾਸਾ ਹੋਵੇ।

ਅਰਦਾਸ ਕਰੋ ਕਿ ਬੱਦਲ ਕਦੇ ਤਿੱਤਰਖੰਭੀਆਂ ਦੀ ਜੂਨ ਨਾ ਹੰਢਾਵੇ, ਪੌਣ ਕਦੇ ਹੁੰਮਸ ਦੇ ਘਰ ਪੀਹੜਾ ਨਾ ਡਾਹਵੇ, ਦਰਿਆਵਾਂ ਵਿਚ ਬਰੇਤਾ ਨਾ ਉਗ ਆਵੇ, ਲਹਿਰਾਂ ਵਿਚ ਬੇੜੀ ਦਾ ਕਫਨ ਮਨਹੂਸ ਚਿਹਰਾ ਨਾ ਦਿਖਾਵੇ, ਸਰਘੀ ਸ਼ਾਮ ਦਾ ਲਿਬਾਸ ਨਾ ਪਾਵੇ ਅਤੇ ਤਿੱਖੜ ਦੁਪਹਿਰ ਵਿਚ ਢਲਦੀਆਂ ਸ਼ਾਮਾਂ ਦਾ ਦਰਦ ਨਾ ਸਮਾਵੇ।

ਅਰਦਾਸ ਕਰੀਏ ਕਿ ਮਾਂਵਾਂ ਦੀਆਂ ਮੰਨਤਾਂ ਸਦਾ ਮੰਨੀਆਂ ਜਾਣ। ਹੱਥੀਂ ਤੋਰੇ ਸੱਜਣਾਂ ਲਈ ਰੋਣਾ ਨਾ ਪਵੇ। ਮਾਂਵਾਂ ਦੇ ਸੁਪਨਿਆਂ ਨੂੰ ਸਰਾਪ ਨਾ ਮਿਲੇ। ਬਾਪ ਨੂੰ ਲਾਡਲੇ ਦੀ ਅਰਥੀ ਨਾ ਢੋਣੀ ਪਵੇ ਅਤੇ ਨਾ ਹੀ ਕਿਸੇ ਨੂੰ ਸਿਸਕੀਆਂ ਵਿਚ ਮਜੀਠੀ ਸਾਥ ਸਿਉਂਕਣਾ ਪਵੇ।

ਅਰਦਾਸ ਕਰੀਏ ਕਿ ਹਰ ਮਨ ਨੂੰ ਸ਼ੁਭ-ਚਿੰਤਨ ਦੀ ਗੁੜਤੀ ਮਿਲੇ, ਹਰ ਸੋਚ ਵਿਚ ਸੂਰਜਾਂ ਦੀ ਦਸਤਕ ਹੋਵੇ, ਹਰ ਸੁਹਜ ਵਿਚ ਸਬਰ, ਸੰਤੋਖ ਅਤੇ ਸਕੂਨ ਦੀ ਸੁਗਮਤਾ ਸਰਸਰਾਵੇ, ਹਰ ਕਦਮ ਨੂੰ ਨੇਕਨਾਮੀਆਂ ਦੀ ਸ਼ਰਸ਼ਾਰੀ ਮਿਲੇ, ਹਰ ਫਿਤਰਤ ਨੂੰ ਫੱਕਰਤਾ, ਫਕੀਰੀ ਅਤੇ ਫਰਮਾਬਰਦਾਰੀ ਦੀ ਅਗੰਮਤਾ ਮਿਲੇ, ਹਰ ਇਬਾਰਤ ਨੂੰ ਇਬਾਦਤ ਦੀ ਅਨਾਇਤ ਨਸੀਬ ਹੋਵੇ ਅਤੇ ਹਰ ਮਨ 'ਤੇ ਮਨੁੱਖਤਾ ਅਤੇ ਮਾਨਵੀਕਰਨ ਦੀ ਤਹਿਜ਼ੀਬ ਉਕਰੀ ਹੋਵੇ।

ਅਰਦਾਸ ਕਰੀਏ ਕਿ ਮਨੁੱਖ ਤੇ ਮਨੁੱਖਤਾ ਜਿਉਂਦੀ ਰਹੇ। ਇਕ ਹੀ ਅਰਦਾਸ ਵਿਨਾਸ਼ ਵੀ ਹੋ ਸਕਦੀ ਤੇ ਵਿਕਾਸ ਵੀ। ਇਹ ਮਨੁੱਖ 'ਤੇ ਨਿਰਭਰ।

ਅਰਦਾਸ ਕਰੀਏ ਕਿ ਅੱਖਾਂ ਵਿਚ ਸ਼ਰਮ ਰਹੇ ਤਾਂ ਕਿ ਬਜ਼ੁਰਗਾਂ ਦਾ ਸਨਮਾਨ ਕਰ ਸਕੀਏ। ਪਿੰਜਰ ਵਿਚ ਸਾਹਾਂ ਦੀ ਅਮਾਨਤ ਰਹੇ ਤਾਂ ਕਿ ਨੇਕ ਕਾਰਜ ਕਰਨ ਦੀ ਬਿਰਤੀ ਬਣੀ ਰਹੇ ਅਤੇ ਕਿਸੇ 'ਤੇ ਬੋਝ ਬਣਨ ਤੋਂ ਪਹਿਲਾਂ ਜਿੰਦ ਦਾ ਭੌਰ ਉਡਾਰੀ ਮਾਰ ਜਾਵੇ। ਅਰਦਾਸ ਕਰਨ ਲਈ ਉਠੇ ਹੱਥਾਂ ਵਿਚ ਜਦ ਸੇਵਾ, ਸਮਰਪਿਤਾ, ਪ੍ਰੇਮ-ਭਾਵਨਾ ਜਾਂ ਕਿਸੇ ਦੇ ਕੰਮ ਆਉਣ ਦੀ ਤੀਬਰਤਾ ਭਾਰੂ ਹੋ ਜਾਵੇ ਤਾਂ ਅਰਦਾਸ ਆਪਣੇ ਅਰਥਾਂ ਦੀ ਸਾਰਥਿਕਤਾ 'ਤੇ ਮੁਸਕਰਾਉਂਦੀ।

ਅਰਦਾਸ ਕਰੀਏ ਕਿ ਅਸੀਂ ਉਹ ਕੁਝ ਨਾ ਕਰੀਏ ਜਿਸ ਤੋਂ ਖੁਦ ਨੂੰ ਸ਼ਰਮਸ਼ਾਰ ਹੋਣਾ ਪਵੇ। ਅਜਿਹਾ ਕੁਝ ਨਾ ਕਰੀਏ ਕਿ ਨਮੋਸ਼ੀ ਦਾ ਸਾਹਮਣਾ ਕਰਨਾ ਪਵੇ। ਅਜਿਹਾ ਕਾਰਾ ਨਾ ਕਰੀਏ ਕਿ ਸਮਾਜ ਵਿਚ ਸਿਰ ਨੀਵਾਂ ਕਰਕੇ ਜ਼ਹਾਲਤ ਹੰਢਾਉਣੀ ਪਵੇ। ਕੁਝ ਅਜਿਹਾ ਕਰੀਏ ਕਿ ਸਿਰ ਉਚਾ ਕਰਕੇ ਜਿਉਣ ਦਾ ਮਾਣ ਮਿਲਦਾ ਰਹੇ।

ਅਰਦਾਸ ਹਮੇਸ਼ਾ ਹਲੀਮੀ, ਖਾਮੋਸ਼ੀ, ਚੁੱਪ, ਚਾਹਨਾ, ਚੰਗਿਆਈ, ਚਾਹਤ, ਦਿਆਲਤਾ, ਕ੍ਰਿਪਾਲਤਾ ਅਤੇ ਨੇਕਨੀਤੀ ਵਿਚੋਂ ਪੈਦਾ ਹੋਵੇ ਤਾਂ ਅਰਦਾਸ ਨੂੰ ਆਪਣੀ ਔਕਾਤ ਤੇ ਨਾਜ਼। ਅਜਿਹੀ ਅਰਦਾਸ ਕਦੇ ਅਜਾਈਂ ਨਹੀਂ ਜਾਂਦੀ।

ਅਰਦਾਸ ਕੁਝ ਅਜਿਹੀ ਹੋਵੇ ਕਿ "ਪਰ ਕਾ ਬੁਰਾ ਨ ਰਾਖਹੁ ਚੀਤ॥ ਤੁਮ ਕਉ ਦੁਖੁ ਨਹੀਂ ਭਾਈ ਮੀਤ॥" ਦੀ ਭਾਵਨਾ ਚਿੱਤ ਵਿਚ ਹੋਵੇ। ਇਹ

(ਬਾਕੀ ਅਗਲੇ ਸਫੇ 'ਤੇ)

ਬਰਸੀ 'ਤੇ ਵਿਸ਼ੇਸ਼

# ਛਿੰਦੇ ਦਾ ਵਿਹੜਾ

*(2020 ਦੀ ਚੜ੍ਹਦੀ ਅਪਰੈਲ ਵਾਲੇ ਦਿਨ ਸਾਡਾ ਪਿਆਰਾ ਵੀਰ ਸੁਰਿੰਦਰ ਸਿੰਘ ਬੱਲ ਉਰਫ ਛਿੰਦਾ ਬੱਲ ਸਾਨੂੰ ਸਦੀਵੀ ਵਿਛੋੜਾ ਦੇ ਗਿਆ ਸੀ। ਉਸ ਦੇ ਧਿਆਨ ਵਿਚ ਕੁਝ ਅੱਖਰ ਲਿਖੇ ਸਨ, ਜੋ ਸਰਕਾਰ ਵੱਲੋਂ ਅਚਾਨਕ ਥੋਪੀ ਗਈ ਤਾਲਾਬੰਦੀ ਕਾਰਨ ਘੱਲੇ ਨਹੀਂ ਜਾ ਸਕੇ। ਹੁਣ 20 ਦਸੰਬਰ, ਐਤਵਾਰ ਨੂੰ ਛਿੰਦੇ ਦੀ ਯਾਦ ਨੂੰ ਸਮਰਪਿਤ ਸਮਾਗਮ ਹੋ ਰਿਹਾ ਹੈ। -ਅਮਰਜੀਤ ਪਰਾਗ)*

ਡੇਰਾ ਬਿਆਸ ਦੀ ਉੱਤਰੀ ਬਾਹੀ ਵੱਲ ਘੁੱਗ ਵਸਦੇ ਨਗਰ ਬੁਤਾਲਾ (ਬੁੱਤ ਵਾਲਾ) ਦੇ ਅਗਵਾੜ ਕੰਮੋਂ ਕੀ ਵਿਚ ਸੂਬੇਦਾਰ ਮੇਜਰ ਤਰਲੋਕ ਸਿੰਘ ਬੱਲ ਦਾ ਘਰ। ਚੌਗਿਰਦੇ ਉਸਾਰੀ। ਚੜ੍ਹਦੇ ਬੰਨੇ ਚੁਬਾਰਾ। ਵਿਚਕਾਰ ਵਿਹੜਾ। ਇਹ ਵਿਹੜਾ ਘਰ ਦੀਆਂ ਕੁੱਲ ਸਰਗਰਮੀਆਂ ਦਾ ਚੂਲ੍ਹਾ ਹੋਣ ਕਰਕੇ ਹਰ ਆਉਣ-ਜਾਣ ਵਾਲੇ ਦੇ ਚਾਲ, ਚਰਿੱਤਰ ਅਤੇ ਚਿਹਰੇ ਦਾ ਚਸ਼ਮਦੀਦ ਗਵਾਹ ਹੈ।

**ਅਮਰਜੀਤ ਪਰਾਗ**

ਘਰ ਦੇ ਤਿੰਨੇ ਮਰਦ ਅਮੋੜ, ਅੱਖੜ ਅਤੇ ਅੜਬੰਗੀ। ਸ਼ਿਵ ਜੀ ਦੇ ਬਰਾਤੀਆਂ ਵਰਗੇ ਅਨੇਕਮਤੀ ਦੇ ਅਵਧੂਤਾਂ ਵੱਲੋਂ ਇਸ ਵਿਹੜੇ ਵਿਚ ਚਰਨ ਪਾਉਣ ਦਾ ਸਿਲਸਿਲਾ ਨਿਰੰਤਰ ਚੱਲਦਾ ਰਿਹਾ ਹੈ। ਇੱਥੇ ਅੰਤ ਦੇ ਸੋਗ ਸਮੇਂ ਵੀ ਜਸ਼ਨ ਮਨਾਏ ਜਾਣ ਦੀ ਪਰੰਪਰਾ ਹੈ। ਕੋਈ ਕਿਵੇਂ ਸੋਚਦਾ ਹੈ, ਇਹ ਉਸ ਦਾ ਨਿਰੋਲ ਨਿੱਜੀ ਮਾਮਲਾ ਮੰਨਿਆ ਜਾਂਦਾ ਹੈ।

ਕਿਸੇ ਨਾ ਕਿਸੇ ਹਾਦਸੇ ਤੋਂ ਤਾਂ ਹਰ ਘਰ ਹੀ ਪ੍ਰਭਾਵਿਤ ਹੁੰਦਾ ਹੈ, ਪਰ ਪੰਜਾਬ ਭਰ ਵਿਚ ਵਾਪਰਨ ਵਾਲੇ ਹਰ ਹਾਦਸੇ ਨਾਲ ਦਸਤਪੰਜਾ ਪੈਣਾ ਇਸ ਵਿਹੜੇ ਦੇ ਮੱਥੇ ਦੀਆਂ ਲਕੀਰਾਂ ਵਿਚ ਹੀ ਲਿਖਿਆ ਗਿਆ ਹੈ। ਖਿਆਲਾਂ ਦੀ ਸੰਕੀਰਨਤਾ ਅਤੇ ਖੀਸੇ ਦੀ ਕਿਰਪਣਤਾ ਦੇ ਪਰਛਾਵੇਂ ਇਸ ਵਿਹੜੇ ਉੱਤੇ ਕਦੇ ਨਹੀਂ ਪਏ। ਖਾੜਕੂ ਸਿਧਾਂਤਕਾਰ ਅਜਮੇਰ ਸਿੰਘ, ਚੋਟੀ ਦਾ ਨਕਸਲੀ ਬਾਬੂ ਰਾਮ ਬੈਰਾਗੀ, ਬਲਦੇਵ ਸਿੰਘ, ਅਕਾਲੀਅਤ ਦਾ ਝੰਡਾਬਰਦਾਰ ਡਾ. ਬਲਕਾਰ ਸਿੰਘ, ਬਦਲਦੇ ਮੌਸਮਾਂ ਦੀ ਨਬਜ਼ ਪਛਾਣਨ ਵਾਲਾ ਡਾ. ਕੇਹਰ ਸਿੰਘ, ਸਮਾਜਵਾਦੀ ਸਾਹਿਤਕਾਰ ਹਰਭਜਨ ਸਿੰਘ ਹੁੰਦਲ, ਗਜ਼ਲ ਦਾ ਉਸਤਾਦ ਗੁਰਦੀਪ, ਸ਼ਬਦ ਸੰਜ ਦਾ ਪਾਰਖੂ ਦਲਜੀਤ ਸਰਾਂ, ਨੂਰਮਹਿਲੀਏ ਦਿਵਯ ਜੋਤੀ ਜਾਗਰਣ ਦਾ ਮੁਹਰੈਲ ਪ੍ਰਿਥੀਪਾਲ ਸਿੰਘ, ਨਿਹੰਗ ਕਾਨ੍ਹ ਸਿੰਘ ਦੀ ਛਾਉਣੀ ਦੀਆਂ ਲਾਡਲੀਆਂ ਫੌਜਾਂ, ਗਿਆਨ ਦੇ ਧੁੰਦੂਕਾਰੇ ਵਿਚ ਉਲਝੇ ਰਹਿਣ ਦੀ ਥਾਂ ਜ਼ਿੰਦਗੀ ਜਿਉਣ ਦੇ ਆਦਮ ਸੁਆਦਾਂ ਨਾਲ ਸ਼ਰਸ਼ਾਰ ਰਛਪਾਲ ਗਿੱਲ, ਹੋਂਦ ਦੇ ਘਮਸਾਨ ਵਿਚ ਬੇਦਿਲ ਹੋਇਆ ਬਲ ਦਾ ਜਿਗਰੀ ਯਾਰ ਵਕੀਲ ਕੰਵਲਜੀਤ ਤੇ ਹੋਰ ਅਨੇਕਾਂ ਹੀ ਫਕਰਾਂ ਤੇ ਦਰਵੇਸ਼ਾਂ ਵਰਗੇ ਸੱਜਣਾਂ ਨੂੰ ਛਿੰਦੇ ਦਾ ਵਿਹੜਾ ਬੇਸ਼ਰਤ ਖੁਸ਼ਆਮਦੀਦ ਕਹਿੰਦਾ ਰਿਹਾ ਹੈ। ਇਨ੍ਹਾਂ ਸੱਜਣਾਂ ਦੇ ਸਦਕੇ ਇਸ ਵਿਹੜੇ ਦੇ ਵਸਨੀਕਾਂ ਨੂੰ ਕਈ ਭਿਆਨਕ ਹਾਦਸਿਆਂ ਦੀ ਮਾਰ ਤੋਂ ਰੱਬ ਦੀ ਮਿਹਰਾਮਤ ਨੇ ਹੀ ਬਚਾਇਆ, ਪਰ ਇਨ੍ਹਾਂ ਖੁੱਲ੍ਹੀਆਂ ਖੋੜਾਂ ਵਾਲੇ ਜੀਆਂ ਵਿਚ ਡੂੰਘੇ ਅੰਤਰੀਵ ਮੋਹ ਦੀਆਂ ਤੰਦਾਂ ਨੂੰ ਕਦੇ ਜ਼ਰਬ ਨਹੀਂ ਆਈ।

ਇਹ ਕਰਾਮਾਤ ਨਿਰਸੰਦੇਹ ਮੋਹਵੰਤੀ ਮਾਂ ਪ੍ਰਕਾਸ਼ ਕੌਰ ਦੀ ਸਹਿਜ ਸਿਆਣਪ ਦੀ ਹੀ ਹੈ। ਚੰਦ ਦੇ ਭੰਗੂੜੇ 'ਤੇ ਬੈਠੀ, ਕਿਰਨਾਂ ਦਾ ਛੋਪ ਕੱਤਦੀ ਲੋਕ ਕਹਾਣੀਆਂ ਵਿਚਲੀ ਮਾਂ ਸੀ ਪ੍ਰਕਾਸ਼ ਕੌਰ ਮਾਤਾ। ਜਦੋਂ ਵੀ ਬੱਲ ਨੂੰ ਮਿਲਣ ਮਾਂ ਪਟਿਆਲੇ ਆਉਂਦੀ ਤਾਂ ਬੱਲ ਦੇ ਸਾਰੇ ਬੇਲੀਆਂ ਨੂੰ ਲੱਗਦਾ ਕਿ ਉਨ੍ਹਾਂ ਦੀ ਮਾਂ ਆਈ ਹੈ। ਡਾ. ਬਲਕਾਰ ਸਿੰਘ ਤੇ ਡਾ. ਕੇਹਰ ਸਿੰਘ ਵਰਗੇ ਬਜ਼ੁਰਗੀ ਆਭਾ-ਮੰਡਲ ਵਿਚ ਵਿਚਰਨ ਵਾਲਿਆਂ ਨੂੰ ਵੀ ਬੱਚਿਆਂ ਵਰਗਾ ਚਾਅ ਚੜ੍ਹ ਜਾਂਦਾ। ਮਾਂ ਬਾਰੇ ਛਿੰਦੇ ਦੀ ਸ਼ਰੀਕੇਹਯਾਤ ਬੀਬੀ ਦਲਬੀਰ ਦਾ ਕਹਿਣਾ ਸੀ ਕਿ ਬੀਜੀ ਰਿਸ਼ਤੇ ਵਜੋਂ ਮੇਰੀ ਸੱਸ ਹਨ, ਪਰ ਅਸਲ ਵਿਚ ਉਹ ਮੇਰੀ ਸਕੀ ਮਾਂ ਹੈ। ਮਾਂ ਟੁਰ ਗਈ ਤਾਂ ਦਬਕੇ ਤੇ ਗੜਕੇ ਵਾਲਾ ਫੌਜੀ ਬਾਪੂ ਭੁਰ ਹੀ ਗਿਆ। ਮੈਂ ਕਿਹਾ, ਬਾਪੂ ਜੀ ਮਾਂ ਦੇ ਜਾਣ ਪਿੱਛੋਂ ਤੁਹਾਨੂੰ ਵਧੇਰੇ ਸੰਭਲਣ ਦੀ ਲੋੜ ਹੈ ਤਾਂ ਬੋਲੇ, "ਪੁੱਤਰਾ! 'ਜਿਉਣਾ' ਕਿਹੜਾ ਕਮਬਖਤ ਚਾਹੁੰਦਾ ਹੈ।"

ਛਿੰਦੇ ਦੇ ਵੱਡੇ ਭਰਾ ਗੁਰਦਿਆਲ ਬੱਲ ਨੂੰ ਜ਼ਿੰਦਗੀ ਨੇ ਅੱਧੀ ਸਦੀ ਤੋਂ ਭਾਵੇਂ ਇਸ ਵਿਹੜੇ ਤੋਂ ਬਾਰਾਂ ਪੱਥਰ ਕਰੀ ਰੱਖਿਆ ਸੀ, ਫਿਰ ਵੀ ਪਿੱਪਲ ਦੇ ਘਣਛਾਵੇਂ ਰੁੱਖ ਵਾਂਗ ਉਸ ਦੀ ਛਾਂ ਤੇ ਸ਼ੁਕਰ ਇਸ ਵਿਹੜੇ ਵਿਚੋਂ ਇੱਕ ਦਿਨ ਵੀ ਗੈਰ-ਹਾਜ਼ਰ ਨਹੀਂ ਰਹੀ। ਜਿਵੇਂ ਮਿਰਜ਼ਾ ਗਾਲਿਬ ਨੇ ਕਿਹਾ ਹੈ ਕਿ ਗੱਲ ਭਾਵੇਂ ਰੱਬ ਦੀ ਬੰਦਗੀ ਦੀ ਹੀ ਹੋਵੇ, ਪਰ ਸੁਰਾਹੀ ਅਤੇ ਪੈਮਾਨੇ ਦੇ ਜ਼ਿਕਰ ਬਿਨਾ ਬਣਦੀ ਹੀ ਨਹੀਂ। ਏਦਾਂ ਹੀ ਇਸ ਵਿਹੜੇ ਦੇ ਵਸਨੀਕਾਂ ਦੀ ਕੋਈ ਵੀ ਗੱਲ ਗੁਰਦਿਆਲ ਬੱਲ ਦੇ ਹਵਾਲੇ ਤੋਂ ਬਿਨਾ ਬਣਦੀ ਹੀ ਨਹੀਂ ਸੀ। ਜਦੋਂ ਛਿੰਦਾ ਖਾਸ ਉਤਸ਼ਾਹ ਨਾਲ ਗੱਲ ਕਰਦਾ ਸੀ ਤਾਂ ਬੱਲ ਵਰਗਾ ਹੀ ਰੰਗ ਬੰਨ੍ਹ ਦਿੰਦਾ ਸੀ।

ਛਿੰਦੇ ਨੇ ਭਾਵੇਂ ਗੁਰਦਿਆਲ ਜਿੰਨੀਆਂ ਕਿਤਾਬਾਂ ਤਾਂ ਨਹੀਂ ਸਨ ਪੜ੍ਹੀਆਂ, ਪਰ ਉੱਤਮ ਸਾਹਿਤ ਪੜ੍ਹਨ ਵਿਚ ਉਸ ਦੀ ਡੂੰਘੀ ਰੁਚੀ ਸੀ। ਮਨੁੱਖ ਦੀ ਹੋਣੀ ਅਤੇ ਪੇਚਦਾਰ ਮਨੁੱਖੀ ਰਿਸ਼ਤਿਆਂ ਦੀ ਲਾਮਿਸਾਲ ਗਰਾਮਰ ਦੀ ਪੇਸ਼ਕਾਰੀ ਕਰਨ ਵਾਲੇ ਭਾਸ਼ਾ ਵਿਭਾਗ ਵਲੋਂ ਪੰਜਾਬੀ ਵਿਚ ਛਾਪੇ ਹੋਏ ਮਹਾਨ ਗ੍ਰੰਥ 'ਮਹਾਂਭਾਰਤ' ਦੀਆਂ ਸੱਤੇ ਦੀਆਂ ਸੱਤੇ ਜਿਲਦਾਂ ਨੂੰ ਛਿੰਦੇ ਨੇ ਨਿੱਠ ਕੇ ਪੜ੍ਹਿਆ ਸੀ। ਦਾਰਾਸ਼ਕੋਹ, ਜਹਾਂਗੀਰ ਅਤੇ ਔਰੰਗਜ਼ੇਬ ਦੀਆਂ ਜ਼ਿੰਦਗੀਆਂ ਉਪਰ ਆਧਾਰਿਤ ਨਾਵਲਾਂ ਬਾਰੇ ਛਿੰਦਾ ਬਹੁਤ ਨਿੱਠ ਕੇ ਬਿਆਨਬਾਜੀ ਕਰਦਾ ਹੁੰਦਾ ਸੀ, ਪਰ ਕੰਵਲ ਦਾ 'ਪੂਰਨਮਾਸ਼ੀ' ਛਿੰਦੇ ਨੂੰ ਸਭ ਤੋਂ ਵੱਧ ਚੰਗਾ ਲਗਦਾ ਸੀ। ਛਿੰਦੇ ਨੇ ਆਪਣੇ ਬੇਔਲਾਦ ਹੋਣ ਦਾ ਕਦੇ ਕੋਈ ਝੋਰਾ ਨਹੀਂ ਸੀ ਕੀਤਾ। ਰਿਟਾਇਰ ਹੋਣ ਪਿੱਛੋਂ ਵੀ ਉਸ ਨੇ ਵੱਡੀ ਰਕਮ ਖਰਚ ਕੇ ਸ਼ਾਨਦਾਰ ਕੋਠੀ ਉਸਾਰੀ ਸੀ। ਇਹ ਛਿੰਦੇ ਦਾ ਮਾਰਫਤੀ ਲਜ਼ਤਾਂ ਤੋਂ ਜਾਣੂੰ ਹੋਣ ਦਾ ਜਾਹਰਾ ਸਬੂਤ ਹੈ। ਉਸ ਨੂੰ ਇਹ ਰਮਜ਼ ਸਹਿਵਨ ਹੀ ਸਮਝ ਆ ਗਈ ਸੀ ਕਿ ਹੋਂਦ ਦੇ ਨਸ਼ੇ ਵਿਚ ਗੜੁੱਚ ਹੋ ਕੇ ਜਿਉਣਾ ਹੀ ਮਿਟ ਜਾਣ ਦੇ ਭੈਅ ਤੋਂ ਮੁਕਤ ਹੋਣ ਦਾ ਮਾਰਗ ਹੈ।

ਜਿਸ ਸਮੇਂ ਮਹਾਮਾਰੀ ਦੇ ਹੋਏ-ਅਣਹੋਏ ਡਰ ਨਾਲ ਥਰਥਰ ਕੰਬਦੀ ਲੋਕਾਈ ਨੇ ਆਪਣੀ ਹੋਂਦ ਨੂੰ ਹੀ ਜਿੰਦਰੇ ਮਾਰ ਲਏ ਸਨ, ਅਜਿਹੇ ਸਮੇਂ ਵੀ ਛਿੰਦਾ ਦਿਲ ਦੇ ਦੌਰੇ ਵੱਲੋਂ ਬੇਪਰਵਾਹ ਰਿਹਾ। ਹਾਲਾਂਕਿ ਡਾਕਟਰੀ ਗਿਆਨ ਦਾ ਚੰਗੀ ਤਰ੍ਹਾਂ ਜਾਣਕਾਰ ਸੀ। ਜ਼ਿੰਦਗੀ ਦੇ ਜ਼ਹਿਰ ਨੂੰ ਸ਼ੱਕਰਬੂਟੀ ਵਾਂਗ ਪੀ ਜਾਣ ਵਾਲੀ ਬੇਪਰਵਾਹੀ ਜ਼ਿੰਦਗੀ ਦੇ ਸੰਘਣੇ ਸੁਆਦਾਂ ਦਾ ਜਾਣੂੰ ਬੰਦਾ ਹੀ ਦਿਖਾ ਸਕਦਾ ਹੈ।

ਛਿੰਦੇ ਲਈ ਗੁਰਦਿਆਲ ਬੱਲ ਭਰਾ, ਦੋਸਤ, ਬਾਪ, ਪੁੱਤਰ ਅਤੇ ਬੇਨਾਮ ਰਿਸ਼ਤਿਆਂ ਵਾਲਾ ਹੋਰ ਬਹੁਤ ਕੁਝ ਸੀ। ਬੱਲ ਨੇ ਪਤਾ ਨਹੀਂ ਕਿਸੇ ਨੂੰ ਕਿੰਨਾ ਕੁ ਪਿਆਰ ਕੀਤਾ ਹੋਵੇਗਾ, ਪਰ ਬੱਲ ਨੂੰ ਸਭ ਤੋਂ ਵੱਧ ਪਿਆਰ ਛਿੰਦੇ ਨੇ ਹੀ ਕੀਤਾ ਹੈ। ਉਧਰ ਗੁਰਦਿਆਲ ਬੱਲ ਵੀ ਵੇਖਣ ਨੂੰ ਤਾਂ ਇੰਜ ਲੱਗਦਾ ਹੈ ਕਿ ਭਾਵੇਂ ਧਰਤੀ ਹੇਠਲਾ ਧੌਲ ਵੀ ਗਸ਼ ਖਾ ਕੇ ਡਿੱਗ ਪਵੇ, ਪਰ ਬੱਲ ਦੇ ਰੰਗ ਵਿਚ ਭੰਗ ਨਹੀਂ ਪੈਂਦਾ; ਆਖਰ ਉਹ ਵੀ ਇੱਕ ਮੋਹਵੰਤੀ ਮਾਂ ਦਾ ਹੀ ਪੁੱਤਰ ਹੈ! ਮੈਨੂੰ ਛਿੰਦੇ ਦੇ ਜਾਣ ਦੀ ਖਬਰ ਦੇਣ ਵੇਲੇ ਗੁਰਦਿਆਲ ਨੇ ਪਹਿਲਾਂ ਤਾਂ ਛਿੰਦੇ ਦੀ ਬੇਗੌਲੀ ਨੂੰ ਗਾਲ੍ਹ ਜਿਹੀ ਕੱਢ ਕੇ ਖੁਦ ਨੂੰ ਸੰਭਾਲਣ ਦਾ ਯਤਨ ਜਿਹਾ ਕੀਤਾ, ਪਰ ਫਿਰ ਕਹਿਣ ਲੱਗਾ "ਬਾਪੂ ਦੇ ਭੋਗ ਵੇਲੇ ਤੂੰ ਕਿਹਾ ਸੀ ਕਿ ਗੁਰਦਿਆਲ ਦਾ ਬਾਪੂ ਤਾਂ ਉਸੇ ਸਮੇਂ ਮਰ ਗਿਆ ਸੀ ਜਦੋਂ ਛਿੰਦੇ ਦੀ ਮਾਂ ਮਰੀ ਸੀ। ਪਰ ਅੱਜ ਮੈਂ ਤੈਨੂੰ ਦੱਸਦਾ ਹਾਂ ਕਿ ਇਹ ਛਿੰਦਾ ਨਹੀਂ ਮਰਿਆ ਮੈਂ ਮਰਿਆ ਹਾਂ। ਇਹ ਮੇਰੀ ਗੁਰਦਿਆਲ ਬੱਲ ਦੀ ਮੌਤ ਹੈ।"

ਅੱਜ ਛਿੰਦੇ ਦਾ ਵਿਹੜਾ ਖਾਮੋਸ਼ ਹੈ। ਉਦਾਸ ਹੈ। ਜਸ਼ਨਾਂ ਦੇ ਦੀਵਿਆਂ ਦਾ ਤੇਲ ਮੁੱਕ ਚੁਕਾ ਹੈ। ਦਲਬੀਰ ਛਿੰਦੇ ਨਾਲ ਮਾਣੇ ਦਿਨਾਂ ਦੀਆਂ ਯਾਦਾਂ ਦੀ ਲੋਅ ਝੋਲੀ ਵਿਚ ਪਾਈ ਵਿਹੜੇ ਦੀ ਨਰਬਦੀਸੁੰਨ ਦੀ ਅਥਾਹ ਇਕੱਲ ਵਿਚ ਵਿਚਰ ਰਹੀ ਹੈ। ਦੂਰੋਂ ਇੱਕ ਕਨਸੋ ਜਿਹੀ ਸੁਣਦੀ ਹੈ।

"ਗਜ਼ਾਲਾਂ ਤੁਮ ਤੋ ਵਾਕਿਫ ਹੋ
ਕਹੋ ਮਜਨੂੰ ਕੇ ਮਰਨੇ ਕੀ,
ਯਹ ਵਹਿਸ਼ੀ ਮਰ ਗਿਆ
ਲੇਕਿਨ ਵੀਰਾਨੇ ਪੇ ਕਿਆ ਗੁਜ਼ਰੀ।"



ਚਾਹ ਦੀਆਂ ਚੁਸਕੀਆਂ ਦਾ ਅਨੰਦ: ਘਰ ਦੇ ਵਿਹੜੇ ਵਿਚ ਛਿੰਦਾ ਬੱਲ ਤੇ ਹੋਰ

# ਅਰਦਾਸ ਦੀ ਆਸਥਾ

*(ਪਿਛਲੇ ਸਫੇ ਦੀ ਬਾਕੀ)*

ਅਰਦਾਸ ਆਪਣੇ ਰੰਗ ਵਿਚ ਸਮੁੱਚੇ ਮਨੁੱਖੀ ਵਰਤਾਰੇ ਨੂੰ ਵੀ ਰੰਗ ਦਿੰਦੀ ਆ।

ਅਰਦਾਸ ਸਰਬ-ਸ਼ਕਤੀਮਾਨ, ਸਰਬ-ਕਲਾ ਸਮਰੱਥ, ਸਰਬ-ਗੁਣੀ, ਸੰਪੂਰਨ, ਸੇਧਮਈ, ਸੰਤੁਸ਼ਟਮਈ, ਸਾਰਥਿਕ, ਸਮਰਪਿਤ, ਸੰਭਾਵਨਾਵਾਂ ਭਰਪੂਰ ਅਤੇ ਸੁਪਨਮਈ ਹੁੰਦੀ ਬਸ਼ਰਤੇ ਕਿ ਅਸੀਂ ਅਰਦਾਸ ਨੂੰ ਅਰਦਾਸ ਦੇ ਅਰਥਾਂ ਵਿਚ ਸਮਝਣ ਅਤੇ ਇਸ ਅਨੁਸਾਰ ਜੀਵਨ ਵਿਉਂਤਣ ਵੰਨੀਂ ਸੇਧਤ ਹੋਈਏ। ਜਦ ਮਨ ਵਿਚ ਅਰਦਾਸ ਦਾ ਰੰਗ ਗੁਰਬਾਣੀ ਵਾਲਾ ਹੋਵੇ, "ਤੂ ਠਾਕੁਰ ਤੁਮ ਪਹਿ ਅਰਦਾਸਿ॥ ਜੀਉ ਪਿੰਡੁ ਸਭੁ ਤੇਰੀ ਰਾਸਿ॥ ਤੁਮ ਮਾਤ ਪਿਤਾ ਹਮ ਬਾਰਿਕ ਤੇਰੇ॥ ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ" ਤਾਂ ਬਹੁਤ ਕੁਝ ਅਛੋਪਲੇ ਹੀ ਪ੍ਰਾਪਤ ਹੋ ਜਾਂਦਾ ਏ।

ਅਰਦਾਸ ਕਦੇ ਵੀ ਦਿਮਾਗ ਤੋਂ ਨਹੀਂ ਕਰੀਦੀ, ਇਹ ਤਾਂ ਦਿਲ-ਦਰਵਾਜੇ ਵਿਚੋਂ ਨਿਕਲੀ ਹੋਈ ਹੂਕ, ਜੋ ਰੂਹ ਤੋਂ ਰੂਹ ਤੀਕ ਦੇ ਸਫਰਨਾਮੇ ਦੀ ਤਹਿਰੀਕ। ਦਿਮਾਗ ਵਿਚੋਂ ਨਿਕਲੀ ਅਰਦਾਸ ਤਾਂ ਗੁਣਾ-ਘਟਾਉ ਵਿਚ ਉਲਝ ਕੇ ਵਪਾਰੀਕਰਨ ਹੁੰਦੀ।

ਅਰਦਾਸ ਸਿਰਫ ਵਿਅਕਤੀ ਹੀ ਨਹੀਂ ਕਰਦਾ, ਜੋ ਸਿਰਫ ਆਪਣੇ ਆਪ ਤੀਕ ਹੀ ਸੀਮਤ ਹੁੰਦਾ। ਅਰਦਾਸ ਤਾਂ ਬਿਰਖ ਵੀ ਕਰਦੇ ਨੇ, ਮਨੁੱਖੀ ਸਲਾਮਤੀ ਲਈ। ਦਰਿਆ ਵੀ ਕਰਦੇ ਕਿ ਉਹ ਪਿਆਸ ਮਿਟਾਉਂਦੇ ਰਹਿਣ। ਧਰਤੀ ਵੀ ਕਰਦੀ ਹੈ ਕਿ ਉਹ ਭੁੱਖਿਆਂ ਲਈ ਅੰਨ ਪੈਦਾ ਕਰਦੀ ਰਹੇ। ਹਵਾ ਵੀ ਹੱਥ ਜੋੜਦੀ ਹੈ ਕਿ ਉਹ ਨਿਰਜਿੰਦ ਜਿੰਦਾਂ ਨੂੰ ਧੜਕਾਉਂਦੀ ਰਹੇ। ਪਰਿੰਦੇ ਵੀ ਕਰਦੇ ਕਿ ਉਹ ਹਵਾਂ ਵਿਚ ਲੋਟਣੀਆਂ ਲਾਉਂਦੇ ਅਤੇ ਸਰਗੋਸ਼ੀਆਂ ਪੈਦਾ ਕਰਦੇ ਰਹਿਣ। ਫੁੱਲ ਵੀ ਅਰਦਾਸ ਕਰਦੇ ਕਿ ਉਹ ਆਪਣੀ ਹਾਜਰੀ ਨਾਲ ਆਲੇ-ਦੁਆਲੇ ਵਿਚ ਖੇੜੇ ਬੀਜਦੇ ਰਹਿਣ। ਸਿਰਫ ਮਨੁੱਖ ਹੀ ਹੈ, ਜਿਸ ਦੀ ਅਰਦਾਸ ਵਿਚ ਇਨ੍ਹਾਂ ਕੁਦਰਤੀ ਨਿਆਮਤਾਂ ਅਤੇ ਅਰਦਾਸਾਂ ਦੇ ਖਾਤਮੇ ਦੀ ਤੌਫੀਕ ਹੁੰਦੀ ਹੈ। ਲੋੜ ਹੈ ਕਿ ਮਨੁੱਖ ਦੇ ਮਨ ਦੀ ਅਰਦਾਸ ਵਿਚ ਸੁੱਚਤਾ, ਉਤਮਤਾ ਅਤੇ ਸਮਰਪਣ ਨੂੰ ਅਹਿਮੀਅਤ ਮਿਲੇ ਕਿਉਂਕਿ ਕੁਦਰਤੀ ਮਿੱਤਰਤਾ ਵਿਚ ਹੀ ਮਨੁੱਖ ਦੀ ਸਦੀਵਤਾ ਦਾ ਕਿਆਮ ਹੈ।

# ਰੇਡੀਓ ਵਾਲੇ ਯੁੱਗ ਦੀਆਂ ਯਾਦਾਂ

## ਸੰਪਾਦਕ ਦੀ ਡਾਕ

'ਪੰਜਾਬ ਟਾਈਮਜ਼' ਦੇ 5 ਦਸੰਬਰ ਦੇ ਅੰਕ ਵਿਚ ਰਮੇਸ਼ਵਰ ਸਿੰਘ ਦਾ ਲੇਖ 'ਆਕਾਸ਼ਵਾਣੀ ਜਲੰਧਰ: ਅਰਸ਼ ਤੋਂ ਫਰਸ਼ ਵੱਲ' ਪੜ੍ਹਿਆ, ਪੜ੍ਹ ਕੇ ਪੁਰਾਣੀਆਂ ਯਾਦਾਂ ਤਾਜ਼ਾ ਹੋ ਗਈਆਂ। ਮੈਂ ਅਪਰੈਲ 1989 ਵਿਚ ਅਮਰੀਕਾ ਆਇਆ, ਜੋ ਚੀਜ਼ਾਂ ਇਥੇ ਆ ਕੇ ਮੈਂ ਮਿਸ ਕੀਤੀਆਂ, ਉਨ੍ਹਾਂ ਵਿਚੋਂ ਇੱਕ ਸੀ- ਇੰਡੀਆ ਰਹਿੰਦੇ ਹੋਏ ਰੇਡੀਓ ਸੁਣਨਾ ਅਤੇ ਰੇਡੀਓ ਸਟੇਸ਼ਨਾਂ ਨੂੰ ਫਰਮਾਇਸ਼ੀ ਚਿੱਠੀਆਂ ਲਿਖਣਾ। ਇਹ ਸ਼ੌਕ ਕਈ ਸਾਲਾਂ ਤੱਕ ਰਿਹਾ। ਉਸ ਵੇਲੇ 15 ਪੈਸੇ ਦਾ ਪੋਸਟ ਕਾਰਡ ਸਾਡੇ ਲਈ ਬਹੁਤ ਅਨਮੋਲ ਹੁੰਦਾ ਸੀ। ਉਸ 'ਤੇ ਸਜਾ ਸਜਾ ਕੇ ਆਪਣੇ ਨਾਮ ਲਿਖਣੇ, ਫਿਰ ਆਕਾਸ਼ਵਾਣੀ ਜਲੰਧਰ ਅਤੇ ਹੋਰ ਰੇਡੀਓ ਸਟੇਸ਼ਨਾਂ ਨੂੰ ਭੇਜਣੇ ਅਤੇ ਫਿਰ ਸ਼ੁਰੂ ਹੋ ਜਾਣੀ ਉਡੀਕ ਕਿ ਕਦੋਂ ਸਾਰੇ ਨਾਮ ਰੇਡੀਓ ਤੋਂ ਪ੍ਰਸਾਰਿਤ ਹੋਣਗੇ। 'ਗਾਉਂਦਾ ਪੰਜਾਬ', 'ਯੁਵਵਾਣੀ', 'ਐਤਵਾਰ ਦੀ ਫਰਮਾਇਸ਼', 'ਦਿਹਾਤੀ ਪ੍ਰੋਗਰਾਮ', ਕਾਕੇ ਦੇ ਬਾਊ ਜੀ ਵਾਲਾ 'ਜਾਗਰਿਤੀ', 'ਫੌਜੀ ਭਰਾਵਾਂ ਲਈ ਪ੍ਰੋਗਰਾਮ', 'ਬਾਲਵਾੜੀ' ਅਤੇ ਹੋਰ ਪ੍ਰੋਗਰਾਮ ਸੁਣਨ ਲਈ ਅਸੀਂ ਉਤਾਵਲੇ ਹੁੰਦੇ ਸਾਂ।

ਸਾਡੇ ਸ਼ਹਿਰ ਜਗਰਾਉਂ ਵਿਚ ਅਸੀਂ 'ਰੇਡੀਓ ਲਿਸਨਰਜ਼ ਕਲੱਬ' ਬਣਾਇਆ ਹੋਇਆ ਸੀ। ਰੇਡੀਓ ਨੂੰ ਚਿੱਠੀਆਂ ਲਿਖਣ ਦਾ ਸ਼ੌਕ ਵਧਦਾ-ਵਧਦਾ ਇੰਟਰਨੈਸ਼ਨਲ ਹੋ ਗਿਆ। ਮੈਂ ਬੀ.ਬੀ.ਸੀ. ਹਿੰਦੀ ਸਰਵਿਸ, ਰੇਡੀਓ ਮਾਸਕੋ, ਵਾਇਸ ਆਫ ਅਮੈਰਿਕਾ ਨੂੰ ਵੀ ਚਿੱਠੀਆਂ ਲਿਖੀਆਂ, ਕਈਆਂ ਦੇ ਜਵਾਬ ਡਾਕ ਰਾਹੀਂ ਵੀ ਆਏ, ਜੋ ਮੈਂ ਅਜੇ ਤੱਕ ਸਾਂਭ ਕੇ ਰੱਖੇ ਹੋਏ ਹਨ। 'ਆਲ ਇੰਡੀਆ ਰੇਡੀਓ ਕੀ ਉਰਦੂ ਸਰਵਿਸ' ਅਜੇ ਵੀ ਚੇਤਿਆਂ ਵਿਚ ਕਾਇਮ ਹੈ, ਪਰ ਹੁਣ ਸਮਾਂ ਬਦਲ ਗਿਆ ਹੈ। ਹੁਣ ਸਾਡੇ ਇਥੇ ਲੋਕਲ ਭਾਰਤੀ ਰੇਡੀਓ ਸਟੇਸ਼ਨ ਹਨ, ਪਰ ਚਿੱਠੀਆਂ ਲਿਖਣ ਦੀ ਲੋੜ ਨਹੀਂ। ਉਂਜ ਅਜੇ ਵੀ ਸ਼ੌਕ ਪੂਰਾ ਕਰਨ ਲਈ ਫੋਨ ਕਰ ਲਈਦਾ ਹੈ ਜਾਂ ਈਮੇਲ ਭੇਜ ਦੇਈਦੀ ਹੈ। ਕਦੇ-ਕਦੇ ਤਾਂ ਰੇਡੀਓ ਸਟੇਸ਼ਨ ਵੀ ਜਾ ਆਈਦਾ ਹੈ। ਮੈਨੂੰ ਬਹੁਤ ਖੁਸ਼ੀ ਹੋਈ ਜਦੋਂ ਆਕਾਸ਼ਵਾਣੀ ਜਲੰਧਰ ਸੈੱਲ ਫੋਨਾਂ 'ਤੇ ਸੁਣਨ ਲਈ ਤਿਆਰ ਹੋਇਆ, ਪਰ ਫਰਮਾਇਸ਼ ਭੇਜਣ ਲਈ ਜਦੋਂ ਵੀ ਫੋਨ ਕਰੋ, ਫੋਨ ਬਿਜ਼ੀ ਹੀ ਹੁੰਦਾ ਹੈ। ਆਲ ਇੰਡੀਆ ਰੇਡੀਓ ਕੀ ਉਰਦੂ ਸਰਵਿਸ ਵਾਲੇ ਵੱਟਸਐਪ 'ਤੇ ਫਰਮਾਇਸ਼ਾਂ ਲੈਂਦੇ ਹਨ ਅਤੇ ਆਪਣਾ ਨਾਮ ਸੁਣ ਕੇ ਪੁਰਾਣੀਆਂ ਯਾਦਾਂ ਤਾਜ਼ਾ ਹੋ ਜਾਂਦੀਆਂ ਹਨ।

ਮੈਂ ਰਮੇਸ਼ਵਰ ਸਿੰਘ ਨਾਲ ਪੂਰਾ ਸਹਿਮਤ ਹਾਂ ਕਿ ਪੰਜਾਬ, ਪੰਜਾਬੀ, ਪੰਜਾਬੀਅਤ ਲਈ ਆਲ ਇੰਡੀਆ ਰੇਡੀਓ ਦੇ ਪੰਜਾਬ ਵਿਚਲੇ ਕੇਂਦਰਾਂ ਨੂੰ ਪੂਰਾ ਯੋਗਦਾਨ ਪਾਉਣਾ ਚਾਹੀਦਾ ਹੈ। ਮੈਨੂੰ ਉਮੀਦ ਹੈ ਕਿ ਉਹ ਪੁਰਾਣੇ ਦਿਨ ਫਿਰ ਆਉਣਗੇ ਅਤੇ ਅਸੀਂ ਫਿਰ ਪੰਜਾਬੀਅਤ ਨੂੰ ਦਰਸਾਉਂਦੇ ਗਾਣੇ ਜਾਂ ਨਾਟਕ ਸੁਣਾਂਗੇ।

**-ਇੰਦਰਜੀਤ ਮੰਗਾ, ਪਿਟਸਬਰਗ (ਕੈਲੀਫੋਰਨੀਆ)**

---

## ਤਾਰਨ ਗੁਲਜ਼ਾਰ ਨਹੀਂ, 'ਤਾਰਨ ਗੁਜਰਾਲ'

ਸੰਪਾਦਕ ਜੀ, 'ਪੰਜਾਬ ਟਾਈਮਜ਼' ਦੇ 12 ਦਸੰਬਰ ਦੇ ਅੰਕ ਵਿਚ 'ਭਾਸ਼ਾ ਵਿਭਾਗ ਵਲੋਂ ਸਾਹਿਤ ਰਤਨ ਅਤੇ ਸ਼੍ਰੋਮਣੀ ਪੁਰਸਕਾਰਾਂ ਦਾ ਐਲਾਨ' ਸਿਰਲੇਖ ਹੇਠ ਛਪੀ ਖਬਰ ਵਿਚ ਸ਼੍ਰੋਮਣੀ ਪੰਜਾਬੀ ਸਾਹਿਤਕਾਰ ਸਾਲ 2016 ਲਈ ਨਾਮ ਤਾਰਨ ਗੁਲਜ਼ਾਰ ਛਪ ਗਿਆ ਹੈ, ਜੋ ਕਿ ਸਹੀ ਨਾਂ ਤਾਰਨ ਗੁਜਰਾਲ ਹੈ। ਧੰਨਵਾਦ।

**-ਕੁਲਦੀਪ ਸਿੰਘ, ਸਟ੍ਰੀਮਵੁੱਡ, ਇਲੀਨਾਏ।**

# ਸੰਦੂਕ ਦਾ ਸ਼ਿੰਗਾਰ

***ਸੰਦੂਕ ਪੰਜਾਬੀ ਸਭਿਆਚਾਰ ਦਾ ਅਨਿੱਖੜ ਅੰਗ ਰਿਹਾ ਹੈ। ਪੁਰਾਣੇ ਜ਼ਮਾਨੇ ਵਿਚ ਇਸ ਦੀ ਅਹਿਮੀਅਤ ਦਾ ਪਤਾ ਸਾਡੀ ਲੋਕਧਾਰਾ ਅੰਦਰ ਸੰਦੂਕ ਬਾਰੇ ਮਿਲਦੀ ਸਮੱਗਰੀ ਤੋਂ ਲੱਗਦਾ ਹੈ। ਲੋਕ-ਕਾਵਿ ਤਾਂ ਸੰਦੂਕ ਦੀ ਮਹਿਮਾ ਨਾਲ ਭਰਿਆ ਪਿਆ ਹੈ। ਸੰਦੂਕ ਉਦੋਂ ਪਰਿਵਾਰ ਦਾ ਇਕ ਜ਼ਰੂਰੀ ਹਿੱਸਾ ਹੁੰਦਾ ਸੀ ਅਤੇ ਇਸ ਅੰਦਰ ਵਡਮੁੱਲੀਆਂ ਵਸਤਾਂ ਸਾਂਭੀਆਂ ਜਾਂਦੀਆਂ ਸਨ। ਜਸਪ੍ਰੀਤ ਕੌਰ ਸੰਘਾ ਨੇ ਆਪਣੇ ਇਸ ਲੇਖ ਵਿਚ ਸੰਦੂਕ ਬਾਰੇ ਵਡਮੁੱਲੀ ਜਾਣਕਾਰੀ ਸਾਂਝੀ ਕੀਤੀ ਹੈ। -ਸੰਪਾਦਕ***

## ਕਲਾ ਪਰਿਕਰਮਾ



**ਜਸਪ੍ਰੀਤ ਕੌਰ ਸੰਘਾ**
ਫੋਨ: +91-99150-33176

ਸੰਦੂਕ ਪੰਜਾਬੀ ਸਭਿਆਚਾਰ ਦਾ ਮਹੱਤਵਪੂਰਨ ਚਿੰਨ੍ਹ ਹੈ। ਇਕ ਸਮਾਂ ਅਜਿਹਾ ਵੀ ਸੀ, ਜਦੋਂ ਹਰ ਘਰ ਵਿਚ ਸੰਦੂਕ ਦੀ ਸਰਦਾਰੀ ਹੁੰਦੀ ਸੀ। ਲੱਕੜ ਦਾ ਸੰਦੂਕ ਜਿੱਥੇ ਵਿਆਹੀ ਜਾਣ ਵਾਲੀ ਕੁੜੀ ਦੇ ਦਾਜ ਦਾ ਅਹਿਮ ਹਿੱਸਾ ਹੁੰਦਾ ਸੀ, ਉਥੇ ਹੀ ਇਕ ਜ਼ਰੂਰੀ ਘਰੇਲੂ ਵਸਤੂ ਵੀ ਸੀ, ਜਿਸ ਵਿਚ ਸੁਆਣੀਆਂ ਆਪਣੇ ਪਹਿਨਣ ਵਾਲੇ ਕੱਪੜੇ, ਫੁਲਕਾਰੀਆਂ, ਪੱਖੀਆਂ, ਭਾਂਡੇ, ਬਿਸਤਰੇ, ਝੋਲੇ, ਹਾਰ-ਸ਼ਿੰਗਾਰ ਆਦਿ ਦਾ ਸਾਮਾਨ ਰੱਖਦੀਆਂ ਸਨ। ਸੰਦੂਕ ਨਿੰਮ ਜਾਂ ਟਾਹਲੀ ਦੀ ਲੱਕੜੀ ਦੇ ਬਣਾਏ ਜਾਂਦੇ ਸਨ, ਕਿਉਂਕਿ ਇਸ ਲੱਕੜ ਨੂੰ ਘੁਣ ਨਹੀਂ ਲੱਗਦਾ। ਇਸ ਲੱਕੜ ਤੋਂ ਬਣੇ ਸੰਦੂਕ ਬਹੁਤ ਮਜ਼ਬੂਤ ਅਤੇ ਚਮਕਦਾਰ ਹੁੰਦੇ ਸਨ। ਸਾਡੇ ਲੋਕ ਗੀਤਾਂ ਵਿਚ ਵੀ ਨਿੰਮ ਦੇ ਬਣੇ ਸੰਦੂਕ ਦਾ ਜ਼ਿਕਰ ਮਿਲਦਾ ਹੈ -

ਕਿਹੜੇ ਪਿੰਡ ਮੁਕਲਾਵੇ ਜਾਣਾ
ਨੀ ਨਿੰਮ ਦੇ ਸੰਦੂਕ ਵਾਲੀਏ।

ਕਾਰੀਗਰ ਬੜੀ ਮਿਹਨਤ ਨਾਲ ਸੰਦੂਕ ਤਿਆਰ ਕਰਦੇ ਸਨ। ਸੰਦੂਕ ਦਾ ਪਿਛਲਾ ਹਿੱਸਾ ਬਿਲਕੁਲ ਸਾਫ ਰੱਖਿਆ ਜਾਂਦਾ ਸੀ ਅਤੇ ਅਗਲੇ ਪਾਸੇ ਵਰਗਾਕਾਰ ਡੱਬੇ ਬਣਾਏ ਜਾਂਦੇ ਸਨ। ਸੰਦੂਕ ਨੂੰ ਸ਼ਿੰਗਾਰਨ ਲਈ ਕਾਰੀਗਰ ਪਿੱਤਲ ਦੀਆਂ ਮੇਖਾਂ ਤੇ ਸ਼ੀਸ਼ਿਆਂ ਦੇ ਟੁਕੜਿਆਂ ਦੀ ਵਰਤੋਂ ਕਰਦੇ ਸਨ। ਕਾਰੀਗਰ ਸੰਦੂਕ ਉਪਰ ਹਾਰ-ਸ਼ਿੰਗਾਰ ਕਰਨ ਲਈ ਵੱਡਾ ਸ਼ੀਸ਼ਾ ਵੀ ਲਗਾਉਂਦੇ ਸਨ। ਦਾਜ ਵਿਚ ਦਿੱਤੇ ਜਾਂਦੇ ਸ਼ੀਸ਼ਿਆਂ ਜੜੇ ਸੰਦੂਕ ਦਾ ਜ਼ਿਕਰ ਸਾਡੇ ਲੋਕ ਗੀਤਾਂ ਵਿਚ ਬਾਖੂਬੀ ਮਿਲਦਾ ਹੈ:

ਨੀ ਗੱਡੀ ਵਿਚ ਆ ਗਿਆ ਏ
ਸੰਦੂਕ ਮੁਟਿਆਰ ਦਾ
ਸ਼ੀਸ਼ਿਆਂ ਜੜ੍ਹਤ ਚਮਕਾਰੇ ਪਿਆ ਮਾਰਦਾ।

ਪਹਿਲਾਂ ਸਾਦੇ ਛੋਟੇ ਸੰਦੂਕ ਬਣਾਏ ਜਾਂਦੇ ਸਨ ਪਰ ਸਮੇਂ ਦੇ ਬਦਲਣ ਨਾਲ ਸੰਦੂਕ ਦਾ ਆਕਾਰ ਵੀ ਬਦਲ ਗਿਆ ਅਤੇ 7-8 ਫੁੱਟ ਲੰਬੇ ਸੰਦੂਕ ਬਣਾਏ ਜਾਣ ਲੱਗੇ। ਦੋ ਖਾਨਿਆਂ ਵਾਲੇ ਸੰਦੂਕ ਵਿਚ ਹੇਠਾਂ ਬਿਸਤਰੇ ਆਦਿ ਰੱਖੇ ਜਾਂਦੇ ਸਨ ਤੇ ਉਪਰ ਕੱਪੜੇ ਅਤੇ ਹੋਰ ਘਰ ਦਾ ਜ਼ਰੂਰੀ ਸਾਮਾਨ ਰੱਖਿਆ ਜਾਂਦਾ ਸੀ। ਸੰਦੂਕ ਨੂੰ ਛੋਟੇ-ਛੋਟੇ ਤਖਤਿਆਂ ਵਾਲਾ ਦਰਵਾਜ਼ਾ ਲੱਗਾ ਹੁੰਦਾ ਸੀ ਜਿਸ ਨੂੰ ਲੋਹੇ ਦਾ ਕੁੰਡਾ ਲਗਾਇਆ ਜਾਂਦਾ ਸੀ। ਲੜਕੀ ਨੂੰ ਦਾਜ ਵਿਚ ਦਿੱਤੇ ਜਾਣ ਵਾਲੇ ਸਾਮਾਨ ਵਿਚ ਸਭ ਤੋਂ ਮਹੱਤਵਪੂਰਨ ਸੰਦੂਕ ਹੀ ਹੁੰਦਾ ਸੀ। ਇਸੇ ਲਈ ਜੇਕਰ ਢੁਕਵੀਂ ਲੱਕੜ ਨਾ ਮਿਲਣ ਜਾਂ ਨਿਪੁੰਨ ਕਾਰੀਗਰ ਨਾ ਮਿਲਣ ਕਰਕੇ ਸੰਦੂਕ ਬਣਾਉਣ ਵਿਚ ਦੇਰੀ ਹੋ ਜਾਂਦੀ ਸੀ ਤਾਂ ਵਿਆਹ ਨੂੰ ਵੀ ਅੱਗੇ ਪਾ ਦਿੱਤਾ ਜਾਂਦਾ ਸੀ:

ਸਾਉਣੀ ਆਈ ਤੋਂ ਮਿੱਥਾਂਗੇ ਸਾਹਾ
ਬਈ ਅਜੇ ਨਾ ਸੰਦੂਕ ਬਣਿਆ।



ਜੇਕਰ ਲੜਕੀ ਨੂੰ ਦਾਜ ਵਿਚ ਕੋਈ ਮਾਂ-ਬਾਪ ਸੰਦੂਕ ਨਾ ਦੇ ਸਕਦੇ ਜਾਂ ਬਾਅਦ ਵਿਚ ਸੰਦੂਕ ਦੇਣ ਦਾ ਵਾਅਦਾ ਕਰਕੇ ਡੋਲੀ ਤੋਰ ਦਿੰਦੇ ਸਨ ਤਾਂ ਲੜਕੀ ਨੂੰ ਸਹੁਰੇ ਘਰ ਵਿਚ ਸੰਦੂਕ ਕਾਰਨ ਕਈ ਵਾਰ ਤਾਅਨੇ-ਮਿਹਣੇ ਵੀ ਸੁਣਨੇ ਪੈਂਦੇ ਸਨ:

ਗੱਡੀ ਆ ਗਈ ਸੰਦੂਕੋਂ ਖਾਲੀ
ਨੀ ਬਹੁਤਿਆਂ ਭਰਾਵਾਂ ਵਾਲੀਏ।

ਜਦੋਂ ਲੜਕੀ ਨੂੰ ਸੰਦੂਕ ਦਾਜ ਵਿਚ ਨਾ ਲਿਜਾਣ ਕਾਰਨ ਸਹੁਰੇ ਘਰੋਂ ਗੱਲਾਂ ਸੁਣਨੀਆਂ ਪੈਂਦੀਆਂ ਸਨ ਤਾਂ ਉਹ ਉਸ ਦਾ ਉਲਾਂਭਾ ਆਪਣੇ ਭਰਾਵਾਂ ਨੂੰ ਦਿੰਦੀ ਹੋਈ ਆਖਦੀ:

ਭੈਣ ਤੁਰਗੀ ਸੰਦੂਕੋਂ ਸੱਖਣੀ
ਵੀਰਾ ਵੇ ਮੁਰੱਬੇ ਵਾਲਿਆ।

ਬੀਤੇ ਸਮਿਆਂ ਵਿਚ ਸੰਦੂਕ ਇਕ ਤਰ੍ਹਾਂ ਦਾ ਸੁਆਣੀਆਂ ਲਈ ਗਹਿਣਾ ਹੀ ਹੁੰਦਾ ਸੀ ਜਿਸ ਦੀ ਵਰਤੋਂ ਉਨ੍ਹਾਂ ਸਾਰੀ ਉਮਰ ਕਰਨੀ ਹੁੰਦੀ ਸੀ। ਇਸੇ ਲਈ ਜਦੋਂ ਵੀਰ ਦੇ ਘਰ ਪੁੱਤਰ ਦਾ ਜਨਮ ਹੁੰਦਾ ਸੀ ਤਾਂ ਭੈਣ ਸੋਨੇ, ਚਾਂਦੀ ਦੇ ਗਹਿਣੇ ਮੰਗਣ ਦੀ ਬਜਾਏ ਵੀਰ ਨੂੰ ਕਾਲੀ ਟਾਹਲੀ ਦੀ ਲੱਕੜੀ ਦਾ ਸੰਦੂਕ ਬਣਵਾ ਕੇ ਦੇਣ ਦੀ ਮੰਗ ਕਰਦੀ ਸੀ। ਇਸ ਦਾ ਵਰਨਣ ਸਾਡੇ ਲੋਕ ਗੀਤ ਵੀ ਕਰਦੇ ਹਨ:

ਕਾਲੀ ਟਾਹਲੀ ਦਾ ਸੰਦੂਕ ਬਣਾ ਦੇ
ਵੀਰਾ ਤੇਰੇ ਪੁੱਤ ਜੰਮਿਆ।

ਸਾਡੇ ਲੋਕ ਗੀਤਾਂ ਤੋਂ ਵੀ ਪਤਾ ਲੱਗਦਾ ਹੈ ਕਿ ਬੀਤੇ ਸਮੇਂ ਵਿਚ ਘਰ ਵਿਚ ਸੰਦੂਕ ਦਾ ਹੋਣਾ ਰੱਜਦੇ-ਪੁੱਜਦੇ ਘਰ ਦੀ ਨਿਸ਼ਾਨੀ ਮੰਨਿਆ ਜਾਂਦਾ ਸੀ। ਇਸੇ ਲਈ ਤਾਂ ਧੀ ਆਪਣੇ ਬਾਬਲ ਨੂੰ ਆਖਦੀ:

ਜਿੱਥੇ ਦਰਜੀ ਸੀਵੇ ਪੱਟ
ਇਕ ਲਾਹਾਂ ਇਕ ਪਾਵਾਂ
ਮੇਰਾ ਵਿਚ ਸੰਦੂਕਾਂ ਦੇ ਹੱਥ
ਬਾਬਲ ਤੇਰਾ ਪੁੰਨ ਹੋਵੇ।

ਇਸ ਤੋਂ ਇਲਾਵਾ ਨੂੰਹ-ਸੱਸ ਅਤੇ ਪਤੀ-ਪਤਨੀ ਵਿਚਕਾਰ ਹੁੰਦੀ ਤਕਰਾਰ ਵੇਲੇ ਵੀ ਸੰਦੂਕ ਹੀ ਕੰਮ ਆਉਂਦੇ ਸਨ। ਸਮਾਜ ਨੂੰ ਤਮਾਸ਼ਾ ਨਾ ਦਿਖਾਉਣ ਦੇ ਡਰੋਂ ਹੀ ਨੂੰਹ, ਸੱਸ ਨੂੰ ਅਤੇ ਪਤਨੀ, ਪਤੀ ਨੂੰ ਸੰਦੂਕ ਦੇ ਓਹਲੇ ਕੁੱਟਣ ਦੀ ਗੱਲ ਲੋਕ ਗੀਤਾਂ ਵਿਚ ਕਰਦੀ ਹੈ:

-ਸੱਸ ਕੁੱਟਣੀ ਸੰਦੂਕਾਂ ਓਹਲੇ
ਨਿੰਮ ਦਾ ਘੜਾ ਦੇ ਘੋਟਣਾ।
-ਜੇ ਜੱਟੀਏ ਜੱਟ ਕੁੱਟਣਾ ਹੋਵੇ
ਕੁੱਟੀਏ ਸੰਦੂਕਾਂ ਓਹਲੇ
ਪਹਿਲਾਂ ਜੱਟ ਤੋਂ ਦਾਲ ਦਲਾਈਏ
ਫੇਰ ਦਲਾਈਏ ਛੋਲੇ
ਜੱਟੀਏ ਦੇਹ ਦਬਕਾ
ਜੱਟ ਫੇਰ ਨਾ ਬਰਾਬਰ ਬੋਲੇ।

ਹੁਣ ਸਮਾਂ ਬਦਲ ਚੁੱਕਾ ਹੈ। ਹੁਣ ਨਾ ਤਾਂ ਸੰਦੂਕ ਦੀ ਸਰਦਾਰੀ ਰਹੀ ਅਤੇ ਨਾ ਹੀ ਇਹ ਘਰਾਂ ਦਾ ਸ਼ਿੰਗਾਰ ਹਨ। ਹੁਣ ਸੰਦੂਕ ਦੀ ਜਗ੍ਹਾ ਪੇਟੀਆਂ ਅਤੇ ਅਲਮਾਰੀਆਂ ਨੇ ਲੈ ਲਈ ਹੈ। ਕੋਈ ਵਿਰਲਾ ਹੀ ਘਰ ਹੋਵੇਗਾ ਜਿੱਥੇ ਸੰਦੂਕ ਅਜੇ ਵੀ ਸੰਭਾਲੇ ਹੋਏ ਹਨ। ਆਉਣ ਵਾਲੀਆਂ ਪੀੜ੍ਹੀਆਂ ਤਾਂ ਸ਼ਾਇਦ ਸੰਦੂਕ ਸ਼ਬਦ ਤੋਂ ਵੀ ਅਣਜਾਣ ਹੀ ਹੋਣਗੀਆਂ। ਅੱਜ ਦੀ ਨੌਜਵਾਨ ਪੀੜ੍ਹੀ ਭਾਵੇਂ ਸੰਦੂਕ ਦੀ ਮਹੱਤਤਾ ਤੋਂ ਜਾਣੂ ਨਹੀਂ ਹੈ ਪਰ ਇਕ ਸਮਾਂ ਉਹ ਵੀ ਸੀ ਜਦੋਂ ਸੰਦੂਕ ਪੰਜਾਬੀ ਸੱਭਿਆਚਾਰ ਦੀ ਜਿੰਦ-ਜਾਨ ਅਤੇ ਘਰਾਂ ਦਾ ਸ਼ਿੰਗਾਰ ਸਨ।

***ਸਮਾਂ ਬਦਲ ਚੁੱਕਾ ਹੈ। ਹੁਣ ਨਾ ਤਾਂ ਸੰਦੂਕ ਦੀ ਸਰਦਾਰੀ ਰਹੀ, ਨਾ ਇਹ ਘਰਾਂ ਦਾ ਸ਼ਿੰਗਾਰ ਹਨ। ਹੁਣ ਸੰਦੂਕ ਦੀ ਜਗ੍ਹਾ ਪੇਟੀਆਂ ਅਤੇ ਅਲਮਾਰੀਆਂ ਨੇ ਲੈ ਲਈ ਹੈ। ਕੋਈ ਵਿਰਲਾ ਹੀ ਘਰ ਹੋਵੇਗਾ ਜਿੱਥੇ ਸੰਦੂਕ ਅਜੇ ਵੀ ਸੰਭਾਲੇ ਹੋਏ ਹਨ। ਆਉਣ ਵਾਲੀਆਂ ਪੀੜ੍ਹੀਆਂ ਤਾਂ ਸ਼ਾਇਦ ਸੰਦੂਕ ਸ਼ਬਦ ਤੋਂ ਵੀ ਅਣਜਾਣ ਹੀ ਹੋਣਗੀਆਂ।***







# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 26 ਦਸੰਬਰ 2020 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-461



*ਮਹਾਂ-ਪੰਜਾਬ ਦੇ ਕਿਰਤੀ ਜਾਏ, ਕਿਸਾਨ ਸੰਘਰਸ਼ ਨੂੰ ਬਲ ਵੰਡੀ ਜਾਵਣ।*
*ਨਾਲੇ ਕਰਨ ਦੁੱਖ-ਸੁੱਖ ਸਾਂਝਾ ਭਾਈ ਤੇ ਨਾਲੇ ਸਰਕਾਰ ਨੂੰ ਭੰਡੀ ਜਾਵਣ।*

## ਕੈਪਸ਼ਨ ਮੁਕਾਬਲਾ-459



ਖੇਡਣ ਦੀ ਉਮਰੇ ਕਰਨ ਮੁਸ਼ੱਕਤ
ਭਾਰਤ ਮਾਂ ਦੇ ਜਾਏ,
ਪਰ ਨੇਤਾਵਾਂ ਨੇ ਨਾਅਰੇ ਲਾ ਲਾ
ਸਿਰ ਅਕਾਸ਼ ਉਠਾਏ।
'ਭਾਰਤ ਮਾਤਾ ਦੀ ਜੈ ਜੈ ਕਰ ਕੇ'
ਲੋਕੀਂ ਬਹੁ ਭਰਮਾਏ,
ਧਰਮਾਂ ਦੀ ਮਿੱਠੀ ਗੋਲੀ ਦੇ ਕੇ
ਘੂਕ ਨੀਂਦ ਨੇ ਸੁਲਾਏ।
*-ਸੇਵਾ ਸਿੰਘ ਨੂਰਪੁਰੀ*

---

ਰੁਲਿਆ-ਖੁਲਿਆ ਬਚਪਨ ਫਿਰਦਾ
ਸਵੱਛ-ਭਾਰਤ ਦੇ ਨਾਅਰੇ ਲਾਵਣ।
ਭੋਰਾ ਭਰ ਵੀ ਸੰਗ ਨ੍ਹੀਂ ਖਾਂਦੇ।
ਝੂਠੀ ਮਨ ਕੀ ਬਾਤ ਸੁਣਾਵਣ।
ਗਰੀਬ ਦੇ ਮੂੰਹ 'ਚੋਂ ਖੋਹ ਕੇ ਰੋਟੀ
ਅਮੀਰਾਂ ਤਾਈਂ ਰਜਾਈ ਜਾਵਣ।
*-ਜਗਮੀਤ ਸਿੰਘ ਪੰਧੇਰ*
*ਪਿੰਡ ਕਲਾਹੜ (ਲੁਧਿਆਣਾ)*
*ਫੋਨ: 91-98783-37222*

---

ਮਜਦੂਰਾਂ ਦੇ ਬੱਚੇ ਆਂ
ਕਰਨੀ ਪੈਣੀ ਮਜ਼ਦੂਰੀ।
ਸੰਵਿਧਾਨ ਭਾਰਤ ਦਾ ਸਭ ਤੋਂ ਵੱਡਾ
ਗੁਲਾਮੀ ਕਰਨਾ ਸਾਡੀ ਮਜ਼ਬੂਰੀ।
ਗਰੀਬੀ ਨਾਲ ਅਟੁੱਟ ਰਿਸ਼ਤਾ ਸਾਡਾ
ਰੁੱਖੀ ਮਿੱਸੀ ਕਰਦੇ ਮਿਹਨਤ ਪੂਰੀ
ਖੁਸ਼ੀਆਂ ਖੇੜਿਆਂ ਨਾਲੋਂ ਸਾਡੀ ਰਹਿੰਦੀ
ਸਦਾ ਹੀ ਸਮਾਜਕ ਦੂਰੀ।
*-ਵਿਨੋਦ ਗਰਗ, ਬਰਨਾਲਾ*
*ਫੋਨ: 91-98763-71788*

---

ਤਿੜਕ ਤਿੜਕ ਕੇ ਚੂਰ ਹੋ ਜਾਂਦੇ
ਅਰਮਾਨ ਜੋ ਪੁੱਤ ਕਾਮੇ ਦੇ ਨੇ ਸਮੋਏ ਹੁੰਦੇ।
ਰਹਿ ਜਾਂਦੇ ਸਿਰਫ ਸੁਪਨੇ ਅੱਖ ਖੁੱਲ੍ਹਦਿਆਂ
ਜੋ ਦੇਖੇ ਸੀ ਰਾਤ।
ਮਾਪਿਆਂ ਵਾਲਾ ਹੀ ਕਿੱਤਾ ਅਪਨਾਇਆ।
ਲੁੱਟੇ ਜਾਂਦੇ ਸਾਰੀ ਉਮਰ
ਸਿਰਫ ਰੋਟੀ-ਪਾਣੀ ਦਾ ਜੁਗਾੜ
ਹੀ ਪੱਲੇ ਰਹਿ ਜਾਂਦਾ।
*-ਦਰਸ਼ਨਪਾਲ ਦੋਸਾਂਝ*

---

ਅਸਮਾਨ ਜਿੱਡੀਆਂ ਸਿਖਰਾਂ ਛੋਹਣ ਵਾਲਿਓ
ਉਤਰੋ ਜ਼ਿਮੀਂ 'ਤੇ ਕੁਝ ਕਰੋ ਧਿਆਨ।
ਇਨ੍ਹਾਂ ਬੱਚਿਆਂ 'ਚ ਵੀ ਚਿਣਗ ਜਲਾਓ
ਪੜ੍ਹਨ-ਲਿਖਣ ਸਿੱਖਣ ਆਵੇ ਗਿਆਨ।
ਭਾਵੇਂ ਬਾਅਦ 'ਚ ਕੁਝ ਵੀ ਕਰਨ
ਆਪਣੇ ਹੱਕਾਂ/ਫਰਜ਼ਾਂ ਲਈ ਹੋਣ ਸੂਝਵਾਨ।
ਅੱਗੇ ਵਧਣ ਦੀ ਜੋਤ ਜਗੇ
ਕਿਤੇ ਲੋਟੂਆਂ ਦੇ ਨਾ ਬਣਨ ਗੁਲਾਮ।
*-ਅਮਰਜੀਤ ਸਿੰਘ ਤੂਰ*
*ਪਿੰਡ ਕੁਲਬੁਰਛਾ, ਪਟਿਆਲਾ*
*ਫੋਨ: 91-98784-69639*

---

ਵਿਤੋਂ ਵੱਡੇ ਹੱਥ ਕਹੀ, ਟੋਕਰੇ,
ਫੁੱਲਾਂ ਵਰਗੇ ਬਾਲ ਮਜਦੂਰ।
ਪੜ੍ਹਨਾ, ਖੇਡਣਾ ਲੋਚਣ ਵਿਚਾਰੇ,
ਝਾਕਣ ਖੜ੍ਹੇ ਡਾਹਢੇ ਮਜਬੂਰ।
ਸਾਰ ਇਨ੍ਹਾਂ ਦੀ ਕਿਸੇ ਨਾ ਲੈਣੀ,
ਲੰਘਦੇ ਪਾਸਾ ਵੱਟ ਜਰੂਰ।
*-ਦਵਿੰਦਰ ਕੌਰ*

---

ਸਾਡਾ ਕਾਹਦਾ ਬਚਪਨ
ਸਾਡੇ ਕਾਹਦੇ ਚਾਅ?
ਤਰੱਕੀ, ਉਨਤੀ, ਡਿਜੀਟੇਸ਼ਨ
ਦਾ ਸਾਨੂੰ ਕੀ ਭਾਅ?
ਅਸੀਂ ਤਾਂ ਰੋਟੀ-ਰੋਜ਼ੀ ਦਾ
ਕਰਨਾ ਹੈ ਉਪਾਅ।
*-ਇੰਦਰਜੀਤ ਮੰਗਾ*
*ਪਿਟਸਬਰਗ, ਕੈਲੀਫੋਰਨੀਆ।*

---

ਭਾਵੇਂ ਦੁਨੀਆਂ ਵਿਚ ਬਾਲ ਮਜ਼ਦੂਰੀ
ਉਤੇ ਪੂਰੀ ਤਰ੍ਹਾਂ ਹੈ ਪਾਬੰਦੀ।
ਪਰ ਭਾਰਤ ਵਿਚ ਬੱਚਿਆਂ ਨੂੰ
ਜ਼ਬਰਦਸਤੀ ਬਣਾਉਂਦੇ ਨੇ ਬੰਦੀ।
ਫੋਟੋ ਵਿਚ ਸੋਚਦੇ ਹੋਣੇ ਇਹ
ਪਿਆਰੇ ਬੱਚੇ, ਅਸੀਂ ਕੀ ਕੀਤੀ ਖਰਾਬੀ?
ਸਾਡੇ ਲਈ ਨਹੀਂ ਆਈ ਆਜ਼ਾਦੀ
ਸਾਡੀ ਤਾਂ ਹੈ ਬਰਬਾਦੀ।
ਪੜ੍ਹਨ-ਲਿਖਣ ਦੀ ਸੀ ਲਾਲਸਾ
ਪਰ ਗਰੀਬੀ ਸਾਡੀ ਮਜਬੂਰੀ।
ਗਰੀਬੀ ਸਾਡੀ ਮਾਰ ਗਈ ਸਾਨੂੰ
ਕਰਨੀ ਪੈ ਗਈ ਮਜ਼ਦੂਰੀ।
*-ਗੋਰਾ ਪ੍ਰਜਾਪਤ, ਨਿਊ ਯਾਰਕ*
*ਫੋਨ: 718-640-6660*

# ਇਨਸਾਫ ਮੰਗਦੇ ਕਿਰਤੀ ਅਤੇ ਵਿਸ਼ਵ ਮਨੁੱਖੀ ਅਧਿਕਾਰ ਦਿਵਸ

ਸੰਸਾਰ ਮਨੁੱਖੀ ਅਧਿਕਾਰ ਦਿਵਸ 10 ਦਸੰਬਰ ਨੂੰ ਸਾਰੇ ਵਿਸ਼ਵ ਵਿਚ ਮਨਾਇਆ ਗਿਆ। ਕੀ ਦਿੱਲੀ ਦੇ ਬਾਰਡਰ ਸਿੰਘੂ, ਟਿੱਕਰੀ, ਬਹਾਦਰਗੜ੍ਹ 'ਤੇ ਮੋਰਚਾ ਮੱਲੀ ਬੈਠੇ ਪੰਜਾਬ-ਹਰਿਆਣਾ ਤੇ ਬਾਕੀ ਦੇਸ਼ ਦੇ ਕਿਸਾਨਾਂ ਲਈ ਇਸ ਦਿਨ ਦੀ ਕੋਈ ਵਾਜਬੀਅਤ ਹੈ? ਰਾਜਸਥਾਨ ਤੋਂ ਆ ਰਹੇ ਕਿਸਾਨਾਂ ਨੂੰ ਯੂ. ਪੀ. ਸਰਕਾਰ ਨੇ ਰੋਕ ਲਿਆ। ਤਾਮਿਲਨਾਡੂ ਤੋਂ ਟਰੇਨ ਰਾਹੀਂ ਆ ਰਹੇ 300 ਕਿਸਾਨਾਂ ਦੀਆਂ ਟਿਕਟਾਂ ਰੇਲਵੇ ਵਿਭਾਗ ਨੇ ਧੱਕੇ ਨਾਲ ਰੱਦ ਕਰ ਦਿੱਤੀਆਂ। 50 ਦੇ ਕਰੀਬ ਕਿਸਾਨਾਂ ਨੂੰ ਪੁਲਿਸ ਨੇ ਹਿਰਾਸਤ ਵਿਚ ਲੈ ਲਿਆ। ਮੁਸ਼ਕਿਲ ਨਾਲ 10 ਕੁ ਕਿਸਾਨ ਹੀ ਸਿੰਘੂ ਮੋਰਚੇ ਵਿਚ ਪਹੁੰਚ ਸਕੇ। ਪੰਜਾਬ ਦੇ ਮਾਝੇ ਦੁਆਬੇ ਤੋਂ ਆਉਂਦੀਆਂ ਹਜ਼ਾਰਾਂ ਹੀ ਟਰਾਲੀਆਂ ਨੂੰ ਕਰਨਾਲ ਨੇੜੇ ਹਰਿਆਣਾ



**ਸੁਕੰਨਿਆਂ ਭਾਰਦਵਾਜ ਨਾਭਾ**
ਫੋਨ: 815-307-3112

ਪੁਲਿਸ ਨੇ ਪਹਿਲਾਂ ਵਾਂਗ ਹੀ ਅੜਿੱਕੇ ਖੜ੍ਹੇ ਕਰਕੇ ਰੋਕ ਲਿਆ। ਜਦੋਂ ਕਿਸਾਨਾਂ ਨੇ ਪੱਥਰ ਤੇ ਬੈਰੀਕੇਡ ਉਖਾੜੇ ਤਾਂ ਅੱਗੋਂ ਪਾਣੀ ਦੀਆਂ ਬੌਛਾੜਾਂ ਤੇ ਅਥਰੂ ਗੈਸ ਦੇ ਗੋਲਿਆਂ ਨਾਲ ਨਿਵਾਜਿਆ ਗਿਆ।

ਭਾਵੇਂ ਯੂਰਪੀ ਦੇਸ਼ਾਂ ਦੇ ਮੁਕਾਬਲੇ ਸਾਡੇ ਦੇਸ਼ ਦਾ ਕਾਫੀ ਵਖਰੇਵਾਂ ਹੋ ਸਕਦਾ ਹੈ, ਪਰ ਸਾਡੀ ਲੋਕਤੰਤਰੀ ਨੈਤਿਕਤਾ ਤਾਂ ਉਨ੍ਹਾਂ ਦੇਸ਼ਾਂ ਦੀ ਜਮਹੂਰੀਅਤ ਨਾਲ ਮਿਲਦੀ ਜੁਲਦੀ ਹੈ। ਇਹ ਗੱਲ ਵੱਖਰੀ ਹੈ ਕਿ ਸਾਡੇ ਦੇਸ਼ ਵਿਚ ਡੈਮੋਕਰੇਸੀ ਦੀ ਥਾਂ ਡਾਂਗੋਕਰੇਸੀ ਦਾ ਚਲਨ ਦਿਨੋ-ਦਿਨ ਵੱਧ ਫੁੱਲਤ ਹੋ ਰਿਹਾ ਹੈ। ਇਥੇ ਫਰਾਂਸ ਦੀ ਇੱਕ ਮਿਸਾਲ ਦੇਣਾ ਚਾਹਾਂਗੀ, ਜੋ ਸਾਡੇ ਅੱਜ ਦੇ ਕਿਸਾਨ ਸੰਘਰਸ਼ ਨਾਲ ਮੇਲ ਖਾਂਦੀ ਹੈ। ਪਿਛਲੇ ਸਾਲ ਫਰਾਂਸ ਸਰਕਾਰ ਨੇ ਕਿਸਾਨੀ ਉਪਜ 'ਤੇ ਕੋਈ ਟੈਕਸ ਲਾਉਣ ਦੀ ਤਜਵੀਜ਼ ਬਣਾਈ, ਜਿਸ ਦੀ ਕਿਸਾਨ ਜਥੇਬੰਦੀਆਂ ਨੂੰ ਭਿਣਕ ਪੈ ਗਈ। ਉਨ੍ਹਾਂ ਪੀ. ਐਮ. ਓ. ਦਫਤਰ ਨਾਲ ਸੰਪਰਕ ਕੀਤਾ। ਅਗਾਊਂ ਸਮਾਂ ਨਾ ਮਿਲਣ 'ਤੇ 27 ਨਵੰਬਰ 2019 ਨੂੰ ਹਜ਼ਾਰ ਦੇ ਕਰੀਬ ਕਿਸਾਨ ਟਰੈਕਟਰਾਂ ਸਣੇ ਪੈਰਿਸ ਦੀ ਰਿੰਗ ਰੋਡ ਉਤੇ ਜਾ ਚੜ੍ਹੇ। ਟਰੈਕਟਰ ਰਿੰਗ ਰੋਡ ਉਤੇ ਖੜ੍ਹੇ ਕਰਕੇ ਉਥੋਂ ਪੈਦਲ ਫਰਾਂਸ ਰਾਸ਼ਟਰਪਤੀ ਇਮੈਨੂਲ ਮੈਕਰੋਨ ਦੇ ਦਫਤਰ ਵੱਲ ਚਾਲੇ ਪਾ ਦਿੱਤੇ। ਜ਼ਿਕਰਯੋਗ ਹੈ ਕਿ ਯੂਰਪੀ ਦੇਸ਼ਾਂ ਵਿਚ ਟਰੈਕਟਰ ਮੁਖ ਸੜਕ 'ਤੇ ਚੜ੍ਹਾਉਣਾ ਰੋਡ ਸੇਫਟੀ ਐਕਟ ਦੀ ਉਲੰਘਣਾ ਹੈ। ਖੇਤਾਂ ਵਿਚ ਵੀ ਟਰੈਕਟਰ ਨੂੰ ਟਰਾਲੇ 'ਤੇ ਲੱਦ ਕੇ ਹੀ ਲਿਜਾਇਆ ਜਾ ਸਕਦਾ ਹੈ। ਫਿਰ ਕੀ ਸੀ! ਸਰਕਾਰ ਤੇ ਪੁਲਿਸ ਨੂੰ ਹੱਥਾਂ ਪੈਰਾਂ ਦੀ ਪੈ ਗਈ। ਬਾਕੀ ਸਾਰੀ ਟ੍ਰੈਫਿਕ ਰੋਕ ਦਿੱਤੀ ਗਈ। ਪੁਲਿਸ ਉਨ੍ਹਾਂ ਨੂੰ ਐਸਕੌਟ ਕਰਦੀ ਰਹੀ। ਜਿਹੜਾ ਰਾਸ਼ਟਰਪਤੀ ਦਫਤਰ ਪਹਿਲਾਂ ਕਿਸਾਨਾਂ ਨੂੰ ਮਿਲਣ ਲਈ ਸਮਾਂ ਨਹੀਂ ਸੀ ਦੇ ਰਿਹਾ, ਉਹਨੂੰ ਚਾਰ ਘੰਟੇ ਦੇ ਅੰਦਰ ਬਿਲਾਂ ਨੂੰ ਵਾਪਸ ਲੈਣ ਦਾ ਐਲਾਨ ਕਰਨਾ ਪਿਆ। ਇਸੇ ਤਰ੍ਹਾਂ ਹੀ ਜਰਮਨ ਵਿਚ ਹੋਇਆ ਸੀ, ਉਥੇ ਵੀ ਸਰਕਾਰ ਨੂੰ ਖੇਤੀ 'ਤੇ ਲਾਏ ਟੈਕਸਾਂ ਕਾਰਨ ਕਿਸਾਨਾਂ ਦੇ ਵਿਰੋਧ ਅੱਗੇ ਝੁਕਣਾ ਪਿਆ।

ਦੂਜੇ ਪਾਸੇ ਸਾਡੇ ਕਿਸਾਨ ਪਿਛਲੇ ਢਾਈ ਮਹੀਨਿਆਂ ਤੋਂ ਪੁਰਅਮਨ ਸੰਘਰਸ਼ ਕਰ ਰਹੇ ਹਨ। ਵਰ੍ਹਦੀ ਸਰਦੀ ਵਿਚ ਨੀਲੇ ਅੰਬਰ ਥੱਲੇ ਸੌਣ ਨੂੰ ਮਜਬੂਰ ਹਨ। ਆਪਣੀ ਫਰਿਆਦ ਲੈ ਕੇ ਆ ਰਹਿਆਂ ਨੂੰ ਦਿੱਲੀ ਦੇ ਰਸਤੇ ਵਿਚ ਸਖਤ ਰੋਕਾਂ ਤੇ ਸਰਕਾਰੀ ਤਸ਼ੱਦਦ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜੇ ਕੋਈ ਅੰਤਰਕੌਮੀ ਮਨੁੱਖੀ ਅਧਿਕਾਰਾਂ ਦੇ ਹਮਾਇਤੀ ਇਸ ਬਰਬਰਤਾ ਦੀ ਨਿਖੇਧੀ ਕਰਦੇ ਹਨ ਤਾਂ ਉਨ੍ਹਾਂ ਨੂੰ ਆਪਣੇ ਅੰਦਰੂਨੀ ਮਾਮਲਿਆਂ ਵਿਚ ਦਖਲ ਦੇਣ ਦੀ ਆੜ ਵਿਚ ਚੁੱਪ ਕਰਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

ਤਿੰਨੋ ਕਾਲੇ ਕਾਨੂੰਨਾਂ ਨੂੰ ਰੱਦ ਕਰਾਉਣ 'ਤੇ ਬਜ਼ਿਦ ਰਹਿਣਾ ਕਿਸਾਨਾਂ ਦੀ ਅੜੀ ਨਹੀਂ, ਸਗੋਂ ਇਨ੍ਹਾਂ ਕਾਨੂੰਨਾਂ ਦੀਆਂ ਕੀਤੀਆਂ ਜਾ ਰਹੀਆਂ ਸੋਧਾਂ ਨਾਲ ਕਾਰਪੋਰੇਟ ਘਰਾਣਿਆਂ ਦੀ ਖੇਤੀ ਵਿਚ ਦਖਲਅੰਦਾਜ਼ੀ ਉਸੇ ਤਰ੍ਹਾਂ ਬਰਕਰਾਰ ਰਹੇਗੀ। ਕਿਸੇ ਵੇਲੇ ਵੀ ਇਨ੍ਹਾਂ ਬੇਅਸਰ ਪਏ ਕਾਨੂੰਨਾਂ ਨੂੰ ਛੋਟੇ ਜਿਹੇ ਨੋਟੀਫਿਕੇਸ਼ਨ ਨਾਲ ਮੁੜ ਅਸਰਦਾਰ ਬਣਾਇਆ ਜਾ ਸਕਦਾ ਹੈ। ਇਨ੍ਹਾਂ ਕਾਲੇ ਖੇਤੀ ਕਾਨੂੰਨਾਂ ਨੂੰ ਲਿਆਉਣ ਵਿਚ ਕਿਸੇ ਵੀ ਸਰਕਾਰ ਨੇ ਘੱਟ ਨਹੀਂ ਗੁਜ਼ਾਰੀ। ਇਨ੍ਹਾਂ ਦੇ ਪਾਸ ਹੋਣ ਤਕ ਦੀ ਸਮੁੱਚੀ ਪ੍ਰਕ੍ਰਿਆ ਜੋ 2004 ਤੋਂ 2020 ਤੱਕ ਚੱਲੀ ਹੈ, ਉਸ ਵਿਚ ਹੁਣ ਤਕ ਦੀਆਂ ਆਈਆਂ ਕੇਂਦਰ ਤੇ ਰਾਜ ਸਰਕਾਰਾਂ ਦਾ ਪੂਰਾ ਰੋਲ ਹੈ। ਇਹ ਸਰਕਾਰਾਂ ਨਿਰੰਤਰ ਸਰਮਾਏਦਾਰ ਨਿਜ਼ਾਮ ਦੇ ਇਸ਼ਾਰਿਆਂ 'ਤੇ ਕੰਮ ਕਰ ਰਹੀਆਂ ਸਨ। ਇਹ ਇੱਕ ਦਮ ਨਹੀਂ ਆ ਗਏ।

ਭਾਰਤ ਰਾਸ਼ਟਰੀ ਸੰਯੁਕਤ ਸੰਸਥਾ (ਯੂ. ਐਨ. ਓ.) ਦਾ ਮੈਂਬਰ ਹੈ। ਇਸ ਦੀ ਜਨਰਲ ਅਸੈਂਬਲੀ ਵਿਚ 193 ਦੇਸ਼ਾਂ ਦੇ ਮੈਂਬਰਾਂ ਦੀ ਸਹਿਮਤੀ ਨਾਲ 17 ਦਸੰਬਰ 2018 ਨੂੰ ਇੱਕ ਐਲਾਨਨਾਮਾ ਪਾਸ ਕੀਤਾ ਗਿਆ, ਜਿਸ ਦੀ ਆਰਟੀਕਲ 2 ਦੀ ਉਪ-ਧਾਰਾ 3 ਵਿਚ ਦਰਜ ਹੈ ਕਿ ਸਰਕਾਰਾਂ ਵਲੋਂ ਕਿਸਾਨ, ਕੰਮਕਾਜੀ ਜਾਂ ਹੋਰ ਕਮਜ਼ੋਰ ਤਬਕਿਆਂ ਲਈ ਕਾਨੂੰਨ ਜਾਂ ਨੀਤੀਆਂ ਲਾਗੂ ਕਰਨ ਸਮੇਂ ਇਨ੍ਹਾਂ ਨੂੰ ਭਰੋਸੇ ਵਿਚ ਲਿਆ ਜਾਣਾ ਜਰੂਰੀ ਹੈ। ਕੋਈ ਵੀ ਨਵਾਂ ਕਾਨੂੰਨ ਬਣਾਉਣ ਸਮੇਂ ਭਾਵੇਂ ਉਹ ਉਨ੍ਹਾਂ ਦੀ ਭਲਾਈ ਲਈ ਹੀ ਕਿਉਂ ਨਾ ਹੋਣ, ਉਨ੍ਹਾਂ ਦੇ ਮਿਲਵਰਤਨ ਤੇ ਨੇਕ ਇਰਾਦੇ ਨਾਲ ਪਾਸ ਕੀਤੇ ਜਾਣ। ਜਿਹੜੇ ਕਾਨੂੰਨਾਂ ਦਾ ਮਾੜਾ ਅਸਰ ਇਨ੍ਹਾਂ ਤਬਕਿਆਂ ਉਤੇ ਪੈ ਸਕਦਾ ਹੈ, ਉਹ ਇਨ੍ਹਾਂ ਦੀ ਮਰਜੀ ਤੋਂ ਬਿਨਾ ਲਾਗੂ ਨਾ ਕੀਤੇ ਜਾਣ। ਫਿਰ ਜੇ ਭਾਰਤ ਇਸ ਵਿਸ਼ਵ ਭਰ ਦੀ ਮਨੁੱਖੀ ਅਧਿਕਾਰਾਂ ਦੀ ਸੰਸਥਾ ਦਾ ਹਿੱਸੇਦਾਰ ਹੋਣ 'ਤੇ ਵੀ ਇਸ ਵਲੋਂ ਬਣਾਏ ਮਨੁੱਖਤਾਵਾਦੀ ਕਾਨੂੰਨਾਂ




ਪ੍ਰਤੀ ਪ੍ਰਤੀਬੱਧ ਨਹੀਂ ਤਾਂ ਫਿਰ ਕੀ ਆਸ ਕੀਤੀ ਜਾ ਸਕਦੀ ਹੈ? ਭਾਰਤ ਦੇ ਲੋਕਤੰਤਰੀ ਸੰਵਿਧਾਨ ਦੀ ਅਵਾਜ਼ ਤਾਂ ਇਹ ਗੂੰਗੀ-ਬੋਲੀ ਭਾਜਪਾ ਸਰਕਾਰ ਕਦੋਂ ਸੁਣੇਗੀ, ਜਿਸ ਨੂੰ ਸੋਧਾਂ ਕਰ ਕਰਕੇ ਮੋਮ ਦਾ ਨੱਕ ਸਾਬਤ ਕਰ ਦਿੱਤਾ ਹੈ।

ਹਰ ਗੱਲ ਵਿਚ ਕੇਂਦਰ ਸਰਕਾਰ ਅਮਰੀਕਾ ਦੀ ਰੀਸ ਕਰਦਾ ਹੈ, ਪਰ ਕਦੇ ਉਥੋਂ ਦੇ ਕਿਸਾਨ ਨੂੰ ਕਿਵੇਂ ਅਮਰੀਕਾ ਸਰਕਾਰ ਮਦਦ ਕਰਦੀ ਹੈ? ਬਾਰੇ ਵੀ ਸੋਚਿਆ ਹੈ। ਅਮਰੀਕਨ ਕਿਸਾਨ ਸਾਲ ਵਿਚ ਇੱਕ ਫਸਲ ਤਿਆਰ ਕਰਦਾ ਹੈ। ਛੇ ਮਹੀਨੇ ਕੋਈ ਫਸਲ ਨਾ ਬੀਜਣ 'ਤੇ ਮੁਆਵਜ਼ਾ ਸਰਕਾਰ ਵਲੋਂ ਕਿਸਾਨ ਨੂੰ ਘਰ ਬੈਠੇ ਆ ਜਾਂਦਾ ਹੈ। ਕੁਦਰਤੀ ਆਫਤ ਵੇਲੇ ਅਲੱਗ ਤੋਂ ਮੁਆਵਜ਼ਾ ਮਿਲਦਾ ਹੈ। ਕਿਸਾਨ ਆਪਣੇ ਹੀ ਖੇਤ ਵਿਚ ਗੁਦਾਮ ਬਣਾ ਕੇ ਫਸਲ ਨੂੰ ਭੰਡਾਰ ਕਰ ਸਕਦਾ ਹੈ। ਜਿਉਂ ਹੀ ਅੰਤਰਕੌਮੀ ਭਾਅ ਵਧਦੇ ਹਨ, ਉਦੋਂ ਵੇਚ ਸਕਦਾ ਹੈ। ਜਾਂ ਪਹਿਲਾਂ ਕੰਪਨੀਆਂ ਨਾਲ ਐਗਰੀਮੈਂਟ ਕਰਕੇ ਵੀ ਵੇਚ ਸਕਦਾ ਹੈ। ਗੁਦਾਮਾਂ ਦਾ ਕਿਰਾਇਆ ਵੀ ਸਰਕਾਰ ਦਿੰਦੀ ਹੈ। ਖੇਤ ਵਿਚ 20% ਜੰਗਲ ਲਾਉਣਾ ਜਰੂਰੀ ਹੈ, ਪਰ ਇਸ ਨੂੰ ਖਰੀਦਣ ਲਈ ਸਰਕਾਰ ਵਚਨਬੱਧ ਹੈ। ਕਿਸਾਨ ਆਪ ਵੱਢੇਗਾ ਤਾਂ ਉਸ ਨੂੰ ਮਿਹਨਤਨਾਮਾ ਵੀ ਸਰਕਾਰ ਦਿੰਦੀ ਹੈ।

ਉਧਰ ਸਭ ਤੋਂ ਵੱਡੇ ਲੋਕਤੰਤਰੀ ਦੇਸ਼ ਦਾ ਸਾਡਾ ਪ੍ਰਧਾਨ ਮੰਤਰੀ ਕਿਵੇਂ ਕਿਸਾਨਾਂ ਨੂੰ ਦਰੜ ਦਰੜ ਕੇ ਚੋਣਾਂ ਵਾਲੀਆਂ ਸਟੇਟਾਂ ਦੇ ਦੌਰੇ ਕਰਦਾ ਹੈ ਤੇ ਉਥੇ ਲੱਛੇਦਾਰ ਭਾਸ਼ਣਾਂ ਵਿਚ ਇਨ੍ਹਾਂ ਕਾਰਪੋਰੇਟ ਪੱਖੀ ਕਾਲੇ ਕਾਨੂੰਨਾਂ ਨੂੰ ਢੀਠਤਾਈ ਨਾਲ ਕਿਸਾਨ ਹਿਤੈਸ਼ੀ ਦੱਸ ਕੇ ਵੋਟਾਂ ਬਟੋਰਨ ਦਾ ਕਾਰਜ ਕਰ ਰਿਹਾ ਹੈ। ਦੇਸ਼ ਦਾ ਅੰਨਦਾਤਾ ਪਿਛਲੇ ਢਾਈ ਮਹੀਨਿਆਂ ਤੋਂ ਪਰਿਵਾਰਾਂ ਸਮੇਤ ਸੰਘਰਸ਼ ਦੇ ਰਾਹ ਪਿਆ ਹੋਇਆ ਹੈ, ਪਰ ਪ੍ਰਧਾਨ ਮੰਤਰੀ ਇਉਂ ਵਿਹਾਰ ਕਰ ਰਿਹਾ ਹੈ, ਜਿਵੇਂ ਹੱਕ ਮੰਗਦੇ ਇਹ ਖੇਤਾਂ ਦੇ ਪੁੱਤਰ ਦੇਸ਼ ਦੇ ਨਾਗਰਿਕ ਹੀ ਨਾ ਹੋਣ! ਹੁਣ ਤਾਂ ਕਿਸਾਨ ਸੰਘਰਸ਼ ਵਿਚ ਹਰ ਵਰਗ ਦਾ ਉਪਭੋਗਤਾ ਵੀ ਆ ਰਲਿਆ ਹੈ। ਸਾਡੇ ਕੌਮੀ ਆਗੂਆਂ ਦੀ ਅਸੰਵੇਦਨਸ਼ੀਲਤਾ ਇਸ ਕਦਰ ਹੈ ਕਿ ਕੌਮੀ ਨੀਤੀ ਆਯੋਗ ਦੇ ਸੀ. ਈ. ਓ. ਵੀ ਆਪਣੇ ਟਵੀਟ ਵਿਚ ਕਹਿੰਦਾ ਹੈ ਕਿ ਭਾਰਤ ਵਿਚ ਬਹੁਤ ਜ਼ਿਆਦਾ ਲੋਕਤੰਤਰ ਹੋਣ ਕਾਰਨ ਇਥੇ ਕਾਨੂੰਨ ਪਾਸ ਕਰਨਾ ਔਖਾ ਹੈ। ਜਿਸ ਦੇਸ਼ ਦੇ ਰਹਿਨੁਮਾ ਤੇ ਮੁਖ ਅਧਿਕਾਰੀ ਇਸ ਬੌਣੀ ਸੋਚ ਦੇ ਧਾਰਨੀ ਹੋਣਗੇ, ਉਥੇ ਜਮਹੂਰੀਅਤ ਦੇ ਕੀ ਅਰਥ ਰਹਿ ਜਾਂਦੇ ਹਨ?

ਸਪਸ਼ਟ ਹੈ ਕਿ ਪਿੱਛੇ ਸਰਮਾਏਦਾਰ ਤਾਕਤਾਂ ਦਾ ਦਬਾਅ ਹੈ, ਜੋ ਰਾਜ ਕਰਦੀਆਂ ਪਾਰਟੀਆਂ ਨੂੰ ਚੋਣਾਂ ਸਮੇਂ ਮੋਟੇ ਫੰਡ ਦੇ ਕੇ ਸਰਕਾਰਾਂ ਬਣਾਉਣ ਵਿਚ ਮੁਖ ਰੋਲ ਅਦਾ ਕਰਦੀਆਂ ਹਨ। ਇਹੋ ਕਾਰਨ ਹੈ ਕਿ ਮੌਜੂਦਾ ਸਰਕਾਰ ਨੂੰ ਆਮ ਵੋਟਰ ਦੀ ਲੋੜ ਨਹੀਂ; ਆਰ. ਐਸ. ਐਸ., ਸ਼ਿਵ ਸੈਨਾ, ਬਜਰੰਗ ਦਲ ਵਰਗੀਆਂ ਦਰਜਨਾਂ ਜਥੇਬੰਦੀਆਂ ਪਰਦੇ ਦੇ ਪਿੱਛੇ ਰਹਿ ਕੇ ਮੋਦੀ ਸਰਕਾਰ ਲਈ ਕੰਮ ਕਰਦੀਆਂ ਹਨ। ਇਹ ਹਰ ਤਰ੍ਹਾਂ ਦਾ ਹਰਬਾ ਸਾਮ, ਦਾਮ, ਦੰਡ ਵਰਤ ਕੇ ਆਪਣੇ ਆਕਾ ਦੇ ਹੱਕ ਵਿਚ ਭੁਗਤਣ ਲਈ ਤਿਆਰ ਰਹਿੰਦੀਆਂ ਹਨ। ਫਿਰ ਗਰੀਬੀ ਤਾਂ ਇਨ੍ਹਾਂ ਲਈ ਵਰਦਾਨ ਹੈ।

ਇਹ ਕਿਸਾਨ ਸੰਘਰਸ਼ ਹੁਣ ਤਕ 88 ਦੇ ਕਰੀਬ ਕਿਸਾਨਾਂ ਦੀ ਬਲੀ ਲੈ ਚੁਕਾ ਹੈ, ਜਿਨ੍ਹਾਂ ਵਿਚ ਬਹੁ-ਗਿਣਤੀ 1/2 ਏਕੜ ਵਾਲੇ ਕਿਸਾਨਾਂ ਦੀ ਹੈ। ਕੇਂਦਰ ਸਰਕਾਰ ਹਾਲੇ ਵੀ ਇਨ੍ਹਾਂ ਨੂੰ ਵੱਡੇ ਜ਼ਿਮੀਂਦਾਰ, ਕਾਂਗਰਸੀ, ਖਾਲਿਸਤਾਨੀ, ਪਾਕਿਸਤਾਨੀ ਤੇ ਅੱਜ ਕੱਲ੍ਹ ਅਲਟਰਾ ਲੈਫਟ ਤੇ ਹੋਰ ਕਈ ਕਿਸਮ ਦੇ ਤਖੱਲਸਾਂ ਨਾਲ ਨਿਵਾਜਦੀ ਹੈ। ਕੀ ਇਹ ਜਾਣ-ਬੁਝ ਕੇ ਕੀਤਾ ਜਾ ਰਿਹਾ ਡਰਾਮਾ ਹੈ? ਸੰਵਿਧਾਨ ਦੀ ਧਾਰ 7 ਅਨੁਸਾਰ ਖੇਤੀਬਾੜੀ ਵਿਸ਼ਾ ਹੀ ਰਾਜ ਸਰਕਾਰਾਂ ਦਾ ਹੈ। ਉਨ੍ਹਾਂ ਦਾ ਤਾਂ ਕੇਂਦਰ ਵਲੋਂ ਇਹ ਕਾਲੇ ਕਾਨੂੰਨ ਬਣਾ ਕੇ ਹੱਕ ਖੋਹਿਆ ਗਿਆ ਹੈ। ਮਰਹੂਮ ਵਿੱਤ ਮੰਤਰੀ ਅਰੁਣ ਜੇਤਲੀ ਨੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਸਰਕਾਰ ਵੇਲੇ ਸੰਸਦ ਵਿਚ ਇਨ੍ਹਾਂ ਹੀ ਕਾਨੂੰਨਾਂ ਦਾ ਵਿਰੋਧ ਕਰਦਿਆ ਕਿਹਾ ਸੀ ਕਿ ਮੰਡੀਕਰਣ ਦੇ ਢਾਂਚੇ ਵਿਚੋਂ ਆੜ੍ਹਤੀਆਂ ਨੂੰ ਬਾਹਰ ਕੱਢਣ ਦਾ ਮਤਲਬ ਹੈ ਕਿ ਵੱਡੇ ਵਿਚੋਲਿਆਂ ਭਾਵ ਕਾਰਪੋਰੇਟ ਘਰਾਣਿਆਂ ਨੂੰ ਐਂਟਰੀ ਦੇਣਾ। ਇਹੋ ਜਿਹੇ ਵਿਚਾਰ ਮਰਹੂਮ ਕੇਂਦਰੀ ਮੰਤਰੀ ਸੁਸ਼ਮਾ ਸਵਰਾਜ ਤੇ ਦੇਸ਼ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਾਂਗਰਸ ਸਰਕਾਰ ਵੇਲੇ ਸੰਸਦ ਵਿਚ ਕਾਲੇ ਖੇਤੀ ਕਾਨੂੰਨਾਂ ਦਾ ਵਿਰੋਧ ਕਰਦਿਆਂ ਕਹੇ ਸਨ। ਪ੍ਰਧਾਨ ਮੰਤਰੀ ਖੁਦ ਜਦੋਂ ਗੁਜਰਾਤ ਦੇ ਮੁੱਖ ਮੰਤਰੀ ਹੁੰਦੇ ਸਨ, ਐਮ. ਐਸ. ਪੀ. ਵਾਲੀ ਮਦ ਉਸ ਵੇਲੇ ਦੇ ਰਾਸ਼ਟਰਪਤੀ ਪ੍ਰਣਬ ਮੁਖਰਜੀ ਤੋਂ ਪਾਸ ਕਰਵਾ ਕੇ ਲੈ ਗਏ ਸਨ; ਪਰ ਕੇਂਦਰ ਵਿਚ ਕਾਬਜ ਹੁੰਦਿਆਂ ਹੀ ਇਹ ਸਾਰੀਆਂ ਤਰਜੀਹਾਂ ਬਦਲ ਗਈਆਂ।

ਕਿਸਾਨ ਦਾ ਖੇਤੀ ਪੇਸ਼ਾ ਹੀ ਨਹੀਂ, ਉਸ ਦਾ ਧਰਮ ਹੈ, ਸਭਿਆਚਾਰ ਹੈ, ਉਸ ਦਾ ਵਜੂਦ ਹੈ, ਉਸ ਦੇ ਪੁਰਖਿਆਂ ਦੀ ਵਿਰਾਸਤ ਹੈ, ਰੋਟੀ-ਰੋਜ਼ੀ ਹੈ। ਕਿਸਾਨ ਖੇਤੀ ਦਾ ਵਪਾਰ ਨਹੀਂ, ਸਗੋਂ ਸੇਵਾ ਕਰਦਾ ਹੈ। ਉਸ ਦੇ ਜਜ਼ਬਾਤ ਇਸ ਕਿੱਤੇ ਨਾਲ ਜੁੜੇ ਹੋਏ ਹਨ। ਪੰਜਾਬੀਆਂ ਨੇ ਤਾਂ "1947, 1984, 1966" ਆਪਣੇ ਪਿੰਡੇ 'ਤੇ ਹੰਢਾਇਆ। ਮੋਰਚਿਆਂ ਦੀ ਪੰਜਾਬੀਆਂ ਨੂੰ ਕੋਈ ਪਰਵਾਹ ਨਹੀਂ। ਮੌਤ ਤੋਂ ਨਹੀਂ ਡਰਦੇ। ਜ਼ਰਾਇਤ/ਮੰਡੀਕਰਣ ਰਾਜ ਸਰਕਾਰਾਂ ਦੇ ਅਧਿਕਾਰ ਹਨ। ਇਸ ਲਈ ਜਿਥੇ ਕੇਂਦਰ ਨੇ ਕਿਸਾਨਾਂ ਨਾਲ ਧੱਕਾ ਕੀਤਾ ਹੈ, ਉਥੇ ਰਾਜ ਸਰਕਾਰਾਂ ਦੇ ਹੱਕਾਂ ਉਤੇ ਵੀ ਡਾਕਾ ਮਾਰਿਆ ਹੈ।

'ਪਵਨ ਗੁਰੂ ਪਾਣੀ ਪਿਤਾ ਮਾਤਾ ਧਰਤ ਮਹੱਤ' ਦੇ ਗੁਰੂ ਸੰਦੇਸ਼ 'ਤੇ ਪਹਿਰਾ ਦੇਣ ਵਾਲੇ ਪੰਜਾਬ ਨੂੰ ਅਜਿਹੇ ਮੋੜ 'ਤੇ ਲਿਆ ਖੜ੍ਹਾ ਕੀਤਾ ਹੈ ਕਿ ਉਸ ਦੇ ਅੱਗੇ-ਪਿੱਛੇ ਦੇ ਸਾਰੇ ਰਸਤੇ ਬੰਦ ਕਰ ਦਿੱਤੇ। ਕਰੀਬ 40 ਸਾਲ ਪਹਿਲਾਂ ਖੇਤੀ ਆਰਥਕ ਮਾਹਰ ਸਾਬਕਾ ਵਾਇਸ ਚਾਂਸਲਰ ਸਰਦਾਰਾ ਸਿੰਘ ਜੌਹਲ ਨੇ ਸਰਕਾਰਾਂ ਕੋਲ ਪੇਸ਼ ਤਜਵੀਜ਼ ਵਿਚ ਕਿਹਾ ਸੀ ਕਿ ਕਿਸਾਨ ਨੂੰ ਕਣਕ ਝੋਨੇ ਦੇ ਫਸਲੀ ਚੱਕਰ ਵਿਚੋਂ ਕੱਢਣ ਲਈ ਬਾਕੀ 23 ਫਸਲਾਂ 'ਤੇ ਐਮ. ਐਸ. ਪੀ. ਦੇ ਕੇ ਸਰਕਾਰੀ ਖਰੀਦ ਯਕੀਨੀ ਬਣਾਈ ਜਾਵੇ, ਪਰ ਨਾ ਕੇਂਦਰ ਤੇ ਨਾ ਹੀ ਰਾਜ ਸਰਕਾਰਾਂ ਨੇ ਇਸ ਪਾਸੇ ਵੱਲ ਧਿਆਨ ਦੇਣਾ ਉਚਿਤ ਸਮਝਿਆ। ਹੁਣ ਸਿੱਧਾ ਹੀ ਕਿਹਾ ਜਾ ਰਿਹਾ ਹੈ ਕਿ ਕੇਂਦਰੀ ਖਾਧ ਭੰਡਾਰ ਨੂੰ ਪੰਜਾਬ ਦੇ ਕਣਕ ਝੋਨੇ ਦੀ ਲੋੜ ਨਹੀਂ। ਮੁਆਵਜ਼ੇ ਜਾਂ ਸਬਸਿਡੀ ਰਾਹੀਂ ਧਰਤੀ ਦਾ ਜ਼ਹਿਰੀਲਾਪਣ ਖਤਮ ਕਰਨ ਲਈ ਉਸ ਨੂੰ ਮਦਦ ਦਿੱਤੀ ਜਾਵੇ। ਅਫਸੋਸ! ਕੇਂਦਰ ਨੂੰ ਕਾਰਪੋਰੇਟ ਘਰਾਣਿਆਂ ਦੀ ਤਾਂ ਫਿਕਰ ਹੈ, ਪਰ ਕਿਸਾਨ ਦੀ ਨਹੀਂ।

# ਹੱਕ ਲੈ ਕੇ ਦਿੱਲੀਏ! ਪੰਜਾਬ ਜਾਵਾਂਗੇ!!

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
ਫੋਨ: 91-98157-78469
Sandhugulzar@yahoo.com

ਅਜੋਕੇ ਭਾਰਤ ਵਿਚ ਕਿਸਾਨ ਜਥੇਬੰਦੀਆਂ ਨੇ ਕੇਂਦਰ ਦੀ ਸਰਕਾਰ ਵਲੋਂ ਹਾਲ ਹੀ ਵਿਚ ਪਾਸ ਕੀਤੇ ਕਿਸਾਨ ਵਿਰੋਧੀ ਕਾਨੂੰਨਾਂ ਦਾ ਵਿਰੋਧ ਲਾ ਮਿਸਾਲ ਬਣ ਚੁਕਾ ਹੈ। ਜਥੇਬੰਦੀਆਂ ਤੇ ਸਰਕਾਰ ਵਿਚਕਾਰ ਛੇ ਬੈਠਕਾਂ ਦਾ ਕੋਈ ਸਾਰਥਕ ਨਤੀਜਾ ਨਹੀਂ ਨਿਕਲਿਆ। ਜਥੇਬੰਦੀਆਂ ਸਤੰਬਰ ਵਿਚ ਲਾਗੂ ਹੋਏ ਤਿੰਨ ਦੇ ਤਿੰਨ ਕਾਨੂੰਨਾਂ ਨੂੰ ਰੱਦ ਕਰਵਾਉਣਾ ਚਾਹੁੰਦੀਆਂ ਹਨ। ਉਨ੍ਹਾਂ ਦਾ ਮੱਤ ਹੈ ਕਿ ਜਦੋਂ ਕਿਸਾਨਾਂ ਵਲੋਂ ਇਸ ਤਰ੍ਹਾਂ ਦੀ ਕੋਈ ਮੰਗ ਨਹੀਂ ਕੀਤੀ ਗਈ ਤਾਂ ਅਜਿਹੇ ਕਾਨੂੰਨ ਘੜਨ ਦੀ ਲੋੜ ਹੀ ਨਹੀਂ ਸੀ। ਸਰਕਾਰ ਦੇ ਪ੍ਰਤੀਨਿਧ, ਜਿਨ੍ਹਾਂ ਵਿਚ ਗ੍ਰਹਿ ਮੰਤਰੀ ਅਮਿਤ ਸ਼ਾਹ ਤੇ ਖੇਤੀ ਮੰਤਰੀ ਨਰਿੰਦਰ ਤੋਮਰ ਤੋਂ ਬਿਨਾ ਇੱਕ-ਦੋ ਹੋਰ ਮੰਤਰੀ ਵੀ ਸ਼ਾਮਲ ਹਨ, ਹਰ ਵਾਰ ਨਵੀਂ ਤੋਂ ਨਵੀਂ ਤਜਵੀਜ਼ ਲਿਆ ਕੇ ਕਿਸਾਨਾਂ ਨੂੰ ਬਿੱਲਾਂ ਵਿਚ ਸੋਧ ਕਰਨ ਦਾ ਭਰੋਸਾ ਤਾਂ ਦਿੰਦੇ ਆ ਰਹੇ ਹਨ, ਪਰ ਕਿਸਾਨ ਮਾਰੂ ਕਾਨੂੰਨਾਂ ਨੂੰ ਰੱਦ ਕਰਨ ਦੀ ਗੱਲ ਨਹੀਂ ਕਰਦੇ।

ਨਤੀਜੇ ਵਜੋਂ ਪੰਜਾਬ, ਹਰਿਆਣਾ, ਹਿਮਾਚਲ ਤੇ ਜੰਮੂ ਕਸ਼ਮੀਰ ਤੋਂ ਦਿੱਲੀ ਜਾਣ ਵਾਲੇ ਪ੍ਰਵੇਸ਼ ਦੁਆਰ, ਸਿੰਘੂ ਬਾਰਡਰ ਉੱਤੇ ਕੁੰਭ ਦੇ ਮੇਲੇ ਨਾਲੋਂ ਵਡੇਰਾ ਇਕੱਠ ਜਮਾ ਹੋ ਚੁਕਾ ਹੈ, ਜਿੱਥੇ ਏਸ ਪਾਸੇ ਦੇ ਕਿਸਾਨ ਔਰਤਾਂ ਤੇ ਬੱਚਿਆਂ ਸਮੇਤ ਟਰੈਕਟਰ, ਟਰਾਲੀਆਂ ਤੇ ਹੋਰ ਵਾਹਨਾਂ ਉੱਤੇ ਏਨਾ ਰਸਦ ਪਾਣੀ ਲੱਦ ਕੇ ਪਹੁੰਚ ਚੁੱਕੇ ਹਨ ਕਿ ਉਹ ਅੰਤਾਂ ਦੀ ਠੰਢ ਦੇ ਬਾਵਜੂਦ ਲੰਮਾ ਡੇਰਾ ਲਾਈ ਰੱਖਣ ਦੇ ਸਮਰਥ ਹਨ।

ਮੈਂ ਖੁਦ ਕਿਸਾਨ ਪਰਿਵਾਰ ਦਾ ਜੰਮਪਲ ਹਾਂ। ਲੇਖਕ ਤੇ ਪੱਤਰਕਾਰ ਹੋਣ ਸਦਕਾ ਮੇਰਾ ਬੁਧੀਜੀਵੀ ਵਰਗ ਨਾਲ ਵੀ ਨੇੜੇ ਦਾ ਸਬੰਧ ਹੈ। ਮੇਰਾ ਭਤੀਜਾ ਮੇਰੇ ਜੱਦੀ ਪਿੰਡ ਤੋਂ ਤੇਰਾਂ ਬੰਦਿਆਂ ਦਾ ਜਥਾ ਲੈ ਕੇ ਦੋ ਜੀਪਾਂ ਅਤੇ ਇਕ ਕਾਰ ਵਿਚ ਲੱਦ ਕੇ ਬਹੁਤ ਸਾਰਾ ਰਾਸ਼ਣ-ਪਾਣੀ ਲੈ ਕੇ ਉੱਥੇ ਪਹੁੰਚਿਆ ਤਾਂ ਉਨ੍ਹਾਂ ਨੇ ਉੱਥੇ ਜਾ ਕੇ ਵੇਖਿਆ ਕਿ ਉੱਥੇ ਪਹਿਲਾਂ ਹੀ ਦਾਣੇ-ਪਾਣੀ ਦੇ ਅੰਬਾਰ ਲੱਗੇ ਹੋਏ ਸਨ ਤੇ ਮੇਰੇ ਪਿੰਡ ਵਾਲਿਆਂ ਨੂੰ ਆਪਣਾ ਯੋਗਦਾਨ ਪਾਉਣ ਲਈ ਧਰਨੇ ਉੱਤੇ ਬੈਠੇ ਕਿਸਾਨਾਂ ਦੇ ਗੋਡੀਂ ਹੱਥ ਲਾਉਣੇ ਪਏ ਸਨ।

ਇਸੇ ਤਰ੍ਹਾਂ ਪ੍ਰਗਤੀਸ਼ੀਲ ਲੇਖਕ ਸੰਘ ਦਾ ਸੱਤਰ ਮੈਂਬਰੀ ਜਥਾ ਉੱਥੇ ਪਹੁੰਚਿਆ ਤਾਂ ਉਨ੍ਹਾਂ ਨੂੰ ਧਰਨੇ ਉੱਤੇ ਬੈਠੇ ਕਿਸਾਨ ਨੇ ਦੁੱਧ ਘਿਉ ਵਾਲੀ ਕਾਫੀ ਤੇ ਚਾਹ ਦੇ ਨਾਲ ਸੁੱਕੇ ਮੇਵੇ ਵੀ ਪੇਸ਼ ਕੀਤੇ। ਉਨ੍ਹਾਂ ਨੇ ਵੇਖਿਆ ਕਿ ਬਾਰਡਰ ਉੱਤੇ ਕਲਾਕਾਰ ਭੰਗੜੇ ਤੋਂ ਬਿਨਾ ਆਪੋ ਆਪਣੇ ਲੋਕ ਨਾਚਾਂ ਦੇ ਜੌਹਰ ਦਿਖਾ ਰਹੇ ਸਨ। ਉਹ ਹਰਿਆਣਾ ਸਰਕਾਰ ਵਲੋਂ ਲਾਈਆਂ ਰੋਕਾਂ ਉੱਤੇ ਅਥਰੂ ਗੈਸ ਤੇ ਪਾਣੀ ਦੀ ਬੁਛਾੜਾਂ ਸਹਿ ਕੇ ਉੱਥੇ ਪਹੁੰਚੇ ਸਨ, ਪਰ ਉਨ੍ਹਾਂ ਦੇ ਚਿਹਰਿਆਂ ਤੋਂ ਪੜ੍ਹਿਆ ਜਾ ਸਕਦਾ ਸੀ ਕਿ ਉਨ੍ਹਾਂ ਨੂੰ ਸਰਕਾਰ ਦੇ ਦਾਬਿਆਂ ਦੀ ਕੋਈ ਪਰਵਾਹ ਨਹੀਂ ਸੀ। ਉਨ੍ਹਾਂ ਨੂੰ ਪੂਰੀ ਤਸੱਲੀ ਸੀ ਕਿ ਉਹ ਦਿੱਲੀ ਤੋਂ ਆਪਣੇ ਹੱਕ ਲਏ ਬਿਨਾ ਵਾਪਸ ਨਹੀਂ ਜਾਣਗੇ। ਉਨ੍ਹਾਂ ਦੀ ਇਸ ਧਾਰਨਾ ਉੱਤੇ ਮੋਹਰ ਲਾਉਣ ਵਾਲਾ 8 ਦਸੰਬਰ ਵਾਲਾ ਭਾਰਤ ਬੰਦ ਹੀ ਨਹੀਂ, ਜਿਸ ਦੇ ਸੱਦੇ ਉੱਤੇ ਉੜੀਸਾ, ਆਸਾਮ, ਆਂਧਰਾ ਪ੍ਰਦੇਸ਼, ਬੰਗਾਲ, ਬਿਹਾਰ, ਛੱਤੀਸਗੜ੍ਹ, ਝਾਰਖੰਡ ਤਿਲੰਗਾਨਾ, ਕਰਨਾਟਕ, ਮੱਧ ਪ੍ਰਦੇਸ਼, ਜੰਮੂ ਕਸ਼ਮੀਰ ਤੇ ਪੱਛਮੀ ਉੱਤਰ ਪ੍ਰਦੇਸ਼ ਨੇ ਆਪਣੀਆਂ ਦੁਕਾਨਾਂ ਹੀ ਨਹੀਂ, ਆਵਾਜਾਈ ਦੇ ਸਾਧਨ ਵੀ ਜਾਮ ਕਰ ਛੱਡੇ ਸਨ। ਭਾਰਤ ਬੰਦ ਨੂੰ ਪੰਜਾਬ, ਹਰਿਆਣਾ, ਹਿਮਾਚਲ, ਰਾਜਸਥਾਨ, ਦਿੱਲੀ ਦਾ ਹੁੰਗਾਰਾ ਖਾਸ ਮਹੱਤਵ ਹੈ, ਕਿਉਂਕਿ ਇਨ੍ਹਾਂ ਰਾਜਾਂ ਦੇ ਬਹੁਤੇ ਕਿਸਾਨ ਤਾਂ ਸਿੰਘੂ ਤੇ ਟਿੱਕਰੀ ਬਾਰਡਰ ਵਾਲੇ ਹਨ। ਇਨ੍ਹਾਂ ਵਿਚ ਸੀ. ਪੀ. ਆਈ., ਸੀ. ਪੀ. ਐਮ, ਆਰ. ਐਮ. ਪੀ. ਆਈ., ਸੀ. ਪੀ. ਆਈ. ਐਮ. ਐਲ. ਅਤੇ ਸੀ. ਪੀ. ਆਈ. ਐਮ. ਐਲ. ਨਿਊ ਡੈਮੋਕਰੇਸੀ ਆਦਿ ਖੱਬੇ ਪੱਖੀ ਪਾਰਟੀਆਂ ਦੇ ਕ੍ਰਾਂਤੀਕਾਰੀ ਤੇ ਲੋਕਤੰਤਰੀ ਧੜੇ ਵੀ ਸ਼ਾਮਲ ਹਨ।

ਨੌਬਤ ਇਥੋਂ ਤੱਕ ਪਹੁੰਚ ਚੁਕੀ ਹੈ ਕਿ ਅਨੇਕਾਂ ਕਲਾਕਾਰ, ਖਿਡਾਰੀ ਤੇ ਪਤਵੰਤੇ ਆਪਣੇ ਪਦਮਸ੍ਰੀ ਐਵਾਰਡ ਤੇ ਮੈਡਲ ਸਰਕਾਰ ਨੂੰ ਵਾਪਸ ਕਰ ਰਹੇ ਹਨ। ਉਧਰ ਵਿਰੋਧੀ ਧਿਰ ਦੇ ਚੋਣਵੇਂ ਨੇਤਾ ਰਾਹੁਲ ਗਾਂਧੀ (ਕਾਂਗਰਸ) ਸ਼ਰਦ ਪਵਾਰ (ਐਨ. ਸੀ. ਪੀ.), ਸੀਤਾਰਾਮ ਯੇਚੁਰੀ (ਸੀ. ਪੀ. ਐਮ.), ਡੀ ਰਾਜਾ (ਸੀ. ਪੀ. ਆਈ.) ਅਤੇ ਟੀ. ਕੇ. ਐਸ. ਇਲਾਨਗੋਵਨ (ਡੀ. ਐਮ. ਕੇ.) ਰਾਸ਼ਟਰਪਤੀ ਨੂੰ ਮਿਲ ਕੇ ਦਸ ਚੁਕੇ ਹਨ ਕਿ ਤਿੰਨਾਂ ਕਾਨੂੰਨਾਂ ਨੂੰ ਪਾਸ ਕਰਨ ਤੋਂ ਪਹਿਲਾਂ ਨਾ ਹੀ ਸੰਸਦ ਦੀ ਸੀਲੈਕਟ ਕਮੇਟੀ ਤੇ ਨਾ ਹੀ ਹੋਰ ਧਿਰਾਂ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ ਹੈ। ਸਿਰੇ ਦੀ ਗੱਲ ਇਹ ਕਿ ਇਨ੍ਹਾਂ ਨੂੰ ਇਹ ਸਮਰਥਨ ਕੋਵਿਡ-19 ਦੀ ਮਹਾਮਾਰੀ ਤੇ ਅੰਤਾਂ ਦੀ ਠੰਢ ਦੇ ਬਾਵਜੂਦ ਮਿਲ ਰਿਹਾ ਹੈ।

9 ਦਸੰਬਰ ਵਾਲੀ ਬੈਠਕ ਵਿਚ 31 ਜਥੇਬੰਦੀਆਂ ਤੋਂ ਬਿਨਾ ਭਾਰਤੀ ਕਿਸਾਨ ਯੂਨੀਅਨ ਦੇ ਪ੍ਰਤੀਨਿਧ ਜੋਗਿੰਦਰ ਸਿੰਘ ਉਗਰਾਹਾਂ ਵੀ ਆ ਰਲੇ ਸਨ, ਜਿਸ ਨੂੰ ਗ੍ਰਹਿ ਮੰਤਰੀ ਅਮਿਤ ਸ਼ਾਹ ਕਿਸਾਨ ਜਥੇਬੰਦੀਆਂ ਵਿਚ ਫੁੱਟ ਪਾਉਣ ਦੇ ਭਾਵ ਨਾਲ ਦਰਕਿਨਾਰ ਕਰ ਰਿਹਾ ਸੀ। ਇਨ੍ਹਾਂ ਸਤਰਾਂ ਦੇ ਲਿਖੇ ਜਾਣ ਤੱਕ ਕਿਸਾਨਾਂ ਨੇ ਸਰਕਾਰ ਦੀਆਂ ਤਜਵੀਜ਼ਾਂ ਨੂੰ ਬੇਹੀਆਂ ਕਹਿ ਕੇ ਰੱਦ ਕਰ ਛੱਡਿਆ ਹੈ ਅਤੇ ਅੰਦੋਲਨ ਦਾ ਘੇਰਾ ਵਧਾਉਣ ਤੇ ਸੰਘਰਸ਼ ਤਿੱਖਾ ਕਰਨ ਦੀ ਚੇਤਾਵਨੀ ਦਿੱਤੀ ਹੈ। ਇਸ ਵਿਚ 12 ਦਸੰਬਰ ਤੱਕ ਸਾਰੇ ਟੋਲ ਪਲਾਜ਼ਿਆਂ ਨੂੰ ਬੰਦ ਕਰਨ ਉਪਰੰਤ 14 ਦਸੰਬਰ ਤੋਂ ਦਿੱਲੀ ਨੂੰ ਬਾਹਰਲੇ ਰਾਜਾਂ ਨਾਲ ਜੋੜਨ ਵਾਲੇ ਸਾਰੇ ਸ਼ਾਹਰਾਹਾਂ ਨੂੰ ਜਾਮ ਕਰਨ ਤੇ ਸਾਰੇ ਜ਼ਿਲਾ ਹੈਡਕੁਆਟਰਾਂ ਦਾ ਘੇਰਾਓ ਕਰਨਾ ਹੀ ਸ਼ਾਮਲ ਨਹੀਂ, ਅਡਾਨੀ ਤੇ ਅੰਬਾਨੀ ਦੀ ਮਾਲਕੀ ਵਾਲੇ ਅਦਾਰਿਆਂ ਤੇ ਸੇਵਾਵਾਂ ਦਾ ਬਾਈਕਾਟ ਕਰਨਾ ਵੀ ਸ਼ਾਮਲ ਹੈ। ਇਸ ਘੋਲ ਨੂੰ ਸਥਾਨਕ ਵਸੋਂ ਵਲੋਂ ਦਿੱਤਾ ਗਿਆ ਰਾਸ਼ਨ-ਪਾਣੀ ਤੇ ਰਹਿਣ-ਸਹਿਣ ਦਾ ਦਾਨ ਵੀ ਲਾ ਮਿਸਾਲ ਹੈ। ਇਹ ਘੋਲ ਕਿਸ ਤਣ-ਪੱਤਣ ਲਗਦਾ ਹੈ, ਸਮੇਂ ਦੇ ਹੱਥ ਹੈ।

**ਅੰਤਿਕਾ: 'ਸੰਗਰਾਮੀ ਲਹਿਰ' ਦੇ ਸੰਗਰਾਮੀ ਬੋਲ**

ਮੰਜ਼ਰ ਸਾਰਾ ਬਦਲ ਰਹਾ ਹੈ, ਅਬ ਤੋ ਜਾਗੋ!
ਹਾਥੋਂ ਸੇ ਸਭ ਨਿਕਲ ਰਹਾ ਹੈ,
ਅਬ ਤੋ ਜਾਗੋ!
ਸੱਤਾ ਕੀ ਸ਼ਹਿ ਪਾ ਕਰ
ਅਬ ਹਰ ਏਕ ਦਰਿੰਦਾ,
ਚੁਨ ਚੁਨ ਕਲੀਆਂ ਮਸਲ ਰਹਾ ਹੈ,
ਅਬ ਤੋ ਜਾਗੋ!
ਨਿਆਇ ਕੀ ਦੇਵੀ
ਚੀਰ ਹਰਣ ਕੀ ਵੇਦੀ ਪਰ ਹੈ,
ਏਕ ਏਕ ਲਮਹਾ ਫਿਸਲ ਰਹਾ ਹੈ,
ਅਬ ਤੋ ਜਾਗੋ!
ਜਿਸ ਭਾਰਤ ਕਾ ਖ਼੍ਵਾਬ
ਸ਼ਹੀਦੋਂ ਨੇ ਦੇਖਾ ਥਾ,
ਹਾਕਮ ਉਸਕੋ ਕੁਚਲ ਰਹਾ ਹੈ,
ਅਬ ਤੋ ਜਾਗੋ!

# ਨਿੱਕੇ ਲੋਕ, ਨਿੱਕੀਆਂ ਗੱਲਾਂ

ਵੱਡੇ ਲੋਕ ਗੱਲਾਂ ਕਰਦੇ ਹਨ, ਨਿੱਕੇ ਲੋਕ ਉਨ੍ਹਾਂ ਦੀਆਂ ਗੱਲਾਂ ਸੁਣਦੇ ਹਨ। ਵੱਡੇ ਲੋਕਾਂ ਦੀਆਂ ਆਮ ਗੱਲਾਂ ਨੂੰ ਨਿੱਕੇ ਲੋਕ ਚਰਚੇ ਕਰਕੇ ਖਾਸ ਬਣਾ ਦਿੰਦੇ ਹਨ। ਵੱਡੇ ਸਾਹਿਬ ਨੇ ਖਾਂਦੇ ਵਕਤ ਕਿਸ ਅੰਦਾਜ਼ ਨਾਲ ਗਲਾਸ ਫੜਿਆ, ਕਿਸ ਅੰਦਾਜ਼ ਨਾਲ ਘੁੱਟ ਭਰਿਆ, ਕਿਸ ਅੰਦਾਜ਼ ਨਾਲ ਹੱਥ ਧੋਤੇ, ਇਹ ਸਭ ਨਿੱਕੇ ਲੋਕਾਂ ਲਈ ਦਿਲਚਸਪੀ ਦਾ ਕਾਰਨ ਹੁੰਦੇ ਹਨ। ਵੱਡੇ ਸਾਹਿਬ ਨੇ ਕਿੰਨਾ ਮਹਿੰਗਾ ਸੂਟ ਪਹਿਨਿਆ, ਸੂਟ 'ਤੇ ਕਿਸ ਤਰ੍ਹਾਂ ਸਾਹਿਬ ਦਾ ਨਾਂਅ ਲਿਖਿਆ ਗਿਆ ਸੀ, ਵੱਡੇ ਸਾਹਿਬ ਨੇ ਏਨੇ ਰੁਝੇਵਿਆਂ ਦੇ ਬਾਵਜੂਦ ਕਿਸ ਤਰ੍ਹਾਂ



**ਇੰਦਰਜੀਤ ਚੁਗਾਵਾਂ**
ਫੋਨ: 559-779-9805

ਗੁਫਾ 'ਚ ਭਗਤੀ ਕੀਤੀ, ਮੰਦਿਰ-ਮਸਜਿਦ-ਗੁਰਦੁਆਰੇ 'ਚ ਕੀ ਚੜ੍ਹਾਇਆ, ਕਿੰਨੇ ਗੁਰਬਿਆਂ ਨੂੰ ਖੈਰਾਤ ਵੰਡੀ, ਨਿੱਕੇ ਲੋਕ ਇਸ ਦੀ ਖੂਬ ਚਰਚਾ ਕਰਦੇ ਹਨ, "ਬਹੁਤ ਦਿਆਲੂ ਹੈ ਵੱਡਾ ਸਾਹਿਬ...ਗਰੀਬਾਂ 'ਤੇ ਬਹੁਤ ਤਰਸ ਕਰਦੇ ਐ ਵੱਡੇ ਸਾਹਿਬ। ਮਾਹਰਾਜ ਇਹਨੂੰ ਹੋਰ ਤਰੱਕੀਆਂ ਬਖਸ਼ੇ...!" ਉਹ ਦੁਆਵਾਂ ਕਰਦੇ ਹਨ ਆਪਣੇ ਵੱਡੇ ਸਾਹਿਬ ਲਈ, ਬਿਨ ਸਮਝੇ ਕਿ ਚੜ੍ਹਾਵੇ ਲਈ ਪੈਸਾ ਕਿੱਥੋਂ ਆਇਆ। ਕਸੂਰ ਉਨ੍ਹਾਂ ਦਾ ਨਹੀਂ...ਉਨ੍ਹਾਂ ਨੂੰ ਬਣਾਇਆ ਹੀ ਗੁਣਗਾਨ ਕਰਨ ਲਈ ਗਿਆ ਹੁੰਦੈ...ਤੇ ਗੁਣਗਾਨ ਕਰਨ ਲਈ ਅੱਖਾਂ ਬੰਦ ਕਰਨੀਆਂ ਪੈਂਦੀਆਂ ਹਨ ਜਾਂ ਨੀਵੀਆਂ ਰੱਖਣੀਆਂ ਪੈਂਦੀਆਂ ਹਨ। ਜੇ ਨਿੱਕੇ ਲੋਕ ਸਿਰ ਉਠਾ ਕੇ ਦੇਖਣ ਲੱਗ ਜਾਣ ਤਾਂ ਉਹ ਸਮਝ ਜਾਣਗੇ ਕਿ ਵੱਡੇ ਸਾਹਿਬ ਤਾਂ ਉਨ੍ਹਾਂ ਦੇ ਸਿਰ 'ਤੇ ਪੈਰ ਰੱਖੀ ਖੜ੍ਹਾ ਹੈ, ਉਸ ਦਾ ਕੱਦ ਤਾਂ ਉਨ੍ਹਾਂ ਦੀ ਬਦੌਲਤ ਹੀ ਹੈ।

ਨਿੱਕੇ ਲੋਕ, ਨਿੱਕੇ ਨਿੱਕੇ ਕੰਮ ਕਰਦੇ ਹਨ ਤੇ ਉਨ੍ਹਾਂ ਦੇ ਕੀਤੇ ਕੰਮ 'ਤੇ ਮੋਹਰ ਵੱਡੇ ਲੋਕਾਂ ਦੀ ਲੱਗ ਜਾਂਦੀ ਐ! ਚਰਚਾ ਵੱਡੇ ਲੋਕਾਂ ਦੀ ਹੁੰਦੀ ਐ, ਨਿੱਕੇ ਲੋਕਾਂ ਦੀ ਚਰਚਾ ਭਲਾ ਕੌਣ ਕਰਦੈ!

ਲਿਪਟਨ ਦੀ ਚਾਹ ਪੀਂਦਿਆਂ, ਨੈਸਲੇ ਦਾ ਚਾਕਲੇਟ ਖਾਂਦਿਆਂ ਲਿਪਟਨ, ਨੈਸਲੇ ਦਾ ਹੀ ਗੁਣ-ਗਾਨ ਹੁੰਦੈ, ਉਨ੍ਹਾਂ ਹਜ਼ਾਰਾਂ ਨਿੱਕੇ ਲੋਕਾਂ ਦੇ ਹੱਥਾਂ ਦਾ ਗੁਣ-ਗਾਨ ਕਦੇ ਨਹੀਂ ਹੁੰਦਾ, ਜਿਨ੍ਹਾਂ ਨੇ ਪਸੀਨਾ ਵਹਾ ਕੇ ਇਹ ਸਵਾਦਿਸ਼ਟ ਉਤਪਾਦ ਤਿਆਰ ਕਰਕੇ ਲੋਕਾਂ ਤੱਕ ਪਹੁੰਚਦੇ ਕੀਤੇ ਹੁੰਦੇ ਹਨ।

ਦਰਅਸਲ, ਨਿੱਕੇ ਲੋਕਾਂ ਦੇ ਨਿੱਕੇ-ਨਿੱਕੇ ਕੰਮਾਂ ਵੱਲ ਕਿਸੇ ਦਾ ਧਿਆਨ ਜਾਂਦਾ ਈ ਨਹੀਂ, ਚਰਚਾ ਕਿੱਥੋਂ ਹੋਵੇਗੀ ਤੇ ਨਾ ਹੀ ਚਰਚਾ ਹੋਣ ਦਿੱਤੀ ਜਾਂਦੀ ਹੈ। ਕਾਰਨ, ਜੇ ਇਨ੍ਹਾਂ ਦੀ ਚਰਚਾ ਹੋਣ ਲੱਗ ਪਈ ਤਾਂ ਵੱਡਿਆਂ ਨੂੰ ਕੌਣ ਪੁੱਛੇਗਾ! ਦੂਸਰੇ ਅਰਥਾਂ 'ਚ ਨਿੱਕੇ ਲੋਕਾਂ ਦੇ ਨਿੱਕੇ-ਨਿੱਕੇ ਕੰਮਾਂ ਦੇ ਵੱਡੇ ਅਰਥ ਹੁੰਦੇ ਹਨ, ਜਿਨ੍ਹਾਂ 'ਤੇ ਵੱਡਿਆਂ ਦੀ ਵਡਿਆਈ ਟਿਕੀ ਹੁੰਦੀ ਹੈ ਤੇ ਉਹ ਆਪਣੀ ਵਡਿਆਈ ਨੂੰ ਕਿਸੇ ਵੀ ਤਰ੍ਹਾਂ ਛੁਟਿਆਉਣਾ ਨਹੀਂ ਚਾਹੁੰਦੇ।

ਹੁਣ ਨਿੱਕੇ ਲੋਕ ਦਿੱਲੀ ਦੇ ਗਲ ਜਾ ਪਏ ਹਨ। ਬਥੇਰੀ ਕੋਸ਼ਿਸ਼ ਕੀਤੀ ਕਿ ਇਨ੍ਹਾਂ ਨਿੱਕੇ ਲੋਕਾਂ ਦੀ ਚਰਚਾ ਨਾ ਕੀਤੀ ਜਾਵੇ ਤੇ ਨਾ ਹੋਣ ਦਿੱਤੀ ਜਾਵੇ। ਫਿਰ ਕੋਸ਼ਿਸ਼ ਕੀਤੀ ਗਈ ਕਿ ਉਨ੍ਹਾਂ ਨੂੰ ਅਤਿਵਾਦੀ ਆਖ ਬਦਨਾਮ ਕਰ ਦਿੱਤਾ ਜਾਵੇ, ਪਰ ਗੱਲ ਉਲਟੀ ਪੈ ਗਈ। ਦਿੱਲੀ ਦੇ ਨਿੱਕੇ ਲੋਕਾਂ ਨੇ ਪੰਜਾਬ-ਹਰਿਆਣਾ ਦੇ ਨਿੱਕੇ ਲੋਕਾਂ ਨੂੰ ਕਲਾਵੇ 'ਚ ਲੈ ਲਿਆ ਤੇ ਦੁਸ਼ਮਣੀ ਦੀ ਥਾਂ ਵਿਆਹ ਵਰਗਾ ਮਾਹੌਲ ਬਣ ਗਿਐ!

ਗੱਲ ਤਾਂ ਨਿੱਕੀ ਜਿਹੀ ਜਾਪਦੀ ਐ, ਪਰ ਉਸ ਦੇ ਅਰਥ ਕਿੰਨੇ ਵੱਡੇ ਹਨ, ਖੁਦ ਅੰਦਾਜ਼ਾ ਲਾ ਸਕਦੇ ਓ। ਇੱਕ ਤਸਵੀਰ ਦੇਖਣ ਨੂੰ ਮਿਲੀ ਐ! ਸੱਤ ਸਮੁੰਦਰੋਂ ਪਾਰ ਬੈਠੇ ਮੇਰੇ ਵਰਗੇ ਲੋਕਾਂ ਲਈ ਇਹ ਤਸਵੀਰਾਂ ਦੇਸੀ ਘਿਓ ਦਾ ਕੰਮ ਕਰ ਰਹੀਆਂ ਹਨ। ਦਿੱਲੀ ਗਲ ਪਏ ਲਸ਼ਕਰ ਨੂੰ ਰੋਕਣ ਲਈ ਤਾਇਨਾਤ ਨੀਮ ਸੁਰੱਖਿਆ ਬਲਾਂ ਦੇ ਇੱਕ ਜਵਾਨ ਨੂੰ ਇੱਕ ਕਿਸਾਨ ਪਾਣੀ ਪਿਆ ਰਿਹਾ ਹੈ। ਬੱਸ, ਇੱਕ ਤਸਵੀਰ ਹੀ ਹੈ! ਹੋਰ ਕੀ ਹੈ? ਨਹੀਂ, ਇਹ ਸਿਰਫ ਤਸਵੀਰ ਨਹੀਂ, ਇਸ ਵਿਚ ਬਹੁਤ ਕੁਝ ਛੁਪਿਆ ਪਿਐ! ਇਸ ਵਿਚ ਸਾਡੀ ਵਿਰਾਸਤ ਛੁਪੀ ਹੋਈ ਹੈ, ਭਾਈ ਘਨੱਈਆ ਜੀ ਦੀ ਵਿਰਾਸਤ! ਭਾਈ ਘਨੱਈਆ ਤਾਂ ਦੁਸ਼ਮਣ ਦੇ ਸੈਨਿਕਾਂ ਨੂੰ ਪਾਣੀ ਪਿਆ ਰਹੇ ਸਨ, ਇਹ ਤਾਂ ਉਸ ਜਵਾਨ ਨੂੰ ਪਾਣੀ ਪਿਆ ਰਿਹੈ ਕਿਸਾਨ, ਜੋ ਉਸ ਦਾ ਹੀ ਬੇਟਾ ਹੈ। ਉਹ ਬੇਟਾ, ਜਿਸ ਨੂੰ ਆਪਣੇ ਹੀ ਬਾਪ 'ਤੇ



ਲਾਠੀ, ਅੱਥਰੂ ਗੈਸ ਤੇ ਗੋਲੀ ਤੱਕ ਚਲਾਉਣ ਲਈ ਤਾਇਨਾਤ ਕਰ ਦਿੱਤਾ ਗਿਆ ਹੈ।

ਗੱਲ ਫਿਰ ਨਿੱਕੀ ਹੈ। ਕਿਸਾਨ ਆਪਣੇ ਪੁੱਤ ਨੂੰ ਜੇ ਪਾਣੀ ਪਿਆ ਰਿਹੈ, ਲੰਗਰ ਛਕਾ ਰਿਹੈ ਤਾਂ ਪੁੱਤ ਵੀ ਆਪਣੇ ਬਾਪ ਨੂੰ ਨਹੀਂ ਭੁੱਲਿਆ। ਇੱਕ ਵੀਡਿਓ ਦੇਖਣ ਨੂੰ ਮਿਲੀ ਹੈ, ਜਿਸ ਵਿਚ ਇੱਕ ਕਮਾਂਡੋ ਕਿਸਾਨਾਂ ਦੇ ਮੰਚ 'ਤੇ ਚੜ੍ਹ ਕੇ ਆਪਣਾ ਸਮਰਥਨ ਹੀ ਨਹੀਂ ਦੇ ਰਿਹਾ, ਸਗੋਂ ਇਹ ਵੀ ਕਹਿ ਰਿਹੈ, "ਹਮ ਕਿਸਾਨੋਂ ਕੇ ਬੇਟੇ ਹੈਂ, ਕੋਈ ਵੀ ਜਵਾਨ ਕਿਸਾਨੋਂ ਪਰ ਲਾਠੀ ਨਹੀਂ ਚਲਾਏਗਾ।" ਗੱਲ ਨਿੱਕੀ ਹੈ, ਪਰ ਇਸ ਦੇ ਅਰਥ ਨਿੱਕੇ ਹਨ ਜਾਂ ਵੱਡੇ, ਇਹ ਤੁਸੀਂ ਖੁਦ ਸਮਝ ਲੈਣਾ! ਜਦ ਸੁਰੱਖਿਆ ਬਲ, ਸਰਕਾਰ ਦੇ ਹੁਕਮ 'ਤੇ ਹਥਿਆਰ ਚੁੱਕਣ ਤੋਂ ਨਾਂਹ ਕਰ ਦੇਣ ਤਾਂ ਗੱਲ ਕਿੱਥੇ ਜਾ ਖੜਦੀ ਹੈ, ਇਹ ਸਰਕਾਰ ਦੇ ਕਿਸੇ ਅਹਿਲਕਾਰ ਨੂੰ ਪੁੱਛ ਕੇ ਵੇਖਿਓ!

ਇੱਕ ਹੋਰ ਨਿੱਕੀ ਗੱਲ! ਮੇਰੇ ਮਿੱਤਰ ਮਹੀਪਾਲ ਦਾ ਫੋਨ ਆਇਆ! ਗੱਲਬਾਤ ਸਾਡੀ ਲੋਕ-ਯੁੱਧ ਬਾਰੇ ਹੀ ਸੀ। ਉਸ ਨੇ ਇੱਕ ਨਿੱਕੀ ਜਿਹੀ ਗੱਲ ਸੁਣਾਈ। ਉਹ ਜਮਹੂਰੀ ਕਿਸਾਨ ਸਭਾ ਦੇ ਦਫਤਰੋਂ ਕਿਸਾਨ ਮੋਰਚੇ ਨਾਲ ਸਬੰਧਤ ਸਮੱਗਰੀ ਮਾਨਸਾ ਪਹੁੰਚਦੀ ਕਰਨ ਲਈ ਸਾਥੀ ਰਾਮ ਕਿਸ਼ਨ ਨੂੰ ਲੈ ਕੇ ਜਲੰਧਰ ਬੱਸ ਅੱਡੇ ਗਏ। ਇੱਕ ਪ੍ਰਾਈਵੇਟ ਬੱਸ ਦੇ ਡਰਾਈਵਰ ਨਾਲ ਗੱਲ ਕੀਤੀ। ਡਰਾਈਵਰ-ਕੰਡਕਟਰ ਦੋਵੇਂ ਪੜ੍ਹੇ-ਲਿਖੇ ਜਾਪ ਰਹੇ ਸਨ। ਡਰਾਈਵਰ ਨੇ ਉਸ ਸਾਮਾਨ ਦੇ ਤਿੰਨ ਸੌ ਰੁਪਏ ਮੰਗੇ। ਮਹੀਪਾਲ ਨੇ ਕਿਹਾ ਕਿ ਇਹ ਤਾਂ ਬਹੁਤ ਜ਼ਿਆਦਾ ਐ ਯਾਰ। ਅੱਗਿਓਂ ਜੁਆਬ ਸੀ, "ਢਾਈ ਸੌ ਰੁਪਏ ਤਾਂ ਟਿਕਟ ਈ ਐ ਬਾਊ ਜੀ...! ਕੋਈ ਹੋਰ ਦੇਖ ਲਓ, ਏਹਤੋਂ ਘੱਟ ਸਾਨੂੰ ਨਹੀਂ ਬਾਰਾ ਖਾਂਦੇ।"

ਮਹੀਪਾਲ ਨੇ ਉਸ ਡਰਾਈਵਰ ਨੂੰ ਹਲੀਮੀ ਨਾਲ ਕਿਹਾ, "ਇਹ ਕਿਹੜਾ ਕੋਈ ਦੁਕਾਨ ਦਾ ਸਾਮਾਨ ਐਂ, ਕਿਸਾਨ ਮੋਰਚੇ ਦਾ ਸਾਮਾਨ ਐਂ, ਨਹੀਂ ਲੈ ਕੇ ਜਾਣਾ ਤਾਂ ਭਾਈ ਕੋਈ ਹੋਰ ਦੇਖ ਲੈਨੇ ਆਂ!" ਇਹ ਕਹਿਣ ਦੀ ਦੇਰ ਸੀ ਕਿ ਡਰਾਈਵਰ ਨੇ ਸਾਮਾਨ ਫੜ ਕੇ ਬੱਸ 'ਚ ਰੱਖ ਲਿਆ ਤੇ ਆਖਣ ਲੱਗਾ, "ਪਹਿਲਾਂ ਕਿਉਂ ਨਹੀਂ ਦੱਸਿਆ ਯਾਰ!" ਮਹੀਪਾਲ ਇਹ ਗੱਲ ਦੱਸਦਾ ਭਾਵੁਕ ਹੋ ਗਿਆ ਕਿ ਜੋ ਪਹਿਲਾਂ ਤਿੰਨ ਸੌ ਰੁਪਏ ਮੰਗ ਰਿਹਾ ਸੀ, ਉਹ ਬਿਨ ਕੋਈ ਪੈਸਾ ਲਏ ਸਾਮਾਨ ਲੈ ਕੇ ਗਿਆ! ਉਸ ਨੇ ਰਸਤੇ 'ਚ ਉਤਰ ਜਾਣਾ ਸੀ, ਇਸ ਲਈ ਕੰਡਕਟਰ ਨੂੰ ਮਹੀਪਾਲ ਦੇ ਸਾਹਮਣੇ ਹੀ ਕਹਿ ਦਿੱਤਾ, "ਇਹ ਆਪਣੇ ਕਿਸਾਨ ਮੋਰਚੇ ਦਾ ਸਾਮਾਨ ਐਂ, ਇੱਕ ਨਿੱਕਾ ਪੈਸਾ ਨਹੀਂ ਲੈਣਾ!" ਗੱਲ ਕੋਈ ਵੱਡੀ ਨਹੀਂ, ਨਿੱਕੀ ਜਿਹੀ ਹੈ। ਬੱਸ 'ਤੇ ਮੁਫਤ ਸਾਮਾਨ ਹੀ ਲੈ ਗਿਆ ਨਾ, ਪਰ ਨਹੀਂ, ਇਸ ਦੇ ਅਰਥ ਬਹੁਤ ਵੱਡੇ ਹਨ। ਇਹ ਇੱਕ ਸੰਕੇਤ ਹੈ ਕਿ ਜਨ-ਸਮਰਥਨ ਕਿਸ ਧਿਰ ਦੇ ਨਾਲ ਹੈ।

ਇੱਕ ਵੀਡਿਓ ਹੋਰ ਦੇਖਣ ਨੂੰ ਮਿਲੀ ਹੈ। ਮੇਰੇ ਪੁਰਖਿਆਂ ਦੇ ਪਿੰਡ ਗਾਖਲਾਂ, ਜੋ ਮੇਰੇ ਪਿੰਡ ਚੁਗਾਵਾਂ ਦੇ ਬਿਲਕੁਲ ਨਾਲ ਈ ਐ, ਦੀ ਕੈਨੇਡਾ ਵਸਦੀ ਇੱਕ ਧੀ ਕੁਲਦੀਪ ਕੌਰ ਦਿੱਲੀ ਮੋਰਚੇ 'ਚ ਲੰਗਰ ਦੀ ਰਸਦ ਲੈ ਕੇ ਪੁੱਜੀ ਹੈ। ਇਸ ਲੋਕ-ਯੁੱਧ ਨੂੰ ਬਦਨਾਮ ਕਰਨ ਵਾਲੀ ਕੰਗਨਾ ਰਣੌਤ ਨੂੰ ਇਸ ਵੀਡਿਓ 'ਚ ਕੁਲਦੀਪ ਕੌਰ ਨੇ ਬਹੁਤ ਪ੍ਰਭਾਵਸ਼ਾਲੀ ਢੰਗ ਨਾਲ ਜੁਆਬ ਦਿੱਤਾ ਹੈ। ਇੱਥੇ ਕੁਲਦੀਪ ਕੌਰ ਦੇਖਣ ਨੂੰ ਸਿਰਫ ਇੱਕ ਪਿੰਡ ਦੀ ਧੀ, ਇੱਕ ਆਮ ਐਨ. ਆਰ. ਆਈ. ਹੀ ਹੈ, ਪਰ ਨਹੀਂ, ਉਹ ਸਿਰਫ ਇੱਕ ਮੁਟਿਆਰ ਨਹੀਂ, ਉਹ ਇਸ ਯੁੱਧ ਨੂੰ ਸੱਤ ਸਮੁੰਦਰ ਪਾਰਲੇ ਸਮਰਥਨ ਦਾ ਪ੍ਰਤੀਕ ਹੈ।

ਹੁਣ ਨਿੱਕੇ ਨਿੱਕੇ ਲੋਕਾਂ ਨੇ ਮਿਲ ਕੇ ਪੂਰਾ ਭਾਰਤ ਠੱਪ ਕਰਕੇ ਰੱਖ ਦਿੱਤੈ! ਹੁਣ ਇਸ ਬੰਦ ਨੂੰ ਕੌਣ ਨਜ਼ਰ-ਅੰਦਾਜ਼ ਕਰਦਾ। ਪੂਰੀ ਦੁਨੀਆਂ 'ਚ ਇਸ ਦੀ ਚਰਚਾ ਹੋ ਰਹੀ ਐ!

ਹਵਾ ਕੁਝ ਅਜਿਹੀ ਚੱਲੀ ਹੈ ਕਿ ਫਿਜ਼ਾ 'ਚ ਨਿੱਕੇ ਲੋਕਾਂ ਦੀਆਂ ਨਿੱਕੀਆਂ ਗੱਲਾਂ ਵੱਡੇ ਅਰਥ ਸਿਰਜ ਰਹੀਆਂ ਹਨ। ਅਖਾੜੇ 'ਚ ਘੁਲ ਰਹੇ ਭਲਵਾਨਾਂ 'ਚੋਂ ਜ਼ਰੂਰੀ ਨਹੀਂ ਕਿ ਵੱਡੇ ਜੁੱਸੇ ਵਾਲਾ ਜਿੱਤੇ, ਜਿੱਤੇਗਾ ਉਹੀ ਜਿਸ ਅੰਦਰਲੇ ਮੁਕਾਬਲੇ ਦੇ ਜਜ਼ਬੇ ਦਾ ਜੁੱਸਾ ਵੱਡਾ ਹੋਵੇਗਾ! ਮੋਰਚੇ ਦਾ ਰੁਖ ਕੁਝ ਅਜਿਹੇ ਸੰਕੇਤ ਦੇ ਰਿਹੈ ਕਿ ਨਿੱਕੇ ਲੋਕ, ਨਿੱਕੇ-ਨਿੱਕੇ ਹੱਲਿਆਂ ਨਾਲ ਜ਼ਰੂਰ ਕੋਈ ਵੱਡਾ ਥੰਮ੍ਹ ਡੇਗਣਗੇ!

# ਮਨੁੱਖੀ ਖੁਰਾ ਤਲਾਸ਼ਦਿਆਂ

ਜਨਮ ਲੈਣ ਉਪਰੰਤ ਹੋਸ਼ ਸੰਭਾਲਦਿਆਂ ਹੀ ਇਨਸਾਨੀ ਦਿਮਾਗ ਦਾ ਅਣਗਿਣਤ ਜਿਗਿਆਸਾਵਾਂ ਨਾਲ ਟਾਕਰਾ ਹੋਣਾ ਸੁਭਾਵਕ ਹੀ ਹੈ, ਕਿਉਂਕਿ ਇਹੀ ਵਰਤਾਰਾ ਸਾਨੂੰ ਜਾਨਵਰਾਂ ਦੀ ਦੁਨੀਆਂ ਤੋਂ ਨਿਖੇੜਦਾ ਹੈ। ਬਨਸਪਤੀ ਅਤੇ ਜੀਵ-ਜੰਤੂ ਵੀ ਇਸ ਧਰਤੀ ਉੱਪਰ ਪਲਰੇ ਜੀਵਨ ਦਾ ਇੱਕ ਹਿੱਸਾ ਹਨ, ਪਰ ਕੁਦਰਤ ਨੇ ਮਨੁੱਖੀ ਦਿਮਾਗ ਨੂੰ ਬੁੱਧੀਮਾਨੀ ਦਾ ਇੱਕ ਨਿਵੇਕਲਾ ਤੋਹਫਾ ਬਖਸ਼ਿਆ ਹੈ, ਜਿਸ ਰਾਹੀਂ ਉਸ ਨੇ ਗਿਆਨ ਵਿਗਿਆਨ ਦੀਆਂ ਅਨੰਤ ਹੱਦਾਂ ਪਾਰ ਕਰਦਿਆਂ ਆਪਣੀ ਜੀਵਨ ਸ਼ੈਲੀ 'ਚ ਹੈਰਾਨੀ ਜਨਕ ਤਬਦੀਲੀਆਂ



**ਪੇਸ਼ਕਸ਼: ਹਰਜੀਤ ਦਿਓਲ**
**ਬਰੈਂਪਟਨ, ਕੈਨੇਡਾ**
ਫੋਨ: 905-676-9242

ਲਿਆਂਦੀਆਂ। 'ਕਿੱਥੋਂ ਆਇਆ ਇਹ ਜਗਤ ਪਸਾਰਾ' ਵਰਗੀ ਗੁੰਝਲਦਾਰ ਬੁਝਾਰਤ ਨੇ ਇਸ ਦੇ ਦਿਮਾਗ ਨੂੰ ਹਲੂਣਿਆ ਤਾਂ ਇਸ ਪ੍ਰਜਾਤੀ ਨੇ ਇਸ ਦਾ ਉੱਤਰ ਤਲਾਸ਼ਣ ਲਈ ਕਮਰ ਕੱਸ ਲਈ। ਅੱਜ ਤੱਕ ਦੇ ਵਿਗਿਆਨਕ ਵਿਕਾਸ ਨੇ ਸਿੱਧ ਕੀਤਾ ਹੈ ਕਿ ਮਨੁੱਖੀ ਸਮਰੱਥਾ ਦਾ ਕੋਈ ਅੰਤ ਨਹੀਂ। ਤਸਵੀਰ ਦਾ ਇੱਕ ਦੂਜਾ ਪਾਸਾ ਵੀ ਹੈ ਤੇ ਉਹ ਹੈ ਮਨੁੱਖ ਦਾ ਰੱਬੀ ਉਲਝਣਾ ਵਿਚ ਫਸਣਾ, ਜਿਸ ਨੇ ਵੱਖ ਵੱਖ ਧਰਮਾਂ ਨੂੰ ਜਨਮ ਦੇ ਕੇ ਮਨੁੱਖਤਾ ਨੂੰ ਕਾਲਪਨਿਕ ਗੈਬੀ ਸ਼ਕਤੀਆਂ ਦੇ ਭਰਮ ਜਾਲ ਵਿਚ ਫਸਾਈ ਰੱਖਿਆ। ਇਹ ਵਰਤਾਰਾ ਕਿਸੇ ਨਾ ਕਿਸੇ ਰੂਪ 'ਚ ਅੱਜ ਵੀ ਦੇਖਿਆ ਜਾ ਸਕਦਾ ਹੈ।

ਖੈਰ! ਆਪਾਂ ਗੱਲ ਕਰਨੀ ਹੈ ਆਪਣੀ ਹੋਂਦ ਦੇ ਮੁੱਢ ਤਲਾਸ਼ਣ ਦੀ, ਜਿਸ ਖੇਤਰ ਵਿਚ ਸਿਰੜੀ ਵਿਗਿਆਨਕਾਂ ਸ਼ਲਾਘਾਯੋਗ ਕੰਮ ਕਰਕੇ ਸਾਡੀਆਂ ਬੇਅੰਤ ਜਿਗਿਆਸਾਵਾਂ ਦਾ ਸਮਾਧਾਨ ਹੀ ਨਹੀਂ ਕੀਤਾ, ਸਗੋਂ ਸਾਨੂੰ ਰੱਬ ਅਤੇ ਧਰਮਾਂ ਦੇ ਮੱਕੜਜਾਲ ਵਿਚੋਂ ਬਾਹਰ ਨਿਕਲਣ ਦਾ ਰਾਹ ਵੀ ਦਿਖਾਇਆ।

ਲੰਮੇ ਸਮੇਂ ਤੋਂ ਵਿਗਿਆਨਕ ਇਸ ਧਰਤੀ 'ਤੇ ਪੱਲਰੇ ਜੀਵਨ ਦਾ ਇਤਿਹਾਸ ਜਾਣਨ ਲਈ ਜੀ ਜਾਨ ਨਾਲ ਜੁਟੇ ਹਨ ਅਤੇ ਇਸ ਖੇਤਰ ਵਿਚ ਵਿਗਿਆਨਕ ਚਾਰਲਸ ਡਾਰਵਿਨ ਨੇ ਆਪਣੇ ਜੀਵਨ ਦਾ ਵੱਡਾ ਹਿੱਸਾ ਸਮਰਪਿਤ ਕਰ ਹੈਰਾਨੀ ਜਨਕ ਤੱਥ 'ਜੀਵ ਵਿਕਾਸ ਦਾ ਸਿੱਧਾਂਤ' (ਥਿਊਰੀ ਆਫ ਇਵੋਲਿਊਸ਼ਨ) ਪੇਸ਼ ਕੀਤਾ, ਜਿਸ ਤੋਂ ਸੇਧ ਲੈ ਪੁਰਾਤੱਤ ਵਿਗਿਆਨੀ ਲਗਾਤਾਰ ਨਵੀਂਆਂ ਜਾਣਕਾਰੀਆਂ ਨਸ਼ਰ ਕਰ ਰਹੇ ਹਨ। ਕੁਝ ਸਮਾਂ ਹੋਇਆ ਜਦ ਇਸੇ ਖੋਜ ਕੜੀ ਵਿਚ ਹੋਰ ਵਾਧਾ ਕਰਦਿਆਂ ਪੁਰਾਤੱਤ ਵਿਗਿਆਨੀਆਂ ਨੇ ਦੱਖਣੀ ਅਫਰੀਕਾ ਵਿਚ ਇੱਕ ਐਸੀ ਫਾਸਿਲ (ਜਮੀਨਦੋਜ਼ ਸੁਰੱਖਿਅਤ ਰਹਿ ਗਏ ਜੀਵਾਸ਼ੇਸ਼) ਸਾਈਟ ਲੱਭਣ ਵਿਚ ਕਾਮਯਾਬੀ ਹਾਸਲ ਕੀਤੀ, ਜਿੱਥੇ ਉਨ੍ਹਾਂ ਨੂੰ ਦੋ ਮਿਲੀਅਨ ਸਾਲ ਪੁਰਾਣੀ ਆਦਮ ਮਨੁੱਖੀ ਖੋਪੜੀ ਹਾਸਲ ਹੋਈ। ਜੀਵ ਵਿਕਾਸ ਦੀਆਂ ਲੜੀਆਂ ਵਿਚ ਬਨ ਮਾਨਸ (ਗੋਰਿੱਲਾ) ਨੂੰ ਸਾਡਾ ਆਦਿ ਪੂਰਵਜ ਹੋਣ ਦਾ ਰੁਤਬਾ ਹਾਸਲ ਹੋਇਆ ਹੈ। ਸਾਢੇ ਚਾਰ ਕੁ ਬਿਲੀਅਨ ਸਾਲ ਪਹਿਲਾਂ ਜਨਮੀ ਇਸ ਧਰਤੀ ਉੱਤੇ ਲਗਭਗ ਚਾਰ ਕੁ ਬਿਲੀਅਨ ਸਾਲ ਪਹਿਲਾਂ ਸਿੰਗਲ ਸੈਲ ਬੈਕਟੀਰੀਆ ਦੇ ਰੂਪ ਵਿਚ ਜੀਵਨ ਅਰੰਭ ਹੋਇਆ, ਜੋ ਕਈ ਮਿਲੀਅਨ ਸਾਲਾਂ ਦਾ ਪੰਧ ਮੁਕਾਉਂਦਾ ਹੋਇਆ ਭਾਂਤ ਭਾਂਤ ਦੇ ਜੀਵ ਅਤੇ ਬਨਸਪਤੀਆਂ ਦਾ ਰੂਪ ਧਾਰਦਾ ਗਿਆ।

ਇਹ ਰੂਪ ਬਦਲਨਾ ਕੀ ਹੋਇਆ? ਇਸ ਪਿੱਛੇ ਡਾਰਵਿਨ ਨੇ ਜੋ ਸਿੱਧਾਂਤ ਪੇਸ਼ ਕੀਤੇ ਹਨ, ਅਗਲੇਰੇ ਵਿਗਿਆਨੀਆਂ ਨੇ ਉਸ 'ਤੇ ਸਹਿਮਤੀ ਦੀ ਮੋਹਰ ਲਾਈ ਹੈ। ਪਹਿਲੇ ਸਿਧਾਂਤ ਅਨੁਸਾਰ "ਨਾ ਹੀ ਸਭ ਤੋਂ ਤਾਕਤਵਰ ਅਤੇ ਨਾ ਹੀ ਸਭ ਤੋਂ ਬੁੱਧੀਮਾਨ ਜੀਵ ਆਪਣੀ ਹੋਂਦ ਕਾਇਮ ਰੱਖਣ ਵਿਚ ਸਫਲ ਹੁੰਦੇ ਹਨ, ਸਗੋਂ ਵਾਤਾਵਰਣ ਦੀ ਤਬਦੀਲੀ ਅਨੁਸਾਰ ਆਪਣੇ ਆਪ ਨੂੰ ਢਾਲ ਸਕਣ ਦੇ ਯੋਗ ਜੀਵ ਹੀ ਆਪਣੀ ਹੋਂਦ ਬਚਾ ਪਾਉਂਦੇ ਹਨ।" ਧਰਤੀ ਨੇ ਕਈ ਹਿਮਯੁਗ ਹੰਢਾਏ, ਅਨੇਕਾਂ ਜਵਾਲਾਮੁਖੀਆਂ ਦੀ ਤਪਸ਼ ਝੇਲੀ, ਭੁਚਾਲਾਂ ਅਤੇ ਸੁਨਾਮੀਆਂ ਦਾ ਟਾਕਰਾ ਕਰਦਿਆਂ ਇਹ ਲਗਾਤਾਰ ਆਪਣੀ ਧੁਰੀ 'ਤੇ ਘੁੰਮਦੀ ਰਹੀ ਅਤੇ ਇਸ ਉੱਪਰ ਪਨਪ ਰਹੇ ਜੀਵ-ਜੰਤੂ ਵੀ ਇਨ੍ਹਾਂ ਬਦਲਦੇ ਹਾਲਾਤਾਂ ਅਨੁਸਾਰ ਆਪਣੇ ਆਪ ਨੂੰ ਢਾਲਦੇ ਰਹੇ ਅਥਵਾ



ਕਾਲ ਦੇ ਗਰਭ 'ਚ ਸਮਾ ਗਏ। ਆਪਣੀ ਹੋਂਦ ਬਚਾਉਣ ਦੀ ਪਰੀਖਿਆ ਪਾਸ ਕਰਨ ਉਪਰੰਤ ਦੂਜਾ ਸਿਧਾਂਤ ਲਾਗੂ ਹੁੰਦਾ ਹੈ, 'ਸਰਵਾਈਵਲ ਆਫ ਫਿਟੈਸਟ।' ਕੁਦਰਤੀ ਆਫਤਾਂ ਨਾਲ ਨਜਿੱਠਣ ਉਪਰੰਤ ਇਨ੍ਹਾਂ ਦਾ ਆਪਸੀ ਮੁਕਾਬਲੇ ਦਾ ਘੋਲ ਸ਼ੁਰੂ ਹੁੰਦਾ ਹੈ, ਜਿਸ ਵਿਚ ਮਨੁੱਖ ਦੇ ਵਿਕਸਿਤ ਹੋ ਰਹੇ ਦਿਮਾਗ ਨੇ ਉਸ ਦਾ ਸਾਥ ਦਿੱਤਾ ਅਤੇ ਉਹ ਧਰਤੀ 'ਤੇ ਵਿਚਰ ਰਹੇ ਸਾਰੇ ਜੀਵਾਂ ਦਾ ਸਰਤਾਜ ਬਣ ਬੈਠਾ।

ਵਿਗਿਆਨੀਆਂ ਦਾ ਮੰਨਣਾ ਹੈ ਕਿ ਸ਼ਿਕਾਰ ਅਤੇ ਬਨਸਪਤੀਆਂ ਦਾ ਸੇਵਨ ਕਰਨ ਵਾਲੀ ਜੀਵ ਲੜੀ ਦੀ ਇਹ ਪ੍ਰਜਾਤੀ (ਹੰਟਰ ਗੈਦਰਰ) 130,000 ਤੋਂ 10,000 ਸਾਲ ਪਹਿਲਾਂ ਤੱਕ ਅਫਰੀਕਾ ਤੋਂ ਪਰਵਾਸ ਕਰ ਸਾਰੀ ਧਰਤੀ 'ਤੇ ਫੈਲਦੀ ਗਈ। ਪੁਰਾਤੱਤ ਮਾਹਰ ਇਸ ਵਿਕਸਿਤ ਹੋ ਰਹੀ ਪ੍ਰਜਾਤੀ ਨੂੰ ਹੋਮੋ ਸੇਪੀਅਨ ਕਹਿੰਦੇ ਹਨ, ਜੋ ਮਨੁੱਖ ਦੇ ਨੇੜਲੇ ਪੂਰਵਜ ਬਣ ਜਾਂਦੇ ਹਨ। ਅੰਤਿਮ ਹਿਮ ਯੁਗ ਸਮਾਪਤ ਹੋਣ ਕੰਢੇ ਇਸ ਪ੍ਰਜਾਤੀ ਨੇ ਧਰਤੀ ਉੱਪਰ ਆਪਣਾ ਅਮਲਾ ਫੈਲਾ ਕਾਇਮ ਕਰਨਾ ਅਰੰਭ ਕਰ ਲਿਆ। ਇਹ ਲੋਕ ਪੱਥਰਾਂ ਦਾ ਇਸਤੇਮਾਲ ਆਪਣੇ ਔਜ਼ਾਰਾਂ ਤੇ ਹਥਿਆਰਾਂ ਲਈ ਕਰਨ ਲੱਗੇ ਸਨ ਅਤੇ ਖੋਜਾਂ ਦੱਸਦੀਆਂ ਹਨ ਕਿ ਇਹ ਚੱਟਾਨਾਂ ਉੱਪਰ ਚਿੱਤਰਕਾਰੀ ਦਾ ਸ਼ੌਕ ਵੀ ਰੱਖਦੇ ਸਨ। ਇਨ੍ਹਾਂ ਦੀਆਂ ਗੁਫਾਂਵਾਂ ਵਿਚ ਕੀਤੀਆਂ ਚਿੱਤਰਕਾਰੀਆਂ ਨਾਲ ਉਸ ਸਮੇਂ ਦੇ ਜਾਨਵਰ ਅਤੇ ਉਨ੍ਹਾਂ ਦੀਆਂ ਸ਼ਿਕਾਰ ਵਿਧੀਆਂ ਦਾ ਪਤਾ ਲੱਗਦਾ ਹੈ। ਛੇਤੀ ਹੀ ਆਪਣੇ ਵਿਕਸਿਤ ਹੋ ਰਹੇ ਦਿਮਾਗ ਸਦਕਾ ਧਰਤੀ ਦੇ ਇਨ੍ਹਾਂ ਆਦਿਵਾਸੀਆਂ ਖੇਤੀ ਕਰਨਾ ਵੀ ਸਿੱਖ ਲਿਆ ਅਤੇ ਘੁਮੰਤੂ ਜੀਵਨ ਛੱਡ ਇੱਕ ਜਗ੍ਹਾ ਸਮੂਹ ਬਣਾ ਰਹਿਣ ਲੱਗੇ। ਇਹ ਹੁਣ ਗੁਫਾਵਾਂ ਦੀ ਥਾਂ ਪੱਥਰਾਂ ਦੇ ਘਰ ਬਣਾਉਣ ਲੱਗੇ ਅਤੇ ਕਈ ਤਰ੍ਹਾਂ ਦੇ ਜਾਨਵਰਾਂ ਨੂੰ ਪਾਲਤੂ ਬਣਾਉਣਾ ਵੀ ਅਰੰਭ ਹੋ ਗਿਆ।

ਅੱਗ ਅਤੇ ਪਹੀਏ ਦੀ ਖੋਜ ਹੋਣ ਬਾਅਦ ਧਰਤੀ ਦਾ ਇਹ ਬੁੱਧੀਮਾਨ ਪ੍ਰਾਣੀ ਤੇਜੀ ਨਾਲ ਤਰੱਕੀ ਦੀਆਂ ਪੌੜੀਆ ਚੜ੍ਹਦਾ ਹੋਇਆ ਕੁਝ ਕੁ ਹਜਾਰ ਸਾਲਾਂ ਵਿਚ ਸਾਡੇ ਨਾਲ ਆ ਰਲਿਆ। ਕਿਸੇ ਜਥੇਦਾਰ ਦੇ ਇਹ ਕਹਿਣ 'ਤੇ ਕਿ ਅਸੀਂ ਲਵ ਕੁਸ਼ ਦੇ ਵੰਸ਼ਜ ਹਾਂ ਤਾਂ ਇਸ ਦਾ ਬੜਾ ਬੁਰਾ ਮਨਾਇਆ ਗਿਆ ਸੀ, ਪਰ ਪੰਜਾਹ ਕੁ ਹਜਾਰ ਸਾਲ ਹੋਰ ਪਿਛਾਂਹ ਵੱਲ ਝਾਤੀ ਮਾਰਦਿਆਂ ਬਨ ਮਾਨਸ ਨੂੰ ਸਾਡਾ ਪੂਰਵਜ ਮੰਨਣ ਵਿਚ ਤਾਂ ਕਿਸੇ ਨੂੰ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ।

## ਵਿਚਾਰ

### ਖੂਨ ਕੇ ਧੱਬੇ ਧੁਲੇਂਗੇ ਕਿਤਨੀ ਬਰਸਾਤੋਂ ਕੇ ਬਾਅਦ

ਜਦੋਂ ਕੋਈ ਬਹੁਤ ਸੁਹਣਾ ਲਿਖੇ, ਤਾਂ ਉਹਨੂੰ ਪਿਆਰ ਨਾਲ ਪੁੱਛਦੇ ਨੇ, ਤੂੰ ਕਿੱਥੇ ਬੈਠ ਕੇ ਲਿਖਦਾ ਏਂ, ਏਨਾ ਸੁਹਣਾ? ਮੈਂ ਵੀ ਅਮਰਜੀਤ ਚੰਦਨ ਨੂੰ ਪੜ੍ਹਦਿਆਂ ਅਕਸਰ ਦਿਲ ਹੀ ਦਿਲ ਵਿਚ ਇਹ ਪੁੱਛਦਾ ਰਹਿੰਨਾਂ। ਤੇ ਫਿਰ ਮੈਨੂੰ ਬਾਬਾ ਫਰੀਦ ਦੇ ਬੋਲ ਯਾਦ ਆ ਜਾਂਦੇ ਨੇ, ਉਚੇ ਚੜਿ ਕੈ ਦੇਖਿਆ...। ਊਚੇ ਚੜਿ ਕੇ ਦੇਖਿਆਂ ਘਰ-ਘਰ ਦੀ ਅੱਗ ਨਜ਼ਰ ਆਉਂਦੀ ਹੈ, ਬਹੁਤ ਦੂਰ ਤਕ ਅਤੀਤ, ਭਵਿੱਖ ਭਵਾਨ ਨਜ਼ਰ ਆਉਂਦੇ ਨੇ। ਅਮਰਜੀਤ ਜਿੱਥੇ ਬੈਠ ਕੇ ਲਿਖਦਾ ਏ, ਉਥੋਂ ਇਹ ਸਾਨੂੰ ਦੂਰ-ਦੂਰ ਤਕ ਦਿਖਾ ਦਿੰਦਾ ਹੈ, ਜੋ ਅਸੀਂ ਨਹੀਂ ਦੇਖਿਆ ਹੁੰਦਾ। ਇਹਦੇ ਵਾਕ ਲੇਖਾ ਰੱਖਦੇ ਨੇ ਵਾਕਿਆਂ ਦਾ, ਲਹਿਰਾਂ ਦਾ, ਦਿਲ ਵਿਚ ਚੜ੍ਹਦੀਆਂ ਲਹਿੰਦੀਆਂ ਦਾ। ਇਹ ਸਾਡੀ ਸੂਖਮ ਵਿਰਾਸਤ ਦਾ ਬਹੁਤ ਬਾਰੀਕਬੀਨ, ਹੱਸਾਸ ਤੇ ਕਦਰ-ਸ਼ਨਾਸ ਕਿਊਰੇਟਰ ਹੈ। ਸਿੱਟ-ਪਸਿੱਟੇ ਪਈਆਂ ਚੀਜ਼ਾਂ ਤੇ ਭੁੰਞੇ ਡਿੱਗੀਆਂ ਗੱਲਾਂ ਨੂੰ ਉਠਾ ਕੇ ਵੀ ਆਪਣੀ ਕਸਵੱਟੀ ਨਾਲ ਬੇਸ਼ਕੀਮਤੀ ਕਰ ਦਿੰਦਾ ਏ।

ਇਹ ਗੁਨਾਹਾਂ ਦੇ ਲੇਖੇ ਵਾਲਾ ਲੇਖ ਪੜ੍ਹਦਿਆਂ ਮੈਨੂੰ ਯਾਦ ਆਇਆ ਕਿ ਕਤਲੋਗਾਰਤ ਦੇ ਉਨ੍ਹਾਂ ਦਿਨਾਂ ਵਿਚ ਬਹੁਤ ਮੀਂਹ ਪਏ ਸਨ ਤੇ ਇਹ ਸਤਰਾਂ ਵੀ ਯਾਦ ਆਈਆਂ:

ਰੱਤ ਧੋਵਣੇ ਨੂੰ ਹੀ ਭੇਜੀਆਂ ਇਸ ਵਾਰ
ਅੱਲ੍ਹਾ ਨੇ ਬਾਰਿਸ਼ਾਂ
ਰਲ ਰੋਵਣੇ ਨੂੰ ਹੀ ਭੇਜੀਆਂ ਇਸ ਵਾਰ
ਅੱਲ੍ਹਾ ਨੇ ਬਾਰਿਸ਼ਾਂ।

ਅਮਰਜੀਤ ਚੰਦਨ ਦਾ ਇਹ ਲੇਖ ਵੀ ਅੱਲ੍ਹਾ ਦੀਆਂ ਬਾਰਿਸ਼ਾਂ ਵਰਗਾ ਹੈ।

-ਸੁਰਜੀਤ ਪਾਤਰ

# ਅਕਾਲੀ ਦਲ: ਸ਼ਤਾਬਦੀ ਵਰ੍ਹੇ ਦਾ ਦੁਖਾਂਤ

***ਸ਼੍ਰੋਮਣੀ ਅਕਾਲੀ ਦਲ ਦਾ ਇਤਿਹਾਸ ਬੜਾ ਸ਼ਾਨਾਂਮੱਤਾ ਰਿਹਾ ਹੈ। ਇਸ ਦਲ ਦੀ ਸ਼ੁਰੂਆਤ ਗੁਰਦੁਆਰਾ ਸੁਧਾਰ ਲਹਿਰ ਤੋਂ ਬਾਅਦ ਹੋਈ ਅਤੇ 14 ਦਸੰਬਰ 1920 ਨੂੰ ਇਸ ਦੀ ਰਸਮੀ ਤੌਰ 'ਤੇ ਸਥਾਪਨਾ ਹੋਈ। ਇਹ ਦਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਰਾਜਸੀ ਵਿੰਗ ਸੀ, ਜੋ ਗੁਰਦੁਆਰਾ ਸੁਧਾਰ ਲਹਿਰ ਚਲਾ ਰਹੀ ਹੈ। ਉਘੇ ਪੱਤਰਕਾਰ ਸੁਰਿੰਦਰ ਸਿੰਘ ਤੇਜ ਨੇ ਆਪਣੇ ਇਸ ਲੇਖ ਵਿਚ ਇਸ ਪਾਰਟੀ ਦੇ ਸੌ ਸਾਲਾਂ ਦੇ ਇਤਿਹਾਸ ਉਤੇ ਝਾਤੀ ਪਾਈ ਹੈ। -ਸੰਪਾਦਕ***

ਕੁਰਕੀ ਅਤੇ ਕੜਕੀ ਸ਼ਬਦਾਂ ਦੇ ਅਰਥਾਂ ਦਾ ਅਹਿਸਾਸ ਮੈਨੂੰ ਛੇ ਵਰ੍ਹਿਆਂ ਦੀ ਉਮਰ ਵਿਚ ਹੋ ਗਿਆ ਸੀ। ਗੱਲ 1961 ਦੀ ਹੈ। ਪੰਜਾਬੀ ਸੂਬੇ ਦਾ ਦੂਜਾ ਮੋਰਚਾ ਅਜੇ ਸ਼ੁਰੂ ਹੀ ਹੋਇਆ ਸੀ। ਘਰ ਅਚਾਨਕ ਪੁਲਿਸ ਆ ਗਈ। ਪਿਤਾ ਜੀ ਅਖਬਾਰਨਵੀਸ ਸਨ। ਉਹ ਕਿਸੇ ਜ਼ਾਤੀ ਕੰਮ ਲਈ ਗੰਗਾਨਗਰ ਗਏ ਹੋਏ ਸਨ। ਉਨ੍ਹਾਂ ਦੀ ਗੈਰਹਾਜ਼ਰੀ ਬਾਰੇ ਪਤਾ ਲੱਗਦਿਆਂ ਹੀ ਪੁਲਿਸ ਨੇ ਘਰ ਦਾ ਸਾਰਾ ਸਾਮਾਨ ਖਿੱਚ-ਧੂਹ ਕੇ ਇਕ ਕਮਰੇ ਵਿਚ ਬੰਦ ਕਰ ਦਿੱਤਾ। ਫਿਰ ਬਾਹਰ ਜਿੰਦੇ ਉਪਰ ਕੱਪੜਾ ਬੰਨ੍ਹ ਕੇ ਸੀਲ ਲਾ ਦਿੱਤੀ। ਅੱਠ ਜੀਆਂ ਦੇ ਟੱਬਰ ਲਈ ਤੇਲ ਵਾਲਾ ਸਟੋਵ, ਦੋ ਪਤੀਲੇ ਤੇ ਛੇ ਕੁ ਹੋਰ ਭਾਂਡੇ ਬਾਹਰ ਛੱਡ ਗਏ। ਇਸ ਕਾਰਵਾਈ ਤੋਂ



ਉਪਜੀ ਕੜਕੀ ਤਿੰਨ ਦਿਨ ਚੱਲੀ। ਫਿਰ ਆਂਢ-ਗੁਆਂਢ ਤੋਂ ਰੋਟੀ ਆਉਣ ਲੱਗੀ। ਮੈਥੋਂ ਵੱਡਿਆਂ ਲਈ ਇਹ ਹਾਲਤ ਨਵੀਂ ਨਹੀਂ ਸੀ। 1955 ਵਿਚ ਪਹਿਲੇ ਮੋਰਚੇ ਸਮੇਂ ਵੀ ਅਜਿਹਾ ਭਾਣਾ ਵਰਤਿਆ

**ਸੁਰਿੰਦਰ ਸਿੰਘ ਤੇਜ**

ਸੀ। ਪਿਤਾ ਜੀ ਦੀ ਗ੍ਰਿਫਤਾਰੀ ਮਗਰੋਂ ਵੀ ਸੀਲ ਟੁੱਟਦਿਆਂ ਕਈ ਦਿਨ ਲੱਗ ਗਏ ਸਨ। ਲਿਹਾਜ਼ਾ, ਮੇਰੀ ਮਾਂ ਨੂੰ ਮੇਰੇ ਜਨਮ ਲਈ ਲੁਧਿਆਣਾ ਸ਼ਹਿਰ ਛੱਡ ਕੇ ਪੇਕੇ ਪਿੰਡ ਜਾਣਾ ਪਿਆ ਸੀ।

ਦੂਜੀ ਕੁਰਕੀ ਟੁੱਟਦਿਆਂ 15 ਦਿਨ ਲੱਗ ਗਏ। ਪਹਿਲੇ ਮੋਰਚੇ ਵੇਲੇ ਪਿਤਾ ਜੀ ਨੇ ਹਿਸਾਰ ਜੇਲ੍ਹ ਵਿਚ ਅੱਠ ਮਹੀਨੇ ਕੱਟਦਿਆਂ ਆਪਣੇ ਤੋਂ ਵੱਡੇ ਆਗੂਆਂ ਦਾ ਕਿਰਦਾਰ ਤੇ ਕਾਰ-ਵਿਹਾਰ ਚੰਗੀ ਤਰ੍ਹਾਂ ਦੇਖ ਲਿਆ ਸੀ। ਨੇਤਾਗਣ ਬਿਮਾਰੀ ਦੇ ਬਹਾਨੇ ਹਸਪਤਾਲ ਅਤੇ ਅੱਗੋਂ ਫਿਰ ਘਰ ਜਾਂਦੇ ਰਹੇ। ਇਮਾਨਦਾਰ ਵਰਕਰ ਜੇਲ੍ਹਾਂ ਵਿਚ ਹੀ ਰੁਲਦੇ ਰਹੇ। ਜੇਲ੍ਹੋਂ ਬਾਹਰ ਆਉਣ 'ਤੇ ਪਿਤਾ ਜੀ ਨੂੰ ਬਿਖਰਿਆ ਟੱਬਰ ਤੇ ਬਿਖਰੀ ਆਰਥਿਕਤਾ ਸਭ ਤੋਂ ਪਹਿਲਾਂ ਨਜ਼ਰ ਆਈ ਸੀ। ਦੋਵਾਂ ਵੱਲ ਤਵੱਜੋ ਦੇਣ ਲਈ ਉਨ੍ਹਾਂ ਨੇ ਜ਼ਿਲ੍ਹਾ ਜਥੇ ਦੀ ਅਹੁਦੇਦਾਰੀ ਤਾਂ ਤਿਆਗ ਦਿੱਤੀ ਸੀ ਪਰ ਆਪਣੇ ਅੰਦਰਲੇ ਅਕਾਲੀ ਨੂੰ ਨਾ ਤਿਆਗ ਸਕੇ। ਹਫਤਾਵਾਰੀ ਅਖਬਾਰ ਅਕਾਲੀ ਦਲ ਦਾ ਤਰਜਮਾਨ ਨਹੀਂ ਸੀ ਪਰ ਕਾਂਗਰਸ ਤੇ (ਮੁੱਖ ਮੰਤਰੀ) ਕੈਰੋਂ ਖਿਲਾਫ ਇਸ ਦੀ ਸੁਰ ਬਹੁਤ ਤਿੱਖੀ ਸੀ। ਦੂਜੀ ਕੁਰਕੀ ਵੇਲੇ ਤਾਂ ਉਹ ਸਾਧਾਰਨ ਅਕਾਲੀ ਵਰਕਰ ਵੀ ਨਹੀਂ ਸਨ ਪਰ ਪੁਲਿਸ ਕੋਲ ਨਾਵਾਂ ਦੀ ਫਹਿਰਿਸਤ ਤਾਂ ਪਹਿਲੇ ਮੋਰਚੇ ਵਾਲੀ ਹੀ ਸੀ। ਪਿਤਾ ਜੀ ਨੂੰ ਇਸ ਤੱਥ ਦਾ ਲਾਭ ਅਦਾਲਤ ਵਿਚ ਹੋਇਆ। ਕੁਰਕੀ ਟੁੱਟ ਗਈ, ਗ੍ਰਿਫਤਾਰੀ ਵਾਰੰਟ ਵੀ ਵਾਪਸ ਹੋ ਗਏ ਪਰ ਸਰਕਾਰੀ ਕਹਿਰ ਪਹਿਲੀ ਕੁਰਕੀ ਨਾਲੋਂ ਵੀ ਵੱਧ ਕਹਿਰਵਾਨ ਸਾਬਤ ਹੋਇਆ। ਘਰ ਦੀ ਕੁਰਕੀ ਤੋਂ ਅਗਲੇ ਹੀ ਦਿਨ ਪੁਲਿਸ ਸਾਡੇ ਛਾਪੇਖਾਨੇ ਦੀ ਮਸ਼ੀਨ ਤੇ ਟਾਈਪਾਂ ਵਾਲੇ ਰੈਕ ਟਰਾਲੀ ਵਿਚ ਪਾ ਕੇ ਲੈ ਗਈ ਸੀ। ਇਹ 1974 ਵਿਚ ਪਿਤਾ ਜੀ ਦੇ ਚਲਾਣੇ ਤੱਕ ਵੀ ਵਾਪਸ ਨਹੀਂ ਮਿਲੇ। ਮੁੱਕਦਮਾ, ਅਦਾਲਤਾਂ ਵਿਚ ਰੁਲਦਾ ਹੌਲੀ-ਹੌਲੀ ਪੂਰਾ ਰੁਲ ਗਿਆ। ਛਾਪੇਖਾਨੇ ਦੀ ਅਣਹੋਂਦ ਨੇ ਅਖਬਾਰ ਦੀ ਆਰਥਿਕਤਾ ਵੀ ਡੋਬੀ ਤੇ ਘਰ ਦੀ ਆਰਥਿਕਤਾ ਵੀ। ਅਜਿਹੇ ਕਸ਼ਟਾਂ-ਤਕਲੀਫਾਂ ਦੇ ਬਾਵਜੂਦ 1971 ਵਾਲੀ ਹਿੰਦ-ਪਾਕਿ ਜੰਗ ਮਗਰੋਂ ਜਦੋਂ ਆਮ ਚੋਣਾਂ ਹੋਈਆਂ ਤਾਂ ਪਿਤਾ ਜੀ ਨੇ ਇੰਦੌਰ ਵਿਚ ਨੌਕਰੀ ਕਰਦੇ ਵੱਡੇ ਪੁੱਤਰ ਨੂੰ ਪੋਸਟ ਕਾਰਡ ਭੇਜ ਕੇ ਤਾਕੀਦ ਕੀਤੀ: "ਇਸ ਵਾਰ ਵੋਟ ਇੰਦਰਾ ਨੂੰ ਪਾਉਣੀ ਹੈ। ਬੜਾ ਦਲੇਰਾਨਾ ਕੰਮ ਕੀਤਾ ਹੈ ਉਸ ਨੇ।"

---

ਪੰਥਪ੍ਰਸਤੀ ਤੇ ਹੁੱਬਲਵਤਨੀ ਦੇ ਸੁਮੇਲ ਦੀ ਇਹ ਇਕੱਲੀ-ਦੁਕੱਲੀ ਮਿਸਾਲ ਨਹੀਂ ਸੀ। ਪੁਰਾਣੇ ਅਕਾਲੀਆਂ ਦਾ ਖੂਨ ਹੀ ਕੁਝ ਅਜਿਹਾ ਸੀ। ਪੰਜਾਬ ਤੇ ਸਿੱਖਾਂ ਦੇ ਹਿੱਤਾਂ ਤੇ ਹੱਕਾਂ ਲਈ ਨਿਰੰਤਰ ਲੜਨ ਦੇ ਬਾਵਜੂਦ ਸ਼੍ਰੋਮਣੀ ਅਕਾਲੀ ਦਲ ਨੇ ਆਪਣੀ ਪੈਦਾਇਸ਼ ਦੇ ਸਮੇਂ ਤੋਂ ਹੀ ਵਤਨਪ੍ਰਸਤੀ ਵਾਲਾ ਜਜ਼ਬਾ ਵੀ ਲਗਾਤਾਰ ਦਿਖਾਇਆ। ਇਸੇ ਸਮਤੋਲ ਨੇ ਅਕਾਲੀ ਦਲ ਨੂੰ ਬਾਕੀ ਸਿਆਸੀ ਧਿਰਾਂ ਨਾਲੋਂ ਅੱਡਰਾ ਬਣਾਇਆ। ਸੌ ਸਾਲ ਪਹਿਲਾਂ ਗੁਰਦੁਆਰਾ ਸੁਧਾਰ ਲਹਿਰ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਰਾਜਸੀ ਵਿੰਗ ਵਜੋਂ ਵਜੂਦ ਵਿਚ ਆਇਆ ਅਕਾਲੀ ਦਲ ਕੌਮੀ ਆਜ਼ਾਦੀ ਲਈ ਸੰਘਰਸ਼ਾਂ ਦੌਰਾਨ ਵੀ ਪੰਜਾਬ ਵਿਚ ਮੁਹਰੈਲ ਧਿਰ ਵਜੋਂ ਵਿਚਰਦਾ ਰਿਹਾ। ਗਦਰ ਸੰਗਰਾਮ ਜਾਂ ਇਸ ਤੋਂ ਬਾਅਦ ਦੇ ਹਥਿਆਰਬੰਦ ਘੋਲਾਂ ਦੌਰਾਨ ਸ਼ਹਾਦਤਾਂ ਦੇਣ, ਫਾਂਸੀਆਂ ਦੇ ਰੱਸਿਆਂ ਨੂੰ ਚੁੰਮਣ ਅਤੇ ਕਾਲੇ ਪਾਣੀਆਂ ਦੀਆਂ ਕੈਦਾਂ ਕੱਟਣ ਵਿਚ ਪੰਜਾਬੀ, ਖਾਸ ਕਰ ਕੇ ਸਿੱਖ, ਬਾਕੀ ਭਾਰਤੀ ਫਿਰਕਿਆਂ ਤੋਂ ਹਮੇਸ਼ਾਂ ਅੱਗੇ ਰਹੇ। ਇਸ ਹਕੀਕਤ ਨੂੰ ਕੌਮੀ ਤੇ ਕੌਮਾਂਤਰੀ ਪੱਧਰ 'ਤੇ ਅਕਸਰ ਸਵੀਕਾਰ ਕੀਤਾ ਜਾਂਦਾ ਹੈ ਪਰ ਇਤਿਹਾਸ ਇਸ ਗੱਲ ਦਾ ਵੀ ਗਵਾਹ ਹੈ ਕਿ ਅਹਿੰਸਕ ਜੱਦੋਜਹਿਦਾਂ ਵਿਚ ਗ੍ਰਿਫਤਾਰੀਆਂ ਦੇਣ ਅਤੇ ਸਰਕਾਰੀ ਜਬਰ ਅੱਗੇ ਰਤਾ ਵੀ ਨਾ ਡੋਲਣ ਦੀਆਂ ਮਿਸਾਲਾਂ ਵੀ ਅਕਾਲੀ ਦਲ ਨੇ ਕਾਇਮ ਕੀਤੀਆਂ। ਗੁਰਦੁਆਰਾ ਸੁਧਾਰ ਲਹਿਰ ਦੌਰਾਨ ਵੀ, ਉਸ ਤੋਂ ਬਾਅਦ ਦੇ ਸੱਤਿਆਗ੍ਰਹਿਆਂ ਦੌਰਾਨ ਵੀ ਅਤੇ ਪੰਜਾਬੀ ਸੂਬੇ ਲਈ ਮੋਰਚਿਆਂ ਸਮੇਂ ਵੀ। ਮਹਾਤਮਾ ਗਾਂਧੀ ਨੂੰ ਕਾਂਗਰਸ ਦੇ ਵੱਖ-ਵੱਖ ਸੱਤਿਆਗ੍ਰਹਿ ਹਿੰਸਕ ਘਟਨਾਵਾਂ ਕਾਰਨ ਮੁਅੱਤਲ ਕਰਨੇ ਪਏ ਸਨ। ਅਕਾਲੀ ਮੋਰਚਿਆਂ ਦੇ ਡਿਕਟੇਟਰਾਂ ਨੂੰ ਅਜਿਹੀ ਦਿੱਕਤ ਕਦੇ ਨਹੀਂ ਆਈ। ਮੋਰਚੇ ਸਦੈਵ ਪੁਰਅਮਨ ਰਹੇ। ਇਸੇ ਲਈ ਕਾਮਯਾਬ ਵੀ ਹੋਏ। ਅਜਿਹੀਆਂ ਕਾਮਯਾਬੀਆਂ ਦਾ ਦੇਸ਼ ਦੇ ਹੋਰਨਾਂ ਹਿੱਸਿਆਂ ਵਿਚ ਨੋਟਿਸ ਵੀ ਲਿਆ ਗਿਆ। ਤਾਮਿਲ ਆਗੂ ਕੁਮਾਰਾਸਵਾਮੀ ਮੁਦਾਲਿਆਰ ਨੇ 1937 ਵਿਚ ਲਿਖਿਆ ਸੀ: "ਅਜੋਕੇ ਯੁੱਗ ਵਿਚ ਹੱਕ-ਸੱਚ ਦੀ ਲੜਾਈ ਅਹਿੰਸਕ ਢੰਗਾਂ ਨਾਲ ਹੀ ਲੜੀ ਜਾਣੀ ਚਾਹੀਦੀ ਹੈ। ਤਮਿਲ ਜੁਝਾਰੂ ਕੌਮ ਹੈ, ਲੜਨਾ ਜਾਣਦੀ ਹੈ; ਪਰ ਲੰਬੀ ਲੜਾਈ ਕਿਵੇਂ ਲੜਨੀ ਹੈ, ਇਸ ਦਾ ਸਬਕ ਪੰਜਾਬ ਦੇ ਅਕਾਲੀ ਦਲ ਤੋਂ ਸਿੱਖਣਾ ਚਾਹੀਦਾ ਹੈ।"

ਇਹ ਕੋਈ ਇਕੋ-ਇਕ ਅਕੀਦਤ ਨਹੀਂ। ਸੰਤਾਲੀ ਤੋਂ ਪਹਿਲਾਂ ਤੇ ਸੰਤਾਲੀ ਤੋਂ ਬਾਅਦ ਅਕਾਲੀ ਦਲ ਦੇ ਕੁਰਬਾਨੀ ਤੇ ਜਾਂਬਾਜ਼ੀ ਵਾਲੇ ਜਜ਼ਬੇ ਨੂੰ ਜਵਾਹਰ ਲਾਲ ਨਹਿਰੂ, ਪੰਡਤ ਮਦਨ ਮੋਹਨ ਮਾਲਵੀਆ, ਬਿਪਿਨ ਚੰਦਰ ਪਾਲ ਅਤੇ ਇੱਥੋਂ ਤੱਕ ਕਿ ਮੁਹੰਮਦ ਅਲੀ ਜਿਨਾਹ ਵਰਗੇ ਰਾਜਸੀ-ਸਮਾਜਿਕ ਆਗੂਆਂ ਪਾਸੋਂ ਸਲਾਮਾਂ ਹੋਈਆਂ। ਇਹ ਅਫਸੋਸ ਦੀ ਗੱਲ ਹੈ ਕਿ ਹੁਣ ਵਾਲਾ ਅਕਾਲੀ ਦਲ, ਜਾਂ ਹੁਣ ਵਾਲੇ ਅਕਾਲੀ ਦਲ, ਅਜਿਹੇ ਵਡਮੁੱਲੇ ਵਿਰਸੇ ਤੋਂ ਬੇਮੁੱਖ ਹੋ ਗਏ ਹਨ। ਆਪਣੇ ਇਤਿਹਾਸ ਬਾਰੇ ਸੋਚਣ ਲਈ ਵੀ ਤਿਆਰ ਨਹੀਂ, ਸਬਕ ਲੈਣਾ ਤਾਂ ਦੂਰ ਦੀ ਗੱਲ ਹੈ।

---

ਬੜਾ ਗੌਰਵਮਈ ਤੇ ਮਾਣ-ਮੱਤਾ ਇਤਿਹਾਸ ਰਿਹਾ ਹੈ ਸ਼੍ਰੋਮਣੀ ਅਕਾਲੀ ਦਲ ਦਾ। ਗੁਰਦੁਆਰਾ ਸੁਧਾਰ ਲਹਿਰ ਦੀ ਉਪਜ ਸੀ ਇਹ ਪਾਰਟੀ। ਇਸ ਲਹਿਰ ਦੀ ਆਰੰਭਤਾ ਮਗਰੋਂ 14 ਦਸੰਬਰ 1920 ਨੂੰ ਅਕਾਲੀ ਦਲ ਦੀ ਰਸਮੀ ਤੌਰ 'ਤੇ ਸਥਾਪਨਾ ਹੋਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਰਾਜਸੀ ਵਿੰਗ ਸੀ ਇਹ ਪਾਰਟੀ। ਬਾਅਦ ਵਿਚ ਇਸ ਦਾ ਰਾਜਸੀ-ਸਮਾਜਿਕ ਦਾਇਰਾ ਹੋਰ ਵਿਕਸਿਤ ਤੇ ਵਿਸਤ੍ਰਿਤ ਹੁੰਦਾ ਗਿਆ। ਨਿਰੋਲ ਰਾਜਸੀ ਨਾ ਰਹਿ ਕੇ ਇਹ ਸਿੱਖ ਸਮਾਜ ਲਈ ਸਮਾਜਿਕ ਲਹਿਰ ਬਣੀ ਅਤੇ ਫਿਰ ਪੰਥਕ ਹਿੱਤਾਂ ਦੇ ਨਾਲ ਨਾਲ ਭਾਰਤੀ ਆਜ਼ਾਦੀ ਸੰਗਰਾਮ ਦੇ ਪੰਜਾਬ ਅੰਦਰਲੇ ਹਰਾਵਲ ਦਸਤੇ ਦਾ ਰੂਪ ਧਾਰਨ ਕਰ ਗਈ। ਕਾਂਗਰਸ, ਭਾਰਤ ਦੀ ਪਹਿਲੀ ਰਾਜਸੀ ਪਾਰਟੀ ਸੀ, ਸ਼੍ਰੋਮਣੀ ਅਕਾਲੀ ਦਲ ਦੂਸਰੀ। ਬਾਕੀ ਰਾਜਸੀ ਧਿਰਾਂ ਇਨ੍ਹਾਂ ਤੋਂ ਬਾਅਦ ਜੰਮੀਆਂ। ਕਾਂਗਰਸ, 19ਵੀਂ ਸਦੀ ਦੇ ਦੂਜੇ ਅੱਧ ਦੌਰਾਨ ਯੂਰਪ ਭਰ ਵਿਚ ਉਭਰੇ ਲਿਬਰਲਿਜ਼ਮ ਦੀ ਪੈਦਾਇਸ਼ ਸੀ। ਬਕੌਲ ਲੋਕਮਾਨਿਆ ਤਿਲਕ, "ਕਾਂਗਰਸ ਦਾ ਗਠਨ ਬ੍ਰਿਟਿਸ਼ ਲਿਬਰਲਾਂ (ਉਦਾਰਵਾਦੀਆਂ) ਨੇ 'ਅਧਿਆਤਮਿਕ ਪਸ਼ਚਾਤਾਪ' ਵਜੋਂ ਕੀਤਾ। ਬ੍ਰਿਟਿਸ਼ ਸਾਮਰਾਜਵਾਦ ਦੇ ਫਲ ਉਹ ਵੀ ਖਾਂਦੇ ਸਨ, ਇਸੇ ਲਈ ਰੂਹੋਂ ਉਹ ਇਸ ਦੇ ਵਿਰੁਧ ਨਹੀਂ ਸਨ ਪਰ ਬੌਧਿਕ ਮਾਹੌਲ ਹੀ ਅਜਿਹਾ ਬਣ ਗਿਆ ਸੀ ਕਿ ਉਨ੍ਹਾਂ ਨੂੰ ਭਾਰਤੀਆਂ ਲਈ ਬਿਹਤਰ ਰਾਜ ਪ੍ਰਬੰਧ ਅਤੇ ਸੀਮਤ ਖੁਦਮੁਖਤਾਰੀ ਦੀ ਪੈਰਵੀ ਦਾ ਪ੍ਰਪੰਚ ਰਚਣਾ ਹੀ ਪੈਣਾ ਸੀ। ਇਸੇ ਪ੍ਰਪੰਚ ਕਾਰਨ ਅੱਧੀ ਸਦੀ ਤੱਕ ਕਾਂਗਰਸ ਨੇ ਭਾਰਤ ਦੀ ਆਜ਼ਾਦੀ ਦੀ ਗੱਲ ਤੱਕ ਨਹੀਂ ਕੀਤੀ। ਆਜ਼ਾਦੀ ਵਾਲੀ ਗੱਲ ਪਹਿਲੇ ਮਹਾਂਯੁੱਧ ਦੀ ਸਮਾਪਤੀ ਤੋਂ ਬਾਅਦ ਸ਼ੁਰੂ ਹੋਈ। ਉਦੋਂ ਅਜਿਹੀ ਗੱਲ ਹੋਣੀ ਹੀ ਸੀ; ਕਾਂਗਰਸ ਦੀ ਵਾਗਡੋਰ ਉਦੋਂ ਤੱਕ ਅੰਗਰੇਜ਼ਾਂ, ਨੀਮ ਅੰਗਰੇਜ਼ਾਂ (ਐਂਗਲੋ ਇੰਡੀਅਨ) ਜਾਂ ਝੋਲੀ ਚੁੱਕ ਪਾਰਸੀਆਂ ਦੀ ਥਾਂ ਨਿਰੋਲ ਭਾਰਤੀਆਂ ਦੇ ਹੱਥਾਂ 'ਚ ਪਹੁੰਚ ਚੁੱਕੀ ਸੀ। ਹਿੰਦੋਸਤਾਨੀ ਆਵਾਮ ਵੀ ਅੰਗਰੇਜ਼ਾਂ ਨੂੰ ਜਰਮਨਾਂ ਪਾਸੋਂ ਕੁੱਟ ਖਾਂਦਿਆਂ ਦੇਖ ਚੁੱਕੀ ਸੀ।" ਕਾਂਗਰਸ ਦੇ ਅਜਿਹੇ ਪਿਛੋਕੜ ਤੋਂ ਉਲਟ ਅਕਾਲੀ ਦਲ ਦਾ ਤਾਂ ਜਨਮ ਹੀ ਜਾਨ ਤਲੀ 'ਤੇ ਧਰ ਕੇ ਜੂਝਣ ਦੇ ਜਜ਼ਬੇ ਤੇ ਪਰੰਪਰਾ ਵਿਚੋਂ ਹੋਇਆ ਸੀ। ਅਕਾਲੀਆਂ ਲਈ ਵਤਨਪ੍ਰਸਤੀ ਤੇ ਪੰਥਪ੍ਰਸਤੀ ਦੋ ਵੱਖਰੇ ਸੰਕਲਪ ਨਹੀਂ ਸਨ। ਦਰਅਸਲ, ਅੰਗਰੇਜ਼ਾਂ ਵੱਲੋਂ ਯੂਰਪੀ ਲੀਹਾਂ 'ਤੇ ਲਾਗੂ ਕੀਤੀ ਗਈ ਸਿੱਖਿਆ ਪ੍ਰਣਾਲੀ ਨੇ ਹੀ ਸਿੱਖ ਭਾਈਚਾਰੇ ਨੂੰ ਗੁਰਦੁਆਰਾ ਪ੍ਰਬੰਧ ਆਧੁਨਿਕ ਲੀਹਾਂ 'ਤੇ ਲਿਆਉਣ ਦੇ ਰਾਹ ਪਾਇਆ ਸੀ। ਗੁਰ-ਅਸਥਾਨ ਮਹੰਤਾਂ-ਸਰਬਰਾਹਾਂ ਦੀ ਨਿੱਜੀ ਜਾਇਦਾਦ ਬਣ ਚੁੱਕੇ ਸਨ। ਇਨ੍ਹਾਂ ਅਸਥਾਨਾਂ ਦੀ ਜ਼ਮੀਨ-ਜਾਇਦਾਦ ਨੂੰ ਵਿਲਾਸੀ-ਵਿਭਚਾਰੀ ਕੰਮਾਂ ਲਈ ਵਰਤਿਆ ਜਾ ਰਿਹਾ ਸੀ। ਬ੍ਰਿਟਿਸ਼ ਹਕੂਮਤ ਨਾਲ ਹਥਿਆਰਬੰਦ ਲੜਾਈ ਲੜੀ ਨਹੀਂ ਸੀ ਜਾ ਸਕਦੀ। ਇਹ ਲੜਾਈ ਅਹਿੰਸਕ ਹੀ ਹੋਣੀ ਚਾਹੀਦੀ ਸੀ। ਅਹਿੰਸਕ ਲੜਾਈ ਕਾਰਗਰ ਸਾਬਤ ਹੋਈ। 1920 'ਚ ਗੁਰਦੁਆਰਾ ਰਕਾਬਗੰਜ ਦੀ ਦੀਵਾਰ ਅਤੇ ਫਿਰ ਸਿਆਲਕੋਟ ਦੇ ਗੁਰਦੁਆਰਾ ਬਾਬੇ ਦੀ ਬੇਰ ਦੇ ਮੋਰਚਿਆਂ ਦੀ ਕਾਮਯਾਬੀ ਨੇ ਵਡੇਰੇ ਮੋਰਚਿਆਂ ਦਾ ਰਾਹ ਪੱਧਰਾ ਕੀਤਾ। ਫਿਰ ਸ਼ੁਰੂ ਹੋਇਆ ਗ੍ਰਿਫਤਾਰੀਆਂ, ਨਜ਼ਰਬੰਦੀਆਂ ਤੇ ਕੁਰਬਾਨੀਆਂ ਦਾ ਦੌਰ। ਅੰਤ ਕਾਮਯਾਬੀ 1925 'ਚ ਗੁਰਦੁਆਰਾ ਐਕਟ ਬਣਨ ਅਤੇ ਸਾਰੇ ਅਹਿਮ ਗੁਰ-ਅਸਥਾਨਾਂ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਦੇ ਹੱਥ ਆ ਜਾਣ ਨਾਲ ਮਿਲੀ। ਅਹਿੰਸਕ ਜੱਦੋਜਹਿਦ ਜਿਸ ਨੂੰ ਇਸ ਪਾਰਟੀ ਦੇ ਵਿਰੋਧੀ 'ਮੋਰਚਿਆਂ ਦੀ ਰਾਜਨੀਤੀ' ਦੱਸਦੇ ਰਹੇ, 1920 ਤੋਂ 1996 ਤੱਕ ਹਰ ਮੋਰਚੇ, ਹਰ ਸੰਘਰਸ਼ ਦੌਰਾਨ ਅਕਾਲੀ ਦਲ ਦਾ ਪ੍ਰਮੁੱਖ ਤੇ ਕਾਰਗਰ ਹਥਿਆਰ ਸਾਬਤ ਹੋਈ। ਭਰਾ-ਮਾਰੂ ਸਾਜ਼ਿਸ਼ਾਂ ਤੇ ਹੋਰ ਦਾਅ-ਪੇਚ ਵੀ ਇਸ ਪਾਰਟੀ ਦੇ ਆਧਾਰ ਨੂੰ ਖੋਰਾ ਨਾ ਲਾ ਸਕੇ। ਖੁਸ਼ਵੰਤ ਸਿੰਘ ਅਨੁਸਾਰ, "ਸਿੱਖ ਮਰਿਆਦਾ ਨੂੰ ਆਮ ਸਿੱਖਾਂ ਦੀ ਜੀਵਨ-ਜਾਚ ਬਣਾਉਣ ਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਰਜ ਨੂੰ ਅਕਾਲੀ ਦਲ ਨੇ ਆਪਣੀਆਂ ਲਹਿਰਾਂ ਰਾਹੀਂ ਆਸਾਨ ਬਣਾਇਆ। ਇਨ੍ਹਾਂ ਲਹਿਰਾਂ ਦੀਆਂ ਕਾਮਯਾਬੀਆਂ ਨੇ ਪੰਥਪ੍ਰਸਤੀ ਤੇ ਵਤਨਪ੍ਰਸਤੀ ਦੇ ਜਜ਼ਬਿਆਂ ਨੂੰ ਮਜ਼ਬੂਤੀ ਪ੍ਰਦਾਨ ਕੀਤੀ।"



*ਇਤਿਹਾਸ ਦਾ ਰੰਗ: ਅੰਗਰੇਜ਼ਾਂ ਨਾਲ ਮੁਕਾਬਲਾ।*

ਇਨ੍ਹਾਂ ਕਾਮਯਾਬੀਆਂ ਨੇ ਕਾਂਗਰਸ ਦੇ ਉਚ ਨੇਤਾਵਾਂ, ਖਾਸ ਕਰ ਪੰਡਿਤ ਨਹਿਰੂ ਤੇ ਸੀ.ਆਰ. ਰਾਜਗੋਪਾਲਾਚਾਰੀ ਨੂੰ ਅਕਾਲੀ ਦਲ ਦੇ ਰਾਜਸੀ ਮਹੱਤਵ ਦਾ ਮੁਲੰਕਣ ਕਰਨ ਅਤੇ ਇਸ ਪਾਰਟੀ ਦੇ ਕਾਂਗਰਸ ਨਾਲ ਰਲੇਵੇਂ ਦੇ ਹੀਲੇ-ਉਪਰਾਲੇ ਕਰਨ ਦੇ ਰਾਹ ਪਾਇਆ। 1929 ਵਿਚ ਸ਼ੁਰੂ ਹੋਏ ਅਜਿਹੇ ਯਤਨ, 1947 ਵਿਚ ਮੁਲਕ ਦੀ ਵੰਡ ਮਗਰੋਂ ਵੀ ਜਾਰੀ ਰਹੇ। ਕਈ ਪ੍ਰਮੁੱਖ ਅਕਾਲੀ ਨੇਤਾਵਾਂ, ਖਾਸ ਤੌਰ 'ਤੇ ਮਾਸਟਰ ਤਾਰਾ ਸਿੰਘ ਵੱਲੋਂ ਰਲੇਵੇਂ ਦੀ ਤਜਵੀਜ਼ ਪ੍ਰਤੀ ਲਗਾਤਾਰ ਇਹਤਿਆਤ ਵਰਤਣੀ, ਕਾਂਗਰਸ ਤੇ ਅਕਾਲੀ ਦਲ ਦਰਮਿਆਨ ਮੱਤਭੇਦਾਂ ਦੀ ਵਜ੍ਹਾ ਬਣੀ। ਇਸੇ ਇਹਤਿਆਤ ਨੇ ਅਕਾਲੀ ਦਲ ਦੇ ਅੰਦਰ ਤਰੇੜਾਂ ਉਭਾਰੀਆਂ। ਕਾਂਗਰਸ-ਅਕਾਲੀ ਮੱਤਭੇਦ 1947 ਤੋਂ ਮਗਰੋਂ ਹੋਰ ਤਿਖੇਰੇ ਹੋਏ। ਅਕਾਲੀ, ਸਿੱਖ ਬਹੁਗਿਣਤੀ ਵਾਲਾ ਸੂਬਾ ਮੰਗਦੇ ਸਨ। ਉਨ੍ਹਾਂ ਨੂੰ ਪਤਾ ਸੀ ਕਿ ਅਜਿਹਾ ਸੂਬਾ ਬਣਨ 'ਤੇ ਹੀ ਰਾਜਸੱਤਾ ਅਕਾਲੀ ਦਲ ਦੇ ਹੱਥ ਆ ਸਕਦੀ ਹੈ। ਕਾਂਗਰਸ ਨੂੰ ਇਸ ਮੰਗ ਵਿਚੋਂ ਵੱਖਵਾਦ ਦੀ ਬੂਅ ਆਉਂਦੀ ਸੀ। ਅਜਿਹੇ ਟਕਰਾਅ ਨੇ ਪੰਜਾਬੀ ਸੂਬੇ ਦੀ ਸਥਾਪਨਾ 20 ਵਰ੍ਹੇ ਲਟਕਾ ਦਿੱਤੀ। ਜਦੋਂ ਸੂਬਾ ਬਣ ਗਿਆ ਤਾਂ ਅਕਾਲੀ ਸਫਾਂ ਵਿਚ ਦੁਫੇੜ ਵੱਧ ਤਿੱਖੀ ਹੋਣ ਲੱਗੀ।

---

ਫੁੱਟ ਜਾਂ ਦੁਫੇੜ ਅਕਾਲੀ ਦਲ ਦੀ ਪੇਸ਼ੇਰਫਤ ਦਾ 95 ਵਰ੍ਹਿਆਂ ਤੋਂ ਹਿੱਸਾ ਰਹੇ ਹਨ। 1926 ਵਿਚ ਨਰਮਖਿਆਲੀਆਂ ਤੇ ਗਰਮਖਿਆਲੀਆਂ ਦਰਮਿਆਨ ਤਕਰਾਰ, ਗੁਰਦੁਆਰਾ ਐਕਟ ਨੂੰ ਮੰਨਣ ਤੋਂ ਉਭਰੀ ਪਰ ਸੂਝਵਾਨ ਸਾਲਸਾਂ ਦੀ ਮਦਾਖਲਤ ਸਦਕਾ ਇਸ ਉਪਰ ਕਾਬੂ ਪਾ ਲਿਆ ਗਿਆ। ਵਿਦਵਾਨ ਲੇਖਕ ਤੇ ਇਤਿਹਾਸਕਾਰ ਡਾ. ਮਹਿੰਦਰ ਸਿੰਘ ਅਨੁਸਾਰ: "ਮੱਤਭੇਦ ਦੇਖਣ ਨੂੰ ਤਾਂ ਦੂਰ ਹੋ ਗਏ, ਪਰ ਮਗਰੋਂ ਦਾ ਇਤਿਹਾਸ ... ਦਰਸਾਉਂਦਾ ਹੈ ਕਿ ਅਸਲ ਏਕਤਾ ਮੁੜ ਕਦੇ ਨਹੀਂ ਹੋ ਸਕੀ।" (ਅਕਾਲੀ ਲਹਿਰ, ਪੰਨਾ 144)

1929 ਵਿਚ ਮੋਤੀ ਲਾਲ ਨਹਿਰੂ ਰਿਪੋਰਟ ਤੋਂ ਬਾਬਾ ਖੜਕ ਸਿੰਘ ਤੇ ਮਾਸਟਰ ਤਾਰਾ ਸਿੰਘ ਦਰਮਿਆਨ ਇਖਤਿਲਾਫ ਪੈਦਾ ਹੋਏ। ਵਿਧਾਨਕ ਸੰਸਥਾਵਾਂ ਵਿਚ ਸਿੱਖਾਂ ਲਈ ਅਨੁਪਾਤਕ ਪ੍ਰਤੀਨਿਧਤਾ ਵਾਲੀ ਮੱਦ, ਮੋਤੀ ਲਾਲ ਨਹਿਰੂ ਰਿਪੋਰਟ ਵਿਚ ਸ਼ਾਮਲ ਨਹੀਂ ਸੀ। ਇਸੇ ਕਾਰਨ ਮਾਸਟਰ ਜੀ ਇਸ ਰਿਪੋਰਟ ਦੇ ਖਿਲਾਫ ਸਨ। ਉਨ੍ਹਾਂ ਨੂੰ "ਸਿੱਖ ਭਾਈਚਾਰੇ ਦੇ ਹਿੱਤ ਹਿੰਦੂ ਭਾਈਚਾਰੇ ਦੇ ਵਡੇਰੇ ਹਿੱਤਾਂ ਨਾਲ ਜੋੜਨਾ ਪਰਵਾਨ ਨਹੀਂ ਸੀ।" ਅਜਿਹੇ ਮੱਤਭੇਦਾਂ ਕਾਰਨ ਬਾਬਾ ਖੜਕ ਸਿੰਘ ਅਕਾਲੀ ਦਲ ਤੋਂ ਕਿਨਾਰਾਕਸ਼ੀ ਕਰ ਗਏ। ਉਂਜ, ਰਾਜਸੀ ਮੱਤਭੇਦਾਂ ਦੇ ਬਾਵਜੂਦ ਕੌਮੀ ਆਜ਼ਾਦੀ ਸੰਘਰਸ਼ ਵਿਚ ਮਾਸਟਰ ਜੀ ਕਾਂਗਰਸ ਦੇ ਨਾਲ ਖੜ੍ਹਦੇ ਰਹੇ। 1930 ਦੀ ਸਿਵਲ ਨਾਫਰਮਾਨੀ ਸਮੇਂ ਉਨ੍ਹਾਂ ਨੇ ਗ੍ਰਿਫਤਾਰੀ ਜਥੇ ਦੀ ਅਗਵਾਈ ਕੀਤੀ। ਇਸ ਤੋਂ ਬਾਅਦ ਵੀ, ਖਾਸ ਕਰ ਕੇ 1939 ਵਿਚ ਅਜਿਹਾ ਕੁਝ ਵਾਪਰਿਆ। ਕਾਂਗਰਸ ਨਾਲ ਸਬੰਧਾਂ ਤੋਂ ਇਖਤਿਲਾਫਾਤ, ਅਕਾਲੀ ਸਫਾਂ ਵਿਚ ਖੋਰੇ ਦੀ ਵਜ੍ਹਾ ਬਣਦੇ ਰਹੇ। ਪਰਤਾਪ ਸਿੰਘ ਕੈਰੋਂ, ਸਰਦਾਰ ਹੁਕਮ ਸਿੰਘ, ਸਰਦਾਰ ਬਲਦੇਵ ਸਿੰਘ, ਜਥੇਦਾਰ ਉਧਮ ਸਿੰਘ ਨਾਗੋਕੇ, ਗਿਆਨੀ ਕਰਤਾਰ ਸਿੰਘ ਤੇ ਜਥੇਦਾਰ ਮੋਹਨ ਸਿੰਘ ਨਾਗੋਕੇ, ਮਾਸਟਰ ਜੀ ਦੀ ਸੋਚ ਤੇ ਸੁਹਜ ਨਾਲ ਮੱਤਭੇਦਾਂ ਕਾਰਨ ਕਾਂਗਰਸ ਦਾ ਪੱਲਾ ਫੜਦੇ ਗਏ। ਉਂਜ, ਅਜਿਹੀਆਂ ਰੁਖਸਤਗੀਆਂ ਦੇ ਬਾਵਜੂਦ ਨਾ ਤਾਂ ਅਕਾਲੀ ਦਲ ਦੇ ਪੰਥਪ੍ਰਸਤ ਅਕਸ ਵਿਚ ਕੋਈ ਚਿੱਬ ਪਿਆ ਅਤੇ ਨਾ ਹੀ ਪਾਰਟੀ ਕਾਡਰ ਡੋਲਿਆ।

ਪਾਰਟੀ ਦੀ ਅਜਿਹੀ ਮਜ਼ਬੂਤੀ ਦੀ ਮੁੱਖ ਵਜ੍ਹਾ ਸੀ ਨੇਤਾਵਾਂ ਵੱਲੋਂ ਪਰਿਵਾਰ ਦੀ ਥਾਂ ਪਾਰਟੀ ਤੇ ਪੰਥ ਨੂੰ ਪਹਿਲ ਦੇਣੀ। ਜਦੋਂ 'ਮੈਂ ਮਰਾਂ, ਪੰਥ ਜੀਵੇ' ਵਾਲੀ ਪਹੁੰਚ ਕਮਜ਼ੋਰ ਪੈਣ ਲੱਗੀ ਤਾਂ ਬਾਣੀ, ਬਾਣੇ ਤੇ ਬਿਬੇਕ ਨਾਲ ਸਮਝੌਤਿਆਂ ਦਾ ਦੌਰ ਸ਼ੁਰੂ ਹੋ ਗਿਆ। ਇਹ ਦੌਰ ਅਜੇ ਵੀ ਰੁਕਿਆ ਜਾਂ ਮੁੱਕਿਆ ਨਹੀਂ। 1920 ਵਿਚ ਸੁਰਮੁਖ ਸਿੰਘ ਝਬਾਲ ਨੂੰ ਅਕਾਲੀ ਦਲ ਦਾ ਪਹਿਲਾ ਪ੍ਰਧਾਨ ਥਾਪਿਆ ਗਿਆ ਸੀ। ਉਨ੍ਹਾਂ ਮਗਰੋਂ ਬਾਬਾ ਖੜਕ ਸਿੰਘ, ਕਰਮ ਸਿੰਘ ਬੱਸੀ, ਮਾਸਟਰ ਤਾਰਾ ਸਿੰਘ, ਸਰਦਾਰ ਗੋਪਾਲ ਸਿੰਘ ਕੌਮੀ, ਬਾਬੂ ਲਾਭ ਸਿੰਘ, ਜਥੇਦਾਰ ਉਧਮ ਸਿੰਘ ਨਾਗੋਕੇ, ਗਿਆਨੀ ਕਰਤਾਰ ਸਿੰਘ, ਸਰਦਾਰ ਹੁਕਮ ਸਿੰਘ, ਸਿੰਘ ਸਾਹਿਬ ਗਿਆਨੀ ਭੁਪਿੰਦਰ ਸਿੰਘ ਅਤੇ ਸੰਤ ਫਤਹਿ ਸਿੰਘ ਅਕਾਲੀ ਦਲ ਦੇ ਪ੍ਰਧਾਨ ਰਹੇ। ਇਨ੍ਹਾਂ ਵਿਚੋਂ ਕਿਸੇ ਵੀ ਪ੍ਰਧਾਨ ਨੇ ਆਪਣੇ ਪੁੱਤਰ/ਪੋਤੇ ਨੂੰ ਅਕਾਲੀ ਦਲ ਵਿਚ ਅਹੁਦੇ ਨਹੀਂ ਬਖਸ਼ੇ। ਇਸ ਪਰੰਪਰਾ ਨੂੰ ਦਰਕਿਨਾਰ ਪਰਕਾਸ਼ ਸਿੰਘ ਬਾਦਲ ਨੇ ਕੀਤਾ। ਉਨ੍ਹਾਂ ਦੇ ਸਾਥੀਆਂ ਨੇ ਇਸ ਦਾ ਵਿਰੋਧ ਕਰਨ ਦੀ ਥਾਂ ਅਨੁਸਰਣ ਕਰਨਾ ਵੱਧ ਵਾਜਬ ਸਮਝਿਆ। ਹਰ ਅਹਿਮ ਅਕਾਲੀ ਦਾ ਪੁੱਤ-ਪੋਤਾ ਪਾਰਟੀ ਅੰਦਰਲੇ ਅਹੁਦਿਆਂ ਦਾ ਦਾਅਵੇਦਾਰ ਤੇ 'ਹੱਕਦਾਰ' ਬਣ ਗਿਆ। ਬਾਪ ਦਾ ਜਿੰਨਾ ਸਿਆਸੀ ਕੱਦ, ਪੁੱਤ ਦਾ ਉਸੇ ਅਨੁਪਾਤ ਵਿਚ ਅਹੁਦਾ। ਪੰਥਪ੍ਰਸਤੀ ਭੁੱਲ ਗਈ, ਪਰਿਵਾਰਪ੍ਰਸਤੀ ਨਵਾਂ ਦਸਤੂਰ ਬਣ ਗਈ। ਹੁਣ ਹਰ ਅਕਾਲੀ ਟਕਸਾਲੀ ਜਾਂ ਗ਼ੈਰ-ਟਕਸਾਲੀ ਜਰਨੈਲ ਇਸੇ ਦਸਤੂਰ ਦਾ ਮੁਰੀਦ ਹੈ, ਉਸ ਦਾ ਧੜਾ ਚਾਹੇ ਕੋਈ ਵੀ ਹੋਵੇ। ਹੁਣ ਹਰ ਧੜੇ ਵਿਚ ਵਰਕਰ ਘੱਟ ਹਨ, ਅਹੁਦੇਦਾਰ ਵੱਧ।

---

1996 ਵਿਚ ਮੋਗਾ ਕਾਨਫਰੰਸ ਦੇ ਜ਼ਰੀਏ ਅਕਾਲੀ ਦਲ ਨੇ 'ਸੈਕੂਲਰ' ਹੋਣਾ ਚੁਣਿਆ। ਵਿਧਾਨਕ ਤੇ ਕਾਨੂੰਨੀ ਮਜਬੂਰੀਆਂ ਕਾਰਨ ਪਾਰਟੀ ਵਿਧਾਨ ਵਿਚ ਤਰਮੀਮ ਵੱਖਰੀ ਗੱਲ ਹੈ, ਪਾਰਟੀ ਦੀ ਸੁਹਜ, ਸੁਭਾਅ ਤੇ ਸਿੱਖੀ ਸਰੂਪ ਨਾਲ ਸਮਝੌਤਾ ਬਿਲਕੁਲ ਦੂਜੀ ਗੱਲ। ਪਾਰਟੀ ਨੇ ਇਹ ਸਮਝੌਤਾ ਕਰਨ ਪ੍ਰਤੀ ਰਤਾ ਵੀ ਝਿਜਕ ਨਹੀਂ ਦਿਖਾਈ। ਸੈਕੂਲਰ ਕਹਾਉਣ ਲਈ ਅੱਡਰੀ ਪਛਾਣ ਮਿਟਾਉਣ ਜਾਂ ਧਾਰਮਿਕ ਅਕੀਦੇ ਭੁਲਾਉਣ ਦੀ ਲੋੜ ਨਹੀਂ ਹੁੰਦੀ। ਅਕਾਲੀ ਦਲ ਨੇ ਪਛਾਣ ਦੀ ਬਰਕਰਾਰੀ ਨੂੰ ਫਰਜ਼ ਤੇ ਫਲਸਫੇ? ਵਜੋਂ ਅਪਣਾਉਣ ਦੀ ਜੁਰਅਤ ਹੀ ਨਹੀਂ ਦਿਖਾਈ। ਇਸ ਦੇ ਆਗੂ, ਖਾਸ ਤੌਰ 'ਤੇ ਯੂਥ ਲੀਡਰਸ਼ਿਪ ਟੂ-ਇਨ-ਵਨ (ਲੋੜ ਮੁਤਾਬਿਕ ਪੱਗ ਬੰਨ੍ਹ ਲਉ, ਨਾ ਲੋੜ ਪੈਣ 'ਤੇ ਲਾਹ ਲਉ) ਕਲਚਰ ਦੀ ਬ੍ਰਾਂਡ ਅੰਬੈਸਡਰ ਬਣ ਗਈ। ਸਿੱਖੀ ਕੇਸਾਂ-ਸੁਆਸਾਂ ਸੰਗ ਨਿਭਾਉਣ ਦਾ ਅਕੀਦਾ, ਅਕੀਦਾ ਤਾਂ ਕੀ ਰਹਿਣਾ, ਰਸਮ ਵੀ ਨਹੀਂ ਰਿਹਾ। ਹਕੀਕਤ ਇਹ ਵੀ ਹੈ ਕਿ ਸਿੱਖੀ ਤਾਂ ਸੁਭਾਅ ਤੇ ਸੁਹਜ ਪੱਖੋਂ ਸਦਾ ਹੀ ਸੈਕੂਲਰ ਰਹੀ ਹੈ। ਧਰਮ ਦੇ ਆਧਾਰ 'ਤੇ ਵਿਤਕਰਾ ਜਾਂ ਜਬਰ ਇਸ ਦਾ ਕਦੇ ਵੀ ਖਾਸਾ ਨਹੀਂ ਰਿਹਾ। 1920ਵਿਆਂ ਵਿਚ ਮੋਰਚਿਆਂ ਵੇਲੇ ਜਦੋਂ ਇਕ ਸਮੇਂ ਅੰਮ੍ਰਿਤਸਰ ਵਿਚ ਹਿੰਦੂ-ਮੁਸਲਿਮ ਫਸਾਦ ਭੜਕੇ ਤਾਂ ਅੰਗਰੇਜ਼ ਪ੍ਰਸ਼ਾਸਕਾਂ ਨੇ ਸ਼੍ਰੋਮਣੀ ਕਮੇਟੀ ਨੂੰ ਅਕਾਲੀ ਵਾਲੰਟੀਅਰ ਭੇਜਣ ਦੀ ਬੇਨਤੀ ਕੀਤੀ। ਇਨ੍ਹਾਂ ਵਾਲੰਟੀਅਰਾਂ ਨੇ ਝੱਟ ਠੰਢ-ਠੰਢਾਰਾ ਕਰਵਾ ਦਿੱਤਾ ਕਿਉਂਕਿ ਫਸਾਦੀਆਂ ਦੀਆਂ ਦੋਵਾਂ ਧਿਰਾਂ ਨੂੰ ਇਨ੍ਹਾਂ ਵਾਲੰਟੀਅਰਾਂ ਦੀ ਕਹਿਣੀ-ਕਰਨੀ ਉਤੇ ਇਤਬਾਰ ਸੀ। ਇਸ ਘਟਨਾਕ੍ਰਮ ਨੇ ਅਕਾਲੀ ਲਹਿਰ ਪ੍ਰਤੀ ਅੰਗਰੇਜ਼ ਹਾਕਮਾਂ ਦੀ ਸੋਚ ਬਦਲਣ ਵਿਚ ਹਿੱਸਾ ਪਾਇਆ।

---

ਇਸ ਵੇਲੇ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲਾ ਅਕਾਲੀ ਦਲ ਸਿਰਫ ਸ਼੍ਰੋਮਣੀ ਕਮੇਟੀ ਉਤੇ ਕਬਜ਼ੇ ਸਦਕਾ ਹੀ 'ਪੰਥਕ' ਪਾਰਟੀ ਹੈ; ਸੂਝ, ਸੋਚ ਤੇ ਸਰੂਪ ਪੱਖੋਂ ਨਹੀਂ। ਇਸ ਦੇ ਸ਼ਰੀਕ ਦਲ ਵੀ ਉਪਰੋਕਤ ਤਿੰਨ ਪੈਮਾਨਿਆਂ ਪੱਖੋਂ ਸੁਖਬੀਰ ਦਲ ਵਰਗੀਆਂ ਕਿਸ਼ਤੀਆਂ ਉਤੇ ਹੀ ਸਵਾਰ ਹਨ। ਪੰਥਕ ਪਾਰਟੀ/ਪਾਰਟੀਆਂ ਦੀ ਇਹ ਦੁਰਦਸ਼ਾ, ਨਾ ਸਿਰਫ ਪੰਥ ਸਗੋਂ ਸਮੁੱਚੇ ਪੰਜਾਬ ਲਈ ਨਾਖੁਸ਼ਗਵਾਰ ਵਰਤਾਰਾ ਹੈ। ਪੰਜਾਬ ਨੂੰ ਆਪਣਾ ਰਾਜਸੀ ਨਿਆਰਾਪਣ ਬਰਕਰਾਰ ਰੱਖਣ ਲਈ ਅਕਾਲੀ ਦਲ ਵਰਗੀ ਖੇਤਰੀ ਪਾਰਟੀ ਦੀ ਮਜ਼ਬੂਤੀ ਦੀ ਲੋੜ ਹੈ। ਅਕਾਲੀ ਦਲ ਦੇ ਸ਼ਤਾਬਦੀ ਵਰ੍ਹੇ ਵਿਚ ਇਹ ਮਜ਼ਬੂਤੀ 'ਉਡਰੀ' ਨਜ਼ਰ ਆ ਰਹੀ ਹੈ। ਇਹੋ ਅੱਜ ਦਾ ਸੱਚ ਹੈ।

# ਜਪੁਜੀ ਸਾਹਿਬ ਦਾ ਦਾਰਸ਼ਨਿਕ ਪਰਿਪੇਖ

ਜਪੁਜੀ ਸਾਹਿਬ ਗੁਰੂ ਨਾਨਕ ਦੇਵ ਜੀ ਦੀ ਇਕ ਸ਼ਾਹਕਾਰ ਕਿਰਤ ਹੈ। ਇਹ ਮੰਨਿਆ ਜਾਂਦਾ ਹੈ ਕਿ ਗੁਰੂ ਜੀ ਨੇ ਇਸ ਦੀ ਰਚਨਾ ਉਦੋਂ ਕੀਤੀ, ਜਦੋਂ ਜੀਵਨ ਦੀਆਂ ਉਦਾਸੀਆਂ ਅਤੇ ਜੀਵਨ ਦੇ ਵਿਸ਼ਾਲ ਅਨੁਭਵ ਦੇ ਨਾਲ ਨਾਲ ਉਨ੍ਹਾਂ ਨੇ ਪੂਰਵ ਲਿਖੇ ਹੋਏ ਧਾਰਮਿਕ ਗ੍ਰੰਥਾਂ ਦਾ ਗਹਿਰਾ ਅਧਿਐਨ ਕਰਕੇ ਆਪਣੇ ਵੱਲੋਂ ਕੁਝ ਜੀਵਨ ਅਤੇ ਸ੍ਰਿਸ਼ਟੀ ਦੇ ਬੁਨਿਆਦੀ ਤੱਥਾਂ ਦਾ ਨਿਚੋੜ ਉਜਾਗਰ ਕਰ ਲਿਆ ਸੀ। ਹਥਲੇ ਖੋਜ-ਪੱਤਰ ਦਾ ਮਨੋਰਥ ਜਪੁਜੀ ਸਾਹਿਬ ਦੀ ਰਚਨਾ ਦੇ ਆਧਾਰ 'ਤੇ ਗੁਰੂ ਨਾਨਕ ਦੇਵ ਜੀ ਦੇ ਦਾਰਸ਼ਨਿਕ ਜਾਂ ਫਲਸਫਿਕ ਨੁਕਤਿਆਂ ਨੂੰ ਪੰਜਾਬੀ ਪਾਠਕਾਂ ਅਤੇ ਦਰਸ਼ਕਾਂ/ਸਰੋਤਿਆਂ ਦੇ ਸਨਮੁੱਖ ਕਰਨਾ ਹੈ। ਇਹ ਦਾਰਸ਼ਨਿਕ ਨੁਕਤੇ ਅਜਿਹੇ ਹਨ, ਜਿਨ੍ਹਾਂ ਦੀ ਪ੍ਰਕਿਰਤੀ ਬੜੀ ਰਹੱਸਾਤਮਕ ਹੈ। ਇਨ੍ਹਾਂ ਦੀ ਵਿਆਖਿਆ ਦੇ ਪਾਸਾਰ ਵੀ ਵੰਨ-



**ਪ੍ਰੋ. ਸੁਹਿੰਦਰ ਬੀਰ**
ਫੋਨ: 91-98552-04102

ਸੁਵੰਨੇ ਹਨ। ਇਹ ਲਿਖਤ ਅਜਿਹੀ ਹੈ, ਜਿਸ ਦੀ ਵਿਆਖਿਆ ਹਰ ਇਕ ਵਿਦਵਾਨ ਆਪਣੀ ਭਾਸ਼ਾਈ ਅਤੇ ਵਿਦਿਅਕ ਸੂਝ-ਸਮਰੱਥਾ ਅਨੁਸਾਰ ਕਰ ਲੈਂਦਾ ਹੈ। ਸੋ, ਇਸ ਤਰ੍ਹਾਂ ਇਸ ਰਚਨਾ ਦਾ ਰਹੱਸਮਈ ਹੋਣਾ ਅਤੇ ਦੂਸਰਾ ਇਸ ਦੀ ਵਿਆਖਿਆ ਦੇ ਅਨੇਕ ਅਰਥਾਂ ਦਾ ਉਜਾਗਰ ਹੋਣਾ ਸਹਿਜ-ਸੁਭਾਵਕ ਹੈ। ਅਸੀਂ ਆਪਣੀ ਸੂਝ/ਸਮਰਥਾ ਅਨੁਸਾਰ ਇਸ ਕਿਰਤ ਦੇ ਦਾਰਸ਼ਨਿਕ ਪਾਸਾਰਾਂ ਨੂੰ ਸਮਝਣ ਦਾ ਉਪਰਾਲਾ ਕਰਾਂਗੇ। ਜਪੁਜੀ ਸਾਹਿਬ ਦੀ ਰਚਨਾ ਕਾਵਿ ਦੇ ਰੂਪ ਵਿਚ ਕੀਤੀ ਗਈ ਹੈ। ਕਿਸੇ ਵੀ ਕਾਵਿ ਦਾ ਧਰਮ ਕਿਸੇ ਦਰਸ਼ਨ ਵਿਸ਼ੇਸ਼ ਦੀ ਪੇਸ਼ਕਾਰੀ ਨਹੀਂ ਹੁੰਦਾ, ਪਰ ਕਾਵਿ ਵਿਚ ਦਾਰਸ਼ਨਿਕ ਝੁਕਾਵਾਂ ਦੀ ਬਿਰਤੀ ਇਸ ਦੇ ਕਲਾਤਮਕ ਰੂਪ ਵਿਚ ਵਾਧਾ ਕਰਦੀ ਹੈ।

ਰੂਸ ਦੇ ਪ੍ਰਸਿੱਧ ਫਿਲਾਸਫਰ ਯੂਰੀ ਬੋਰੇਵ ਦਾ ਕਥਨ ਹੈ, "ਸੱਚੀ ਕਲਾ ਸਦਾ ਦਰਸ਼ਨ ਵੱਲ ਝੁਕਾਅ ਰਖਦੀ ਹੈ। ਇਹ ਵਿਸ਼ਵ ਵਿਆਪੀ ਸਮੱਸਿਆਵਾਂ ਅਤੇ ਰਹੱਸਾਂ ਦਾ ਸਮਾਧਾਨ ਭਾਲਦੀ ਹੈ ਤੇ ਸੰਸਾਰ ਨੂੰ ਸਮਝਣ ਦਾ ਯਤਨ ਕਰਦੀ ਹੈ। ਕਲਾਕਾਰ ਦਾ ਸਰੋਕਾਰ ਸਿਰਫ ਆਪਣੇ ਕਿਰਦਾਰਾਂ ਦੀ ਭਾਵੀ ਨਾਲ ਨਹੀਂ ਹੁੰਦਾ, ਸਮੁੱਚੇ ਸੰਸਾਰ ਦੀ ਖੋਜ ਨਾਲ ਹੁੰਦਾ ਹੈ।"

ਸਾਡੀ ਜਾਚੇ ਕਾਵਿ ਇਕ ਜਟਿਲ ਕਲਾ ਹੈ, ਇਹ ਇਕ ਅਜਿਹੀ ਸਾਧਨਾ ਹੈ, ਜਿਸ ਸਾਧਨਾ ਤੇ ਸਾਮਾਧੀ ਵਿਚ ਉਪਭਾਵੁਕਤਾ ਖਾਰਿਜ ਹੋ ਜਾਂਦੀ ਹੈ ਅਤੇ ਮਨੁੱਖ ਦੀ ਇਕਾਗਰਤਾ ਸ੍ਰਿਸ਼ਟੀ ਤੇ ਬ੍ਰਹਿਮੰਡ ਦੇ ਵਰਤਾਰਿਆਂ ਪਿੱਛੇ ਕਾਰਜਸ਼ੀਲ ਨੇਮਾਂ ਨੂੰ ਸਮਝਣ ਅਤੇ ਸੁਹਜਾਤਮਕ ਰੂਪ ਵਿਚ ਪ੍ਰਗਟਾਉਣ ਦਾ ਯਤਨ ਕਰਦੀ ਹੈ।

ਜਪੁਜੀ ਸਾਹਿਬ ਦੀ ਰੂਪ-ਰਚਨਾ ਇਸ ਪ੍ਰਕਾਰ ਕੀਤੀ ਗਈ ਹੈ ਕਿ ਇਸ ਦੇ ਅਰੰਭ ਵਿਚ 14 ਸ਼ਬਦਾਂ ਦਾ ਇਕ ਮੰਗਲਾਚਰਨ ਦਿੱਤਾ ਗਿਆ ਹੈ, ਜਿਸ ਵਿਚ ਗੁਰਮਤਿ ਸਿਧਾਂਤ ਦਾ ਬੀਜ ਰੂਪ ਵਿਚ ਉਲੇਖ ਮਿਲ ਜਾਂਦਾ ਹੈ। ਪਰਮਾਤਮਾ ਦੇ ਸਰੂਪ ਦੀ ਚਰਚਾ ਉਪਨਿਸ਼ਦਕ ਦਰਸ਼ਨ ਦੇ ਕਾਫੀ ਨੇੜੇ ਹੈ ਅਤੇ ਅਨੇਕ ਤਰ੍ਹਾਂ ਦੀਆਂ ਹੋਰ ਦਾਰਸ਼ਨਿਕ ਪਰੰਪਰਾਵਾਂ ਦਾ ਸਾਰ-ਤੱਤ ਵੀ ਇਸ ਵਿਚ ਦੇਖਿਆ ਜਾ ਸਕਦਾ ਹੈ। ਇਸ ਰਚਨਾ ਦੀਆਂ 38 ਪਉੜੀਆਂ ਹਨ। ਹਰ ਪਉੜੀ ਜਾਂ ਪਉੜੀ ਸਮੂਹ ਦਾ ਆਪਣਾ ਰਚਨਾ ਵਿਧਾਨ ਹੈ। ਇਸ ਵਿਚ ਵਰਤੇ ਗਏ ਛੰਦ ਵਿਰਾਜ, ਦੋਹਰਾ, ਸਲੋਕ, ਸੋਰਠਾ, ਚੌਪਈ, ਦਵੱਈਆ ਅਤੇ ਹੰਸ ਹਨ। ਇਸ ਦੇ ਆਦਿ ਅਤੇ ਅੰਤ ਵਿਚ ਦੋ ਸਲੋਕ ਹਨ। ਇਸ ਦੀ ਭਾਸ਼ਾ ਦਾ ਰੂਪ ਸਧੂਕੜੀ ਹੈ। ਅਰਬੀ ਫਾਰਸੀ ਦੇ ਸ਼ਬਦਾਂ ਦੀ ਭਰਪੂਰ ਵਰਤੋਂ ਕੀਤੀ ਗਈ ਹੈ, ਪਰ ਭਾਰਤੀ ਭਾਸ਼ਾਵਾਂ ਦੀ ਸ਼ਬਦਾਵਲੀ ਦਾ ਆਧਾਰ ਅਧਿਕ ਲਿਆ ਗਿਆ ਹੈ। ਕਿਸੇ ਵਿਸ਼ੇਸ਼ ਭਾਸ਼ਾ ਦੇ ਮੋਹ ਵਿਚ ਨਾ ਪੈ ਕੇ ਗੁਰੂ ਨਾਨਕ ਦੇਵ ਜੀ ਨੇ ਭਾਸ਼ਾ ਦੇ ਅਰਥਗਤ ਗੌਰਵ ਦਾ ਵਿਸ਼ੇਸ਼ ਧਿਆਨ ਰੱਖਿਆ ਹੈ।

ਜਪੁਜੀ ਸਾਹਿਬ ਦੇ ਅਰੰਭ ਵਿਚ ਆਇਆ ਮੂਲ ਮੰਤਰ 'ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ' ਮੰਗਲਾਚਰਨ ਹੀ ਹੈ। ਕਿਸੇ ਵੀ ਪੁਸਤਕ ਜਾਂ ਗ੍ਰੰਥ ਦੇ ਮੁੱਢ ਵਿਚ ਪੁਸਤਕ ਲੇਖਕ ਜਾਂ ਗ੍ਰੰਥਕਾਰ ਆਪਣੇ ਇਸ਼ਟ ਦੀ ਜੋ ਅਰਾਧਨਾ ਕਰਦਾ ਹੈ, ਉਸ ਨੂੰ ਮੰਗਲਾਚਰਨ ਆਖਦੇ ਹਨ। ਜਪੁਜੀ ਸਾਹਿਬ ਵਿਚ ਆਏ ਮੰਗਲਾਚਰਨ ਵਿਚ ਗੁਰੂ ਨਾਨਕ ਦੇਵ ਜੀ ਨੇ ਪ੍ਰਭੂ-ਪਰਮਾਤਮਾ ਦੇ ਗੁਣਾਂ ਦੀ ਵਡਿਆਈ, ਉਸ ਦੀ ਮਹਾਨਤਾ ਅਤੇ ਗੌਰਵ ਨੂੰ ਸਾਕਾਰ ਕੀਤਾ ਹੈ।




ਜਪੁਜੀ ਸਾਹਿਬ ਦਾ ਪਾਠ ਕਰਨ ਉਪਰੰਤ ਜੋ ਸੰਕਲਪ ਮੂਲ ਰੂਪ ਵਿਚ ਸਾਹਮਣੇ ਆਉਂਦੇ ਹਨ, ਉਨ੍ਹਾਂ ਨੂੰ ਗੁਰੂ ਨਾਨਕ ਦੇਵ ਜੀ ਨੇ ਦਾਰਸ਼ਨਿਕ ਪੱਖ ਤੋਂ ਪ੍ਰਸਤੁਤ ਕੀਤਾ ਹੈ। ਇਨ੍ਹਾਂ ਸੰਕਲਪਾਂ ਵਿਚ ਸਚਿਆਰ ਅਤੇ ਹੁਕਮ, ਹਉਮੈ, ਕਰਮ ਤੇ ਨਦਰ, ਪ੍ਰੇਮ ਭਗਤੀ, ਨਾਮ-ਸਿਮਰਨ, ਸਬਰ-ਸੰਤੋਖ, ਸਾਧਕ, ਮਨ, ਮਾਰਗ ਦਰਸ਼ਕ, ਸ਼ਬਦ ਦਾ ਮਹੱਤਵ, ਸ੍ਰਿਸ਼ਟੀ, ਪੰਜ ਖੰਡ ਆਦਿ ਦਾ ਜ਼ਿਕਰ ਆਉਂਦਾ ਹੈ। ਇਹ ਸਾਰੇ ਸੰਕਲਪ ਅਜਿਹੇ ਹਨ, ਜੋ ਮੱਧਕਾਲੀ ਸੰਵੇਦਨਾ ਦੀ ਆਧਾਰਸ਼ਿਲਾ ਵਜੋਂ ਆਪਣੀ ਭੂਮਿਕਾ ਨਿਭਾਉਂਦੇ ਰਹੇ ਹਨ। ਮੱਧਕਾਲੀ ਸੰਵੇਦਨਾ ਦੀ ਖਾਸੀਅਤ/ਵਿਲੱਖਣਤਾ ਇਹ ਸੀ ਕਿ ਇਸ ਵਿਚ ਵਿਚਰਦਾ ਹੋਇਆ ਮਨੁੱਖ ਇਕਹਿਰੀ ਜੀਵਨ ਸ਼ੈਲੀ ਨਹੀਂ ਜਿਉਂਦਾ, ਸਗੋਂ ਇਹਲੌਕਿਕ ਜਗਤ ਵਿਚ ਉਹ ਜੋ ਵੀ ਕਰਮ-ਕਾਰਜ ਕਰਦਾ ਹੈ, ਉਨ੍ਹਾਂ ਦੀ ਫਲ ਭੂਮੀ ਪਾਰਲੌਕਿਕ ਬਣੀ ਰਹਿੰਦੀ ਹੈ। ਇਹਲੌਕਿਕ ਜਗਤ ਵਿਚ ਜੇ ਕੋਈ ਮਨੁੱਖ ਚੰਗੇ ਕਰਮ ਕਰਦਾ ਹੈ ਤਾਂ ਉਸ ਦਾ ਅਗਲੇਰਾ ਜਨਮ ਸੁੱਖ ਭਰਪੂਰ, ਪਰ ਜੇ ਕੋਈ ਇਹਲੌਕਿਕ ਜਗਤ ਵਿਚ ਵਿਕਾਰੀ ਜੀਵਨ ਵਿਚ ਉਲਝਿਆ ਰਹਿੰਦਾ ਹੈ ਤਾਂ ਉਸ ਨੂੰ ਅਗਲੇ ਜੀਵਨ ਵਿਚ ਤਸੀਹਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਇਹ ਉਪਰੋਕਤ ਸੰਕਲਪ ਅਜਿਹੇ ਹਨ, ਜਿਨ੍ਹਾਂ ਬਾਰੇ ਵਿਸਤ੍ਰਿਤ ਵਿਆਖਿਆ ਦੀ ਗੁੰਜਾਇਸ਼ ਬਣੀ ਰਹਿੰਦੀ ਹੈ, ਪਰ ਅਸੀਂ ਇਨ੍ਹਾਂ ਸੰਕਲਪ ਨੂੰ ਗੁਰੂ ਨਾਨਕ ਦੇਵ ਜੀ ਨੇ ਜਿਹੜੇ ਮੁੱਖ ਨੁਕਤਿਆਂ ਰਾਹੀਂ ਉਭਾਰਨ ਦਾ ਯਤਨ ਕੀਤਾ ਹੈ, ਉਨ੍ਹਾਂ ਨੂੰ ਸੰਕੇਤਕ ਰੂਪ ਵਿਚ ਅਤੇ ਜਿਹੜੇ ਸੰਕਲਪ ਅਜੋਕੇ ਮਨੁੱਖ ਨੂੰ ਆਦਰਸ਼ਕ ਤੇ ਮਾਨਵ ਹਿਤੈਸ਼ੀ ਬਣਾ ਸਕਦੇ ਹਨ, ਉਨ੍ਹਾਂ ਬਾਰੇ ਵਧੇਰੇ ਵਿਚਾਰ-ਚਰਚਾ ਕਰਨ ਬਾਰੇ ਸੋਚਦੇ ਹਨ। ਮੱਧਕਾਲੀ ਸੰਵੇਦਨਾ ਦਾ ਇਕ ਹੋਰ ਅਹਿਮ ਪਾਸਾਰ ਇਹ ਸੀ ਕਿ ਵੱਖ ਵੱਖ ਧਾਰਮਿਕ ਫਿਰਕਿਆਂ ਵੱਲੋਂ ਮਨੁੱਖ ਨੂੰ ਪਾਰਲੌਕਿਕ ਫਲਭੂਮੀ ਦੇ ਡਰ ਵਜੋਂ ਇਹਲੌਕਿਕ ਜੀਵਨ ਵਿਚ ਕਰਮ ਕਾਂਡਾਂ, ਭੇਖਾਚਾਰਾਂ ਅਤੇ ਦਿਖਾਵੇ ਦਾ ਜੀਵਨ ਜਿਉਣ ਲਈ, ਇਕ ਬਨਾਉਟੀ ਜਿਹਾ ਜੀਵਨ ਜਿਉਣ ਲਈ ਉਲਝਾਇਆ ਜਾਂਦਾ ਸੀ। ਇਸ ਸਾਰੇ ਆਲੇ-ਦੁਆਲੇ ਦੇ ਮਾਹੌਲ ਅਤੇ ਪਰਪੰਚ ਵਿਚ ਗੁਰੂ ਨਾਨਕ ਦੇਵ ਜੀ ਨੇ ਜੋ ਮੁਖ ਸੂਤਰ ਪੇਸ਼ ਕੀਤਾ ਅਤੇ ਜਿਹੜਾ ਸੂਤਰ ਜਪੁਜੀ ਸਾਹਿਬ ਦਾ ਕੇਂਦਰੀ ਸੂਤਰ ਹੈ, ਜਿਸ ਦੇ ਦੁਆਲੇ ਇਹ ਸਾਰੀ ਰਚਨਾ ਉਸਰੀ ਹੋਈ ਹੈ, ਉਹ 'ਕਿਵ ਸਚਿਆਚਾ ਹੋਈਐ' ਦੇ ਪ੍ਰਸ਼ਨ ਅਤੇ 'ਹੁਕਮ ਰਜਾਈ ਚਲਣਾ' ਦੇ ਉੱਤਰ ਵਿਚ ਹੈ।

ਮਨੁੱਖ ਦੇ ਸਚਿਆਰੇ ਹੋਣ ਦਾ ਪ੍ਰਸ਼ਨ ਅਜਿਹਾ ਹੈ, ਜਿਸ ਦਾ ਮਹੱਤਵ ਸਿਰਫ ਮੱਧਕਾਲੀ ਸਮੇਂ ਤੱਕ ਹੀ ਸੀਮਿਤ ਨਹੀਂ ਸੀ, ਇਹ ਸਰਬਕਾਲਾਂ ਵਿਚ ਵਿਚਰਨ ਵਾਲੇ ਮਨੁੱਖ ਨਾਲ ਰਾਬਤਾ ਰੱਖਦਾ ਹੈ। ਜਿੰਨੀ ਇਸ ਦੀ ਅਹਿਮੀਅਤ ਮੱਧਕਾਲੀ ਜੀਵਨ ਵਿਚ ਸੀ, ਉਸ ਤੋਂ ਕਿਤੇ ਵਧੇਰੇ ਇਸ ਦੀ ਅਹਿਮੀਅਤ ਅੱਜ ਵੀ ਹੈ। ਪੁਰਾਣੇ ਸਮਿਆਂ ਵਿਚ ਮਨੁੱਖ ਨੂੰ ਪਰਮਾਤਮਾ ਦਾ ਭੈਅ ਅਤੇ ਦੈਵੀ ਸ਼ਕਤੀਆਂ ਦਾ ਖੌਫ ਵੀ ਸੀ, ਪਰ ਅਜੋਕੇ ਸਮੇਂ ਵਿਚ ਨਾ ਦੈਵੀ ਸ਼ਕਤੀਆਂ ਦਾ ਖੌਫ ਰਿਹਾ ਹੈ ਅਤੇ ਨਾ ਹੀ ਪਰਮਾਤਮਾ ਦਾ ਭੈਅ, ਇਸ ਲਈ ਹੁਕਮ ਰਜਾਈ ਚੱਲਣ ਨੂੰ ਨਵੇਂ ਪ੍ਰਸੰਗਾਂ ਵਿਚ ਸਮਝਣਾ ਜ਼ਰੂਰੀ ਹੋਵੇਗਾ। ਮੱਧਕਾਲੀ ਸੰਵੇਦਨਾ ਵਿਚ ਹੁਕਮ ਰਜਾਈ ਚੱਲਣ ਤੋਂ ਭਾਵ ਆਪਣੇ ਜੀਵਨ ਵਿਚ ਉਹ ਕਰਮ ਕਰਨੇ ਹਨ, ਜਿਨ੍ਹਾਂ ਨਾਲ ਮਨੁੱਖ ਦੀ ਲਿਵ ਜਾਂ ਬਿਰਤੀ ਪਰਮਾਤਮਾ ਪ੍ਰਤੀ ਇਕਾਗਰ ਹੁੰਦੀ ਹੈ ਅਤੇ ਜਿਹੜੇ ਕਾਰਜ ਸਦਾਚਾਰਕ ਜਾਂ ਨੈਤਿਕਤਾ ਦੇ ਪੈਮਾਨੇ ਉਤੇ ਪੂਰੇ ਉਤਰਦੇ ਹਨ।

ਜਪੁਜੀ ਸਾਹਿਬ ਦਾ ਪਾਠ ਕਰਦਿਆਂ ਅਸੀਂ ਵਾਰ ਵਾਰ ਇਹ ਦੇਖਿਆ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਬ੍ਰਹਮ ਦੀ ਅਪਾਰ-ਸ਼ਕਤੀ, ਉਸ ਦੀ ਅਸਗਾਹ ਹਸਤੀ ਅਤੇ ਉਸ ਨੂੰ ਇਕ ਅੰਤਿਮ ਸੱਚ ਵਜੋਂ ਸਥਾਪਿਤ ਕੀਤਾ ਹੈ। ਇਹ ਅਜਿਹੀ ਹਸਤੀ ਹੈ, ਜੋ ਕਾਲਾਂ ਤੋਂ ਵੀ ਮੁਕਤ ਹੈ। ਗੁਰੂ ਜੀ ਅਨੁਸਾਰ ਇਹ ਹਸਤੀ ਅਜਿਹੀ ਹੈ, ਜੋ ਅੰਤਿਮ ਅਸਲੀਅਤ ਅਤੇ ਸਰਬਕਾਲੀ ਸੱਚ ਵਾਲੀ ਹੈ। ਸਵਾਲ ਪੈਦਾ ਹੁੰਦਾ ਹੈ ਕਿ ਗੁਰੂ ਜੀ ਇਸ ਹਸਤੀ ਦੀ ਵਿਰਾਟਤਾ ਦਾ ਜ਼ਿਕਰ ਵਾਰ ਵਾਰ ਕਿਉਂ ਕਰਦੇ ਹਨ? ਸਾਡੇ ਮੁਤਾਬਿਕ ਇਸ ਦਾ ਜਵਾਬ ਇਹ ਹੈ ਕਿ ਗੁਰੂ ਜੀ ਮਨੁੱਖ ਨੂੰ ਇਸ ਸੰਸਾਰ ਦੇ ਨਾਸ਼ਮਾਨ ਅਤੇ ਮਾਇਆ ਦੇ ਪਸਾਰੇ ਨਾਲੋਂ ਤੋੜ ਕੇ ਸਰਬਕਾਲੀ ਸੱਚ ਨਾਲ ਜੋੜਨ ਦਾ ਰਸਤਾ ਦਰਸਾਉਂਦੇ ਹਨ। ਅਜਿਹੇ ਮਹਾਨ ਮਾਰਗ 'ਤੇ ਚੱਲਣ ਲਈ ਮਨੁੱਖ ਨੂੰ ਹਉਮੈ ਦਾ ਨਾਸ ਅਤੇ ਮਾਇਆ ਦੀ ਲਾਲਸਾ ਦਾ ਤਿਆਗ ਕਰਨਾ ਪਵੇਗਾ। ਇਸ ਤਿਆਗ ਨਾਲ ਹੀ ਮਨੁੱਖ "ਹੁਕਮੈ ਅੰਦਰ ਸਭ ਕੋ ਬਾਹਰ ਹੁਕਮ ਨਾ ਕੋਇ" ਦੇ ਨੇਮ ਦੀ ਪਾਲਣ ਕਰਨ ਦੇ ਯੋਗ ਹੋਵੇਗਾ।

ਪ੍ਰੋ. ਰਾਮ ਸਿੰਘ ਅਨੁਸਾਰ "ਸਰਬ ਸ਼ਕਤੀਮਾਨ ਰੱਬ ਦੀ ਰਜ਼ਾ ਵਿਚ ਰਹਿਣ ਦਾ ਠੀਕ ਭਾਵ ਕੀ ਹੈ, ਇਹ ਜਾਣਨਾ ਕਠਿਨ ਹੈ। ਰਜ਼ਾ ਦੇ ਇਕ ਅਰਥ ਤਾਂ ਬਹੁਤ ਸਾਧਾਰਨ ਹਨ, ਜਦੋਂ ਕੋਈ ਘਟਨਾ ਸਾਡੀ ਮਰਜ਼ੀ ਜਾਂ ਹਿੱਤ ਜਾਂ ਸੁੱਖ ਦੇ ਵਿਰੁੱਧ ਵਾਪਰੇ, ਉਸ ਵਿਚ ਰੱਬ ਦੀ ਖੁਸ਼ੀ ਸਮਝ ਕੇ ਸਬਰ ਕਰ ਛੱਡਣਾ, ਦੁੱਖ ਨਾ ਮਨਾਉਣਾ, ਪਰ ਇਹ ਅਰਥ ਕਾਫੀ ਨਹੀਂ। ਜੇ ਦੁੱਖ ਵੇਲੇ ਸਬਰ ਕਰਨਾ ਜ਼ਰੂਰੀ ਹੈ ਤਾਂ ਸੁੱਖ ਵੇਲੇ ਸ਼ੁਕਰ ਕਰਨਾ ਵੀ ਫਰਜ਼ ਹੈ।"

ਪ੍ਰੋ. ਰਾਮ ਸਿੰਘ ਦੇ ਇਸ ਕਥਨ ਤੋਂ ਇਹ ਭਾਵ ਹੈ, ਮਨੁੱਖ ਨੂੰ ਸਬਰ ਸੰਤੋਖ ਵਿਚ ਆਪਣਾ ਜੀਵਨ ਬਤੀਤ ਕਰਨਾ ਚਾਹੀਦਾ ਹੈ। ਜਪੁਜੀ ਸਾਹਿਬ ਦੇ ਹਵਾਲੇ ਨਾਲ ਇਹ ਕਿਹਾ ਜਾ ਸਕਦਾ ਹੈ ਕਿ:

1. ਪੁੰਨੀ ਪਾਪੀ ਆਖਣੁ ਨਾਹਿ॥
ਕਰਿ ਕਰਿ ਕਰਣਾ ਲਿਖਿ ਲੈ ਜਾਹੁ॥
ਆਪੇ ਬੀਜਿ ਆਪੇ ਹੀ ਖਾਹੁ॥
ਨਾਨਕ ਹੁਕਮੀ ਆਵਹੁ ਜਾਹੁ॥20॥

2. ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ॥

3. ਧੌਲੁ ਧਰਮੁ ਦਇਆ ਕਾ ਪੂਤੁ ॥
ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥16॥

ਇਨ੍ਹਾਂ ਮਹਾਂ ਵਾਕਾਂ ਤੋਂ ਭਾਵ ਇਹ ਹੈ ਕਿ ਮਨੁੱਖ ਆਪਣੀ ਹਸਤੀ ਦਾ ਸਿਰਜਕ ਖੁਦ ਹੀ ਹੈ। ਜਿਹੋ ਜਿਹੇ ਉਹ ਕਰਮ ਕਰਦਾ ਹੈ, ਉਨ੍ਹਾਂ ਕਰਮਾਂ ਅਨੁਸਾਰ ਹੀ ਉਸ ਨੂੰ ਫਲ ਪ੍ਰਾਪਤ ਹੁੰਦਾ ਹੈ। 'ਆਪੇ ਬੀਜਿ ਆਪੇ ਹੀ ਖਾਹਿ' ਦਾ ਮਹਾਂਵਾਕ ਇਸ ਦੀ ਪ੍ਰੋੜ੍ਹਤਾ ਕਰਦਾ ਹੈ। ਮਨੁੱਖ ਦੁਆਰਾ ਆਪਣੇ ਜੀਵਨ ਵਿਚ ਕੀਤੀਆਂ ਗਈਆਂ ਨੇਕ ਨੀਤੀਆਂ ਤੇ ਬਦ-ਨੀਤੀਆਂ ਨੂੰ ਪ੍ਰਭੂ-ਪਰਮਾਤਮਾ ਪ੍ਰਤੱਖ ਰੂਪ ਵਿਚ ਵਾਚਦਾ ਰਹਿੰਦਾ ਹੈ। ਦਾਰਸ਼ਨਿਕ ਅਰਥਾਂ ਵਿਚ ਦੇਖਿਆ ਜਾਵੇ ਤਾਂ ਇਹ ਤੱਥ ਸਹਿਜੇ ਹੀ ਸਮਝ ਵਿਚ ਆ ਜਾਂਦਾ ਹੈ ਕਿ ਮਨੁੱਖੀ ਜਮੀਰ ਜਾਂ ਆਤਮਾ ਵਿਚ ਅਧਿਆਤਮਕ ਅੰਸ਼ ਸ਼ਾਮਿਲ ਹੈ। ਮਨੁੱਖ ਜਦੋਂ ਵੀ ਆਪਣੀ ਜ਼ਿੰਦਗੀ ਵਿਚ ਵਿਅਕਤੀਗਤ ਹਿੱਤਾਂ ਅਤੇ ਸੁਆਰਥ ਖੇਤਰਾਂ ਵਿਚੋਂ ਬਾਹਰ ਨਿਕਲ ਕੇ ਮਾਨਵੀ ਕਾਰਜਾਂ ਉੱਪਰ ਆਪਣੀ ਬਿਰਤੀ ਇਕਾਗਰ ਕਰਦਾ ਹੈ ਤਾਂ ਉਸ ਦੀ ਆਤਮਾ ਵਿਸਮਾਦ ਅਤੇ ਖੇੜੇ ਵਿਚ ਮਹਿਕ ਉੱਠਦੀ ਹੈ, ਪਰ ਜਦੋਂ ਨਿੱਜਤਾ ਦੀ ਸੁਆਰਥੀ ਦਲਦਲ ਵਿਚ ਖੁਭ ਜਾਂਦਾ ਹੈ ਤਾਂ ਉਸ ਦਾ ਮਾਨਵੀ ਆਪਾ ਮਲੀਨ, ਅਪਵਿੱਤਰ ਅਤੇ ਰੋਗੀ ਹੋ ਜਾਂਦਾ ਹੈ। ਇਹ ਰੋਗ ਅਜਿਹੇ ਹਨ, ਜੋ ਮਨੁੱਖ ਦੀ ਹਸਤੀ ਨੂੰ ਖਤਮ ਕਰ ਦਿੰਦੇ ਹਨ। ਹੁਣ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਉਹ ਕਿਹੜੀ ਸ਼ਕਤੀ ਹੈ, ਜੋ ਮਨੁੱਖ ਨੂੰ ਸੁਆਰਥੀ ਜੀਵਨ ਵਿਚੋਂ ਕੱਢ ਕੇ ਆਦਰਸ਼ਕ ਜੀਵਨ ਸ਼ੈਲੀ ਨਾਲ ਜੋੜ ਦੇਵੇ। ਗੁਰੂ ਨਾਨਕ ਦੇਵ ਜੀ ਨੇ ਇਸ ਦੇ ਜੁਆਬ ਵਜੋਂ "ਧੌਲੁ ਧਰਮੁ ਦਇਆ ਕਾ ਪੂਤੁ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥" ਦਾ ਹਵਾਲਾ ਦਿੱਤਾ ਹੈ। ਇਸ ਧਾਰਮਿਕ ਮਾਰਗ 'ਤੇ ਚੱਲਣ ਵਾਲੇ ਪੰਚ ਅਤੇ ਸਾਧਕ, ਜੋ ਇਹਲੌਕਿਕ ਅਤੇ ਪਾਰਲੌਕਿਕ ਜਗਤ ਵਿਚ ਅਧਿਆਤਮਕ ਸਾਧਨਾ ਰਾਹੀਂ ਆਪਣੀ ਹਸਤੀ ਨੂੰ ਏਨੀ ਸਚਿਆਰੀ ਬਣਾ ਲੈਂਦੇ ਹਨ ਕਿ ਉਨ੍ਹਾਂ ਦੀ ਹਸਤੀ ਵਿਚ ਪ੍ਰਭੂ-ਪਰਮਾਤਮਾ ਦੇ ਸਰਬਕਾਲੀ ਸੱਚ ਦੇ ਅੰਸ਼ ਸ਼ਾਮਿਲ ਹੋ ਜਾਂਦੇ ਹਨ, ਉਹ ਜ਼ਿੰਦਗੀ ਦੀ ਉਲਾਰਤਾ ਵਿਚ ਖੁੱਭੇ ਹੋਏ ਮਨੁੱਖਾਂ ਨੂੰ ਨਾਮ ਸਿਮਰਨ ਰਾਹੀਂ ਸਾਵੇਂ, ਸੰਤੁਲਨ ਅਤੇ ਉਚੇਰੇ ਮਾਰਗ ਦਾ ਰਸਤਾ ਦਰਸਾ ਸਕਦੇ ਹਨ:

1. ਮੰਨੈ ਪਾਵਹਿ ਮੋਖੁ ਦੁਆਰੁ॥
ਮੰਨੈ ਪਰਵਾਰੈ ਸਾਧਾਰੁ॥
ਮੰਨੈ ਤਰੈ ਤਾਰੇ ਗੁਰੁ ਸਿਖ॥
ਮੰਨੈ ਨਾਨਕ ਭਵਹਿ ਨਾ ਭਿਖ॥15॥

2. ਭਰੀਐ ਮਤਿ ਪਾਪਾ ਕੈ ਸੰਗਿ॥
ਓਹੁ ਧੋਪੈ ਨਾਵੈ ਕੈ ਰੰਗਿ॥

ਗੁਰੂ ਨਾਨਕ ਦੇਵ ਜੀ ਨੇ ਧਰਮ ਦੀ ਵਿਆਖਿਆ ਦਇਆ ਦੇ ਰੂਪ ਵਿਚ ਕੀਤੀ ਹੈ। ਜੋ ਮਨੁੱਖ ਨੂੰ ਸਬਰ-ਸੰਤੋਖ ਅਤੇ ਸਹਿਜ ਵਿਚ ਰਹਿਣ ਦਾ ਵਲ ਸਿਖਾਉਂਦਾ ਹੈ। ਡਾ. ਜਸਵੰਤ ਸਿੰਘ ਨੇਕੀ ਨੇ ਅਜੋਕੇ ਧਰਮ ਅਤੇ "ਮੰਨੈ ਮਗੁ ਨ ਚਲੈ ਪੰਥੁ॥ ਮੰਨੇ ਧਰਮ ਸੇਤੀ ਸਨਬੰਧੁ॥" ਦੀ ਆਧੁਨਿਕ ਵਿਆਖਿਆ ਕੀਤੀ ਹੈ।

'ਮਗੁ' ਤੇ 'ਪੰਥ' ਹਨ ਕੀ? ਦੋਹਾਂ ਦਾ ਅਰਥ ਤਾਂ ਹੈ ਰਸਤਾ। ਇਥੇ ਭਾਵ ਧਾਰਮਿਕ ਰਸਤਿਆਂ ਤੋਂ ਹੈ। ਕਿਸੇ ਵੀ ਰਸਤੇ ਪੁਰ ਚੱਲਣ ਲੱਗਿਆਂ ਕੁੱਝ ਗੱਲਾਂ ਦਾ ਵਿਸ਼ੇਸ਼ ਧਿਆਨ ਰੱਖਣਾ ਜ਼ਰੂਰੀ ਹੁੰਦਾ ਹੈ। ਪਹਿਲੀ ਗੱਲ ਇਹ ਕਿ ਰਸਤਾ ਠੀਕ ਹੋਵੇ। ਜਿਧਰ ਜਾਣਾ ਹੋਵੇ, ਉਧਰ ਹੀ ਜਾਂਦਾ ਹੋਵੇ।...ਬੜੇ ਲੋਕ ਰਾਹ ਤਾਂ ਮਾਇਆ ਦਾ ਪਕੜ ਲੈਂਦੇ ਹਨ, ਪਰ ਨਕਾਬ ਧਰਮ ਦਾ ਪਹਿਨ ਲੈਂਦੇ ਹਨ। ਕਿਉਂਕਿ ਇਹ ਨਕਾਬ ਉਨ੍ਹਾਂ ਲਈ ਬੜਾ ਲਾਭਦਾਇਕ ਸਾਬਤ ਹੁੰਦਾ ਹੈ। ਅੰਦਰੋਂ ਉਹ ਮਾਇਆ ਦੇ ਹੀ ਰਸਤੇ 'ਤੇ ਤੁਰੇ ਜਾਂਦੇ ਹਨ; ਤੁਰੇ ਹੀ ਨਹੀਂ ਜਾਂਦੇ, ਦੌੜਦੇ ਫਿਰਦੇ ਹਨ। ਜਿਹੜਾ ਬੰਦਾ ਗਲਤ ਰਾਹ ਉਪਰ ਦੌੜ ਰਿਹਾ ਹੈ, ਉਹ ਜਿੰਨਾ ਤੇਜ਼ ਦੌੜੇਗਾ, ਅਸਲੀ ਮੰਜ਼ਿਲ ਤੋਂ ਉਤਨਾ ਹੀ ਦੂਰ ਹੁੰਦਾ ਜਾਵੇਗਾ। ਸਿਰਫ ਤੁਰੀ ਜਾਣ ਜਾਂ ਦੌੜੇ ਜਾਣ ਨਾਲ ਮੰਜ਼ਿਲ ਨਹੀਂ ਆ ਜਾਂਦੀ, ਪਰ ਕੁਝ ਲੋਕਾਂ ਨੇ ਇਹ ਮੰਨ ਲਿਆ ਹੁੰਦਾ ਹੈ ਕਿ ਤੁਰੀ ਜਾਣਾ ਹੀ ਉਨ੍ਹਾਂ ਦਾ ਧਰਮ ਹੈ। ਰਾਹ ਕਿਧਰ ਜਾਂਦਾ ਹੈ, ਇਸ ਤੋਂ ਉਹ ਅਣਜਾਣ ਹੀ ਰਹਿੰਦੇ ਹਨ।

ਡਾ. ਜਸਵੰਤ ਸਿੰਘ ਨੇਕੀ ਦੇ ਉਪਰੋਕਤ ਕਥਨ ਤੋਂ ਇਹ ਨਤੀਜਾ ਨਿਕਲਦਾ ਹੈ ਕਿ ਉਹ ਧਾਰਮਿਕ ਅਤੇ ਸ਼ਰਧਾਮਈ ਪੂਜਣਯੋਗ ਅਦਾਰਿਆਂ ਨੂੰ ਅਜਿਹੀ ਸਰਵਉੱਚਤਾ ਵਿਚ ਦੇਖਣਾ ਚਾਹੁੰਦੇ ਹਨ, ਜਿਥੇ ਧਰਮ ਆਪਣੀਆਂ ਬੁਨਿਆਦੀ ਨੀਹਾਂ ਉੱਪਰ ਖੜੋ ਕੇ ਆਪਣੀ ਉੱਚਤਮ ਮਿਸਾਲ ਪੈਦਾ ਕਰੇ ਤੇ ਦੁਨੀਆਂ ਦੇ ਵੰਨ-ਸੁਵੰਨੇ ਬੰਦਿਆਂ ਵਿਚ ਮੋਹ-ਪਿਆਰ ਅਤੇ ਮੁਹੱਬਤ ਦੇ ਮੇਲ ਰਾਹੀਂ ਆਪਸੀ ਪਿਆਰ ਦੀਆਂ ਤੰਦਾਂ ਨੂੰ ਪਕੇਰਿਆਂ ਕਰੇ। ਮਨੁੱਖ ਮਨੁੱਖ ਦਰਮਿਆਨ ਪੈਦਾ ਹੋ ਰਹੀਆਂ ਦੂਰੀਆਂ ਨੂੰ ਘਟਾ ਕੇ ਅਤੇ ਉਸਰ ਰਹੀਆਂ ਦੀਵਾਰਾਂ ਨੂੰ ਤੋੜ ਕੇ ਮੁਹੱਬਤ ਦੇ ਪੁਲਾਂ ਦੀ ਉਸਾਰੀ ਕਰੇ।

ਅਸੀਂ ਦੇਖਿਆ ਹੈ ਕਿ ਜਪੁਜੀ ਸਾਹਿਬ ਦਾ ਬਹੁਤਾ ਭਾਗ ਪਰਮਾਤਮਾ ਦੀ ਸ਼ਕਤੀ ਅਤੇ ਵਿਰਾਟਤਾ ਦਾ ਪ੍ਰਭਾਵ ਪਾਉਂਦਾ ਹੈ। ਸ਼ਕਤੀ ਦੇ ਇਸ ਕੇਂਦਰ ਦੀ ਤੁਲਨਾ ਦੁਨਿਆਵੀ ਸ਼ਕਤੀ ਕੇਂਦਰਾਂ ਨਾਲ ਕਰਕੇ ਇਸ ਦੀ ਸਮਰੱਥਾ ਨੂੰ ਅਤਿਅੰਤ ਵਿਸ਼ਾਲ ਦਰਸਾਇਆ ਗਿਆ ਹੈ,

1. ਜਿਸੁ ਹਥਿ ਜੋਰੁ ਕਰਿ ਵੇਖੈ ਸੋਇ॥
ਨਾਨਕ ਉਤਮੁ ਨੀਚੁ ਨ ਕੋਇ॥

2. ਰੰਗੀ ਰੰਗੀ ਭਾਤੀ ਕਰਿ ਕਰਿ
ਜਿਨਸੀ ਮਾਇਆ ਜਿਨਿ ਉਪਾਈ॥
ਕਰਿ ਕਰਿ ਵੇਖੈ ਕੀਤਾ ਆਪਣਾ
ਜਿਵ ਤਿਸ ਦੀ ਵਡਿਆਈ॥
ਜੋ ਤਿਸੁ ਭਾਵੈ ਸੋਈ ਕਰਸੀ
ਹੁਕਮੁ ਨ ਕਰਣਾ ਜਾਈ॥
ਸੋ ਪਾਤਿਸਾਹੁ ਸਾਹਾ ਪਾਤਿ ਸਾਹਿਬੁ
ਨਾਨਕ ਰਹਣੁ ਰਜਾਈ॥27॥

ਉਸ ਮਹਾਨ ਸ਼ਕਤੀਸ਼ਾਲੀ ਪਰਮਾਤਮਾ ਅੱਗੇ ਦੁਨਿਆਵੀ ਮਨੁੱਖ ਦੀ ਕੋਈ ਕਾਇਆ ਨਹੀਂ। ਉਸ ਨੂੰ ਅਤਿ ਸਾਧਾਰਨ ਮਨੁੱਖ ਆਪਣਾ ਦੋਸਤ, ਮਿੱਤਰ ਪਿਆਰਾ, ਹਮਦਰਦ ਮਹਿਸੂਸ ਕਰ ਸਕਦਾ ਹੈ। ਜਪੁਜੀ ਸਾਹਿਬ ਵਿਚ ਪਰਮਾਤਮਾ ਅਨੇਕ ਸ਼ਕਤੀਆਂ, ਧਰਤੀਆਂ, ਬ੍ਰਹਿਮੰਡਾਂ, ਜੀਅ-ਜੰਤਾਂ ਦਾ ਰਚਨਹਾਰਾ ਹੈ। ਉਸ ਦਾ ਅੰਸ਼ ਮਨੁੱਖੀ ਆਤਮਾ ਵਿਚ ਸ਼ਾਮਿਲ ਹੁੰਦਾ ਹੈ। ਅਜਿਹੀ ਵਿਸਮਾਦੀ ਅਵਸਥਾ ਵਿਚ ਮਨੁੱਖ ਉਦੋਂ ਪਹੁੰਚਦਾ ਹੈ, ਜਦੋਂ ਉਹ ਜਪੁਜੀ ਸਾਹਿਬ ਦੁਆਰਾ ਦਰਸਾਏ ਗਏ ਪੰਜਾਂ ਖੰਡਾਂ ਦੀ ਅੰਤਿਮ ਮੰਜ਼ਿਲ 'ਤੇ ਪਹੁੰਚਦਾ ਹੈ। ਸੱਚਖੰਡ ਦੀ ਅਵਸਥਾ ਵਿਚ ਉਹ ਪ੍ਰਭੂ-ਪਰਮਾਤਮਾ ਦਾ ਦੀਦਾਰ ਕਰਦਾ ਹੈ। ਸਾਧਕ ਪਰਮਾਤਮਾ ਨਾਲ ਇਕਮਿਕ ਹੋ ਕਿ ਕਿਰਿਆਸ਼ੀਲ ਹੋ ਜਾਂਦਾ ਹੈ, ਨਿਸ਼ਕ੍ਰਿਅ ਨਹੀਂ ਰਹਿੰਦਾ। ਉਸ ਦੀ ਇਸ ਅਗਵਾਈ 'ਤੇ ਕਿਰਿਆ ਮਾਨਤਾ ਦਾ ਮੰਤਵ ਵੀ ਨਿਰੰਕਾਰ ਵਾਲਾ ਹੀ, ਭਾਵ ਦਇਆ ਵਾਲਾ ਹੁੰਦਾ ਹੈ। ਉਸ ਮਨ ਅੰਦਰ ਇਹਲੌਕਿਕ ਜਗਤ ਲਈ ਅਪਾਰ ਦਇਆ ਉਪਜਦੀ ਹੈ। ਪੰਜਾਬੀ ਦੇ ਕੁਝ ਵਿਦਵਾਨਾਂ ਨੇ ਜਪੁਜੀ ਸਾਹਿਬ ਦੇ ਰਹੱਸਵਾਦੀ ਖੰਡਾਂ ਨੂੰ ਸੂਫੀ ਸਾਧਕਾਂ ਦੀਆਂ ਵਿਭਿੰਨ ਮੰਜ਼ਿਲਾਂ ਸ਼ਰੀਅਤ, ਤਰੀਕਤ, ਮਾਰਫਤ ਅਤੇ ਹਕੀਕਤ ਨਾਲ ਤੁਲਨਾਇਆ ਹੈ। ਜਿਵੇਂ ਫਰੀਦ ਜੀ ਲਿਖਦੇ ਹਨ,

ਆਪੁ ਸਵਾਰਹਿ ਮੈ ਮਿਲਹਿ
ਮੈ ਮਿਲਿਆ ਸੁਖੁ ਹੋਇ॥
ਫਰੀਦਾ ਜੇ ਤੂੰ ਮੇਰਾ ਹੋਇ ਰਹਹਿ
ਸਭੁ ਜਗੁ ਤੇਰਾ ਹੋਇ॥

ਇਕੁ ਫਿਕਾ ਨ ਗਾਲਾਇ
ਸਭਨਾ ਮੈ ਸਚਾ ਧਣੀ॥
ਹਿਆਉ ਨ ਕੈਹੀ ਠਾਹਿ
ਮਾਣਕ ਸਭ ਅਮੋਲਵੇ॥

ਗੁਰੂ ਨਾਨਕ ਦੇਵ ਜੀ ਦੁਆਰਾ ਦਰਸਾਏ ਗਏ ਸਚ ਖੰਡ ਦੀ ਅਵਸਥਾ ਬਾਰੇ ਪ੍ਰੋ. ਰਾਮ ਸਿੰਘ ਲਿਖਦੇ ਹਨ, "ਮਨੁੱਖ ਇਸ ਅਵਸਥਾ 'ਤੇ ਅੰਦਰੋਂ ਅਨੰਦ ਭਰਪੂਰ ਦਸ਼ਾ ਵਿਚ ਰਹਿੰਦਾ ਹੈ। ਉਹ ਇਕ ਵਾਰੀ ਸੁਨ ਸਮਾਧੀ, ਜਿਸ ਵਿਚ ਨਿਰਗੁਣ ਬ੍ਰਹਮ ਨੂੰ ਅਨੁਭਵ ਕਰ ਚੁਕਾ ਹੁੰਦਾ ਹੈ, ਉਸ ਨੂੰ ਕਦੇ ਵੀ ਭੁੱਲ ਨਹੀਂ ਸਕਦਾ। ਸੰਸਾਰ ਵਿਚ ਵਿਭਿੰਨ ਕਾਰਜ ਕਰਦਿਆਂ ਹੀ ਉਹ ਅੰਤਰ-ਆਤਮੇ ਵਿਚ ਉਸ ਨਾਲ ਜੁੜਿਆ ਰਹਿੰਦਾ ਹੈ। ਇਹ ਉਸ ਦੀ ਨਿਰਲੇਪਤਾ ਦਾ ਭੇਦ ਹੈ ਅਤੇ ਅਨੰਦ ਦਾ ਵੀ। ਉਹ ਉਪਦੇਸ਼ ਦਿੰਦਾ ਹੈ, ਬਾਣੀ ਰਚਦਾ ਹੈ, ਸੇਵਾ ਕਰਦਾ ਹੈ ਤੇ ਲੋੜ ਪੈਣ 'ਤੇ ਸ਼ਹੀਦ ਹੋ ਜਾਂਦਾ ਹੈ। ਉਸ ਦਾ ਮਾਨਵੀ ਪ੍ਰੇਮ ਉਸ ਕੋਲੋਂ ਮਹਾਨਤਾ ਦੀਆਂ ਪੈੜਾਂ ਪਵਾਉਂਦਾ ਹੈ।

ਜਪੁਜੀ ਸਾਹਿਬ ਦੀ ਆਧੁਨਿਕ ਮਨੁੱਖ ਲਈ ਸਾਰਥਿਕਤਾ: ਅੱਜ ਦਾ ਮਨੁੱਖ ਗੁਰੂ ਨਾਨਕ ਦੇਵ ਜੀ ਦੇ ਧੀਮੀ ਗਤੀ ਅਤੇ ਸਰਲ ਸਪਾਟ ਯੁੱਗ ਨਾਲੋਂ ਤੇਜ਼-ਤਰਾਰ ਤੇ ਵਿਸ਼ਵ ਵਿਆਪੀ ਇਕ ਗਲੋਬਲ ਪਿੰਡ ਵਿਚ ਮਾਨਸਿਕ ਤਣਾਵਾਂ, ਦੁਬਿਧਾਵਾਂ, ਜਟਿਲਤਾਵਾਂ ਅਤੇ ਪਦਾਰਥਕ ਸ਼ਕਤੀਆਂ ਦੇ ਆਕਰਸ਼ਣ ਵਿਚ ਲਾਲਸਾਵਾਂ ਨੂੰ ਉਪਜਾਉਣ ਵਾਲਾ ਯੁੱਗ ਬਣ ਗਿਆ ਹੈ। ਅਜਿਹੀਆਂ ਪ੍ਰਸਥਿਤੀਆਂ ਵਿਚ ਮਨੁੱਖ ਨੇ ਸਚਿਆਰੇ ਹੋਣ ਲਈ ਹੁਕਮ ਅਤੇ ਰਜ਼ਾ ਜਾਂ ਭਾਣੇ ਵਿਚ ਆਪਣੇ ਆਪ ਨੂੰ ਕਿਵੇਂ ਬੰਨ੍ਹਣਾ ਹੈ? ਇਹ ਅਜੋਕੇ ਸਮੇਂ ਦੇ ਮੁੱਖ ਸਵਾਲ ਹਨ। ਸਮੇਂ ਦੀ ਕਰਵਟ ਨੇ ਮਨੁੱਖੀ ਸੁਪਨਿਆਂ ਅਤੇ ਲਾਲਸਾਵਾਂ ਦੇ ਸੰਸਾਰ ਨੂੰ ਮੋਕਲਾ ਕੀਤਾ ਹੈ, ਮੁਕਾਬਲੇ ਦੀ ਦੌੜ ਵਿਚ ਵਿਅਕਤੀ ਨੂੰ ਹਾਰਾਂ ਦੇ ਸਨਮੁੱਖ ਵੀ ਹੋਣਾ ਪੈਂਦਾ ਹੈ। ਝੂਠੀਆਂ ਜਿੱਤਾਂ ਜਾਂ ਸ਼ਾਨਾਂ ਲਈ ਮਨੁੱਖੀ ਜੀਵਨ ਵਿਚ ਅਜਿਹੇ ਮੌਕੇ ਵੀ ਆਉਂਦੇ ਹਨ, ਜਦੋਂ ਇਨਸਾਨ ਆਪਣੀ ਆਤਮਾ ਜਾਂ ਜਮੀਰ ਵੱਲ ਪਿੱਠ ਕਰ ਬੈਠਦਾ ਹੈ। ਦੁਨੀਆਂ ਵਿਚ 'ਅਸੰਖ ਜਪ ਅਸੰਖ ਭਾਉ' ਵਾਲੇ ਅਤੇ 'ਅਸੰਖ ਮੂਰਖ ਅੰਧ ਘੋਰ' ਵੀ ਹਨ।

ਗੁਰੂ ਜੀ ਨੇ ਦੋਹਾਂ ਧਿਰਾਂ ਨੂੰ ਇਕ ਦੂਸਰੇ ਦੇ ਪੂਰਕ ਦਿਖਾ ਕੇ ਜ਼ਿੰਦਗੀ ਵਿਚ ਉਲਾਰ ਹੋਏ ਬੰਦਿਆਂ ਨੂੰ ਸਹਿਜ ਸੰਕਲਪ ਦੇ ਸੰਸਾਰ ਵਿਚ ਪ੍ਰਵੇਸ਼ ਕਰਨ ਦੀ ਦਾਅਵਤ ਦਿੱਤੀ ਹੈ। ਅਜਿਹੀ ਭਾਵਨਾ ਇਸ ਸੰਸਾਰ ਦੀ ਆਦਰਸ਼ਕ ਸਿਰਜਣਾ ਲਈ ਇਕ ਸਨੇਹ ਭਰਿਆ ਮਾਨਵੀ ਸੰਸਾਰ ਸਿਰਜਣ ਦਾ ਉਪਰਾਲਾ ਕਰਦੀ ਹੈ। ਗੁਰੂ ਨਾਨਕ ਦੇਵ ਜੀ ਨੇ ਇਸ ਰਚਨਾ ਵਿਚ ਵਾਰ ਵਾਰ ਬ੍ਰਹਮ ਦੀ ਵਿਰਾਟਤਾ ਅਤੇ ਵਡੱਪਣ ਨੂੰ ਦਰਸਾਉਣ ਦੇ ਨਾਲ ਮਨੁੱਖ ਨੂੰ ਉਸ ਦੀ ਤੁਛ ਹਸਤੀ ਦਾ ਅਹਿਸਾਸ ਇਸ ਲਈ ਕਰਵਾਇਆ ਹੈ ਤਾਂ ਜੋ ਉਹ ਆਪਣੀ ਆਤਮਾ ਵਿਚ ਸਮਾਈ ਹੋਈ ਆਤਮਾ ਦੀ ਅਵਾਜ਼ ਨੂੰ ਸੁਣਦਾ ਰਹੇ ਅਤੇ ਸਚਿਆਰੇ ਹੋਣ ਦਾ ਪੱਖ ਪੂਰਦਾ ਰਹੇ। ਜੋ ਵਿਅਕਤੀ ਆਤਮਾ ਦੀ ਅਵਾਜ਼ ਸੁਣਦਾ ਹੈ, ਉਹ ਸਚਿਆਰੇ ਰਸਤਿਆਂ ਨੂੰ ਛੱਡ ਕੇ ਵਿਚਲਿਤ ਰਸਤਿਆਂ ਦਾ ਰਾਹੀ ਨਹੀਂ

*(ਬਾਕੀ ਅਗਲੇ ਸਫੇ 'ਤੇ)*

# ਗੁਰੂ ਨਾਨਕ-ਫਿਲਾਸਫੀ ਦੀ ਅਜੋਕੇ ਸਮੇਂ ਵਿਚ ਪ੍ਰਸੰਗਿਕਤਾ

ਗੁਰੂ ਨਾਨਕ ਸਾਹਿਬ ਭਾਵੇਂ ਇਸ ਧਰਤੀ 'ਤੇ 551ਵਰ੍ਹੇ ਪਹਿਲਾਂ ਆਏ, ਪਰ ਉਨ੍ਹਾਂ ਦਾ ਫਲਸਫਾ ਅੱਜ ਤੱਕ ਵੀ ਸਮੁੱਚੀ ਮਨੁੱਖਤਾ ਲਈ ਸਾਰਥਕ ਹੈ। ਅਸੀਂ ਸਦੀਆਂ ਤੋਂ ਗੁਰੂ ਨਾਨਕ-ਬਾਣੀ ਨੂੰ ਪੜ੍ਹਦੇ ਆ ਰਹੇ ਹਾਂ, ਗੁਰੂ ਨਾਨਕ ਦੇ ਨਾਂ ਨੂੰ ਵੇਚ-ਵਰਤ ਵੀ ਰਹੇ ਹਾਂ, ਇਸ ਪ੍ਰਤੀ ਅੰਤਾਂ ਦੀ ਸ਼ਰਧਾ ਵੀ ਰੱਖਦੇ ਹਾਂ, ਇਸ ਨੂੰ ਬਹੁਤ ਵਿਚਾਰਿਆ ਜਾ ਰਿਹਾ ਹੈ, ਗਾਇਆ ਜਾ ਰਿਹਾ ਹੈ, ਪਰ ਹੈਰਾਨੀ ਦੀ ਗੱਲ ਹੈ ਕਿ ਅਜਿਹੇ ਯੂਨੀਵਰਸਲ ਸੰਦੇਸ਼ ਦੇ ਅਰਥਾਂ ਦੀ ਗਹਿਰਾਈ ਨੂੰ ਸਮਝ ਕੇ ਇਸ ਨੂੰ ਆਪਣੀ ਜ਼ਿੰਦਗੀ ਵਿਚ ਅਪਨਾਇਆ ਨਹੀਂ ਜਾ ਰਿਹਾ। ਇਸ



ਸੁਰਜੀਤ ਟੋਰਾਂਟੋ
Surjitk33@gmail.com

ਵੇਲੇ ਜਦੋਂ ਅਸੀਂ ਗੁਰੂ ਸਾਹਿਬ ਦਾ 551ਵਾਂ ਜਨਮ ਉਤਸਵ ਧੂਮ ਧਾਮ ਨਾਲ ਮਨਾ ਰਹੇ ਹਾਂ, ਸਾਨੂੰ ਇਸ ਸਵਾਲ ਬਾਰੇ ਵਿਚਾਰਨ ਦੀ ਲੋੜ ਹੈ ਕਿ ਅਸੀਂ ਉਨ੍ਹਾਂ ਦੇ ਫਲਸਫੇ ਨੂੰ ਕਿੰਨਾ ਕੁ ਅਪਨਾਇਆ? ਅਸੀਂ ਉਨ੍ਹਾਂ ਦੇ ਕਿਹੋ ਜਿਹੇ ਪੈਰੋਕਾਰ ਹਾਂ?

ਵੇਖਿਆ ਜਾਵੇ ਤਾਂ ਅੱਜ ਵੀ ਉਹੀ ਹਾਲਾਤ ਹਨ, ਜਿਨ੍ਹਾਂ ਬਾਰੇ ਗੁਰੂ ਸਾਹਿਬ ਨੇ ਉਚਾਰਿਆ ਸੀ, "ਪਰਜਾ ਅੰਧੀ ਗਿਆਨ ਬਿਨੁ ਕੂੜੁ ਕੁਸਤੁ ਮੁਖਹੁ ਆਲਾਈ॥" ਅੱਜ ਸਾਰੀ ਮਨੁੱਖ ਜਾਤੀ ਲਾਲਸਾਵਾਂ, ਹਉਮੈ, ਨਫਰਤ, ਮਜ਼੍ਹਬਾਂ, ਦੇਸ਼ਾਂ, ਹੱਦਾਂ ਬੰਨਿਆਂ, ਰੰਗ-ਨਸਲ ਦੇ ਭੇਦ-ਭਾਵ ਵਰਗੀਆਂ ਬਹੁਤ ਵੱਡੀਆਂ ਅਲਾਮਤਾਂ ਦਾ ਸ਼ਿਕਾਰ ਹੋਈ ਪਈ ਹੈ। ਬਾਬੇ ਦੇ ਕਥਨ 'ਕੂੜ ਰਾਜਾ ਕੂੜ ਪਰਜਾ' ਅਨੁਸਾਰ ਸਿਆਸੀ ਆਗੂ ਜਨਤਾ ਨੂੰ ਲੁੱਟ ਖਾ ਰਹੇ ਹਨ ਅਤੇ ਪਰਜਾ ਭੇਡਾਂ-ਬੱਕਰੀਆਂ ਵਾਂਗ ਉਨ੍ਹਾਂ ਦੇ ਇਸ਼ਾਰਿਆਂ 'ਤੇ ਨਸਲਕੁਸ਼ੀ, ਲਿੰਚ ਜਾਂ ਦੰਗੇ-ਫਸਾਦਾਂ ਵਰਗੇ ਕੁਕਰਮ ਕਰਨ ਤੋਂ ਵੀ ਗੁਰੇਜ ਨਹੀਂ ਕਰਦੀ। ਗੁਰੂ ਸਾਹਿਬ ਦੇ ਕਥਨ 'ਸਭੇ ਸਾਂਝੀਵਾਲ ਸਦਾਇਨ ਕੋਈ ਨਾ ਦੀਸੇ ਬਾਹਰਾ ਜੀਉ' ਨੂੰ ਅਸੀਂ ਭੁੱਲ ਗਏ ਹਾਂ। ਗੁਰੂ ਨਾਨਕ ਨੂੰ ਤਾਂ ਨਾ ਕੋਈ ਹਿੰਦੂ, ਨਾ ਮੁਸਲਿਮ ਜਾਪਦਾ ਸੀ, ਪਰ ਅੱਜ ਧਰਮਾਂ ਦੇ ਨਾਂ 'ਤੇ ਸਾਰੀ ਮਨੁੱਖਤਾ ਮਰ-ਮਾਰ ਰਹੀ ਹੈ। ਇਸ ਵਰ੍ਹਦੀ ਅੱਗ ਨੂੰ ਠੱਲ੍ਹ ਪਾਉਣ ਲਈ ਗੁਰੂ ਸਾਹਿਬ ਦੇ ਸੰਦੇਸ਼ ਨੂੰ ਸੁਣਨ/ਸਮਝਣ ਦੀ ਲੋੜ ਹੈ,

ਪੁਛਨ ਫੋਲ ਕਿਤਾਬ ਨੋ
ਹਿੰਦੂ ਵਡਾ ਕਿ ਮੁਸਲਮਾਨੋਈ।
ਬਾਬਾ ਆਖੇ ਹਾਜੀਆਂ
ਸੁਭਿ ਅਮਲਾ ਬਾਝਹੁ ਦੋਨੋ ਰੋਈ।

ਸੋ, ਬਾਬਾ ਜੀ ਨੇ ਕਿਹਾ ਸੀ ਕਿ ਸਾਰੀ ਗੱਲ ਤਾਂ ਅਮਲਾਂ ਦੀ ਹੈ, ਜਾਤਾਂ ਦੀ ਨਹੀਂ; ਪਰ ਕੀ ਅਸੀਂ ਸਮਝੇ? ਸਾਰੇ ਧਰਮ ਮਨੁੱਖ ਲਈ ਬਣੇ ਹਨ ਤੇ ਮਨੁੱਖਤਾ ਸਭ ਧਰਮਾਂ ਤੋਂ ਉੱਪਰ ਹੈ, ਪਰ ਹਾਲਾਤ ਅੱਜ ਇਸ ਤੋਂ ਵਿਪਰੀਤ ਹਨ। ਜੇ ਅਸੀਂ ਸੱਚਮੁਚ ਗੁਰੂ ਨਾਨਕ ਦੇ ਸਿੱਖ ਹਾਂ ਤਾਂ ਸਾਨੂੰ ਜਾਤਾਂ-ਪਾਤਾਂ ਤੋਂ ਉੱਪਰ ਉਠ ਕੇ ਮਨੁੱਖ ਹੋ ਕੇ ਸੋਚਣਾ ਪਵੇਗਾ ਅਤੇ ਬਾਬੇ ਦੇ ਸ਼ਬਦਾਂ 'ਏਕ ਪਿਤਾ ਏਕਸ ਕੇ ਹਮ ਬਾਰਿਕ' ਨੂੰ ਫਿਰ ਤੋਂ ਸਮਝਣਾ ਤੇ ਅਪਨਾਉਣਾ ਪਵੇਗਾ ਤਾਂ ਜੋ ਇਸ 'ਜਗਤ ਜਲੰਦੇ' ਵਿਚ ਅਮਨ ਤੇ ਸ਼ਾਂਤੀ ਕਾਇਮ ਕੀਤੀ ਜਾ ਸਕੇ।

ਜੇ ਵਾਤਾਵਰਣ ਦੀ ਗੱਲ ਕਰੀਏ ਤਾਂ ਉਹ ਵੀ ਅੱਜ ਸਾਡੀ ਚਿੰਤਾ ਦਾ ਵੱਡਾ ਕਾਰਨ ਬਣਿਆ ਹੋਇਆ ਹੈ। ਜ਼ਰਖੇਜ਼ ਧਰਤੀ ਬੰਜਰ ਹੋ ਰਹੀ ਹੈ, ਧਰਤੀ 'ਚੋਂ ਪਾਣੀ ਮੁੱਕਦਾ ਜਾ ਰਿਹਾ ਹੈ। ਇਸ ਧਰਤੀ 'ਤੇ ਰਹਿਣ ਵਾਲਾ ਮਨੁੱਖ ਆਪ ਹੀ ਇਸ ਉਪਗ੍ਰਹਿ ਨੂੰ ਖਤਮ ਕਰਨ 'ਤੇ ਤੁਲਿਆ ਹੋਇਆ ਹੈ। ਉਹ ਧਰਤੀ ਦੇ ਹੇਠੋਂ ਤੇਲ ਤੇ ਖਣਿਜ ਪਦਾਰਥ ਕੱਢ ਕੇ ਇਸ ਨੂੰ ਖੋਖਲੀ ਕਰ ਰਿਹਾ ਹੈ। ਗੁਰੂ ਨਾਨਕ ਨੇ ਮਨੁੱਖ ਅਤੇ ਕੁਦਰਤ ਦੇ ਰਿਸ਼ਤੇ ਨੂੰ ਬਿਆਨਦਿਆਂ ਆਖਿਆ ਸੀ, 'ਪਵਣ ਗੁਰੂ ਪਾਣੀ ਪਿਤਾ ਮਾਤਾ ਧਰਤ ਮਹਤ'; ਪਰ ਅੱਜ ਮਨੁੱਖ ਮਾਤਾ-ਪਿਤਾ ਅਤੇ ਇੱਥੋਂ ਤੱਕ ਕਿ ਸਵੈ ਨਾਲੋਂ ਵੀ ਟੁੱਟ ਚੁਕਾ ਹੈ, ਉਸ ਨੇ ਹਵਾ-ਪਾਣੀ, ਪਸ਼ੂ-ਪੰਛੀਆਂ ਅਤੇ ਧਰਤੀ ਦੀ ਤਾਂ ਕੀ ਕਦਰ ਕਰਨੀ ਸੀ? ਗੁਰੂ ਨਾਨਕ ਨੇ ਜਿਸ ਕੁਦਰਤ ਨੂੰ ਰੱਬ ਦਾ ਦਰਜਾ ਦਿੱਤਾ, ਬੰਦੇ ਨੇ ਉਸ ਦਾ ਨਿਰਾਦਰ ਕਰਕੇ ਪਤਾ ਨਹੀਂ ਕਿੰਨੇ ਕੁ ਹੋਰ ਰੱਬ ਸਿਰਜ ਕੇ ਪੂਜਣੇ ਸ਼ੁਰੂ ਕਰ ਦਿੱਤੇ। ਹਉਮੈ ਦੀ ਬਿਮਾਰੀ ਨਾਲ ਗ੍ਰੱਸੇ ਮਨੁੱਖ ਨੇ ਐਟਮੀ ਤਾਕਤਾਂ ਪੈਦਾ ਕਰ ਲਈਆਂ ਅਤੇ ਕਲਿਆਣਕਾਰੀ ਬਣਨ ਦੀ ਥਾਂ ਧਰਤੀ ਦੀ ਹੋਂਦ ਨੂੰ ਹੀ ਖਤਰਾ ਪੈਦਾ ਕਰ ਦਿੱਤਾ। ਸਿੱਟੇ ਵਜੋਂ ਪ੍ਰਦੂਸ਼ਣ ਇੰਨਾ ਵੱਧ ਗਿਆ ਹੈ ਕਿ ਅੱਜ ਮਨੁੱਖ ਕੈਂਸਰ ਵਰਗੀਆਂ ਲਾਇਲਾਜ ਬਿਮਾਰੀਆਂ ਦਾ ਸ਼ਿਕਾਰ ਹੋ ਰਿਹੈ। ਜੇ ਅਸੀਂ ਆਪਣੇ ਦਰਿਆ ਗੰਧਲੇ ਤੇ ਹਵਾ ਜ਼ਹਿਰਿਲੀ ਨਾ ਕਰਦੇ ਤਾਂ ਇਨ੍ਹਾਂ ਅਲਾਮਤਾਂ ਨੂੰ ਬੁਲਾਵਾ ਨਾ ਦਿੰਦੇ। ਅੱਜ ਵੀ ਅਸੀਂ ਇਨ੍ਹਾਂ ਸਮੱਸਿਆਵਾਂ ਦਾ ਹੱਲ ਗੁਰੂ ਨਾਨਕ ਦੇ ਫਲਸਫੇ ਅਨੁਸਾਰ ਕੁਦਰਤ ਨਾਲ ਨਾਤਾ ਜੋੜ ਕੇ ਲੱਭ ਸਕਦੇ ਹਾਂ। ਕੁਦਰਤ ਸਾਡਾ ਅਟੁੱਟ ਅੰਗ ਹੈ,

ਕੁਦਰਤਿ ਦਿਸੈ ਕੁਦਰਤਿ ਸੁਣੀਐ
ਕੁਦਰਤਿ ਭਉ ਸੁਖ ਸਾਰੁ॥
ਕੁਦਰਤਿ ਪਾਤਾਲੀ ਆਕਾਸੀ
ਕੁਦਰਤਿ ਸਰਬ ਆਕਾਰੁ॥
ਸਚੀ ਤੇਰੀ ਸਿਫਤਿ ਸਚੀ ਸਾਲਾਹ॥
ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ॥
ਜਾਂ
ਭੈ ਵਿਚ ਸੂਰਜ ਭੈਅ ਵਿਚ ਚੰਦ॥
ਕੋਹ ਕਰੋੜੀ ਚਲਤ ਨਾ ਅੰਤ॥

ਭਾਵ ਜਿਵੇਂ ਕੁਦਰਤ ਸੰਤੁਲਨ ਬਣਾ ਕੇ ਰੱਖਦੀ ਹੈ, ਇਵੇਂ ਹੀ ਮਨੁੱਖ ਨੂੰ ਵੀ ਆਪਣੇ ਅਤੇ ਕੁਦਰਤ ਵਿਚ ਸੰਤੁਲਨ ਬਣਾ ਕੇ ਰੱਖਣਾ ਪਵੇਗਾ, ਤਾਂ ਹੀ ਇਸ ਧਰਤੀ ਨੂੰ ਬਚਾਇਆ ਜਾ ਸਕਦਾ ਹੈ।

ਗੁਰੂ ਨਾਨਕ ਨੇ ਇਕ ਨਵਾਂ ਨਰੋਆ ਸਮਾਜ ਸਿਰਜਣ ਲਈ ਚਾਰ ਉਦਾਸੀਆਂ ਕੀਤੀਆਂ। ਉਨ੍ਹਾਂ ਮੱਕੇ ਮਦੀਨੇ, ਬਗਦਾਦ, ਚੀਨ, ਅਸਾਮ ਅਤੇ ਹੋਰ ਦੂਰ-ਦੁਰਾਡੀਆਂ ਥਾਂਵਾਂ 'ਤੇ ਜਾ ਕੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਸਮਝਿਆ, ਉਨ੍ਹਾਂ ਨਾਲ ਸੰਵਾਦ ਰਚਾਇਆ ਅਤੇ ਤਰਕ ਦੇ ਕੇ ਉਨ੍ਹਾਂ ਨੂੰ ਬਦਲਿਆ, ਮਨੁੱਖ ਨੂੰ ਨਿਡਰ ਅਤੇ ਸੱਚਾ ਬਣਨ ਦੀ ਪ੍ਰੇਰਨਾ ਦਿੱਤੀ। ਉਨ੍ਹਾਂ ਦੱਸਿਆ, 'ਸਚਹੁ ਓਰੈ ਸਭ ਕੋ ਉਪਰ ਸਚ ਆਚਾਰ', ਮਨੁੱਖ ਨੂੰ ਕਿਰਤ ਕਰਨ, ਨਾਮ ਜਪਣ ਅਤੇ ਵੰਡ ਛਕਣ ਦਾ ਸੁਨੇਹਾ ਦਿੱਤਾ। ਅੱਜ ਸੱਚ ਦੀ ਜਗ੍ਹਾ ਝੂਠ, ਕਿਰਤ ਦੀ ਥਾਂ ਤੇ ਧੋਖੇਧੜੀਆਂ, ਵੰਡ ਛਕਣ ਦੀ ਥਾਂ ਲੁਟ-ਖਸੁੱਟ ਹੀ ਵੇਖਣ ਨੂੰ ਮਿਲਦੀ ਹੈ। ਸਾਡੇ ਕੋਲ ਬਾਬੇ ਦਾ ਦਿੱਤਾ ਸ਼ਬਦ ਹੈ, ਵਿਚਾਰ ਹੈ, ਫਿਰ ਅਸੀਂ ਕਿਉਂ ਕਿਸੇ ਹੋਰ ਦੇ ਪਿੱਛੇ ਲੱਗ ਕੇ ਕੁਰਾਹੇ ਪਈਏ? ਕਿਉਂ ਨਾ ਬਾਬਾ ਜੀ ਦੀ ਬਾਣੀ ਦੇ ਤਰਕ ਨੂੰ ਸਮਝੀਏ ਅਤੇ ਹੋਰ ਲੋਕਾਂ ਤੱਕ ਪਹੁੰਚਾਈਏ। 'ਸਭ ਲਗ ਦੁਨੀਆ ਰਹੀਏ ਨਾਨਕ॥ ਕਿਛੁ ਸੁਣੀਐ ਕਿਛੁ ਕਹੀਐ॥' ਸਾਡੇ ਕੋਲ ਰਾਸਤਾ ਵੀ ਹੈ, ਡਾਇਰੈਕਸ਼ਨਾਂ ਵੀ ਹਨ-ਚੱਲਣਾ ਤਾਂ ਅਸੀਂ ਹੀ ਹੈ; ਬਾਬਾ ਜੀ ਦੇ ਇਸ ਉਤਸਵ ਨੂੰ ਮਨਾਉਣ ਦਾ ਤਾਂ ਹੀ ਫਾਇਦਾ ਹੋਵੇਗਾ।

ਵੇਖੋ ਗੁਰੂ ਨਾਨਕ ਸਾਹਿਬ ਨੇ ਲੋਕਾਂ ਨੂੰ ਜਿਨ੍ਹਾਂ ਵਹਿਮਾਂ-ਭਰਮਾਂ ਵਿਚੋਂ ਕੱਢਿਆ, ਲੋਕ ਅੱਜ ਤੱਕ ਉਨ੍ਹਾਂ ਤੋਂ ਪਿੱਛਾ ਨਹੀਂ ਛੁਡਾ ਸਕੇ। ਬਾਬਾ ਜੀ ਨੇ ਤਾਂ ਆਖਿਆ ਸੀ,

ਥਿਤ ਵਾਰ ਨਾ ਜੋਗੀ ਜਾਣੈ
ਰੁਤ ਮਾਹ ਨਾ ਕੋਈ॥
ਜਾ ਕਰਤਾ ਸਿਰਠੀ ਕੋ ਸਾਜੇ
ਆਪੇ ਜਾਣੈ ਸੋਈ॥

ਉਦੋਂ ਲੋਕ ਅਨਪੜ੍ਹ ਸਨ, ਇਸ ਲਈ ਘੱਟ ਸਮਝਦੇ ਸਨ, ਪਰ ਅੱਜ ਸਾਇੰਸ ਦੇ ਯੁਗ ਵਿਚ ਵੀ ਲੋਕ ਵਹਿਮਾਂ-ਭਰਮਾਂ ਅਤੇ ਹੋਰ ਕਈ ਤਰ੍ਹਾਂ ਦੇ ਅੰਧ ਵਿਸ਼ਵਾਸਾਂ ਵਿਚ ਗ੍ਰੱਸੇ ਹੋਏ ਹਨ। ਗੁਰਦੁਆਰਿਆਂ ਵਿਚ ਰੁਮਾਲਿਆਂ ਦੇ ਢੇਰ; ਦੀਵਾਲੀ 'ਤੇ ਦੀਵਿਆਂ, ਸਰ੍ਹੋਂ ਦੇ ਤੇਲ ਦੀਆਂ ਬੋਤਲਾਂ ਅਤੇ ਮਠਿਆਈਆਂ ਦੇ ਚੜ੍ਹਾਵਿਆਂ ਦੇ ਢੇਰ; ਪਾਲਕੀ ਸਾਹਿਬ ਨੂੰ ਰੱਖੜੀਆਂ ਬੰਨਣੀਆਂ ਅਤੇ ਨਿਸ਼ਾਨ ਸਾਹਿਬ ਨੂੰ ਮੱਥੇ ਟੇਕਣੇ ਆਦਿ ਬਾਰੇ ਮੁੜ ਸੋਚਣ ਦੀ ਲੋੜ ਹੈ। ਗੁਰੂ ਸਾਹਿਬ ਨੇ ਸਾਰੇ ਵਹਿਮਾਂ-ਭਰਮਾਂ, ਕਰਾਮਾਤਾਂ ਅਤੇ ਅੰਧ ਵਿਸ਼ਵਾਸਾਂ ਦਾ ਖੰਡਨ ਕੀਤਾ ਸੀ ਤੇ ਕਿਹਾ ਸੀ,

ਜੰਮਣੁ ਮਰਣਾ ਹੁਕਮੁ ਹੈ
ਭਾਣੈ ਆਵੈ ਜਾਇ॥
ਖਾਣਾ ਪੀਣਾ ਪਵਿਤ੍ਰੁ ਹੈ
ਦਿਤੋਨੁ ਰਿਜਕੁ ਸੰਬਾਹਿ॥
ਨਾਨਕ ਜਿਨੀ ਗੁਰਮੁਖਿ ਬੁਝਿਆ
ਤਿਨਾ ਸੂਤਕੁ ਨਾਹਿ॥

ਗੁਰੂ ਨਾਨਕ ਨੇ ਵਿਹਲੜਾਂ ਤੇ ਭੇਖੀਆਂ ਨੂੰ ਹੱਥੀਂ ਕਿਰਤ ਕਰਨ ਦਾ ਸੰਦੇਸ਼ ਦਿੱਤਾ ਅਤੇ ਖੁਦ ਕਰੀਬ 18 ਸਾਲ ਕਰਤਾਰਪੁਰ ਵਿਚ ਖੇਤੀ ਕਰਦਿਆਂ 'ਘਾਲਿ ਖਾਇ ਕਿਛੁ ਹੱਥੋਂ ਦੇਹਿ ਨਾਨਕ ਰਾਹ ਪਛਾਣੇ ਸੇਇ' ਦਾ ਸੰਦੇਸ਼ ਦਿੱਤਾ। ਅੱਜ ਫਿਰ ਉਹੀ ਸਮਾਂ ਆ ਚੁਕਾ ਹੈ, ਵਿਹਲੜ ਅਤੇ ਭੇਖੀ ਸਾਧ ਟੋਲੀਆਂ ਬੰਨ-ਬੰਨ ਲੋਕਾਂ ਨੂੰ ਵਰਗਲਾ ਰਹੇ ਹਨ ਅਤੇ ਲੋਕ ਬਾਬੇ ਨਾਨਕ ਦੇ ਸੰਦੇਸ਼ ਨੂੰ ਭੁੱਲ ਕੇ ਉਨ੍ਹਾਂ ਦੇ ਪਿੱਛੇ ਲਗ ਰਹੇ ਹਨ। ਬਿਲਕੁਲ ਉਹੀ ਗੱਲ ਫਿਰ ਦੁਹਰਾਈ ਜਾ ਰਹੀ ਹੈ,

ਚੇਲੇ ਸਾਜ ਵਜਾਇਦੇ ਨਚਨਿ ਗੁਰੂ
ਬਹੁਤੁ ਬਿਧਿ ਭਾਈ॥
ਸੇਵਕ ਬੈਠਨਿ ਘਰਾ ਵਿਚ
ਗੁਰ ਉਠਿ ਘਰੀ ਤਿਨਾੜੇ ਜਾਈ॥

ਲੋੜ ਹੈ, ਅਸੀਂ ਇਨ੍ਹਾਂ ਤੁਕਾਂ ਦੇ ਅਰਥ ਸਮਝੀਏ ਅਤੇ ਵਿਹਲੜ ਸਾਧਾਂ ਦੇ ਚੁੰਗਲ ਤੋਂ ਬਚ ਕੇ ਗੁਰੂ ਨਾਨਕ ਦੇ ਦੱਸੇ ਸੱਚ ਦੇ ਰਾਹ 'ਤੇ ਤੁਰੀਏ। ਉਨ੍ਹਾਂ ਦੇ ਅਗਾਂਹਵਧੂ ਤੇ ਤਰਕ ਭਰਪੂਰ ਸੰਦੇਸ਼ ਨੂੰ ਸਮਝੀਏ ਅਤੇ ਇਸ 'ਤੇ ਅਮਲ ਕਰੀਏ। ਉਨ੍ਹਾਂ ਦੀ ਬਾਣੀ ਸਰਬਕਾਲੀ ਹੈ। ਕਾਰਲ ਮਾਰਕਸ ਨੇ ਜੋ ਸਮਾਜਵਾਦ ਦਾ ਸਿਧਾਂਤ 19ਵੀਂ ਸਦੀ ਵਿਚ ਲੋਕਾਂ ਨੂੰ ਦਿਤਾ, ਉਹ ਗੁਰੂ ਨਾਨਕ ਪਹਿਲਾਂ ਹੀ ਦੇ ਗਏ ਸਨ। ਗੁਰੂ ਸਾਹਿਬ ਨੇ ਸਾਨੂੰ ਸਮਝਾਇਆ ਕਿ ਹੱਕ ਦੀ ਕਮਾਈ ਕਰੋ ਤੇ ਇਹ ਵੀ ਸਮਝਾਇਆ ਕਿ ਮਾਇਆ ਪਾਪਾਂ ਬਾਝਹੁ ਆਉਂਦੀ ਨਹੀਂ ਅਤੇ ਮੁਇਆਂ ਸਾਥ ਨਹੀਂ ਜਾਂਦੀ। ਇਸ ਲਈ ਚੰਗੇ ਕਰਮਾਂ 'ਤੇ ਜੋਰ ਦਿੱਤਾ। ਜੇ ਅੱਜ ਅਸੀਂ ਇਸ ਸੰਦੇਸ਼ ਨੂੰ ਮੰਨ ਸਕੀਏ ਤੇ ਵੰਡ ਛਕੀਏ ਤਾਂ ਦੁਨੀਆਂ ਵਿਚ ਕੋਈ ਵੀ ਭੁੱਖਾ ਨਹੀਂ ਸੌਂਵੇਗਾ।

ਗੁਰੂ ਸਾਹਿਬ ਨੇ ਵੇਲੇ ਦੇ ਹਾਕਮਾਂ ਨੂੰ 'ਰਾਜੇ ਸ਼ੀਂਹ ਮੁਕਦਮ ਕੁੱਤੇ ਜਾਇ ਜਗਾਇਣ ਬੈਠੇ ਸੁੱਤੇ' ਤੱਕ ਆਖ ਕੇ ਵੰਗਾਰਿਆ। ਬਾਬਰ ਨੇ ਜਦੋਂ ਹਿੰਦੁਸਤਾਨ 'ਤੇ ਹਮਲਾ ਕੀਤਾ ਤਾਂ ਗੁਰੂ ਸਾਹਿਬ ਨੇ ਉਸ ਨੂੰ ਜਾਬਰ ਕਹਿ ਕੇ ਉਸ ਦੀ ਨਿੰਦਾ ਕੀਤੀ ਅਤੇ ਸਜ਼ਾ ਦੀ ਪਰਵਾਹ ਤੱਕ ਨਾ ਕੀਤੀ; ਪਰ ਅਸੀਂ ਜ਼ੁਲਮ ਵਿਰੁੱਧ ਅਵਾਜ਼ ਉਠਾਉਣ ਦੀ ਥਾਂ ਨਿੱਕੀਆਂ ਨਿੱਕੀਆਂ ਪ੍ਰਸਥਿਤੀਆਂ ਨਾਲ ਸਮਝੌਤਾ ਕਰ ਲੈਂਦੇ ਹਾਂ। ਬਾਬਾ ਜੀ ਨੇ ਕਿਹਾ ਕਿ ਜਦੋਂ ਬੋਲਣ ਦੀ ਲੋੜ ਹੋਵੇ ਤਾਂ ਚੁੱਪ ਨਹੀਂ ਰਹਿਣਾ ਚਾਹੀਦਾ। ਇੰਨਾ ਹੀ ਨਹੀਂ, ਉਨ੍ਹਾਂ ਕਿਹਾ, 'ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ (ਮਾਰੂ ਵਾਰ, ਪੰਨਾ 1088)', ਪਰ ਅੱਜ ਵੋਟਾਂ ਦੀ ਰਾਜਨੀਤੀ ਵਿਚ ਇਸ ਤੋਂ ਉਲਟ ਹੋ ਰਿਹਾ ਹੈ। ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਵੋਟਾਂ ਦੀ ਰਾਜਨੀਤੀ ਸਮਝ ਕੇ ਸਹੀ ਆਗੂ ਚੁਣੀਏ, ਜੋ ਜਨਤਾ ਦੇ ਭਲੇ ਲਈ ਤੇ ਹੱਕ ਸੱਚ ਲਈ ਖੜ੍ਹੇ ਹੋਣ।

ਜਦੋਂ ਇਹ ਪ੍ਰਚਲਤ ਸੀ ਕਿ 'ਢੋਲ ਪਸ਼ੂ ਸ਼ੂਦਰ ਅਰ ਨਾਰੀ, ਚਾਰੋਂ ਤਾੜਣ ਕੇ ਅਧਿਕਾਰੀ।' ਗੁਰੂ ਸਾਹਿਬ ਨੇ ਉਸ ਵੇਲੇ ਇਸਤਰੀ ਦੇ ਹੱਕ ਵਿਚ ਅਵਾਜ਼ ਉਠਾਈ। ਮਨੁੱਖਾਂ ਨੂੰ ਸੋਝੀ ਕਰਵਾਈ ਕਿ ਰੱਬ ਵੱਲੋਂ ਇਸਤਰੀ ਨੂੰ ਨੀਵਾਂ ਨਹੀਂ ਥਾਪਿਆ ਗਿਆ। ਇਸਤਰੀ ਵਿਚ ਸਵੈਮਾਨ ਜਗਾਇਆ ਤੇ ਬਾਣੀ ਵਿਚ ਕਿਹਾ, 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥' ਇਸਤਰੀ ਨੂੰ ਧਰਮ ਤੇ ਸਮਾਜ ਵਿਚ ਬਰਾਬਰੀ ਦਾ ਦਰਜਾ ਦਵਾਇਆ; ਪਰ ਅੱਜ ਫਿਰ ਸੋਚਣ ਦੀ ਲੋੜ ਹੈ ਕਿ ਇਸ ਗੱਲ ਨੂੰ ਅੱਜ ਤੱਕ ਸਮਾਜ ਨੇ ਮੰਨਿਆ ਕਿਉਂ ਨਹੀਂ? ਅੱਜ ਤੱਕ ਉਹ ਦੂਜੇ ਦਰਜੇ ਦੀ ਹਸਤੀ ਹੀ ਕਿਉਂ ਮੰਨੀ ਜਾਂਦੀ ਹੈ? ਅੱਜ ਵੀ ਉਸ ਨੂੰ ਬਰਾਬਰ ਦੀ ਇਨਸਾਨ ਕਿਉਂ ਨਹੀਂ ਸਮਝਿਆ ਜਾਂਦਾ? ਔਰਤ ਨੂੰ ਮਾਣ ਦਿਉ, ਸਮਾਜ ਦਾ ਮੁਹਾਂਦਰਾ ਹਾਂ ਮੁਖੀ ਹੋ ਜਾਵੇਗਾ।

ਜੇ ਅਜੋਕਾ ਸਮਾਂ ਸਾਇੰਸ ਅਤੇ ਤਕਨਾਲੋਜੀ ਦਾ ਹੈ ਤਾਂ ਗੁਰੂ ਨਾਨਕ ਦੀ ਸੋਚ ਵੀ ਅਗਰਗਾਮੀ ਸੀ, ਜਿਸ ਨੂੰ ਮੁੜ ਸੁਰਜੀਤ ਕਰਨ ਦੀ ਲੋੜ ਹੈ। ਸੱਚ ਤੇ ਝੂਠ ਵਿਚ ਨਿਤਾਰਾ ਕਰਨ ਦੀ ਲੋੜ ਹੈ। ਗੁਰੂ ਨਾਨਕ ਦੇ ਫਲਸਫੇ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਗੁਰੂ ਨਾਨਕ ਸਾਹਿਬ ਦੇ 551ਵੇਂ ਜਨਮ ਦਿਨ 'ਤੇ ਮੁੜ ਚਿੰਤਨ ਕਰੀਏ ਤੇ ਇਸ ਗੱਲ ਨੂੰ ਸਮਝੀਏ ਕਿ ਇਹ ਸਿਖਿਆਵਾਂ ਸਾਡੇ ਲਈ ਅੱਜ ਵੀ ਲਾਹੇਵੰਦ ਹਨ ਅਤੇ ਇਨ੍ਹਾਂ 'ਤੇ ਅਮਲ ਕਰ ਕੇ ਅਸੀਂ ਧਰਤੀ ਤੇ ਆਪਣੇ ਜੀਵਨ ਨੂੰ ਸੁਖਾਵਾਂ ਬਣਾ ਸਕਦੇ ਹਾਂ। ਜਪੁਜੀ ਸਾਹਿਬ ਵਿਚ ਗੁਰੂ ਸਾਹਿਬ ਪਹਿਲਾ ਸਵਾਲ ਹੀ ਇਹ ਉਠਾਉਂਦੇ ਹਨ, 'ਕਿਵ ਸਚਿਆਰਾ ਹੋਵੀਐ ਕਿਵ ਕੂੜੈ ਤੁਟੈ ਪਾਲਿ' ਅਤੇ ਉਨ੍ਹਾਂ ਦੀ ਸਾਰੀ ਬਾਣੀ ਇਸੇ ਸਵਾਲ ਦਾ ਜਵਾਬ ਹੈ, ਜੇ ਸਮਝਣਾ ਹੋਵੇ ਤਾਂ ਗੁਰੂ ਸ਼ਬਦ ਦੇ ਲੜ ਲੱਗ ਕੇ ਸਮਝਿਆ ਜਾ ਸਕਦਾ ਹੈ। ਆਉ, ਗੁਰੂ ਨਾਨਕ ਬਾਣੀ ਦੀ ਪ੍ਰਸੰਗਿਕਤਾ ਨੂੰ ਸਮਝ ਕੇ ਆਪਣੇ ਜੀਵਨ ਨੂੰ ਇਸ ਦੇ ਅਨੁਸਾਰ ਢਾਲੀਏ ਅਤੇ ਇਸ ਧਰਤੀ 'ਤੇ ਵਸਦੇ ਜੀਵਨ ਦੇ ਸ਼ੁਭਚਿੰਤਕ ਬਣੀਏ।

## ਜਪੁਜੀ ਸਾਹਿਬ ਦਾ ਦਾਰਸ਼ਨਿਕ ਪਰਿਪੇਖ

*(ਪਿਛਲੇ ਸਫੇ ਦੀ ਬਾਕੀ)*

ਬਣਦਾ। ਆਤਮਾ ਦੇ ਦਰਸਾਏ ਹੋਏ ਰਸਤੇ 'ਤੇ ਚਲਣ ਵਾਲਾ ਜਗਿਆਸੂ ਨਿਰਾਸ਼ਾ ਦੇ ਆਲਮ ਵਿਚ ਨਹੀਂ ਡੁੱਬਦਾ ਅਤੇ ਨਾ ਹੀ ਪ੍ਰਾਪਤੀਆਂ ਦੀ ਚੋਟੀ 'ਤੇ ਬੈਠਾ ਹੋਇਆ ਅਜਿਹਾ ਇਨਸਾਨ ਹਉਮੈ ਤੇ ਗਰਬ ਗੁਮਾਨ ਦੇ ਪਾਖੰਡੀ ਜਾਲ ਵਿਚ ਫਸਦਾ ਹੈ, ਕਿਉਂਕਿ ਉਸ ਵਿਚ ਜ਼ਮੀਰ ਦੀ ਅਵਾਜ਼ ਨੂੰ ਸੁਣਨ ਦੀ ਲਗਨ ਲੱਗ ਜਾਂਦੀ ਹੈ।

ਪਰਮਾਤਮਾ ਦੀ ਰਜ਼ਾ ਵਿਚ ਰਹਿਣ ਵਾਲਾ ਮਨੁੱਖ ਸੰਤੁਲਿਤ ਅਤੇ ਸੁਖਾਵੇਂ ਰਸਤਿਆਂ ਦਾ ਇਕ ਅਜਿਹਾ ਆਦਰਸ਼ਕ ਇਨਸਾਨ ਬਣ ਜਾਂਦਾ ਹੈ, ਜੋ ਸਿਰਫ ਆਪਣੇ ਆਪੇ ਨੂੰ ਹੀ ਨਹੀਂ, ਸਗੋਂ ਲੋਕਾਈ ਦਾ ਪੱਥ ਪ੍ਰਦਰਸ਼ਨ ਕਰਨ ਦੇ ਯੋਗ ਵੀ ਹੋ ਜਾਂਦਾ ਹੈ। ਉਸ ਨੂੰ ਆਪਣੇ ਮਨ ਰਾਹੀਂ ਜੱਗ ਨੂੰ ਜਿੱਤਣ ਦਾ ਗੁਰ ਆ ਜਾਂਦਾ ਹੈ। ਉਹ ਸੰਸਾਰ ਦੀਆਂ ਝੂਠੀਆਂ ਪੂਜਾ ਵਿਧੀਆਂ ਅਤੇ ਬਾਹਰ ਦੇ ਦਿਖਾਵੇ ਮਾਤਰ ਕੀਤੇ ਗਏ ਕਰਮਕਾਂਡਾਂ ਵਿਚ ਉਲਝਣ ਦੀ ਥਾਂ ਜ਼ਮੀਰ ਦੀ ਅਵਾਜ਼ ਸੁਣ ਕੇ ਆਤਮਕ ਮੰਜ਼ਿਲਾਂ ਨੂੰ ਤੈਅ ਕਰਦਾ ਹੋਇਆ ਵਿਸਮਾਦੀ ਜੀਵਨ ਵਿਚ ਪ੍ਰਵੇਸ਼ ਕਰ ਜਾਂਦਾ ਹੈ। ਅਜਿਹੇ ਮਨੁੱਖ ਦਾ ਬੋਲ, ਸ਼ਬਦ ਜਾਂ ਉਚਾਰ ਕਿਸੇ ਇਕ ਸੀਮਿਤ ਬਿੰਦੂ ਤੱਕ ਸੀਮਿਤ ਨਹੀਂ ਰਹਿੰਦਾ, ਸਗੋਂ ਸੰਚਾਰ ਯੰਤਰਾਂ ਰਾਹੀਂ ਦ੍ਰਿਸ਼ਟੀ ਬਿੰਦੂ ਬਣ ਕੇ ਚਾਰੇ ਕੂਟਾਂ ਵਿਚ ਫੈਲ ਜਾਂਦਾ ਹੈ। ਲੋੜ ਸਿਰਫ ਸੱਚ ਦੇ ਰਸਤੇ 'ਤੇ ਤੁਰ ਕੇ ਸਚਿਆਰੀ ਹੋਂਦ ਨੂੰ ਪ੍ਰਾਪਤ ਕਰਨ ਦੀ ਹੈ। ਰੱਬ ਦੀ ਰਜ਼ਾ ਵਿਚ ਰਹਿਣ, ਉਸ ਦਾ ਹੁਕਮ ਮੰਨਣ, ਹਉਮੈ ਦਾ ਨਾਸ ਕਰਨ ਅਤੇ ਮਾਨਵਤਾ ਦੇ ਰਸਤੇ 'ਤੇ ਪਹਿਰਾ ਦੇਣ ਨਾਲ ਆਦਰਸ਼ਕ ਮਨੁੱਖ ਦੀ ਘਾੜਤ ਹੋ ਜਾਂਦੀ ਹੈ।

ਅੱਜ ਦੇ ਪਦਾਰਥਵਾਦੀ ਸਮੇਂ ਵਿਚ ਅਜਿਹੇ ਉੱਚੀ ਬਿਰਤੀ ਅਤੇ ਬੁਲੰਦ ਵਿਚਾਰਾਂ ਵਾਲੇ ਮਨੁੱਖਾਂ ਦੀ ਤਲਾਸ਼ ਹੈ, ਜੋ ਗੁਰੂ ਦੀ ਦੱਸੀ ਵਾਟ 'ਤੇ ਚੱਲ ਕੇ ਨਾਮ ਦਾ ਸਿਮਰਨ ਕਰਨ ਅਤੇ ਇਸ ਜਗਤ ਵਿਚ ਮਾਣ ਸਨਮਾਨ ਹਾਸਿਲ ਕਰਨ। ਅਜਿਹੇ ਆਦਰਸ਼ਕ ਵਿਅਕਤੀਆਂ ਕੋਲੋਂ ਨਿਖੇਧਾਤਮਕ ਸ਼ਕਤੀਆਂ, ਜੋ ਬੰਦੇ ਨੂੰ ਮਾਇਆ ਦੇ ਜੰਜਾਲ ਵਿਚ ਘੇਰ ਕੇ ਉਸ ਦੀ ਸ਼ਖਸੀਅਤ ਨੂੰ ਬੌਣਿਆਂ ਕਰ ਦਿੰਦੀਆਂ ਹਨ, ਆਪਣੇ ਆਪ ਹੀ ਕਿਨਾਰਾ ਕਰ ਲੈਂਦੀਆਂ ਹਨ। ਇਸ ਤਰ੍ਹਾਂ ਮਹਾਨ ਮਨੁੱਖ ਆਪਣੇ ਆਦਰਸ਼ਾਂ ਨੂੰ ਸਰ ਕਰਨ ਦੇ ਯੋਗ ਹੋ ਜਾਂਦੇ ਹਨ ਅਤੇ ਆਪਣੀ ਨਾਸ਼ਵਾਨ ਹਸਤੀ ਦੀ ਕਾਇਆ ਕਲਪ ਕਰਕੇ ਇਸ ਨੂੰ ਸਦੀਵੀ ਬਣਾ ਲੈਂਦੇ ਹਨ।

## ਆਪੇ ਕਰਿ ਕਰਿ ਵੇਖੈ ਤਾਣੁ

**ਗੁਰਬਾਣੀ ਗਿਆਨ**

**ਸਤਿਗੁਰ ਪਰਸਾਦਿ॥**
**ਬਿਲਾਵਲ ਮਹਲਾ ੧**
ਆਪੇ ਸਬਦੁ ਆਪੇ ਨੀਸਾਨੁ॥
ਆਪੇ ਸੁਰਤਾ ਆਪੇ ਜਾਨੁ॥
ਆਪੇ ਕਰਿ ਕਰਿ ਵੇਖੈ ਤਾਣੁ॥
ਤੂ ਦਾਤਾ ਨਾਮੁ ਪਰਵਾਣੁ॥
ਐਸਾ ਨਾਮੁ ਨਿਰੰਜਨ ਦੇਉ॥
ਹਉ ਜਾਚਿਕੁ ਤੂ ਅਲਖ ਅਭੇਉ॥ ਰਹਾਉ॥
ਮਾਇਆ ਮੋਹੁ ਧਰਕਟੀ ਨਾਰਿ॥
ਭੂੰਡੀ ਕਾਮਣਿ ਕਾਮਣਿਆਰਿ॥
ਰਾਜੁ ਰੂਪੁ ਝੂਠਾ ਦਿਨ ਚਾਰਿ॥
ਨਾਮੁ ਮਿਲੈ ਚਾਨਣੁ ਅੰਧਿਆਰਿ॥
ਚਖਿ ਛੋਡੀ ਸਹਸਾ ਨਹੀ ਕੋਇ॥
ਬਾਪੁ ਦਿਸੈ ਵੇਜਾਤਿ ਨ ਹੋਇ॥
ਏਕੇ ਕਉ ਨਾਹੀ ਭਉ ਕੋਇ॥
ਕਰਤਾ ਕਰੇ ਕਰਾਵੈ ਸੋਇ॥
ਸਬਦਿ ਮੁਏ ਮਨੁ ਮਨ ਤੇ ਮਾਰਿਆ॥
ਠਾਕਿ ਰਹੇ ਮਨੁ ਸਾਚੈ ਧਾਰਿਆ॥
ਅਵਰੁ ਨ ਸੂਝੈ ਗੁਰ ਕਉ ਵਾਰਿਆ॥
ਨਾਨਕ ਨਾਮਿ ਰਤੇ ਨਿਸਤਾਰਿਆ॥

ਸਤਿਗੁਰੂ ਨਾਨਕ ਆਖਦੇ ਹਨ, ਜਿਸ ਮਨੁੱਖ ਨੂੰ ਨਾਮ ਦੀ ਦਾਤ ਮਿਲ ਜਾਂਦੀ ਹੈ, ਉਸ ਨੂੰ ਇਹ ਯਕੀਨ ਹੋ ਜਾਂਦਾ ਹੈ ਕਿ ਮਿਹਰਬਾਨ ਪ੍ਰਭੂ ਆਪ ਹੀ ਸਿਫਤਿ ਸਾਲਾਹ ਹੈ, ਭਾਵ ਜਿੱਥੇ ਮਾਲਕ ਦੀ ਸਿਫਤਿ ਸਾਲਾਹ ਹੁੰਦੀ ਹੈ, ਉੱਥੇ ਉਹ ਪ੍ਰਭੂ ਵੀ ਮੌਜੂਦ ਹੈ; ਉਹ ਆਪ ਹੀ ਜੀਵਨ ਸਫਰ ਵਿਚ ਜੀਵ ਲਈ ਰਾਹਦਾਰੀ ਹੈ ਅਤੇ ਉਹ ਆਪ ਹੀ ਜੀਵਾਂ ਦੀਆਂ ਅਰਦਾਸਾਂ ਸੁਣਨ ਵਾਲਾ ਹੈ, ਜੀਵਾਂ ਦੇ ਦੁੱਖ ਦਰਦ ਜਾਣਨ ਵਾਲਾ ਹੈ; ਆਪ ਹੀ ਜਗਤ ਰਚਨਾ ਕਰਕੇ ਆਪਣਾ ਤਾਣ ਵੇਖ ਰਿਹਾ ਹੈ। ਹੇ ਪ੍ਰਭੂ! ਤੂੰ ਹੀ ਦਾਤਾਂ ਦੇਣ ਵਾਲਾ ਹੈਂ, ਜਿਸ ਨੂੰ ਤੂੰ ਆਪਣਾ ਨਾਮ ਬਖਸ਼ਦਾ ਹੈਂ, ਉਹ ਤੇਰੇ ਦਰ ਪ੍ਰਵਾਨ ਹੋ ਜਾਂਦਾ ਹੈ।

ਐਸਾ ਨਾਮੁ ਨਿਰੰਜਨ ਦੇਉ॥
ਹਉ ਜਾਚਿਕੁ ਤੂ ਅਲਖ ਅਭੇਉ॥ ਰਹਾਉ॥

ਸ਼ਬਦ ਦੀ ਰਹਾਉ ਦੀ ਪੰਕਤੀ ਵਿਚ ਗੁਰੂ ਨਾਨਕ ਸਾਹਿਬ ਆਖਦੇ ਨੇ, ਹੇ ਮਾਇਆ ਦੇ ਪ੍ਰਭਾਵ ਤੋਂ ਰਹਿਤ ਪ੍ਰਕਾਸ਼ ਰੂਪ ਮਿਹਰਬਾਨ ਪ੍ਰਭ ਜੀ! ਤੇਰਾ ਨਾਮ ਵੀ ਉਹੋ ਜਿਹਾ ਹੈ, ਜੈਸਾ ਤੂੰ ਆਪ ਹੈਂ, ਭਾਵ ਤੇਰਾ ਨਾਮ ਵੀ ਜੀਵਾਂ ਨੂੰ ਮਾਇਆ ਦੇ ਮੋਹ ਤੋਂ ਬਚਾਉਂਦਾ ਹੈ। ਹੇ ਪ੍ਰਭ ਜੀ! ਤੇਰਾ ਕੋਈ ਚਿਹਨ-ਚੱਕਰ ਨਹੀਂ ਲੱਭ ਸਕਦਾ, ਤੇਰਾ ਭੇਦ ਵੀ ਨਹੀਂ ਪਾਇਆ ਜਾ ਸਕਦਾ। ਹੇ ਮੇਰੇ ਪ੍ਰਭ ਜੀ! ਮੈਂ ਤੇਰੇ ਦਰ 'ਤੇ ਖੜ੍ਹਾ ਮੰਗਤਾ ਹਾਂ ਅਤੇ ਤੈਥੋਂ ਤੇਰੇ ਨਾਮ ਦੀ ਦਾਤਿ ਪਿਆ ਮੰਗਦਾ ਹਾਂ।

ਮਾਇਆ ਮੋਹੁ ਧਰਕਟੀ ਨਾਰਿ॥
ਭੂੰਡੀ ਕਾਮਣਿ ਕਾਮਣਿਆਰਿ॥
ਰਾਜੁ ਰੂਪੁ ਝੂਠਾ ਦਿਨ ਚਾਰਿ॥
ਨਾਮੁ ਮਿਲੈ ਚਾਨਣੁ ਅੰਧਿਆਰਿ॥

ਗੁਰਦੇਵ ਜੀ ਆਖਦੇ ਹਨ, ਨਾਮ ਜਪਣ ਵਾਲੇ ਮਨੁੱਖ ਨੂੰ ਇਹ ਸਮਝ ਆ ਜਾਂਦੀ ਹੈ ਕਿ ਮਾਇਆ ਦਾ ਮੋਹੁ ਇਕ ਵਿਭਚਾਰਨ ਇਸਤਰੀ ਦੇ ਸਮਾਨ ਹੈ, ਇਹ ਮਾਇਆ ਇਕ ਟੂਣੇ ਕਰਨ ਵਾਲੀ ਭੈੜੀ ਇਸਤਰੀ ਦੀ ਨਿਆਈਂ ਹੈ; ਦੁਨੀਆਂ ਦੀ ਹਕੂਮਤ ਅਤੇ ਸੁੰਦਰਤਾ ਨਾਸ਼ਵੰਤ ਹਨ, ਚਾਰ ਦਿਨ ਰਹਿਣ ਵਾਲੇ ਹਨ, ਮਾਇਆ ਦੇ ਮੋਹ ਵਿਚ ਮਨੁੱਖ ਜਹਾਲਤ ਦੇ ਹਨੇਰੇ ਵਿਚ ਠੇਡੇ ਖਾਂਦਾ ਫਿਰ ਰਿਹਾ ਹੈ, ਪਰ ਜਿਸ ਜੀਵ ਨੂੰ ਪ੍ਰਭੂ ਨਾਮ ਮਿਲ ਜਾਂਦਾ ਹੈ, ਉਸ ਨੂੰ ਮੋਹ ਦੇ ਹਨੇਰੇ ਵਿਚ ਚਾਨਣ ਮਿਲ ਜਾਂਦਾ ਹੈ।

ਚਖਿ ਛੋਡੀ ਸਹਸਾ ਨਹੀ ਕੋਇ॥
ਬਾਪੁ ਦਿਸੈ ਵੇਜਾਤਿ ਨ ਹੋਇ॥
ਏਕੇ ਕਉ ਨਾਹੀ ਭਉ ਕੋਇ॥
ਕਰਤਾ ਕਰੇ ਕਰਾਵੈ ਸੋਇ॥

ਸਤਿਗੁਰੂ ਪਿਤਾ ਜੀ ਆਖਦੇ ਨੇ, 'ਚਖਿ ਛੋਡੀ ਸਹਸਾ ਨਹੀ ਕੋਇ॥' ਚਖਿ ਤੋਂ ਭਾਵ ਹੈ ਪਰਖ, ਇਹ ਗੱਲ ਚੰਗੀ ਤਰ੍ਹਾਂ ਪਰਖ ਵੇਖੀ ਹੈ, ਇਸ ਵਿਚ ਕੋਈ ਸ਼ੱਕ ਨਹੀਂ ਕਿ ਜਿਸ ਦਾ ਪਿਉ ਪ੍ਰਤੱਖ ਪਿਆ ਦਿਸਦਾ ਹੋਵੇ, ਉਹ ਭੈੜੇ ਅਸਲੇ ਵਾਲਾ ਨਹੀਂ ਅਖਵਾਉਂਦਾ। ਜੋ ਮਨੁੱਖ ਉਸ ਇੱਕ ਪ੍ਰਭੂ ਨੂੰ ਆਪਣਾ ਪਿਤਾ ਮੰਨਦਾ ਹੈ, ਉਹ ਵਿਕਾਰਾਂ ਵੱਲ ਨਹੀਂ ਜਾਂਦਾ, ਇੱਕ ਪ੍ਰਭੂ ਪਿਤਾ ਵਾਲੇ ਨੂੰ ਕਿਸੇ ਤੋਂ ਕੋਈ ਡਰ ਨਹੀਂ ਰਹਿੰਦਾ, ਕਿਉਂਕਿ ਉਸ ਨੂੰ ਯਕੀਨ ਹੁੰਦਾ ਹੈ, ਪ੍ਰਭੂ ਆਪ ਹੀ ਸਭ ਕੁਝ ਕਰਦਾ ਹੈ ਅਤੇ ਜੀਵਾਂ ਤੋਂ ਕਰਾਉਂਦਾ ਹੈ।

ਸਬਦਿ ਮੁਏ ਮਨੁ ਮਨ ਤੇ ਮਾਰਿਆ॥
ਠਾਕਿ ਰਹੇ ਮਨੁ ਸਾਚੈ ਧਾਰਿਆ॥
ਅਵਰੁ ਨ ਸੂਝੈ ਗੁਰ ਕਉ ਵਾਰਿਆ॥
ਨਾਨਕ ਨਾਮਿ ਰਤੇ ਨਿਸਤਾਰਿਆ॥

ਸ਼ਬਦ ਦੇ ਅਖੀਰ ਵਿਚ ਗੁਰਦੇਵ ਪਿਤਾ ਜੀ ਬਖਸ਼ਿਸ਼ ਕਰਦੇ ਹਨ, ਜਿਹੜੇ ਮਨੁੱਖ ਗੁਰੂ ਦੇ ਸ਼ਬਦ ਵਿਚ ਜੁੜੇ ਆਪਾ ਭਾਵ ਮੁਕਾ ਲੈਂਦੇ ਹਨ, ਆਪਣੇ ਮਨ ਨੂੰ ਮਾਇਕ ਫੁਰਨਿਆਂ ਵੱਲੋਂ ਰੋਕ ਲੈਂਦੇ ਹਨ, ਉਹ ਵਿਕਾਰਾਂ ਵੱਲੋਂ ਰੁਕੇ ਰਹਿੰਦੇ ਹਨ, ਕਿਉਂਕਿ ਉਹ ਸੱਚਾ ਮਾਲਕ ਮਿਹਰਬਾਨ ਪ੍ਰਭੂ ਉਨ੍ਹਾਂ ਦੇ ਮਨ ਨੂੰ ਆਪਣੇ ਨਾਮ ਦਾ ਸਹਾਰਾ ਦੇ ਕੇ ਰੱਖਦਾ ਹੈ। ਮੈਂ ਐਸੇ ਗੁਰੂ ਤੋਂ ਸਦਕੇ ਜਾਂਦਾ ਹਾਂ, ਉਸ ਗੁਰੂ ਤੋਂ ਬਿਨਾ ਹੋਰ ਕੋਈ ਐਸਾ ਹੈ ਹੀ ਨਹੀਂ, ਜੋ ਮਨ ਨੂੰ ਪ੍ਰਭੂ ਨਾਲ ਜੋੜਨ ਲਈ ਮਦਦ ਕਰ ਸਕਦਾ ਹੈ।

**-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ**

# ਗੁਰਪ੍ਰੀਤ ਸਹਿਜੀ ਦਾ ਖੇਡ ਬਿਰਤਾਂਤ

ਪੰਜਾਬੀ ਖੇਡ ਸਾਹਿਤ
20



ਪ੍ਰਿੰ. ਸਰਵਣ ਸਿੰਘ
ਫੋਨ: 91-94651-01651

ਗੁਰਪ੍ਰੀਤ ਸਹਿਜੀ ਕਬੱਡੀ ਦਾ ਗਲਪ ਲੇਖਕ ਹੈ। ਵੇਖਣ ਨੂੰ ਉਹ ਓਨਾ ਨਹੀਂ ਲੱਗਦਾ, ਜਿੰਨਾ ਹੈਗਾ। ਵੇਖਣ ਨੂੰ ਅਮਲੀ ਜਿਹਾ ਲੱਗਦੈ, ਪਰ ਹੈ ਅਵੱਲੀ ਲੇਖਣੀ ਦਾ ਚੈਂਪੀਅਨ। ਵਿਆਹ ਤੋਂ ਪਹਿਲਾਂ ਪੰਜਾਹ ਕੁ ਕਿੱਲੋ ਦਾ ਸੀ, ਹੁਣ ਸੱਠ ਕਿੱਲੋ ਦਾ ਹੋਊ। ਖੇਡ ਮੇਲਿਆਂ 'ਚ ਕਬੱਡੀ ਖਿਡਾਰੀਆਂ ਨਾਲ ਫਿਰਦਾ ਇਉਂ ਲੱਗਦਾ ਸੀ ਜਿਵੇਂ ਉਨ੍ਹਾਂ ਨੇ ਲੀੜਿਆਂ ਦੀ ਰਾਖੀ ਲਈ ਲਿਆਂਦਾ ਹੋਊ! ਪਰ ਜਦੋਂ ਮਿਲਿਆ ਤਾਂ ਕਬੱਡੀ ਲੇਖਕ ਨਿਕਲਿਆ। ਮੈਂ ਉਹਦੀਆਂ ਖੇਡ ਪੁਸਤਕਾਂ 'ਤੇ ਨਜ਼ਰ ਮਾਰੀ ਤਾਂ ਊਟ ਪਟਾਂਗ ਨਾਂ ਪੜ੍ਹ ਕੇ ਕੁਝ ਹੈਰਾਨ ਵੀ ਹੋਇਆ! ਨਾਂ ਰੱਖੇ ਹਨ: ਮਸਤ ਕਬੱਡੀ ਫੰਨੇ ਖਾਂ ਗੁਰਜੀਤ ਤੂਤ, ਹਟ ਕਬੱਡੀ ਸ਼ਾਵਾਸ਼ੇ ਹਰਜੀਤ ਬਾਜਾਖਾਨਾ ਅੰਬੀ ਹਠੂਰ, ਸ਼ੀ.. ਸ਼ੀ.. ਕਬੱਡੀ ਅਸ਼ਕੇ! ਕੁਲਜੀਤ ਮਲਸੀਆਂ ਮੰਗੀ ਸ਼ਾਹਕੋਟ, ਗੁਰਜੀਤ ਤੂਤ-ਕਬੱਡੀ ਦੀ ਸੁਨਹਿਰੀ ਪੈੜ, ਕਬੱਡੀ ਸ਼ਾਰਾ-ਰਾਰਾ ਅਤੇ ਬਿੱਟੂ ਦੁਗਾਲ ਦੀ ਜੀਵਨ ਕਹਾਣੀ 'ਗੁੱਜਰ'। ਉਸ ਦੀਆਂ ਹੋਰਨਾਂ ਕਿਤਾਬਾਂ ਦੇ ਨਾਂ ਹਨ, ਸਰਕਲ, ਸੀਕਰੇਟ, ਜਿਗੇਲੋ/ਰੱਬ ਦਾ ਸਕਾਲਰ, ਗੜਸ, ਬਲੌਰਾ, ਚੰਦ ਭਾਣ ਦਾ ਟੇਸ਼ਨ, ਪਤੰਦਰ, ਚੋਰ-ਪੱਤਾ..ਮੈਂ ਹਾਂ ਜਸੂਰੀਆ, ਹਵਾ ਸਿੰਘ ਚੇਪੀ ਵਾਲਾ, ਪੰਜੀ ਦਾ ਭੌਣ ਤੇ ਰਾਣੀ ਖਾਂ ਦੇ ਜੀਜੇ ਆਦਿ। ਉਹ ਭਾਰਤੀ ਸਾਹਿਤ ਅਕੈਡਮੀ ਵੱਲੋਂ 2018 ਦਾ ਯੁਵਾ ਸਾਹਿਤ ਅਵਾਰਡ ਜੇਤੂ ਹੈ; ਪਰ ਹੈ ਅਣਗੌਲਿਆ।

ਉਹ ਪਿੰਡ ਪੰਨੀਵਾਲਾ ਫੱਤਾ ਜਿਲਾ ਮੁਕਤਸਰ ਵਿਚ ਸਰਦਾਰੀ ਪਿਛੋਕੜ ਵਾਲੇ ਜਗਸੀਰ ਸਿੰਘ ਉਰਫ 'ਸੀਰੇ ਵੈਲੀ' ਦੇ ਘਰ 4 ਅਕਤੂਬਰ 1988 ਨੂੰ ਜੰਮਿਆ ਸੀ। ਉਹਦੀ ਮਾਂ ਸਿਰਫ 13 ਸਾਲਾਂ ਦੀ ਸੀ ਤੇ ਬਾਪ 38 ਸਾਲਾਂ ਦਾ, ਜਦ ਉਨ੍ਹਾਂ ਦਾ ਵਿਆਹ ਹੋਇਆ। ਆਪਣੀ ਹੱਡਬੀਤੀ ਵਿਚ ਉਹ ਸਨਸਨੀਖੇਜ਼ ਪ੍ਰਗਟਾਵੇ ਕਰਦਾ ਹੈ। ਉਹ ਤਿੰਨ ਸਾਲ ਦਾ ਸੀ, ਜਦੋਂ ਪਿਉ ਦਾ ਸਾਇਆ ਸਿਰ ਤੋਂ ਉਠ ਗਿਆ। ਵਿਧਵਾ ਹੋਈ ਮੁਟਿਆਰ ਮਾਂ ਦਾ ਕੋਈ ਹੋਰ ਬੱਚਾ ਨਹੀਂ ਸੀ। ਦੂਜਾ ਵਿਆਹ ਇਸ ਕਰਕੇ ਨਾ ਕਰਾਇਆ ਕਿ ਪੁੱਤ ਰੁਲ ਨਾ ਜਾਵੇ। ਉਹ ਮਾਂ ਨਾਲ ਨਾਨਕੀਂ-ਦਾਦਕੀਂ ਆਸਰਾ ਲੱਭਦਾ ਪਰਉਪਕਾਰੀ ਭੂਆ ਦੇ ਪੈਰੋਂ ਮਸਾਂ ਪੈਰਾਂ ਸਿਰ ਹੋਇਆ। ਇਹ ਸਾਰਾ ਕੁਝ ਉਸ ਦੀ ਸਵੈਜੀਵਨੀ 'ਚੋਰ-ਪੱਤਾ...ਮੈਂ ਹਾਂ ਜਸੂਰੀਆ' ਵਿਚੋਂ ਪੜ੍ਹਿਆ ਜਾ ਸਕਦੈ, ਜਿਸ ਦੇ ਮੁੱਖ ਪੰਨੇ 'ਤੇ ਇਹ ਸ਼ਬਦ ਅੰਕਿਤ ਹਨ, "ਮੈਂ ਕੱਪੜੇ ਤਾਂ ਆਪਣੇ ਉਤਾਰ ਰਿਹਾ ਹਾਂ, ਪਰ ਨੰਗੇ ਪਤਾ ਨਹੀਂ ਕੌਣ ਕੌਣ ਹੋ ਰਹੇ ਨੇ?"

ਸਵੈਜੀਵਨੀ ਦਾ ਅਰੰਭ ਉਸ ਨੇ ਇੰਜ ਕੀਤਾ: ਭਾਵੇਂ ਸਾਡੇ ਘਰਾਂ ਦੀ ਏਰੀਏ ਵਿਚ ਠੁੱਕ ਬੱਝੀ ਹੋਈ ਸੀ, ਪਰ ਫੇਰ ਵੀ ਪਾਪੇ ਨੂੰ ਸਾਕ ਨਹੀਂ ਸੀ ਹੁੰਦਾ ਕਿਉਂਕਿ ਮੇਰੇ ਬਾਪ ਦਾ ਵਾਹ ਵਾਸਤਾ ਉਸ ਟੱਬਰ ਨਾਲ ਸੀ, ਜੀਹਨੇ ਅੱਸੀ ਘੁਮਾਂ ਪੈਲੀ ਵਿਚੋਂ ਅੱਧੀ ਪੈਲੀ ਕਤਲ ਕੇਸਾਂ ਵਿਚ ਫੂਕ ਦਿੱਤੀ ਸੀ...।

ਸਹਿਜੀ ਨੇ ਨਿੱਕੀ ਉਮਰੇ ਵੀਹ ਕੁ ਕਿਤਾਬਾਂ ਲਿਖ ਮਾਰੀਆਂ ਹਨ ਅਤੇ ਆਏ ਦਿਨ ਹੋਰ ਲਿਖੀ ਜਾ ਰਿਹੈ। ਕਿਤਾਬ ਲਿਖਣ ਨੂੰ ਉਹ ਖੱਬੇ ਹੱਥ ਦਾ ਖੇਲ ਸਮਝਦੈ। ਇਕੋ ਦਿਨ 'ਚ ਖਿਡਾਰੀ ਦੀ ਸੰਖੇਪ ਜੀਵਨੀ ਤੇ ਇਕ ਹਫਤੇ 'ਚ ਨਾਵਲ ਲਿਖਣ ਦੇ ਦਾਅਵੇ ਕਰਦੈ। ਪਲੇਠਾ ਨਾਵਲ ਉਸ ਨੇ ਸਕੂਲੇ ਪੜ੍ਹਦਿਆਂ ਹੀ ਲਿਖ ਮਾਰਿਆ ਸੀ, ਜਿਸ ਦਾ ਮੁੱਖਬੰਦ ਗਲਪ ਆਲੋਚਕ ਡਾ. ਜੋਗਿੰਦਰ ਸਿੰਘ ਰਾਹੀ ਨੇ ਲਿਖਿਆ। ਉਦੋਂ ਉਸ ਨੇ ਸਕੂਲ ਪੜ੍ਹਦੀ ਇਕ ਕੁੜੀ ਨੂੰ ਖੂਨ ਨਾਲ ਪ੍ਰੇਮ ਪੱਤਰ ਵੀ ਲਿਖਿਆ। ਇਹ ਵੱਖਰੀ ਗੱਲ ਹੈ ਖੂਨ ਉਹਦਾ ਆਪਣਾ ਨਹੀਂ, ਸਗੋਂ ਇਕ ਕੁੱਤੇ ਦਾ ਸੀ। ਕੁੱਤਾ ਵਫਾਦਾਰ ਜੁ ਹੋਇਆ! ਉਹ ਉਸ ਕੁੜੀ ਨਾਲ ਵਿਆਹ ਕਰਾਉਣਾ ਚਾਹੁੰਦਾ ਸੀ। ਉਹਦੇ ਮਾਮੇ ਨੇ ਆਖਿਆ, ਜਾਹ ਕਿਤੋਂ ਪੰਜਾਹ ਰੁਪਈਏ ਤਾਂ ਕਮਾ ਕੇ ਦਿਖਾ, ਫੇਰ ਮੈਂ ਰਿਸ਼ਤਾ ਵੀ ਕਰਵਾ-ਦੂੰ। ਉਹਦੀਆਂ ਅਜਿਹੀਆਂ ਗੱਲਾਂ ਦਾ ਕੋਈ ਅੰਤ ਨਹੀਂ, ਜਿਸ ਕਰਕੇ ਜੱਜ ਕਰਨਾ ਔਖਾ ਕਿ ਗੱਲਾਂ ਵਿਚ ਸੱਚ ਕਿੰਨਾ ਤੇ ਗਲਪੀ ਮਸਾਲਾ ਕਿੰਨਾ?

ਗੱਲਾਂ-ਗੱਲਾਂ ਵਿਚ ਉਹ ਦਿਲ ਦੀ ਗੱਲ ਵੀ ਦਸਦਾ ਹੈ ਕਿ ਪਹਿਲਾਂ ਮੇਰਾ ਜੀਅ ਕਰਦਾ ਸੀ ਬਈ ਬਲਵੰਤ ਗਾਰਗੀ ਵਰਗਾ ਬਣਾਂ। ਕੈਨੇਡਾ-ਅਮਰੀਕਾ ਦੀ ਕਿਸੇ ਗੋਰੀ ਨਾਲ ਵਿਆਹ ਕਰਾ ਕੇ ਬੁੱਲੇ ਲੁੱਟਾਂ। ਫਿਰ ਸੋਚਿਆ, ਖੁਸ਼ਵੰਤ ਸਿੰਘ ਵਰਗਾ ਪੱਤਰਕਾਰ ਬਣਾਂ, ਮਸ਼ਹੂਰ ਹੋਵਾਂ, ਮੌਜ ਮੇਲਾ ਕਰਾਂ। ਫਿਰ ਕ੍ਰਿਕਟ ਖਿਡਾਰੀ ਸਨਥ ਜੇਸੂਰਿਆ ਬਣਨ ਦੀ ਸੋਚੀ ਅਤੇ ਥਾਪਾ ਚੁੱਕ ਕੇ ਕ੍ਰਿਕਟ ਖੇਡਣ ਲੱਗਾ। ਆਖਰ ਬਣਿਆ ਮੈਰਿਜ ਪੈਲਸਾਂ ਦਾ ਵੇਟਰ ਵੀ, ਵੀਡੀਓ ਬਣਾਉਣ ਵਾਲਾ ਵੀ, ਡੀ. ਜੇ. ਵਾਲਾ ਵੀ ਅਤੇ ਹੋਰ ਕਈ ਪੰਗੇ ਲੈਣ ਵਾਲਾ ਵੀ। ਹੁਣ ਦੱਸਦਾ ਹੈ, ਫਿਲਮਾਂ ਦੇ ਡਾਇਲਾਗ ਲਿਖ ਰਿਹਾਂ, ਜਿਨ੍ਹਾਂ ਨਾਲ ਛੇਤੀ ਹੀ



ਗੁਰਪ੍ਰੀਤ ਸਹਿਜੀ

ਕਾਰ ਕੋਠੀ ਵਾਲਾ ਬਣਾਂਗਾ। ਕਬੱਡੀ ਵਾਲਿਆਂ ਨਾਲ ਇਸ ਕਰਕੇ ਤੁਰਿਆ ਫਿਰਦਾ ਰਿਹਾਂ ਕਿ ਕਿਸੇ ਕਬੱਡੀ ਪ੍ਰੋਮੋਟਰ ਦੇ ਜੁਗਾੜ ਨਾਲ ਪੱਛਮੀ ਮੁਲਕਾਂ ਵਿਚ ਜਾਵਾਂ ਜਿਥੇ ਗਾਰਗੀ ਬਣ ਕੇ ਵਿਖਾਵਾਂ। ਹੁਣ ਪੜ੍ਹੋ ਉਹਦੇ ਨਵੇਂ ਨਾਵਲ 'ਗੁੱਜਰ' ਦਾ ਇਕ ਅਧਿਆਏ। ਉਹਦਾ ਪਹਿਲਾ ਵਾਕ ਹੈ, "ਉਹ ਕਿੱਸੇ ਸੁਣਾਉਣ ਦਾ ਕੋਈ ਫਾਇਦਾ ਨਹੀਂ, ਜਿਨ੍ਹਾਂ ਨੂੰ ਸੁਣ ਕੇ ਕਿਸੇ ਦੇ ਅੰਦਰ ਜਿਉਣ ਦੀ ਚਾਹਤ ਨਾ ਪੈਦਾ ਹੋਵੇ।"

ਦੁੱਖ ਜਿੰਦੜੀ ਨੇ ਸਹਿਣੇ,
ਸਿਰ 'ਤੇ ਮਾਪੇ ਨੀ ਰਹਿਣੇ!
ਦੁੱਖ ਮਾਪਿਆਂ ਨੇ ਸਹਿਣੇ,
ਸੱਜਣਾਂ ਪੁੱਤ ਨਹੀਂ ਰਹਿਣੇ!

ਅੱਜ ਤੋਂ ਕਰੀਬ ਪੱਚੀ ਸਾਲ ਪਹਿਲਾਂ...!

ਸਰੋਵਰ ਨੂੰ ਸਿਰਫ ਦੋਸਤੀ ਦੇ ਰਿਸ਼ਤੇ ਤੱਕ ਰੱਖਣਾ, ਮੇਰੇ ਲਈ ਜ਼ਮੀਰ ਨਾਲ ਧੋਖਾ ਕਰਨ ਤੋਂ ਘੱਟ ਨਹੀਂ। ਜਿੰਨੀ ਜ਼ਿੰਦਗੀ ਮੈਂ ਉਹਦੇ ਨਾਲ ਮਿਲ ਕੇ ਜੀਅ ਲਈ ਹੈ, ਸ਼ਾਇਦ ਓਨੀ ਤਾਂ ਮੇਰੀ ਹੁਣ ਤੱਕ ਦੀ ਉਮਰ ਵੀ ਨਹੀਂ। ਉਮਰ 'ਚ ਚਾਹੇ ਮੈਂ ਤੀਹ ਸਾਲਾਂ ਦੇ ਕਰੀਬ ਹਾਂ, ਪਰ ਪਾ ਏਨਾ ਕੁਝ ਲਿਆ, ਜਿੰਨਾ ਕੋਈ ਦੋ ਜਨਮਾਂ ਵਿਚ ਵੀ ਹਾਸਲ ਨਹੀਂ ਕਰ ਸਕਦਾ। ਜ਼ਿੰਦਗੀ ਤਾਂ ਸਿਰਫ ਉਹੀ ਹੁੰਦੀ ਐ, ਜਿਸ ਨੂੰ ਮਰਜ਼ੀ ਨਾਲ ਜੀਇਆ ਜਾਂਦਾ! ਬਾਕੀ ਤਾਂ ਜੂਨ ਭੋਗਣੀ ਹੀ ਹੁੰਦੀ ਹੈ...।

ਖੈਰ, ਮੈਂ ਸਰੋਵਰ ਨਾਲ ਕਿਸੇ ਟੂਰਨਾਮੈਂਟ 'ਤੇ ਮੈਚ ਖੇਡਣ ਲਈ ਚਲਾ ਜਾਂਦਾ। ਸਫਰ ਅਸੀਂ ਤੁਰ ਕੇ ਈ ਤੈਅ ਕਰਦੇ। ਤੁਰਦਿਆਂ ਦੀ ਨਜ਼ਰ ਪਿੱਛੇ ਵੀ ਹੁੰਦੀ, ਕੋਈ ਸਵਾਰੀ ਪਿੱਛੋਂ ਆਉਂਦੀ ਮਿਲ ਜਾਵੇ। ਹਰ ਸਵਾਰੀ, ਜੋ ਕੋਲ ਦੀ ਲੰਘਦੀ, ਨੂੰ ਹੱਥ ਦੇ ਦਿੰਦੇ। ਕਦੇ ਕਿਸੇ ਸਕੂਟਰ ਨੂੰ ਹੱਥ ਦੇ ਕੇ ਰੋਕ ਲੈਂਦੇ, ਕਦੇ ਕਿਸੇ ਟਰੈਕਟਰ-ਟਰਾਲੀ ਨੂੰ ਹੱਥ ਦੇ ਕੇ ਉਹਦੇ 'ਤੇ ਚੜ੍ਹ ਜਾਂਦੇ। ਜਿੱਥੇ ਤੱਕ ਕਿਸੇ ਨੇ ਜਾਣਾ ਹੁੰਦਾ, ਠੀਕ ਹੁੰਦਾ, ਨਹੀਂ ਤਾਂ ਉਹ ਜਿੱਥੇ ਕਹਿ ਦਿੰਦਾ, ਉੱਥੇ ਉਤਰ ਕੇ ਅੱਗੇ ਚੱਲ ਪੈਂਦੇ।

ਸੜਕ ਕਿਨਾਰੇ ਖਿੱਲਰੀ ਬਜਰੀ ਸਾਡੇ ਪੈਰਾਂ ਵਿਚ, ਘਸ ਚੁੱਕੀਆਂ ਚੱਪਲਾਂ ਵਿਚੋਂ ਦੀ ਖੁੱਭਦੀ। ਜਦ ਕੋਈ ਕਾਰ ਕੋਲ ਦੀ ਹਵਾ ਨਾਲ ਸ਼ੂਕਰ ਪਾਉਂਦੀ ਅੱਗੇ ਲੰਘਦੀ ਤਾਂ ਸਰੋਵਰ ਕਹਿੰਦਾ, 'ਬਿੱਟੂ ਓਏ, ਜਦੋਂ ਆਪਾਂ ਤਗੜੇ ਖਿਲਾੜੀ ਬਣ-ਗੇ ਨਾ...।'

'ਫੇਰ?' ਮੈਂ ਕਾਰ ਦੀ ਉਡਾਈ ਧੂੜ ਤੋਂ ਅੱਖਾਂ ਬੰਦ ਕਰਦਾ, ਉਹਦੇ ਵੱਲ ਵੇਖਣ ਦੀ ਕੋਸ਼ਿਸ਼ ਕਰਦਾ।

'ਆਪਾਂ ਵੀ ਐਹਜੀ ਕਾਰ ਕਿਰਾਏ 'ਤੇ ਲੈ ਜਾਇਆ ਕਰੂੰਗੇ।' ਉਹਦੇ ਅੰਦਰ ਪੂਰਾ ਹਿਰਖ ਹੁੰਦਾ, ਸਾਨੂੰ ਨਾਲ ਚੜ੍ਹਾ ਕੇ ਕਿਉਂ ਨਹੀਂ ਲੈ ਗਿਆ? ਸਾਰੀ ਕਾਰ ਤਾਂ ਪਿੱਛੋਂ ਖਾਲੀ ਸੀ।

'ਕੋਈ ਪਤਾ ਨ੍ਹੀ ਐਹੋਜੀ ਕਾਰ ਆਪਣੇ ਕੋਲ ਵੀ ਹੋਊ, ਚੰਗੇ ਦਿਨ ਤਾਂ ਆ ਈ ਜਾਂਦੇ ਐ।'

'ਨਹੀਂ, ਮੈਨੂੰ ਪਤਾ ਏਨੇ ਚੰਗੇ ਦਿਨ ਵੀ ਨੀ ਆਉਣੇ ਆਪਣੇ।' ਉਹ ਰੁੱਖਾਂ ਦੀ ਛਾਂਵੇਂ ਤੁਰਨ ਦੀ ਕੋਸ਼ਿਸ਼ ਕਰਦਾ, ਚਾਹੇ ਗਲਤ ਸਾਈਡ ਹੀ ਤੁਰਦਾ।

'ਸਰੋਵਰ, ਫੇਰ ਆਪਾਂ ਨੂੰ ਨਹੀਂ ਚਾਹੀਦੇ ਐਸੇ ਚੰਗੇ ਦਿਨ, ਜਿਨ੍ਹਾਂ 'ਚ ਬੰਦਾ ਆਵਦੀ ਇੱਛਾ ਪੂਰੀ ਕਰਨ ਯੋਗਾ ਵੀ ਨੀ ਹੁੰਦਾ!' ਮੈਂ ਹਿੱਕ ਨੂੰ ਖੱਬੇ ਹੱਥ ਨਾਲ ਥਾਪੜ ਕੇ ਅਕਾਸ਼ ਵੱਲ ਵੇਖਣ ਲੱਗ ਪੈਂਦਾ।

'ਨਹੀਂ ਫੇਰ ਕਿਰਾਏ 'ਤੇ ਤਾਂ ਕਾਰ ਲੈ ਹੀ ਜਾਇਆ ਕਰਾਂਗੇ, ਪਰ ਆਪਾਂ ਰਾਹ 'ਚ ਪੈਦਲ ਜਾਂਦੇ ਬੰਦਿਆਂ ਨੂੰ ਚੜ੍ਹਾ ਕੇ ਲਿਜਾਇਆ ਕਰਾਂਗੇ।'

'ਕਾਹਤੋਂ ਬਈ, ਜਦੋਂ ਲੋਕ ਨੀ ਆਪਾਂ ਨੂੰ ਚੜ੍ਹਾ ਕੇ ਲਿਜਾਂਦੇ, ਫੇਰ ਆਪਾਂ ਨੂੰ ਕੇੜ੍ਹਾ ਸੁੱਖਿਆ?' ਮੈਂ ਆਕੜ ਕਰ ਲੈਂਦਾ।

'ਓਏ ਇਉਂ ਨਾ ਆਖ, ਮਾੜੀ ਨੀਤ ਨਾਲ ਕੁੱਸ਼ ਨੀ ਮਿਲਦਾ ਹੁੰਦਾ।'

ਅੱਜ ਸੋਚਦਾਂ...!

ਕਿੰਨੇ ਅਮੀਰ ਹੁੰਦੇ ਨੇ ਉਹ ਬੰਦੇ, ਜੋ ਸੁਪਨੇ ਵਿਚ ਕਾਰ ਖਰੀਦ ਲੈਂਦੇ ਹਨ। ਜਦ ਟੂਰਨਾਮੈਂਟ 'ਤੇ ਜਾਂਦੇ ਤਾਂ ਉੱਥੇ ਕਿੰਨੀਆਂ ਹੀ ਕਾਰਾਂ-ਜੀਪਾਂ ਖੜ੍ਹੀਆਂ ਹੁੰਦੀਆਂ। ਮੈਂ ਉਨ੍ਹਾਂ ਦੇ ਧੂੜ ਜੰਮੇ ਸ਼ੀਸ਼ਿਆਂ 'ਤੇ ਉਂਗਲ ਨਾਲ ਆਪਣਾ ਨਾਉਂ ਲਿਖ ਦਿੰਦਾ, 'ਇਹ ਬਿੱਟੂ ਦੀ ਕਾਰ ਹੈ।' ਫਿਰ ਕਿੰਨੀਆਂ ਹੀ ਕਾਰਾਂ ਦੇ ਸ਼ੀਸ਼ਿਆਂ ਦੇ ਇੰਜ ਆਪਣੇ ਨਾਉਂ ਲਿਖੀ ਜਾਂਦੇ। ਸਾਡੇ ਬਾਲ-ਮਾਨ ਦੀ ਹਸਰਤ ਇੰਜ ਕਾਰਾਂ ਦੇ ਸ਼ੀਸ਼ਿਆਂ 'ਤੇ ਉਕਰੀ ਜਾਂਦੀ ਤਾਂ ਸੁਪਨਾ ਸਾਕਾਰ ਹੋਣ ਜਿੰਨੀ ਖੁਸ਼ੀ ਮਿਲਦੀ।

'ਓਏ ਭਾਜੋ ਐਥੋਂ, ਸਾਲਿਓ ਝਰੀਟ ਮਾਰੋਂਗੇ!' ਕਾਰ ਦਾ ਮਾਲਕ ਦਬਕਾ ਮਾਰਦਾ ਸਾਡੇ ਪਿੱਛੇ ਭੱਜ ਪੈਂਦਾ। ਅਸੀਂ ਪਲਾਂ ਵਿਚ ਔਹ ਗਏ, ਔਹ ਗਏ ਹੁੰਦੇ ਕਿਸੇ ਦੇ ਹੱਥ ਨਾ ਆਉਂਦੇ। ਹਵਾ ਹਵਾਈ ਹੋ ਜਾਂਦੇ।

ਜ਼ਿੰਦਗੀ ਨੇ ਸਾਨੂੰ ਤੁਰਨ ਦਾ ਮੌਕਾ ਘੱਟ ਹੀ ਦਿੱਤਾ, ਬੱਸ ਭਜਾਇਆ ਹੀ ਭਜਾਇਆ ਸੀ!

ਮਨੁੱਖ ਆਪਣੀ ਕਲਪਨਾ ਵਿਚ ਵਿਚਰ ਕੇ,




ਸਾਰਾ ਕੁਝ ਪ੍ਰਾਪਤ ਕਰਕੇ ਸੰਤੁਸ਼ਟ ਹੋ ਜਾਂਦੈ। ਐਸੀ ਸੰਤੁਸ਼ਟੀ ਉਹਨੂੰ ਕਿਸੇ ਪ੍ਰਕਾਰ ਦਾ ਅਪਰਾਧ ਕਰਨ ਤੋਂ ਰੋਕੀ ਰੱਖਦੀ ਹੈ। ਜੀਹਦੇ ਕੋਲ ਇਹ ਕਲਪਨਾ ਦੀ ਪੂੰਜੀ ਨਹੀਂ, ਉਹ ਕਦੇ ਵੀ ਨੇਕ ਦਿਲ ਨਹੀਂ ਹੋ ਸਕਦਾ।

ਪਿੰਡਾਂ ਦੀਆਂ ਕੰਧਾਂ 'ਤੇ ਟੂਰਨਾਮੈਂਟਾਂ ਦੇ ਇਸ਼ਤਿਹਾਰ ਲੱਗੇ ਹੁੰਦੇ। ਉਨ੍ਹਾਂ ਨੂੰ ਪੜ੍ਹ ਕੇ ਦਿਲ ਵਿਚ ਖੁਸ਼ੀ ਦੀਆਂ ਲਹਿਰਾ ਦੌੜ੍ਹ ਜਾਂਦੀਆਂ। ਨਾਨਕੇ ਜਾਣ ਜਿੰਨਾ ਚਾਅ ਚੜ੍ਹ ਜਾਂਦਾ, ਪਰ ਛੇਤੀ ਹੀ ਇਹ ਖੁਸ਼ੀ ਬੇਵਸੀ ਦਾ ਹਉਕਾ ਬਣ ਕੇ ਮਰ ਜਾਂਦੀ, ਕਿਉਂਕਿ ਐਂਟਰੀ ਫੀਸ ਭਰਨ ਲਈ ਸਾਡੀ ਜੇਬ ਵਿਚ ਖੋਟੇ ਪੈਸੇ ਵੀ ਨਹੀਂ ਸੀ ਹੁੰਦੇ। ਜਦੋਂ ਬੰਦੇ ਦੀ ਕਿਸਮਤ ਖੋਟੀ ਹੋਵੇ, ਕੋਲ ਖੋਟਾ ਪੈਸਾ ਵੀ ਨਹੀਂ ਹੁੰਦਾ।

ਤੜ੍ਹਕੇ ਉਠ ਕੇ, ਦੋਵੇਂ ਜਣੇ ਪਿੰਡ ਦੀ ਫਿਰਨੀ ਵਾਲੇ ਬੋਹੜ ਕੋਲ ਬੈਠ ਜਾਂਦੇ ਤੇ ਫਿਰ ਉਥੋਂ ਕਾਹਲੇ ਕਦਮੀਂ ਤੁਰ ਪੈਂਦੇ। ਘਰੋਂ ਕਬੱਡੀ ਖੇਡਣ ਲਈ ਭੋਰਾ ਵੀ ਸਹਿਯੋਗ ਨਹੀਂ ਸੀ। ਜਿਸ ਦਿਨ ਪਤਾ ਲੱਗ ਜਾਂਦਾ ਕਿ ਕੱਲ੍ਹ ਨੂੰ ਮੈਂ ਕਬੱਡੀ ਖੇਡਣ ਜਾਣਾ ਤਾਂ ਬਾਪੂ ਮੇਰੇ 'ਤੇ ਖਾਸ ਨਜ਼ਰ ਰੱਖਦਾ। ਮੈਨੂੰ ਐਵੇਂ ਹੀ ਬਿਨਾ ਕੰਮ ਤੋਂ ਆਪਦੇ ਨਾਲ ਤੋਰੀ ਫਿਰਦਾ। ਮੇਰੀ ਗਿੱਚੀ ਵਿਚ ਦੋ ਚਾਰ ਜੜ੍ਹ ਵੀ ਦਿੰਦਾ। ਐਂਟਰੀ ਫੀਸ ਦੇ ਫਿਕਰ ਵਿਚ ਮੈਨੂੰ ਰਾਤ ਭਰ ਨੀਂਦ ਨਾ ਆਉਂਦੀ...।

ਮੈਨੂੰ ਚੰਦ ਦੀ ਗੁਲਾਈ ਵਿਚੋਂ ਕਿਸੇ ਮਾਸ਼ੂਕ ਦਾ ਚਿਹਰਾ ਨਹੀਂ, ਕਿਸੇ ਖਿਡਾਰੀ ਦਾ ਚਿਹਰਾ ਦਿਖਾਈ ਦਿੰਦਾ ਜਿਸ ਨੂੰ ਮੈਂ ਆਪਣੇ ਮਨ ਹੀ ਮਨ ਵਿਚ ਗੁਰੂ ਮੰਨਿਆ ਹੁੰਦਾ। ਜੀਹਦੇ ਜਿਹਾ ਮੈਂ ਹੋਣਾ ਚਾਹੁੰਦਾ। ਫਿਰ ਪਤਾ ਹੀ ਨਾ ਲੱਗਦਾ, ਕਿਸ ਵੇਲੇ ਮੈਨੂੰ ਨੀਂਦ ਦਬੋਚ ਲੈਂਦੀ। ਤੜਕੇ ਗੁਰੂ ਘਰ ਦਾ ਭਾਈ ਬਾਣੀ ਦਾ ਵਾਕ ਲੈਂਦਾ ਤਾਂ ਮੈਂ ਉਠ ਪੈਂਦਾ। ਨਲਕਾ ਗੇੜ ਕੇ, ਅੱਖਾਂ ਧੋ ਕੇ, ਮੈਂ ਝੱਗੇ ਦੇ ਅਗਲੇ ਪਾਸੇ ਨਾਲ ਮੂੰਹ ਪੂੰਝ ਲੈਂਦਾ।

'ਹੁਣ ਕੇੜ੍ਹੇ ਪਾਸੇ ਮੂੰਹ ਚੱਕਿਆ?' ਬੇਬੇ ਦੀ ਕੌੜੀ ਅਵਾਜ਼ ਮੇਰਾ ਪਿੱਛਾ ਕਰਦੀ।

'ਡੇਰੇ ਜਾ ਰਿਹਾਂ।' ਤੇ ਲੰਗੋਟਾ ਚੱਕ ਗੀਝੇ ਵਿਚ ਪਾ ਲੈਂਦਾ।

'ਜਾਣਦੀ ਆਂ ਮੈਂ, ਕੇੜ੍ਹੇ ਡੇਰੇ ਜਾ ਕੇ ਸਮਾਧੀ ਲਾਉਨਾ ਤੂੰ? ਦਫਾ ਹੋ।' ਬੇਬੇ ਵੀ ਮੰਜੇ ਤੋਂ ਉੱਠ ਕੇ ਘਰ ਦੇ ਨਿੱਕੇ ਮੋਟੇ ਕੰਮਾਂ ਵਿਚ ਰੁੱਝ ਜਾਂਦੀ। ਮੈਂ ਪਿੰਡ ਦੀਆਂ ਹਨੇਰੀਆਂ ਗਲੀਆਂ ਵਿਚੋਂ ਲੰਘਦਾ, ਜਿਨ੍ਹਾਂ ਵਿਚ ਘਰਾਂ ਦੀਆਂ ਵਿਰਲਾਂ ਵਿਚੋਂ ਦੀ ਆਇਆ ਚਾਨਣ ਥੋੜ੍ਹੀ ਬਹੁਤ ਰੌਸ਼ਨੀ ਕਰਦਾ। ਜਾ ਕੇ ਟਿੱਕੂ ਮਹਾਰਾਜ ਦੇ ਚਰਨਾਂ ਵਿਚ ਬਹਿ ਜਾਂਦਾ। ਮੇਰੇ ਜਾਂਦਿਆਂ ਤਾਈਂ ਬਾਬਾ ਜੀ ਚਾਹ ਦਾ ਵੱਡਾ ਟੋਪ ਚੁੱਲ੍ਹੇ ਤੇ ਰੱਖ ਕੇ ਨਲਕੇ ਦੇ ਪਾਣੀ ਨਾਲ ਨਹਾ ਰਹੇ ਹੁੰਦੇ। ਮੈਂ ਉਨ੍ਹਾਂ ਦੇ ਗਿੱਲੇ ਚਰਨਾਂ ਨੂੰ ਹੱਥ ਲਾ ਕੇ ਆਸ਼ੀਰਵਾਦ ਲੈਂਦਾ ਤੇ ਚੁੱਲ੍ਹੇ ਅੱਗੇ ਬੈਠ ਕੇ ਅੱਗ ਸੇਕਣ ਲੱਗ ਪੈਂਦਾ। ਉਹ ਆ ਕੇ ਚਾਹ ਦੇ ਉਬਲਦੇ ਪਾਣੀ ਵਿਚ ਦੁੱਧ ਦੀ ਬਾਲਟੀ ਪਲਟ ਦਿੰਦੇ। ਇਹ ਚਾਹ ਸਾਰਾ ਦਿਨ ਹੀ ਏਥੇ ਆਉਂਦੀ ਸੰਗਤ ਵਿਚ ਵਰਤਦੀ ਰਹਿੰਦੀ। ਜਿਹੜਾ ਵੀ ਇੱਥੇ ਮੱਥਾ ਟੇਕਣ ਆਉਂਦਾ, ਉਹ ਲਾਚੀਆਂ, ਖੰਡ ਦੀ ਕੌਲੀ ਜਾਂ ਦੁੱਧ ਦੀ ਗਲਾਸੀ ਭਰ ਕੇ ਲੈ ਆਉਂਦਾ। ਟਿੱਕੂ ਜੀ ਮੂੰਹ ਨਾਲ ਹੀ ਲਾਚੀਆਂ ਤੇ ਲੌਗਾਂ ਨੂੰ ਚਿੱਥ ਕੇ ਚਾਹ ਵਿਚ ਪਾ ਦਿੰਦੇ। ਮੇਰੇ ਮਨ ਵਿਚ ਉਨ੍ਹਾਂ ਦੇ ਜੂਠੇ ਭਾਂਡੇ ਵਿਚ ਖਾਣ-ਪੀਣ ਦੀ ਇੱਛਾ ਹੁੰਦੀ ਜਿਵੇਂ ਟਿੱਕੂ ਜੀ ਦਾ ਜੂਠਾ ਖਾ ਕੇ ਮੇਰੇ ਤੋਂ ਹੋਣ ਵਾਲੇ ਕਿੰਨੇ ਹੀ ਪਾਪ ਪੁੰਨ ਵਿਚ ਬਦਲ ਜਾਂਦੇ ਹੋਣ। ਇੱਥੋਂ ਮੱਥਾ ਟਿਕਾਈ ਵਿਚ ਪਏ ਰੁਪਏ ਚੱਕ ਕੇ ਮੈਂ ਸਿੱਧਾ ਹੀ ਸਰੋਵਰ ਦੇ ਘਰ ਚਲਾ ਜਾਂਦਾ। ਮੇਰੇ ਨਾਲ ਕਦੇ ਕਾਲਾ ਵੀ ਹੁੰਦਾ। ਸਾਡਾ ਚਾਰਾਂ ਦਾ ਇੱਕ ਜੁੱਟ ਹੁੰਦਾ ਸੀ, ਪਰ ਕਦੇ ਇੱਕਠੇ ਕਿਸੇ ਟੂਰਨਾਮੈਂਟ 'ਤੇ ਨਹੀਂ ਸਾਂ ਖੇਡ ਸਕੇ। ਇਸ ਵੇਲੇ ਪੂਰੀ ਹੀ ਲੋਈ ਪਾਟ ਗਈ ਹੁੰਦੀ। ਬੂਹੇ ਦੀ ਵਿਰਲ ਵਿਚ ਦੀ ਹੱਥ ਪਾ ਕੇ ਮੈਂ ਕੁੰਡਾ ਖੋਲ੍ਹ ਕੇ ਅੰਦਰ ਚਲਾ ਜਾਂਦਾ ਤੇ ਮੰਜੇ ਕੋਲ ਪਈਆਂ ਜੁੱਤੀਆਂ ਵੱਲ ਵੇਖ ਕੇ ਪਤਾ ਕਰ ਲੈਂਦਾ ਕਿ ਸਰੋਵਰ ਕਿਹੜੇ ਮੰਜੇ 'ਤੇ ਪਿਆ। ਮੰਜੇ ਦੇ ਸਿਰਹਾਣੇ ਬੈਠ ਕੇ ਮੈਂ ਉਹਨੂੰ ਹਲੂਣ ਕੇ ਉਠਾ ਲੈਂਦਾ। ਸਰੋਵਰ ਉਬਾਸੀ ਲੈਂਦਾ ਊਂਘਦਾ ਬੋਲਦਾ, 'ਕੌਣ ਐ?'

'ਮੈਂ ਆਂ।'

'ਤੂੰ ਏਨੀ ਛੇਤੀ ਆ ਵੀ ਗਿਐਂ?'

'ਛੇਤੀ ਕਿੱਥੇ ਦੇਰਾਂ ਹੋ ਰਹੀਐਂ।'

'ਮੈਚ ਐ ਕੋਈ ਕਿ?'

'ਹੋਰ ਤੇਰੇ ਤੋਂ ਮਾਂਹ ਦਲਾਉਣੇ ਐ?'

ਸਰੋਵਰ ਦੀ ਬੇਬੇ ਅੱਕੀ ਹੋਈ ਚਾਹ ਦੀ ਬਾਟੀ ਲਿਆ ਕੇ ਰੱਖ ਦਿੰਦੀ।

ਸਾਡੇ ਦੋਹਾਂ ਵਿਚ ਇਹੀ ਪੱਕੀ ਸਾਂਝ ਸੀ, ਜਿਸ ਨੇ ਕਦੇ ਹੋਰ ਕਾਸੇ ਦੀ ਘਾਟ ਨਹੀਂ ਰੜਕਣ ਦਿੱਤੀ। ਇਸ ਸੁਪਨੇ ਨੇ ਸਾਨੂੰ ਦੋਵਾਂ ਨੂੰ ਦੋ ਬੁੱਤ ਇੱਕ ਰੂਹ ਵਾਲੀ ਮਿੱਟੀ ਵਿਚ ਗੁੰਨ੍ਹ ਦਿੱਤਾ ਸੀ।

ਜੇ ਉਹ ਸੀ ਤਾਂ ਮੈਂ ਸੀ! ਜੇ ਮੈਂ ਸੀ ਤਾਂ ਹੀ ਉਹ ਸੀ!

'ਐਂਟਰੀ ਕਿਵੇਂ ਹੋਵੇਗੀ?' ਉਹਦਾ ਦੂਜਾ ਸਵਾਲ ਇਹੀ ਹੁੰਦਾ। ਲੋਕਾਂ ਨੂੰ ਜਾਗ ਖੁੱਲ੍ਹਣ 'ਤੇ ਸੌ ਫਿਕਰ ਹੁੰਦੇ ਸੀ, ਪਰ ਸਾਨੂੰ ਇਹੀ ਫਿਕਰ ਹੁੰਦਾ, ਐਂਟਰੀ ਦੇ ਪੈਸੇ ਕਿੱਥੋਂ ਆਉਣਗੇ? ਦੋਵੇਂ ਗੁਰੂ ਘਰ ਜਾ ਕੇ ਜਾਂ ਜਿੱਥੇ ਵੀ ਕੋਈ ਰੱਬ ਦਾ ਘਰ ਦਿਸਦਾ ਇਹੀ ਮੰਗਦੇ ਕਿ ਸਾਡੇ ਕੋਲ ਇੰਨੇ ਕੁ ਪੈਸੇ ਹੋਣ ਕਿ ਕਿਸੇ ਵੀ ਖੇਡ-ਮੇਲੇ 'ਤੇ ਜਾ ਕੇ ਅਸਾਨੀ ਨਾਲ ਖੇਡ ਸਕੀਏ; ਪਰ ਇੰਨੇ ਪੈਸਿਆਂ ਦੀ ਮੰਨਤ ਕਦੇ ਵੀ ਨਹੀਂ ਸੀ ਮੰਗੀ ਕਿ ਸਾਡੇ ਸ਼ੌਕ ਪੂਰੇ ਹੋ ਜਾਣ।

ਅੱਜ ਮੈਂ ਸੋਚਦਾਂ, ਬੰਦੇ ਕੋਲ ਇੰਨੇ ਰੁਪਏ ਵੀ ਨਾ ਹੋਣ ਕਿ ਉਹ ਕਿਸੇ ਗਰੀਬ ਨੂੰ ਖਰੀਦ ਸਕੇ। ਤੇ ਨਾ ਹੀ ਰੱਬ ਦਾ ਕੋਈ ਬੰਦਾ ਏਨਾ ਗਰੀਬ ਹੀ ਹੋਵੇ ਕਿ ਜ਼ਰੂਰੀ ਲੋੜਾਂ ਪੂਰੀਆਂ ਕਰਨ ਵਿਚ ਉਹ ਖੁਦ ਨੂੰ ਥਾਂ, ਕੁ-ਥਾਂ ਗਿਰਵੀ ਕਰਦਾ ਫਿਰੇ।

'ਚਿੰਤਾ ਨਾ ਕਰ ਐਂਟਰੀ ਹੋ ਜੂ।' ਮੈਂ ਸਿਰ ਫੇਰਦੇ ਕਦੇ ਆਸ ਦਾ ਪੱਲਾ ਨਹੀਂ ਸੀ ਛੱਡਿਆ।

'ਮੂੰਹੋਂ ਕੁਛ ਹੋਰ ਬੋਲੀ ਜਾਨੈ, ਧੌਣ ਤੇਰੀ ਕੁਸ ਹੋਰ ਦੱਸੀ ਜਾਂਦੀ ਐ'

ਜਿਹੜੀ ਉਮੀਦ ਬੰਦੇ ਨੂੰ ਕੁਝ ਕਰਨ ਲਈ ਪ੍ਰੇਰਿਤ ਕਰੇ, ਚਾਹੇ ਉਹ ਝੂਠੀ ਹੀ ਕਿਉਂ ਨਾ ਹੋਵੇ, ਉਹ ਕਿਸੇ ਪੁੰਨ ਤੋਂ ਘੱਟ ਨਹੀਂ।

ਸਰੋਵਰ ਆਪਣੇ ਲੰਗੋਟੇ ਨੂੰ ਪਿੰਜਣੀ ਨਾਲ ਬੰਨ੍ਹ ਕੇ ਮੇਰੇ ਨਾਲ ਕਿਸੇ ਜ਼ਿਮੀਂਦਾਰ ਦੇ ਘਰ ਚਲਾ ਜਾਂਦਾ। ਅਸੀਂ ਸੋਚਾਂ ਸੋਚਦੇ ਰਹਿੰਦੇ ਸਾਂ ਕਿ ਅੱਜ ਆਪਾਂ ਐਂਟਰੀ ਫੀਸ ਲਈ ਕਿਸ ਤੋਂ ਪੈਸੇ ਮੰਗੀਏ। ਅਸੀਂ ਹਰ ਬਹਾਨੇ ਨਾਲ ਪੈਸੇ ਮੰਗਦੇ ਸਾਂ। ਕਦੇ ਮੈਂ ਆਪਣਾ ਰੋਣਾ ਜਿਹਾ ਚਿਹਰਾ ਬਣਾ ਕੇ, ਕਿਸੇ ਅੱਗੇ ਜਾ ਕੇ ਕਹਿੰਦਾ, 'ਬਾਈ ਬੇਬੇ ਬਹੁਤ ਬਿਮਾਰ ਐ, ਬਾਪੂ ਘਰੇ ਨਈਂ।'

ਅਜਿਹੇ ਝੂਠ ਬੋਲ ਕੇ ਕਈ ਵਾਰ ਐਂਟਰੀ ਦੇ ਰੁਪਏ ਲਏ।

ਬਾਪੂ ਪੁੱਛਦਾ, 'ਬਿੱਟੂ ਕਿੱਥੇ ਐ?'

'ਪਤਾ ਨ੍ਹੀਂ।' ਮੇਰੇ ਭਰਾ ਲੱਖਾ ਤੇ ਜੈ ਸਿੰਘ-ਦੋਵੇਂ ਡਰੇ ਹੋਏ ਬੋਲਦੇ।

'ਜਿੱਥੇ ਵੀ ਐ ਲਿਆਉ ਫੜ੍ਹ ਕੇ, ਨਹੀਂ ਤਾਂ ਫੇਰ ਸੋਡੀ ਸ਼ਾਮਤ ਆਊ।'

ਬਾਪੂ ਦਾ ਹੁਕਮ ਮੰਨ ਕੇ ਉਹ ਪਿੰਡ ਦੀਆਂ ਗਲੀਆਂ ਵਿਚ ਮੈਨੂੰ ਭਾਲਦੇ ਰਹਿੰਦੇ, ਪਰ ਮੈਂ ਕਿਸੇ ਵੀ ਹੀਲੇ ਉਨ੍ਹਾਂ ਦੇ ਹੱਥ ਨਹੀਂ ਸਾਂ ਆਉਂਦਾ। ਜਦ ਕਦੇ ਮਿਲ ਜਾਂਦਾ ਤਾਂ ਬਾਪੂ ਮੇਰੇ ਮੌਰਾਂ 'ਤੇ ਜੁੱਤੀ ਮਾਰਦਾ ਤਾਂ ਉਹਨੂੰ ਲੱਗੀ ਸੁੱਕੀ ਮਿੱਟੀ ਵੀ ਨਾਲ ਹੀ ਝੜਦੀ। ਹਰੇਕ ਸਾਡਾ ਮਜ਼ਾਕ ਉਡਾਉਂਦਾ, 'ਹਾਂ ਬਈ ਸੋਮ ਘਰਾਚੋ, ਅੱਜ ਫੇਰ ਕੌਡੀ ਖੇਡਣ ਜਾਣਾ ਤੈਂ? ਕੌਡੀ-ਕੌਡੀ ਕਰਦਾ ਬੰਦਾ ਕੌਡੀ ਹੋ ਜਾਂਦੈ।'

'ਪਰ ਅਸੀਂ ਨਹੀਂ ਹੁੰਦੇ ਬਾਈ, ਤੂੰ ਸਾਨੂੰ ਐਂਟਰੀ ਫੀਸ ਦੇਹ...।' ਮੈਨੂੰ ਕਿਸੇ ਦੇ ਮਜ਼ਾਕ

(ਬਾਕੀ ਅਗਲੇ ਸਫੇ 'ਤੇ)

# ਫੁੱਟਬਾਲ ਦਾ ਮਸੀਹਾ-ਹਰਦੇਵ ਸਿੰਘ ਕਾਹਮਾ

**ਖੇਡ ਸੰਸਾਰ**

ਖੇਡ ਫਿਜ਼ਾਵਾਂ 'ਚ ਨਾਂ ਗੂੰਜਦੇ ਸਦਾ,
ਖੇਡਾਂ ਲਈ ਜਿਹੜੇ ਕੁਝ ਕਰ ਜਾਂਦੇ ਨੇ।
ਨਫੇ, ਨੁਕਸਾਨ ਦੀ ਨਾ ਪ੍ਰਵਾਹ ਕਰਦੇ,
ਹਿੱਸਾ ਖੇਡ ਇਤਿਹਾਸ ਦਾ ਬਣ ਜਾਂਦੇ ਨੇ।

ਸ. ਹਰਦੇਵ ਸਿੰਘ ਕਾਹਮਾ ਇਲਾਕੇ ਦੀ ਬਹੁਪੱਖੀ ਸ਼ਖਸੀਅਤ ਹੈ। ਇਲਾਕੇ ਦੇ ਵਿਕਾਸ ਕੰਮਾਂ, ਸਮਾਜਕ ਕਾਰਜਾਂ ਅਤੇ ਖੇਡਾਂ, ਖਾਸਕਰ ਫੁੱਟਬਾਲ ਦੇ ਖੇਤਰ 'ਚ ਉਸ ਦਾ ਵੱਖਰਾ ਮੁਕਾਮ ਹੈ। ਫੁੱਟਬਾਲ ਨੂੰ ਬੁਲੰਦੀਆਂ ਤੱਕ ਲੈ ਜਾਣ ਲਈ ਤਨੋਂ, ਮਨੋਂ, ਧਨੋਂ ਹਰ ਦਮ ਹਾਜ਼ਰ ਰਹਿੰਦੈ। ਕਾਹਮਾ ਇਲਾਕੇ ਦੇ ਕਹਿੰਦੇ ਕਹਾਉਂਦੇ ਫੁੱਟਬਾਲ ਖਿਡਾਰੀਆਂ ਦਾ ਪਿੰਡ ਹੋਣ ਕਰਕੇ ਉਹ ਫੁੱਟਬਾਲ ਦਾ ਮਸਤ-ਮੌਲਾ ਆਸ਼ਕ ਹੈ। ਤਕੜੇ ਖਿਡਾਰੀਆਂ ਦੇ ਉਸ ਨੇ ਕਈ ਦੌਰ ਵੇਖੇ।

**ਇਕਬਾਲ ਸਿੰਘ ਜੱਬੋਵਾਲੀਆ**

1998 'ਚ ਐਸ. ਐਨ. ਕਾਲਜ ਬੰਗਾ ਦੇ ਖੇਡ ਸਟੇਡੀਅਮ ਵਿਚ 'ਸ਼ਹੀਦ ਭਗਤ ਸਿੰਘ ਮੈਮੋਰੀਅਲ ਟੂਰਨਾਮੈਂਟ' ਦੀ ਅਰੰਭਤਾ ਦਾ ਉਹ ਬਾਨੀ ਹੈ। ਵੱਡੇ ਮੈਚ ਸ਼ੁਰੂ ਕਰਾਉਣ ਦੀ ਉਹਦੀ ਬੜੀ ਹਿੰਮਤ ਤੇ ਹੌਸਲਾ ਹੈ। ਉਸ ਦੀ ਰਹਿਨਮਾਈ ਹੇਠ 22 ਜ਼ਬਰਦਸਤ ਟੂਰਨਾਮੈਂਟ ਹੋ ਚੁਕੇ ਹਨ ਤੇ 23ਵਾਂ ਟੂਰਨਾਮੈਂਟ ਕਰੋਨਾ ਦੇ ਭਿਆਨਕ ਸੰਕਟ ਕਾਰਨ ਰੁਕੇਗਾ ਨਹੀਂ, ਹੌਸਲੇ ਬੁਲੰਦ ਨੇ, ਮੀਟਿੰਗਾਂ ਚਲ ਰਹੀਆਂ ਨੇ।

21ਵੇਂ ਟੂਰਨਾਮੈਂਟ 'ਤੇ ਸ. ਕਾਹਮਾ ਨੇ ਸਟੇਜ 'ਤੋਂ ਐਲਾਨ ਕਰਵਾਇਆ ਸੀ ਕਿ ਟੂਰਨਾਮੈਂਟ ਦੀ ਸਿਲਵਰ ਜੁਬਲੀ ਬੜੇ ਧੂਮ-ਧਾਮ ਨਾਲ ਮਨਾਈ ਜਾਵੇਗੀ, ਜਿਸ ਦੀ ਵੱਖਰੀ ਦਿੱਖ ਤੇ ਇਲਾਕੇ 'ਚ ਵੱਖਰੀ ਮਿਸਾਲ ਬਣੇਗੀ। ਸਿਲਵਰ ਜੁਬਲੀ ਨੂੰ ਖਿੱਚ ਦਾ ਕੇਂਦਰ ਬਣਾਉਣ ਲਈ ਸਲਾਹ ਮਸ਼ਵਰੇ ਹੋਣ ਲੱਗ ਪਏ ਹਨ।

ਉਹ ਇਲਾਕੇ ਦੇ ਪਿੰਡਾਂ ਦਾ ਹਰ ਤਰ੍ਹਾਂ ਨਾਲ ਖਿਆਲ ਰੱਖਣ ਵਾਲਾ ਦਰਿਆ-ਦਿਲ ਇਨਸਾਨ ਹੈ। ਕਾਹਮੇ ਦੇ ਗੁਆਂਢੀ ਪਿੰਡ ਮੰਗੂਵਾਲ ਨੇ 1987 'ਚ ਪੰਜਾਬ 'ਚੋਂ ਪਹਿਲੀ ਫੁੱਟਬਾਲ ਲੀਗ ਸ਼ੁਰੂ ਕੀਤੀ ਸੀ। 'ਆਦਰਸ਼ ਸਪੋਰਟਸ ਕਲੱਬ ਮੰਗੂਵਾਲ' ਵਲੋਂ ਘੋਸ਼ਿਤ ਹੋਈ ਉਸ ਲੀਗ ਨੂੰ ਹਰ ਸਾਲ ਵੱਡੇ ਪੱਧਰ 'ਤੇ ਕਰਾਉਣ ਦੇ ਮਨਸੂਬੇ ਸਨ, ਪਰ ਕੋਈ ਚੰਗਾ ਸਲਾਹਕਾਰ ਨਹੀਂ ਸੀ ਮਿਲ ਰਿਹਾ ਤੇ ਨਾ ਹੀ ਕੋਈ ਬਾਂਹ ਫੜਨ ਵਾਲਾ ਦਿਸ ਰਿਹਾ ਸੀ। ਦਸਾਂ ਸਾਲਾਂ ਬਾਅਦ ਆਸਾਂ ਨੂੰ ਬੂਰ ਪਿਆ। ਦਰਸ਼ਨ ਖਟਕੜ ਦੀ ਮਿਹਨਤ ਤੇ ਹਿੰਮਤ ਸਦਕਾ ਇਲਾਕੇ ਦੀ ਮਹਾਨ ਸ਼ਖਸੀਅਤ ਤੇ ਫੁੱਟਬਾਲ ਦੀ ਤਰਜਮਾਨੀ ਕਰਨ ਵਾਲੇ ਧੜੱਲੇਦਾਰ ਇਨਸਾਨ ਹਰਦੇਵ ਸਿੰਘ ਕਾਹਮਾ ਨੇ ਉਨ੍ਹਾਂ ਦੀ ਪਿੱਠ ਥਾਪੜੀ ਤੇ ਹਰ ਤਰ੍ਹਾਂ ਨਾਲ ਸਹਿਯੋਗ ਦੇਣ ਦਾ ਵਾਅਦਾ ਕੀਤਾ। ਸ. ਕਾਹਮਾ ਨੇ ਭਾਰਤੀ ਫੁੱਟਬਾਲ ਦੇ ਜਰਨੈਲ ਜਰਨੈਲ ਸਿੰਘ ਪਨਾਮ ਨਾਲ ਸਲਾਹ ਕੀਤੀ। ਐਸ. ਐਨ. ਕਾਲਜ ਬੰਗਾ ਦੇ ਸਾਬਕਾ ਪ੍ਰਿੰਸੀਪਲ ਰਾਜਬਿੰਦਰ ਸਿੰਘ ਬੈਂਸ ਦੀ ਬਦੌਲਤ ਬੰਗਾ ਕਾਲਜ ਦੇ ਖੇਡ ਸਟੇਡੀਅਮ ਦਾ ਪ੍ਰਬੰਧ ਕੀਤਾ ਗਿਆ। ਪਰਮਜੀਤ ਕਾਹਮਾ ਨੂੰ ਪ੍ਰਬੰਧਕੀ ਸਕੱਤਰ ਤੇ ਮੀਡੀਆ ਇੰਚਾਰਜ਼ ਅਤੇ ਸਤਵੀਰ ਸਿੰਘ ਬੈਂਸ ਨੂੰ ਅਥਲੈਟਿਕਸ ਦੀਆਂ ਸੇਵਾਵਾਂ ਸੌਂਪੀਆਂ ਗਈਆਂ।

ਐਚ. ਐਸ. ਬੀ. ਵਲੋਂ ਆਪ ਨੇ ਨਿਜੀ ਜ਼ਿੰਮੇਵਾਰੀ ਨਿਭਾ ਕੇ ਪੰਜ ਸਾਲ ਮੈਚ ਕਰਵਾਏ ਤੇ ਵੱਡੇ ਵੱਡੇ ਮੈਚ ਜਿੱਤੇ। ਫੁੱਟਬਾਲ ਦਾ ਮਿਆਰ ਹੋਰ ਉਚਾ ਚੁੱਕਣ ਲਈ ਜੇ. ਸੀ. ਟੀ., ਪੰਜਾਬ ਪੁਲਿਸ, ਬੀ. ਐਸ. ਐਫ., ਬਿਜਲੀ ਬੋਰਡ ਅਤੇ ਹੋਰ ਨਾਮੀ-ਗਰਾਮੀ ਕਲੱਬਾਂ ਦੇ ਮੈਚ ਕਰਾਏ। ਪਹਿਲਾ ਸਥਾਨ ਜੇਤੂ ਕਲੱਬ ਨੂੰ ਇਕ ਲੱਖ ਰੁਪਏ ਦੀ ਨਕਦ ਰਾਸ਼ੀ ਹਰਦੇਵ ਸਿੰਘ ਕਾਹਮਾ ਵਲੋਂ ਭੇਟ ਕੀਤੀ ਜਾਂਦੀ ਹੈ। ਦੂਜੇ ਸਥਾਨ ਵਾਲੇ ਕਲੱਬ ਨੂੰ ਪੰਜਾਹ ਹਜ਼ਾਰ ਇਨਾਮ ਸੀ, ਜੋ ਵਧਾ ਕੇ ਹੁਣ ਸੱਠ ਹਜ਼ਾਰ ਕਰ ਦਿੱਤੀ ਗਈ ਹੈ। ਨਾਰਥ-ਇੰਡੀਆ ਵਿਚੋਂ ਇਹ ਪਹਿਲਾ ਵੱਡਾ ਇਨਾਮ ਹੈ।

ਵੱਡੀਆਂ ਕਲੱਬਾਂ ਹੁਣ ਫੁੱਟਬਾਲ ਅਕੈਡਮੀਆਂ 'ਚ ਬਦਲ ਗਈਆਂ ਨੇ। ਅਕੈਡਮੀਆਂ 'ਚ ਵੀ ਭਾਰਤ ਦੇ ਨਾਮਵਰ ਖਿਡਾਰੀ ਖੇਡਦੇ ਨੇ। ਅਕੈਡਮੀਆਂ ਦੇ ਖਿਡਾਰੀ ਖੇਡ ਕੇ ਬੜਾ ਮਾਣ ਮਹਿਸੂਸ ਕਰਦੇ ਨੇ।

ਇਲਾਕਾ ਨਵਾਂਸ਼ਹਿਰ ਦੇ ਦਿਗਜ਼ ਨੇਤਾ ਮਰਹੂਮ ਸ. ਦਿਲਬਾਗ ਸਿੰਘ ਸੈਣੀ ਨਾਲ ਸ. ਕਾਹਮਾ ਦੀ ਬੜੀ ਨੇੜਤਾ ਰਹਿ ਸੀ। ਇਸ ਵਕਤ ਸ. ਕਾਹਮਾ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੇ ਪ੍ਰਧਾਨ ਹਨ। ਲੋਕਾਂ ਦੀਆਂ ਸਿਹਤ-ਸਹੂਲਤਾਂ ਲਈ ਹਸਪਤਾਲ ਵਿਚ ਵਧੀਆ ਸੇਵਾਵਾਂ ਪ੍ਰਦਾਨ ਕੀਤੀਆਂ ਹੋਈਆਂ ਨੇ। ਕਰੋਨਾ ਪੀੜਿਤ ਲੋਕਾਂ ਦਾ ਮੁਫਤ ਇਲਾਜ ਚਲਦਾ ਹੈ।



ਦੱਸਣ ਵਾਲੇ ਦੱਸਦੇ ਨੇ ਕਿ ਸ. ਹਰਦੇਵ ਸਿੰਘ ਇਕ ਵਾਰ ਕਾਰ ਵਿਚ ਕਾਹਮਾ ਸਕੂਲ ਮੂਹਰਿਉਂ ਲੰਘੇ। ਡਰਾਈਵਰ ਸਰਬਣ ਸਿੰਘ ਸੋਬੋ ਕਾਰ ਚਲਾ ਰਿਹਾ ਸੀ ਤੇ ਸ. ਹਰਦੇਵ ਸਿੰਘ ਕਾਰ ਦੀ ਪਿਛਲੀ ਸੀਟ 'ਤੇ ਅਰਾਮ ਨਾਲ ਬੈਠੇ ਸਨ। ਸੋਬੋ ਨੇ ਕਿਹਾ, "ਸਰਦਾਰ ਜੀ, ਦੇਖੋ ਸਕੂਲ ਦੀ ਹਾਲਤ ਕਿੰਨੀ ਮਾੜੀ ਐ; ਮੀਂਹ, ਹਨੇਰੀ ਆਈ 'ਤੇ ਕਮਰੇ ਡਿੱਗ ਪਏ ਤਾਂ ਨਿਆਣੇ ਹੇਠਾਂ ਆ ਜਾਣਗੇ।" ਹਰਦੇਵ ਸਿੰਘ ਚੁੱਪ-ਚਾਪ ਸੁਣਦਾ ਰਿਹਾ ਤੇ ਮੱਲਪੁਰ ਲੰਘਦੇ ਹੀ ਕਿਹਾ, "ਸੋਬੋ, ਗੱਡੀ ਮੋੜ ਪਿਛੇ, ਜਾ ਕੇ ਸਕੂਲ ਦੇ ਹਾਲਤ ਵੇਖੀਏ।" ਮੁੜ ਕੇ ਸਕੂਲ ਆਏ ਤਾਂ ਦੇਖਿਆ, ਕਮਰਿਆਂ ਦਾ ਬੁਰਾ ਹਾਲ ਸੀ। ਮਾੜੇ ਹਾਲਾਤ ਦੀਆਂ ਕੰਧਾਂ ਅਤੇ ਡਿੱਗੂ ਡਿੱਗੂ ਕਰਦੀਆਂ ਛੱਤਾਂ ਹੇਠ ਮਾਸਟਰ, ਨਿਆਣਿਆਂ ਨੂੰ ਪੜ੍ਹਾ ਰਹੇ ਸਨ। ਅਜਿਹੀ ਹਾਲਤ ਵੇਖ ਹਰਦੇਵ ਸਿੰਘ ਮਨ ਹੀ ਮਨ ਬੜਾ ਦੁਖੀ ਹੋਇਆ। ਥੋੜ੍ਹੇ ਦਿਨਾਂ ਬਾਅਦ ਬਿਲਡਿੰਗ ਦੀ ਢਾਹ-ਢੁਆਈ ਸ਼ੁਰੂ ਕਰ ਦਿਤੀ ਤੇ ਨਵੀਂ ਬਿਲਡਿੰਗ ਦੀ ਉਸਾਰੀ ਸ਼ੁਰੂ ਹੋ ਗਈ। ਲੱਖਾਂ ਰੁਪਏ ਜੇਬ 'ਚੋਂ ਖਰਚੇ। ਇਹ ਗੱਲ 1990 ਦੇ ਕਰੀਬ ਦੀ ਹੈ। ਸ. ਕਾਹਮਾ ਨੇ ਸਕੂਲ ਦੀ ਬਿਲਡਿੰਗ 'ਚ ਪਿੰਡ ਦੇ ਸਹਿਯੋਗ ਨਾਲ ਬਹੁਤ ਵੱਡਾ ਯੋਗਦਾਨ ਪਾਇਆ। ਦਲੇਰੀ ਭਰੇ ਅਜਿਹੇ ਕਾਰਜਾਂ ਕਰਕੇ ਗੁਰਸ਼ਰਨ ਛੀਨਾ ਸ. ਕਾਹਮਾ ਦੀ ਬਹੁਤ ਇੱਜਤ ਕਰਦਾ ਹੈ।

ਪਿੰਡ ਕਾਹਮਾ ਪ੍ਰਤੀ ਹਰਦੇਵ ਸਿੰਘ ਦੀ ਬੜੀ ਦੇਣ ਹੈ। ਖੇਡ ਮੈਦਾਨ, ਵਿਕਾਸ ਕਾਰਜਾਂ, ਸਮਾਜ ਸੇਵਾ ਤੇ ਸਮਾਜਕ ਵਰਤਾਰੇ ਵਿਚ ਹਮੇਸ਼ਾ ਮੂਹਰੇ ਰਹਿੰਦਾ ਹੈ। ਉਹਦੇ ਨਾਂ 'ਤੇ ਪਿੰਡ 'ਚ 'ਸ. ਹਰਦੇਵ ਸਿੰਘ ਖੇਡ ਸਟੇਡੀਅਮ' ਬਣਿਆ ਹੋਇਐ। ਲੋਕ ਭਲਾਈ ਦੇ ਕੰਮਾਂ 'ਚ ਹਮੇਸ਼ਾ ਮੂਹਰੇ ਤੇ ਰਾਜਨੀਤੀ ਤੋਂ ਕੋਹਾਂ ਦੂਰ ਹੈ। ਦਸ ਸਾਲ ਪਹਿਲਾਂ ਆਪਣੇ ਬਾਬਾ ਸ. ਗੋਪਾਲ ਸਿੰਘ ਦੀ ਯਾਦ ਵਿਚ ਪਿੰਡ ਟੂਰਨਾਮੈਂਟ ਕਰਵਾਇਆ ਸੀ। ਪਿੰਡ ਦੇ ਹੋਰ ਪਤਵੰਤੇ ਸੱਜਣਾਂ ਤੋਂ ਇਲਾਵਾ ਬੰਬਈ ਫਿਲਮ ਇੰਡਸਟਰੀ 'ਚ ਲਤਾ ਮੰਗੇਸ਼ਕਰ ਨੂੰ ਅੱਗੇ ਲਿਆਉਣ ਵਾਲੇ ਮਿਊਜ਼ਿਕ ਡਾਇਰੈਕਟਰ ਕਾਹਮਾ ਵਾਸੀ ਹੁਸਨ ਲਾਲ (ਭਗਤ ਰਾਮ) ਦੀ ਪਤਨੀ ਦਾ ਮਾਣ-ਸਨਮਾਨ ਕੀਤਾ ਗਿਆ ਸੀ।

ਸ. ਹਰਦੇਵ ਸਿੰਘ ਪਿੰਡ ਪੱਲੀ-ਝਿੱਕੀ ਵਿਆਹੇ ਹੋਏ ਹਨ। ਫੁੱਟਬਾਲ ਨੂੰ ਸਮਰਪਿਤ ਅਤੇ ਵਧੀਆ ਫੁੱਟਬਾਲ ਖਿਡਾਰੀਆਂ ਦਾ ਪਿੰਡ ਹੈ। ਜ਼ਿਲਾ ਨਵਾਂਸ਼ਹਿਰ ਫੁੱਟਬਾਲ ਐਸੋਸੀਏਸ਼ਨ ਦਾ ਪ੍ਰਧਾਨ ਜਰਨੈਲ ਸਿੰਘ ਅਤੇ ਜ਼ਿਲਾ ਯੋਜਨਾ ਕਾਂਗਰਸ ਦਾ ਚੇਅਰਮੈਨ ਅਤੇ ਹਲਕਾ ਇੰਚਾਰਜ ਬੰਗਾ ਸਤਵੀਰ ਸਿੰਘ ਵੀ ਪਿੰਡ ਪੱਲੀ-ਝਿੱਕੀ ਦੀਆਂ ਮਹਾਨ ਹਸਤੀਆਂ ਹਨ। ਬਲਵੀਰ ਸਿੰਘ ਵੀਰ੍ਹਾ ਤੇ ਸਤਵਿੰਦਰ ਪਿੰਦਾ-ਦੋਵੇਂ ਭਰਾ ਫੁੱਟਬਾਲ ਦੇ ਨਾਮੀ ਖਿਡਾਰੀ ਰਹਿ ਚੁਕੇ ਹਨ। ਜਸਪ੍ਰੀਤ ਸਿੰਘ ਜੱਸਾ ਇਸ ਵੇਲੇ ਕਿਸੇ ਪ੍ਰਸਿੱਧ ਫੁੱਟਬਾਲ ਕਲੱਬ ਵਲੋਂ ਖੇਡ ਰਿਹੈ।

ਬੰਗਾ ਕਾਲਜ ਵਿਖੇ ਹੁੰਦੇ 'ਸ਼ਹੀਦ ਭਗਤ ਸਿੰਘ ਮੈਮੋਰੀਅਲ ਟੂਰਨਾਮੈਂਟ' ਵਿਚ ਵਿਦੇਸ਼ੀ ਵੀਰਾਂ, ਖਿਡਾਰੀਆਂ, ਦਾਨੀ ਸੱਜਣਾਂ ਤੇ ਇਲਾਕੇ ਦੇ ਮੋਹਤਵਰ ਸੱਜਣਾਂ ਦਾ ਬੜਾ ਸਹਿਯੋਗ ਹੁੰਦੈ, ਜੋ ਹਰਦੇਵ ਸਿੰਘ ਕਾਹਮਾ ਦੇ ਮੋਢੇ ਨਾਲ ਮੋਢਾ ਡਾਹ ਕੇ ਖੜ੍ਹੇ ਹੁੰਦੇ ਹਨ ਤੇ ਹਰ ਸਾਲ ਮੈਚਾਂ ਦੀ ਅਪਾਰ ਸਫਲਤਾ ਲਈ ਵਧਾਈ ਦੇ ਪਾਤਰ ਬਣਦੇ ਹਨ, ਜਿਨ੍ਹਾਂ ਵਿਚ ਦਰਸ਼ਨ ਸਿੰਘ ਮਾਹਲ ਕੈਨੇਡਾ, ਸਤਵੰਤ ਸਿੰਘ ਬੈਂਸ ਕੈਨੇਡਾ, ਝਲਮਣ ਸਿੰਘ ਸਿੱਧੂ ਕੈਨੇਡਾ (ਸੋਤਰਾਂ ਵਾਲੇ), ਰੋਸ਼ਨ ਲਾਲ ਰੋਸ਼ਾ ਕੈਨੇਡਾ, ਇਕਬਾਲ ਸਿੰਘ ਖਾਨਖਾਨਾ, ਸਤਵਿੰਦਰ ਸਿੰਘ ਪਿੰਦਾ ਪੱਲੀਆਂ, ਨਰਿੰਦਰ ਸਿੰਘ ਕਰੀਮਪੁਰ, ਰੇਸ਼ਮ ਸਿੰਘ ਮਾਨ ਕੈਨੇਡਾ (ਬੰਗਾ), ਸੁੱਚਾ ਸਿੰਘ ਨਰ ਜਰਮਨੀ, ਨਰਿੰਦਰਪਾਲ ਮਾਹਲ, ਕੇਹਰ ਸਿੰਘ ਬਾਂਦੀ ਅਮਰੀਕਾ, ਨਰਿੰਦਰ ਸਿੰਘ ਰੰਧਾਵਾ, ਨਰਿੰਦਰਪਾਲ ਸਿੰਘ ਮਾਹਲ, ਗੁਰਦਿਆਲ ਸਿੰਘ ਜਗਤਪੁਰ, ਰੇਸ਼ਮ ਸਿੰਘ ਮਜਾਰੀ, ਸਰਬਜੀਤ ਸਿੰਘ ਪੰਨੂੰ, ਸੁਰਿੰਦਰ ਸਿੰਘ ਪੂੰਨੀ ਜੀਦੋਵਾਲ ਹਨ ਸ਼ਾਮਲ ਹਨ। ਦਰਸ਼ਨ ਸਿੰਘ ਮਾਹਲ ਵਲੋਂ ਇਨ੍ਹਾਂ ਮੈਚਾਂ 'ਚ ਵੱਡਾ ਸਹਿਯੋਗ ਦਿੱਤਾ ਜਾਂਦੈ।

ਹਰਦੇਵ ਸਿੰਘ ਕਾਹਮਾ 'ਤੇ ਸੱਚੇ ਪਾਤਸ਼ਾਹ ਦਾ ਬੜਾ ਕਰਮ ਹੈ। ਬੇਟਿਆਂ ਨੇ ਕਾਰੋਬਾਰ ਸਾਂਭੇ ਹੋਏ ਹਨ। ਪਰਿਵਾਰ ਅਤੇ ਘਰ ਵਾਲੀ ਦੇ ਵੱਡੇ ਸਾਥ ਨਾਲ ਖੇਡ ਸ਼ੌਕ ਹੁੱਬ ਕੇ ਪੂਰੇ ਕਰ ਰਿਹੈ ਤੇ ਹੋਰ ਜ਼ਿੰਮੇਵਾਰੀਆਂ ਬਾਖੂਬੀ ਨਾਲ ਨਿਭਾ ਰਿਹੈ। ਹਮੇਸ਼ਾ ਚੜ੍ਹਦੀ ਕਲਾ 'ਚ ਰਹਿਣ ਵਾਲਾ ਜ਼ਿੰਦਗੀ ਦੀਆਂ 77 ਪਤਝੜ ਤੇ ਬਹਾਰਾਂ ਮਾਣ ਚੁੱਕੈ। ਉਹਦੇ ਸੀਨੇ 'ਚ ਫੁੱਟਬਾਲ ਪ੍ਰਤੀ ਅਥਾਹ ਪਿਆਰ ਹੈ। ਜ਼ਿੰਦਗੀ ਦੇ ਆਖਰੀ ਦਮ ਤੱਕ ਫੁੱਟਬਾਲ ਨੂੰ ਸਮਰਪਿਤ ਹੋਣ ਲਈ ਵਚਨਬੱਧ ਹੈ।

ਖੇਡ ਸ਼ੌਕ ਜਿਨ੍ਹਾਂ ਨੂੰ ਲੱਗ ਜਾਂਦਾ,
ਕਦੇ ਨਾ ਕਾਸੇ ਦੀ ਪ੍ਰਵਾਹ ਕਰਦੇ।
ਖੇਡ ਸਮੁੰਦਰਾਂ 'ਚ ਵੜ੍ਹ ਜਾਂਦੇ,
ਹੋਣਹਾਰ ਖਿਡਾਰੀਆਂ ਲਈ ਪੱਧਰਾ ਰਾਹ ਕਰਦੇ।
ਖੇਡ ਸ਼ੌਕ ਪਾਲਣੇ 'ਇਕਬਾਲ ਸਿੰਹਾਂ' ਬੜੇ ਔਖੇ,
'ਨੇਰੀਆਂ, ਝੱਖੜਾਂ ਮੂਹਰੇ ਹਿੱਕ ਡਾਹ ਖੜ੍ਹਦੇ।

# ਗੁਰਪ੍ਰੀਤ ਸਹਿਜੀ ਦਾ ਖੇਡ ਬਿਰਤਾਂਤ

*(ਪਿਛਲੇ ਸਫੇ ਦੀ ਬਾਕੀ)*

ਦੀ ਕੋਈ ਪ੍ਰਵਾਹ ਨਹੀਂ ਸੀ, ਬੱਸ ਪੈਸੇ ਵੱਲੋਂ ਕੋਈ ਨਾਂਹ ਨਾ ਕਰੇ। ਰੱਬੇ ਅੱਗੇ ਅਰਦਾਸ ਕਰਦੇ ਸਾਂ ਕਿ ਦੋ ਰੁਪਏ ਦਾ ਪ੍ਰਸ਼ਾਦ ਦੇਵਾਂਗੇ ਜਾਂ ਇੱਕ ਰੁਪਏ ਦਾ ਮੱਥਾ ਟੇਕਾਂਗੇ।

ਕਦੇ ਕਦੇ ਕੋਰਾ ਜਵਾਬ ਮਿਲਦਾ, 'ਪੈਨਸ਼ਨ ਲਵਾ ਦੇਈਏ ਸੋਡੀ? ਇੱਕ ਅੱਧੀ ਵਾਰੀ ਹੁੰਦਾ, ਕੋਈ ਨਾ ਮੋੜੇ, ਮੁਕਰ ਵੀ ਜਾਏ ਤਾਂ ਸਰ ਜਾਂਦੈ, ਪਰ ਸੋਡੀ ਤਾਂ ਭਰਾਵਾ ਨਿੱਤ ਦੀ ਵਿੱਢ ਐ...!'

'ਅੱਜ ਤੂੰ ਪੰਜਾਹ ਰੁਪਏ ਦੇਹ ਛੱਡ, ਤੇਰਾ ਕੰਮ ਕਰਾ ਦੇਵਾਂਗੇ ਖੇਤਾਂ ਚ, ਨਾਲੇ ਬਾਈ ਏਸੇ ਪਿੰਡ 'ਚ ਈ ਰਹਿਣਾ, ਅਸੀਂ ਕੋਈ ਭੀਖ ਮੰਗਣ ਨਹੀਂ ਆਏ, ਉਧਾਰ ਪੈਸੇ ਲੈਣ ਆਏ ਆਂ।'

'ਕੀ ਕੰਮ ਕਰਾਓਗੇ?'

'ਜੋ ਵੀ ਸਾਡੇ ਕਰਨ ਆਲਾ ਹੋਇਆ।'

ਇੰਜ ਅਸੀਂ ਹਰੇਕ ਨਾਲ ਦਿੱਤੇ ਪੈਸਿਆਂ ਬਦਲੇ ਕੰਮ ਕਰਾਉਣ ਦਾ ਪੱਕਾ ਭਰੋਸਾ ਦੁਆ ਦਿੰਦੇ ਸਾਂ, ਪਰ ਉਸ ਵੇਲੇ ਸਾਡੇ ਪੈਰ ਮੈਦਾਨ ਵਿਚ ਪੱਕੇ ਨਹੀਂ ਸੀ ਹੋਏ। ਪਹਿਲਾ ਮੈਚ ਹੀ ਹਾਰ ਜਾਂਦੇ ਸਾਂ, ਪਰ ਆਪਣੇ ਇਰਾਦੇ ਤੋਂ ਕਦੇ ਨਹੀਂ ਸੀ ਹਾਰੇ।

ਫਿਰ ਇੱਕ ਦਿਨ ਦਿਲ ਵਿਚ ਆਈ ਕਿ ਮੈਚ ਹਾਰਨ ਦਾ ਕਾਰਨ ਕੀ ਹੈ? ਪਤਾ ਲੱਗਿਆ ਕਿ ਰੱਬ ਨਾਲ ਕੀਤਾ ਵਾਅਦਾ ਪੂਰਾ ਨਹੀਂ ਸਾਂ ਕਰਦੇ। ਜਾਣੀ ਮੰਗੇ ਪੈਸਿਆਂ ਵਿਚੋਂ ਮੱਥਾ ਨਹੀਂ ਸੀ ਟੇਕਦੇ। ਸੋ ਹੁਣ ਐਂਟਰੀ ਫੀਸ ਲਈ ਮੰਗੇ ਪੈਸਿਆਂ 'ਚੋਂ ਰੱਬ ਨਾਲ ਕੀਤੇ ਵਾਅਦੇ ਮੁਤਾਬਿਕ ਮੱਥਾ ਟੇਕ ਦਿੰਦੇ ਸਾਂ।

'ਜੋ ਬੰਦੇ ਰੱਬ ਨਾਲ ਕੀਤੀ ਜੁਬਾਨ ਪੂਰੀ ਕਰਦੇ ਨੇ, ਰੱਬ ਵੀ ਉਨ੍ਹਾਂ ਦੀ ਸੁਣਦਾ।' ਮੇਰੇ ਮਨ ਵਿਚ ਇਹ ਧਾਰਨਾ ਪੱਕੀ ਹੋ ਗਈ। ਹੌਲੀ-ਹੌਲੀ ਮੇਰੀ ਤੇ ਸਰੋਵਰ ਦੀ ਪਿੰਡ ਦੇ ਕੁਝ ਕੁ ਘਰਾਂ ਵਿਚ ਏਨੀ ਇੱਜਤ ਬਣ ਗਈ ਕਿ ਉਹ ਸਾਨੂੰ ਸੌ-ਪੰਜਾਹ ਰੁਪਏ ਤੀਕ ਦੇ ਦਿੰਦੇ। ਜਿੰਨਾ ਕਿਹਾ ਹੁੰਦਾ, ਓਨਾ ਕੰਮ ਵੀ ਕਰਦੇ। ਅਸੀਂ ਦੋਵੇਂ ਕਿਸੇ ਦੇ ਘਰ ਚਲੇ ਜਾਂਦੇ। ਉਹਤੋਂ ਕੰਮ ਪੁੱਛ ਕੇ ਖੇਤਾਂ 'ਚ ਚਲੇ ਜਾਂਦੇ। ਜਿੱਥੇ ਮੈਨੂੰ ਇੱਕਲੇ ਨੂੰ ਸਾਰਾ ਦਿਨ ਕੰਮ ਕਰਨਾ ਪੈਂਦਾ, ਉੱਥੇ ਦੋਵਾਂ ਨੂੰ ਅੱਧਾ ਦਿਨ ਹੀ ਕੰਮ ਕਰਨਾ ਪੈਂਦਾ। ਫਿਰ ਸ਼ਾਮ ਨੂੰ ਆ ਕੇ ਮੈਦਾਨ ਵਿਚ ਖੇਡਣ ਲਈ ਆ ਜਾਂਦੇ। ਕਦੇ ਖੇਤਾਂ ਵਿਚ ਵੱਧ ਕੰਮ ਕਰਦੇ ਤੇ ਮਾਲਕ ਤੋਂ ਅਗਲੇ ਮੈਚ ਦੀ ਐਂਟਰੀ ਫੀਸ ਲਈ ਰੁਪਿਆਂ ਦਾ ਜੁਗਾੜ ਕਰ ਲੈਂਦੇ। ਇਸ ਦੁਨੀਆਂ ਵਿਚ ਬੰਦੇ ਦਾ ਬੰਦੇ 'ਤੇ ਭਰੋਸਾ ਬਣਾ ਲੈਣਾ ਸਭ ਤੋਂ ਔਖਾ ਕੰਮ ਹੁੰਦਾ, ਪਰ ਪਸ਼ੂਆਂ ਨਾਲ ਤਾਂ ਇਹ ਭਰੋਸਾ ਕੁਝ ਸਮੇਂ ਦੀ ਵਫਾਦਾਰੀ ਕਰਨ ਨਾਲ ਹੀ ਬਣ ਜਾਂਦੈ।

ਜਿਹੜਾ ਕੁਝ ਅਸੀਂ ਆਪ ਕਮਾ ਸਕਦੇ ਹਾਂ, ਜੇ ਉਹੀ ਕਿਸੇ ਹੋਰ ਤੋਂ ਮੰਗਦੇ ਰਹੀਏ ਤਾਂ ਉਹਦੇ ਜਿਹਾ ਪਾਪ ਕੋਈ ਨਹੀਂ। ਜਦ ਆਪਾਂ ਇਸ ਸਰਾਪ ਤੋਂ ਖੁਦ ਨੂੰ ਅਜ਼ਾਦ ਕਰਾਂਗੇ ਤਾਂ ਹੀ ਜੀਵਨ 'ਚ ਖੁਸ਼ਹਾਲੀ ਆ ਸਕਦੀ ਹੈ। ਸਾਡੇ ਨਾਲ ਇੱਕ ਅਵਾਰਾ ਕੁੱਤਾ ਹੁੰਦਾ ਸੀ। ਉਹਦੇ ਸਿਰ 'ਚ ਕੀੜੇ ਪਏ ਹੋਏ ਸਨ। ਮੈਂ ਤੇ ਸਰੋਵਰ ਨੇ ਉਹਦੇ ਜਖਮਾਂ ਵਿਚੋਂ ਕੀੜੇ ਕੱਢ ਦਿੱਤੇ। ਫਿਰ ਮਲ੍ਹਮ ਪੱਟੀ ਕਰ ਦਿੱਤੀ। ਉਹ ਰਾਜ਼ੀ ਹੋ ਗਿਆ। ਹਮੇਸ਼ਾ ਸਾਡੇ ਘਰ ਦੇ ਕੌਲੇ ਨਾਲ ਘੋਗਰਾ ਪੱਟ ਕੇ ਬੈਠਾ ਰਹਿੰਦਾ। ਰਾਖੀ ਕਰਦਾ ਉਹ ਵਫਾਦਾਰੀ ਨਿਭਾਉਂਦਾ ਮਰਿਆ।

ਜਿਹੜਾ ਕੁੱਤਾ ਵਫਾਦਾਰ ਹੁੰਦਾ ਹੈ,
ਉਹ ਬੰਦੇ ਦੀ ਮੌਤ ਮਰਦਾ ਹੈ!
ਜੋ ਬੰਦਾ ਵਫਾਦਾਰ ਨਹੀਂ ਹੁੰਦਾ,
ਉਹ ਕੁੱਤੇ ਦੀ ਮੌਤ ਮਰਦਾ ਹੈ!

ਕਬੱਡੀ ਦੇ ਸਟਾਰ ਖਿਡਾਰੀ ਬਿੱਟੂ ਦੁਗਾਲ ਉਤੇ ਆਧਾਰਿਤ ਨਾਵਲ ਦਾ ਅੰਤ ਸਹਿਜੀ ਨੇ ਬੁਝਾਰਤੀ ਢੰਗ ਨਾਲ ਕੀਤਾ: ਮੈਨੂੰ ਪਟਿਆਲੇ ਦਾਖਲ ਕਰਾ ਦਿੱਤਾ। ਉੱਥੇ ਮੇਰੀ ਪੂਰੀ ਚੈੱਕਅਪ ਹੋਣ ਲੱਗੀ। ਮੇਰੇ ਅੰਦਰ ਜੀਵਨ ਦੇ ਹੁਣ ਤੱਕ ਦੇ ਸਾਰੇ ਪਲ ਛੇਤੀ ਛੇਤੀ ਬੀਤਣ ਲੱਗੇ, ਕਿਵੇਂ ਕਿੰਨਾ ਹੁੰਦਾ ਖੇਡਿਆ ਸਾਂ? ਕਿਵੇਂ ਜਾਦੂ ਮਿਲਿਆ?...ਡਾਕਟਰਾਂ ਨੇ ਸਿਰਫ ਅੱਧਾ ਪ੍ਰਤੀਸ਼ਤ ਹੀ ਉਮੀਦ ਦੱਸੀ, ਉਹ ਵੀ ਰੱਬ ਦੀ ਕਿਰਪਾ ਨਾਲ; ਪਰ ਫੇਰ ਵੀ ਮੈਂ ਬੇਹੋਸ਼ੀ ਵਿਚ ਹੀ ਬਾਕੀ ਦੇ ਸਾਹਾਂ ਦੀ ਪੂੰਜੀ ਖਰਚ ਕਰਨੀ ਸੀ।

ਗੁਲਜ਼ਾਰੀ ਨੇ ਜਾਦੂ ਨੂੰ ਕਾਲ ਕੀਤੀ, ਪਰ ਉਹਨੇ ਦੋ ਵਾਰ ਕਾਲ ਕਰਨ 'ਤੇ ਫੋਨ ਨਹੀਂ ਸੀ ਚੁੱਕਿਆ। ਫੇਰ ਅੱਧੇ ਘੰਟੇ ਬਾਅਦ ਜਾਦੂ ਨੇ ਕਾਲ ਬੈਕ ਕੀਤੀ ਤਾਂ ਗੁਲਜ਼ਾਰੀ ਬੋਲਿਆ, 'ਹਾਂ ਜਾਦੂ, ਬਿੱਟੂ..!'

'ਮੈਂ ਸਮਾਧੀ 'ਚ ਸਾਂ...ਉਹਦੀ ਪਿੰਡੇ ਦੀ ਮਹਿਕ ਮੇਰੇ ਤੱਕ ਆਈ...ਤੰਬਾਕੂ ਦੀ ਕੌੜੀ ਮਹਿਕ ਨੇ ਮੈਨੂੰ ਭੰਗ ਕਰ ਦਿੱਤਾ ਸੀ...।'

'ਹਾਂ ਬਿੱਟੂ ਪਟਿਆਲੇ ਐ...।'

'ਨਹੀਂ ਉਹ ਪਟਿਆਲੇ ਨਹੀਂ...ਬਹੁਤ ਦੂਰ ਗਿਐ!'

# ਗੁਰੂ ਨਾਨਕ ਪ੍ਰਕਾਸ਼ ਪੁਰਬ: ਕੱਤਕ ਕਿ ਵੈਸਾਖ!

**ਸੰਪਾਦਕ ਦੀ ਡਾਕ**

ਸੰਪਾਦਕ ਜੀਓ,
ਸਤਿ ਸ੍ਰੀ ਅਕਾਲ।

'ਪੰਜਾਬ ਟਾਈਮਜ਼' ਦੇ 28 ਨਵੰਬਰ ਵਾਲੇ ਅੰਕ ਵਿਚ ਛਪੇ ਮੇਰੇ ਲੇਖ "ਗੁਰੂ ਨਾਨਕ ਪ੍ਰਕਾਸ਼ ਪੁਰਬ ਇਸ ਸਾਲ ਮੱਘਰ ਦੀ ਪੂਰਨਮਾਸ਼ੀ ਨੂੰ ਕਿਉਂ?" ਦੇ ਜੁਆਬ ਵਿਚ 2 ਦਸੰਬਰ ਦੇ ਅੰਕ ਵਿਚ ਸ. ਸਰਵਜੀਤ ਸਿੰਘ ਸੈਕਰਾਮੈਂਟੋ ਨੇ ਸਥਿਤੀ ਨੂੰ ਹੋਰ ਸਪਸ਼ਟ ਕਰਨ ਵਿਚ ਠੀਕ ਯੋਗਦਾਨ ਪਾਇਆ ਹੈ, ਪਰ ਉਨ੍ਹਾਂ ਨੇ ਆਪਣੇ ਪ੍ਰਤੀਕਰਮ ਦੇ ਅਖੀਰ ਵਿਚ ਜੋ ਲਿਖਿਆ ਹੈ, ਮੈਂ ਇਥੇ ਉਸ ਬਾਰੇ ਕੁਝ ਵਿਚਾਰ ਜ਼ਰੂਰ ਦੇਣੇ ਚਾਹਾਂਗਾ। ਉਨ੍ਹਾਂ ਲਿਖਿਆ ਹੈ ਕਿ ਸ. ਪਾਲ ਸਿੰਘ ਪੁਰੇਵਾਲ ਨੇ ਇਹ ਸਾਬਿਤ ਕੀਤਾ ਹੈ ਕਿ ਗੁਰੂ ਜੀ ਦਾ ਜਨਮ ਇਕ ਵੈਸਾਖ, ਸੰਮਤ 1526 ਬਿਕਰਮੀ, ਦਿਨ ਸੋਮਵਾਰ, 29 ਮਾਰਚ 1469 ਬਣਦਾ ਹੈ। ਇਸ ਦਿਨ ਚੇਤ ਦੀ ਪੁੰਨਿਆ ਸੀ। ਮੇਰੇ ਲੇਖ ਬਾਰੇ ਮੈਨੂੰ ਸ. ਪੁਰੇਵਾਲ ਦਾ ਫੋਨ ਵੀ ਆਇਆ ਸੀ।

ਸ. ਪਾਲ ਸਿੰਘ ਪੁਰੇਵਾਲ ਆਪਣੀ ਲੱਭਤ ਦਾ ਆਧਾਰ ਕਵੀ ਸੰਤੋਖ ਸਿੰਘ ਦੀ ਲਿਖਤ ਨੂੰ ਬਣਾਉਂਦੇ ਹਨ, "ਕਵੀ ਜੀ ਗੁਰੂ ਸਾਹਿਬ ਦੀ ਆਯੂ 90 ਸਾਲ 5 ਮਹੀਨੇ 9 ਦਿਨ ਦੱਸਦੇ ਹਨ ਅਤੇ ਜੋਤੀ ਜੋਤ ਦੀ ਤਾਰੀਖ ਅੱਸੂ ਵਦੀ 10, 1596 ਸੰਮਤ ਲਿਖਦੇ ਹਨ। ਹੁਣ ਜੇ ਜੋਤੀ ਜੋਤ ਦੀ ਤਾਰੀਖ ਵਿਚੋਂ ਚੰਦਰਮਾ ਸਾਲ ਦੇ ਮਹੀਨੇ ਵਰਤਦਿਆਂ ਆਯੂ ਘਟਾਈਏ ਤਾਂ ਪ੍ਰਕਾਸ਼ ਦਿਹਾੜਾ ਵੈਸਾਖ ਵਦੀ 3, 1526 ਬਿਕਰਮੀ (4 ਵੈਸਾਖ) ਅਤੇ 30 ਮਾਰਚ 1469 ਸੰਨ ਬਣਦਾ ਹੈ। ਪ੍ਰੰਤੂ ਜੇ ਬਿਕਰਮੀ ਕੈਲੰਡਰ ਦੇ ਸੂਰਜੀ ਮਹੀਨਿਆਂ ਅਤੇ ਸੂਰਜੀ ਸਾਲ ਵਿਚੋਂ ਉਹੀ ਆਯੂ ਘਟਾਈਏ ਤਾਂ ਗਣਿਤ ਇਸ ਪ੍ਰਕਾਰ ਹੈ: ਅਸੂ ਸੁਦੀ 10, 1596 ਬਿ: ਨੂੰ 8 ਅੱਸੂ ਸੀ। ਜਦੋਂ ਇਸ ਵਿਚੋਂ 90 ਸਾਲ 5 ਮਹੀਨੇ 9 ਦਿਨ ਘਟਾਈਏ ਤਾਂ ਪ੍ਰਕਾਸ਼ ਦਿਹਾੜਾ ਇੱਕ ਵੈਸਾਖ (ਵੈਸਾਖੀ) 1526 ਬਿ: ਬਣ ਜਾਂਦਾ ਹੈ। ਅੰਗਰੇਜ਼ੀ ਤਾਰੀਖ 29 ਮਾਰਚ 1469 ਸੰਨ ਸੀ। ਉਸ ਵੈਸਾਖੀ ਵਾਲੇ ਦਿਨ ਚੇਤ ਸੁਦੀ 15 ਪੂਰਨਮਾਸ਼ੀ ਵੀ ਸੀ। ਇਹ ਤਾਰੀਖ ਪਹਿਲੀ ਤਾਰੀਖ ਨਾਲੋਂ ਕੇਵਲ ਤਿੰਨ ਦਿਨ ਪਹਿਲਾਂ ਦੀ ਹੈ।"

ਸ. ਪੁਰੇਵਾਲ ਨਿਰਣਾ ਦਿੰਦੇ ਹਨ, "ਅਸੀਂ ਕਵੀ ਸੰਤੋਖ ਸਿੰਘ ਦੀਆਂ ਦੋਵੇਂ ਗੱਲਾਂ, ਆਯੂ ਅਤੇ ਜੋਤੀ ਜੋਤ ਸਮਾਉਣ ਦੀ ਤਾਰੀਖ ਨੂੰ ਸਹੀ ਮੰਨਿਆ ਹੈ।"

ਸ. ਪੁਰੇਵਾਲ ਨੇ ਭਾਵੇਂ ਇਹ ਗੱਲ ਕਿਤੇ ਲਿਖੀ ਨਹੀਂ, ਪਰ ਮੈਨੂੰ ਉਨ੍ਹਾਂ ਟੈਲੀਫੋਨ 'ਤੇ ਇਹ ਵੀ ਦੱਸਿਆ ਸੀ ਕਿ ਅੱਸੂ ਸੁਦੀ 10, ਸੰਮਤ 1596 ਨਾਲੋਂ ਉਨ੍ਹਾਂ ਨੂੰ ਕਵੀ ਸੰਤੋਖ ਸਿੰਘ ਅਤੇ ਕਰਤਾਰਪੁਰ ਵਾਲੀ ਬੀੜ 'ਤੇ ਲਿਖੀ ਅੱਸੂ ਵਦੀ ਦੱਸਵੀਂ ਇਸ ਕਰਕੇ ਵੀ ਜ਼ਿਆਦਾ ਅਪੀਲ ਕਰਦੀ ਹੈ ਕਿ (ਉਨ੍ਹਾਂ ਅਨੁਸਾਰ) ਅੱਸੂ ਸੁਦੀ 10, 1596 ਨੂੰ ਦੁਸ਼ਹਿਰੇ ਦਾ ਦਿਨ ਸੀ, ਪਰ ਕਿਸੇ ਵੀ ਪੁਰਾਤਨ ਸਰੋਤ ਨੇ ਦੁਸ਼ਹਿਰੇ ਦਾ ਜ਼ਿਕਰ ਨਹੀਂ ਕੀਤਾ, ਜੋ ਕਿ ਕਿਸੇ ਵੀ ਇਤਿਹਾਸਕਾਰ ਲਈ ਗੈਰ-ਸੁਭਾਵਕ ਹੈ। ਜੇ ਇਹੀ ਦਲੀਲ ਇਕ ਵੈਸਾਖ ਲਈ ਵਰਤੀਏ ਤਾਂ ਇਹ ਵੀ ਸੰਭਵ ਨਹੀਂ ਲੱਗਦਾ ਕਿ ਜੇ ਗੁਰੂ ਜੀ ਦਾ ਪ੍ਰਕਾਸ਼ ਦਿਹਾੜਾ ਵੈਸਾਖੀ ਹੁੰਦਾ ਤਾਂ ਕੋਈ ਵੀ ਤਾਰੀਖਦਾਨ ਵੈਸਾਖੀ ਦਾ ਜ਼ਿਕਰ ਨਾ ਕਰਦਾ। ਹਾਂ, ਇਹ ਜ਼ਰੂਰ ਮੰਨਿਆ ਜਾਣਾ ਚਾਹੀਦਾ ਹੈ ਕਿ ਗੁਰੂ ਜੀ ਦਾ ਪ੍ਰਕਾਸ਼ ਦਿਹਾੜਾ ਕੱਤਕ ਵਿਸਾਖ ਸੁਦੀ ਤਿੰਨ ਨੂੰ ਹੀ ਸੀ, ਜੋ ਵੈਸਾਖੀ ਦੇ ਨਜ਼ਦੀਕ ਹੋਣ ਕਰਕੇ ਵੈਸਾਖੀ ਨੂੰ ਮਨਾਇਆ ਜਾਣਾ ਅਰੰਭ ਹੋ ਗਿਆ ਅਤੇ ਵੈਸਾਖੀ ਦਾ ਸਭਿਆਚਾਰਕ ਮੇਲਾ ਅਤੇ ਫਸਲੀ ਕਲੰਡਰ ਦਾ ਇਹ ਅਰੰਭ-ਦਿਹਾੜਾ ਭਾਈ ਗੁਰਦਾਸ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਤੱਕ ਧਾਰਮਿਕ ਰੰਗਤ ਵਿਚ ਰੰਗਿਆ ਗਿਆ: "ਘਰਿ ਘਰਿ ਅੰਦਰ ਧਰਮਸਾਲ ਹੋਵੈ ਕੀਰਤਨ ਸਦਾ ਵਿਸੋਆ।" ਜੇ ਇਹ ਦਿਹਾੜਾ 1815 ਤੱਕ ਵੈਸਾਖੀ ਨੂੰ ਮਨਾਇਆ ਜਾਂਦਾ ਰਿਹਾ ਹੁੰਦਾ ਤਾਂ ਮਕਾਲਿਫ ਨੇ ਵੀ ਇਹ ਜ਼ਿਕਰ ਜ਼ਰੂਰ ਕਰਨਾ ਸੀ ਕਿ ਗਿਆਨੀ ਸੰਤ ਸਿੰਘ ਨੇ ਇਹ ਦਿਹਾੜਾ ਵੈਸਾਖੀ ਤੋਂ ਬਦਲ ਕੇ ਕੱਤਕ ਪੂਰਨਮਾਸ਼ੀ ਨੂੰ ਮਨਾਉਣਾ ਨਿਸ਼ਚਿਤ ਕਰ ਦਿੱਤਾ।

ਧੰਨਵਾਦ ਸਹਿਤ।

*-ਡਾ. ਆਸਾ ਸਿੰਘ ਘੁੰਮਣ*
*ਨਡਾਲਾ (ਕਪੂਰਥਲਾ)*
*ਫੋਨ: 91-99998-53245*

ਸ਼ਖ਼ਸੀਅਤਾਂ

# ਮੋਹ-ਮੁਹੱਬਤ ਦਾ ਮੁਜੱਸਮਾ ਅਜੈ ਤਨਵੀਰ

ਗਜ਼ਲ ਕਵਿਤਾ ਦੀ ਹੀ ਇਕ ਭਿੰਨ ਅਤੇ ਵੱਖਰੀ ਵੰਨਗੀ ਹੈ। ਪੰਜਾਬੀ ਦੇ ਕੁਝ ਲੇਖਕ ਗਜ਼ਲ ਨੂੰ ਨਾ ਹੀ ਕਵਿਤਾ ਦਾ ਹਿੱਸਾ ਸਮਝਦੇ ਹਨ ਅਤੇ ਨਾ ਹੀ ਗਜ਼ਲ ਲਿਖਣਾ-ਪੜ੍ਹਨਾ ਪਸੰਦ ਕਰਦੇ ਹਨ। ਅਸਲ ਵਿਚ ਗਜ਼ਲ ਲਿਖਣ-ਪੜ੍ਹਨ ਲਈ ਖਾਸ ਦਿਲ, ਮਿਜ਼ਾਜ ਤੇ ਸੋਚ ਵਾਲੇ ਅਤੇ ਸੰਵੇਦਨਸ਼ੀਲ ਇਨਸਾਨ ਹੁੰਦੇ ਹਨ। ਗਜ਼ਲ ਲਿਖਣਾ ਅਤੇ ਇਸ ਦੇ ਪੜ੍ਹਨ ਦਾ ਅਨੰਦ ਮਾਣਨਾ ਹਰ ਇਕ ਦੇ ਵੱਸ ਦਾ ਰੋਗ ਨਹੀਂ। ਗਜ਼ਲ ਕਵਿਤਾ ਦਾ ਬਹੁਤ ਹੀ ਸੂਖਮ, ਰਸੀਲਾ, ਸੰਗੀਤਕ ਅਤੇ ਦਿਲ ਨੂੰ ਛੋਹ ਜਾਣ ਵਾਲਾ ਰੂਪ ਹੈ। ਕਈ ਵਾਰੀ ਇਨਸਾਨ ਗਜ਼ਲ ਦਾ ਇਕੋ ਸ਼ੇਅਰ ਪੜ੍ਹ ਕੇ ਕਿੰਨੀ ਕਿੰਨੀ ਦੇਰ ਸੁੰਨ ਬੈਠਾ ਸੋਚਦਾ ਰਹਿੰਦਾ ਹੈ ਕਿ ਉਸ ਨੇ ਕੀ ਪੜ੍ਹਿਆ ਹੈ, ਉਸ ਦਾ ਕੀ ਅਰਥ ਹੈ ਅਤੇ ਉਸ ਸ਼ੇਅਰ ਵਿਚਲੀ ਡੂੰਘਾਈ ਨੂੰ ਕਿਵੇਂ ਸਮਝਣਾ ਹੈ। ਕਈ ਵਾਰੀ ਗਜ਼ਲ ਦੇ ਇਕੋ ਸ਼ੇਅਰ ਵਿਚ

ਪ੍ਰੇਮ ਮਾਨ, ਨਿਊ ਯਾਰਕ

'ਕੁੱਜੇ ਵਿਚ ਸਮੁੰਦਰ ਬੰਦ ਕਰਨ' ਵਾਂਗ ਬਹੁਤ ਕੁਝ ਸਮੋਇਆ ਹੁੰਦਾ ਹੈ, ਜਿਸ ਨੂੰ ਬਿਆਨ ਕਰਨ ਲਈ ਕਈ ਕਈ ਸਫੇ ਚਾਹੀਦੇ ਹੁੰਦੇ ਹਨ।

ਕੋਈ ਸਮਾਂ ਸੀ ਜਦੋਂ ਗਜ਼ਲ ਸਾਕੀ, ਇਸ਼ਕ ਅਤੇ ਜ਼ੁਲਫਾਂ ਬਾਰੇ ਹੀ ਲਿਖੀ ਜਾਂਦੀ ਸੀ। ਪੁਰਾਣੀਆਂ ਉਰਦੂ ਗਜ਼ਲਾਂ ਦੀ ਇਹੋ ਵਿਸ਼ੇਸ਼ਤਾਈ ਸੀ ਅਤੇ ਇਸੇ ਕਾਰਨ ਇਨ੍ਹਾਂ ਗਜ਼ਲਾਂ ਦੇ ਸ਼ੇਅਰ ਅੱਜ ਵੀ ਲੋਕਾਂ ਦੇ ਮਨਾਂ ਨੂੰ ਸਿਰਫ ਭਾਉਂਦੇ ਹੀ ਨਹੀਂ, ਸਗੋਂ ਸੁੰਨ ਕਰ ਜਾਂਦੇ ਹਨ ਤੇ ਵਾਹ ਵਾਹ ਖੱਟਦੇ ਹਨ। ਪੰਜਾਬੀ ਗਜ਼ਲ ਵਿਚ ਵੀ ਚਾਨਣ ਗੋਬਿੰਦਪੁਰੀ, ਦੀਪਕ ਜੈਤੋਈ, ਪ੍ਰਿੰ. ਤਖਤ ਸਿੰਘ ਅਤੇ ਬਹੁਤ ਸਾਰੇ ਹੋਰ ਗਜ਼ਲਗੋਆਂ ਨੇ ਅਜਿਹੀਆਂ ਰਵਾਇਤੀ ਗਜ਼ਲਾਂ ਲਿਖੀਆਂ, ਜਿਨ੍ਹਾਂ ਨੂੰ ਪੜ੍ਹਨ-ਲਿਖਣ ਦਾ ਆਪਣਾ ਹੀ ਮਜ਼ਾ ਤੇ ਸੁਆਦ ਸੀ। ਦਰਸ਼ਨ ਸਿੰਘ ਅਵਾਰਾ ਨੇ ਅਣਗਿਣਤ ਰੁਬਾਈਆਂ ਲਿਖੀਆਂ, ਜਿਨ੍ਹਾਂ ਵਿਚ ਸਾਕੀ, ਇਸ਼ਕ, ਮੇਲ-ਮਿਲਾਪ, ਵਿਛੋੜੇ ਅਤੇ ਜ਼ੁਲਫਾਂ ਦੀ ਗੱਲ ਸੀ।

ਮੇਰੇ ਖਿਆਲ ਵਿਚ ਆਧੁਨਿਕ ਪੰਜਾਬੀ ਗਜ਼ਲ ਦਾ ਪਿਤਾ ਡਾ. ਜਗਤਾਰ ਹੈ। ਉਸ ਨੇ ਪੰਜਾਬੀ ਗਜ਼ਲ ਨੂੰ ਨਵਾਂ ਮੋੜ ਦਿੱਤਾ ਅਤੇ ਇਸ ਨੂੰ ਪੁਰਾਣੇ ਸਿਖਰ ਤੋਂ ਨਵੇਂ ਸਿਖਰ 'ਤੇ ਪਹੁੰਚਾ ਦਿੱਤਾ। ਡਾ. ਜਗਤਾਰ ਦੀਆਂ ਗਜ਼ਲਾਂ ਵਿਚ ਨਵੇਂ ਅਤੇ ਡੂੰਘੇ ਖਿਆਲ ਹਨ। ਡਾ. ਜਗਤਾਰ ਦੀ ਸੇਧ ਵਿਚ ਫਿਰ ਬਹੁਤ ਸਾਰੇ ਗਜ਼ਲਗੋਆਂ ਨੇ ਰਵਾਇਤੀ ਗਜ਼ਲ ਤੋਂ ਪਰ੍ਹੇ ਹਟ ਕੇ ਨਵੀਂ ਅਤੇ ਗੰਭੀਰ ਕਿਸਮ ਦੀਆਂ ਗਜ਼ਲਾਂ ਲਿਖੀਆਂ। ਪਿਛਲੇ ਕੁਝ ਸਾਲਾਂ ਵਿਚ ਬਹੁਤ ਵਧੀਆ ਗਜ਼ਲਗੋ ਇਸ ਖੇਤਰ ਵਿਚ ਆਏ ਹਨ। ਅੱਜ-ਕੱਲ੍ਹ ਸ਼ਾਇਦ ਇਕ ਸੌ ਤੋਂ ਜ਼ਿਆਦਾ ਪੰਜਾਬੀ ਲੇਖਕ ਗਜ਼ਲਾਂ ਲਿਖ ਰਹੇ ਹਨ। ਜਿਨ੍ਹਾਂ ਲੇਖਕਾਂ ਦੀਆਂ ਗਜ਼ਲਾਂ ਮੈਂ ਪੜ੍ਹੀਆਂ ਹਨ, ਮਾਣੀਆਂ ਹਨ ਅਤੇ ਮੈਨੂੰ ਪਸੰਦ ਆਈਆਂ ਹਨ, ਉਨ੍ਹਾਂ ਵਿਚ ਜਸਵਿੰਦਰ, ਬਰਜਿੰਦਰ ਚੌਹਾਨ, ਗੁਰਤੇਜ ਕੁਹਾਰਵਾਲਾ, ਸੁਖਵਿੰਦਰ ਅੰਮ੍ਰਿਤ, ਡਾ. ਸ਼ਸ਼ੀਕਾਂਤ ਉਪਲ ਅਤੇ ਸ਼ਮਸ਼ੇਰ ਮੋਹੀ ਵਰਗੇ ਹੰਢੇ ਹੋਏ ਗਜ਼ਲਗੋ ਸ਼ਾਮਲ ਹਨ। ਕਈ ਹੋਰ ਵਧੀਆ ਗਜ਼ਲਗੋਆਂ ਦੇ ਨਾਂ ਮੈਂ ਇਸ ਵੇਲੇ ਭੁੱਲਦਾ ਹੋ ਸਕਦਾਂ। ਹੋਰ ਕਈ ਗਜ਼ਲਗੋ ਹਨ, ਜਿਨ੍ਹਾਂ ਬਾਰੇ ਮੈਂ ਦੋਸਤਾਂ ਤੋਂ ਵਧੀਆ ਗੱਲਾਂ ਸੁਣੀਆਂ ਹਨ, ਪਰ ਮੈਂ ਉਨ੍ਹਾਂ ਦੀਆਂ ਇਕ-ਦੋ ਤੋਂ ਵੱਧ ਗਜ਼ਲਾਂ ਨਹੀਂ ਪੜ੍ਹੀਆਂ।

ਵਧੀਆ ਗਜ਼ਲ ਲਿਖਣੀ ਬਹੁਤ ਔਖੀ ਹੈ। ਪਹਿਲੀ ਗੱਲ, ਗਜ਼ਲ ਲਿਖਣ ਲਈ ਪਿੰਗਲ ਅਤੇ ਅਰੂਜ਼ ਦੀ ਪੂਰੀ ਜਾਣਕਾਰੀ ਹੋਣੀ ਜ਼ਰੂਰੀ ਹੈ। ਕਈ ਲੇਖਕ ਗਜ਼ਲ ਲਿਖਦੇ ਹਨ, ਪਰ ਉਨ੍ਹਾਂ ਨੂੰ ਪਿੰਗਲ ਅਤੇ ਅਰੂਜ਼ ਦੀ ਬਹੁਤੀ ਜਾਣਕਾਰੀ ਨਹੀਂ ਹੁੰਦੀ ਅਤੇ ਉਨ੍ਹਾਂ ਦੀਆਂ ਗਜ਼ਲਾਂ ਦੇ ਸ਼ੇਅਰਾਂ ਦਾ ਵਜ਼ਨ ਠੀਕ ਨਹੀਂ ਹੁੰਦਾ। ਅਸਲ ਵਿਚ ਉਹ ਗਜ਼ਲਾਂ ਹੀ ਨਹੀਂ ਹੁੰਦੀਆਂ। ਗਜ਼ਲ ਲਿਖਣ ਲਈ ਦੂਜੀ ਜ਼ਰੂਰੀ ਗੱਲ ਹੈ ਕਿ ਲੇਖਕ ਦੀ ਸੋਚ ਵਿਚ ਡੂੰਘਾਈ ਹੋਣੀ ਜ਼ਰੂਰੀ ਹੈ। ਇਸ ਤੋਂ ਬਿਨਾ ਵਧੀਆ ਸ਼ੇਅਰ ਨਹੀਂ ਕਹੇ ਜਾ ਸਕਦੇ।

ਜਦੋਂ ਮੈਂ ਹਿੰਦੁਸਤਾਨ ਵਿਚ ਰਹਿੰਦਾ ਸਾਂ ਤਾਂ ਗਜ਼ਲਾਂ ਲਿਖਦਾ ਸਾਂ। ਚਾਨਣ ਗੋਬਿੰਦਪੁਰੀ ਅਤੇ ਦੀਪਕ ਜੈਤੋਈ ਨਾਲ ਕਾਫੀ ਨੇੜਤਾ ਸੀ। ਸਾਲ 1971 ਵਿਚ ਮੈਂ ਆਪਣੀ ਗਜ਼ਲਾਂ ਦੀ ਕਿਤਾਬ "ਪਲਕਾਂ ਡੱਕੇ ਹੰਝੂ" ਵੀ ਛਪਵਾਈ ਸੀ। ਇਸ ਕਿਤਾਬ ਵਿਚਲੀਆਂ ਗਜ਼ਲਾਂ ਰਵਾਇਤੀ ਸਨ।

ਪੰਜਾਬੀ ਗਜ਼ਲ ਵਿਚ ਪਿਛਲੇ ਤਿੰਨ-ਚਾਰ ਸਾਲਾਂ ਵਿਚ ਜਿਹੜਾ ਇਕ ਨਵਾਂ ਨਾਂ ਉਘੜ ਕੇ ਸਾਹਮਣੇ ਆਇਆ ਹੈ ਉਹ ਹੈ, ਅਜੈ ਤਨਵੀਰ। ਭਾਵੇਂ ਅਜੈ ਤਨਵੀਰ ਦੀ ਹਾਲੇ ਗਜ਼ਲਾਂ ਦੀ ਕੋਈ ਕਿਤਾਬ ਨਹੀਂ ਛਪੀ, ਪਰ ਉਸ ਦੀਆਂ ਗਜ਼ਲਾਂ ਬਹੁਤ ਸਾਰੇ ਉਚ-ਪੱਧਰੀ ਮੈਗਜ਼ੀਨਾਂ ਵਿਚ ਛਪੀਆਂ ਹਨ। ਉਹ ਬਹੁਤ ਥੋੜ੍ਹੇ ਸਮੇਂ ਵਿਚ ਹੀ ਆਧੁਨਿਕ ਪੰਜਾਬੀ ਗਜ਼ਲ ਦੇ ਪਹਿਲੀ ਕਤਾਰ ਦੇ ਲੇਖਕਾਂ ਵਿਚ ਆ ਖੜ੍ਹਿਆ ਹੈ। ਉਸ ਦੀਆਂ ਗਜ਼ਲਾਂ ਵਿਚ ਗਜ਼ਲ ਵਾਲੀ ਸੂਖਮਤਾ ਵੀ ਹੈ, ਸੰਗੀਤ-ਰਸ ਵੀ ਹੈ, ਲਗਾਤਾਰ ਵਹਿੰਦੀ ਨਦੀ ਵਰਗਾ ਵਹਾ ਵੀ ਹੈ ਅਤੇ ਬਹੁਤ ਡੂੰਘੀ ਸੋਚ ਤੇ ਡੂੰਘੇ ਖਿਆਲ ਵੀ ਹਨ। ਅਜੈ ਨੂੰ ਗਜ਼ਲ ਦੇ ਪਿੰਗਲ ਅਤੇ ਅਰੂਜ਼ ਦੀ ਵੀ ਪੂਰੀ ਸਮਝ ਹੈ। ਉਸ ਦੀਆਂ ਗਜ਼ਲਾਂ 'ਸਿਰਜਣਾ', 'ਸਮਕਾਲੀ ਸਾਹਿਤ', 'ਰਾਗ', ਅਤੇ 'ਹੁਣ' ਵਰਗੇ ਉਚ-ਪੱਧਰ ਦੇ ਮੈਗਜ਼ੀਨਾਂ ਵਿਚ ਛਪ ਚੁਕੀਆਂ ਹਨ।

ਅਜੈ ਨਾਲ ਮੇਰੀ ਦੋਸਤੀ ਕੋਈ ਦੋ-ਢਾਈ ਕੁ ਸਾਲ ਪੁਰਾਣੀ ਹੈ, ਪਰ ਅਸੀਂ ਕਦੇ ਮਿਲੇ ਨਹੀਂ। ਉਹ ਕੈਲੀਫੋਰਨੀਆ ਰਹਿੰਦਾ ਹੈ ਤੇ ਮੈਂ ਉਸ ਤੋਂ ਕੋਈ 3000 ਮੀਲ ਦੂਰ ਨਿਊ ਯਾਰਕ ਰਹਿੰਦਾ ਹਾਂ, ਪਰ ਅਸੀਂ ਫੋਨ 'ਤੇ ਹਰ ਤੀਜੇ-ਚੌਥੇ ਦਿਨ ਜ਼ਰੂਰ ਹੀ ਗੱਲ ਕਰ ਲੈਂਦੇ ਹਾਂ।

ਅਜੈ ਦੀ ਫੋਟੋ ਦੇਖ ਕੇ ਸੋਚਿਆ ਵੀ ਨਹੀਂ ਜਾ ਸਕਦਾ ਕਿ ਇਹ ਇਨਸਾਨ ਕਵਿਤਾ ਦੀ ਗਜ਼ਲ ਵਰਗੀ ਸੂਖਮ ਵੰਨਗੀ ਨਾਲ ਰਿਸ਼ਤਾ ਰੱਖਦਾ ਹੈ। ਕਦੇ ਕਦੇ ਲਗਦਾ ਹੈ ਕਿ ਆਮ ਤੌਰ 'ਤੇ ਗਜ਼ਲਗੋ ਆਸ਼ਕ ਮਿਜ਼ਾਜ, ਸ਼ਬਾਬ ਦੇ ਪ੍ਰੇਮੀ, ਬਾਵਾ ਬਲਵੰਤ ਵਰਗੇ ਮਸਤ-ਮਲੰਗ ਅਤੇ ਦੀਪਕ ਜੈਤੋਈ ਵਰਗੇ ਸ਼ਰਾਬ ਦੇ ਆਸ਼ਕ ਹੀ ਹੁੰਦੇ ਹਨ; ਪਰ ਅਜੈ ਵਿਚ ਇਨ੍ਹਾਂ ਵਿਚੋਂ ਕੋਈ ਵੀ ਵਿਸ਼ੇਸ਼ਤਾਈ ਨਜ਼ਰ ਨਹੀਂ ਆਉਂਦੀ ਲਗਦੀ। ਉਹ ਸ਼ਰਾਬ ਵੀ ਘੱਟ ਹੀ ਪੀਂਦਾ ਹੈ; ਉਸ ਨੇ ਕਦੇ ਵੀ ਆਪਣੇ ਕਿਸੇ ਇਸ਼ਕ ਦੀ ਗੱਲ ਨਹੀਂ ਕੀਤੀ (ਸਿਰਫ ਆਪਣੀ ਪਤਨੀ ਰਾਣੋ ਦੀ ਹੀ ਗੱਲ ਕਰਦਾ ਹੈ); ਅਤੇ ਉਹ ਮਸਤ-ਮਲੰਗ ਵੀ ਨਹੀਂ ਲਗਦਾ, ਕਿਉਂਕਿ ਮਸਤ-ਮਲੰਗ ਇਨਸਾਨ ਦੁਕਾਨ ਚਲਾਉਣ ਵਾਲਾ ਕੰਮ ਨਹੀਂ ਕਰ ਸਕਦਾ।

ਅਜੈ ਜਦੋਂ ਵੀ ਮੈਨੂੰ ਫੋਨ ਕਰਦਾ, ਕਦੇ ਅੰਕਲ ਕਹੇਗਾ, ਕਦੇ ਬਾਪੂ ਕਹਿ ਕੇ ਬੁਲਾਵੇਗਾ, ਕਦੇ ਯਾਰ ਕਹੇਗਾ, ਕਦੇ ਅੰਕਲ ਯਾਰ ਅਤੇ ਕਦੇ ਬਾਪੂ ਯਾਰ ਕਹੇਗਾ। ਦੋ ਤਿੰਨ ਮਹੀਨੇ ਪਹਿਲਾਂ ਮੈਨੂੰ ਕਹਿੰਦਾ, "ਅੰਕਲ, ਤੁਸੀਂ ਤਾਂ ਮੇਰੇ ਪਿੰਡ ਦੇ ਕੋਲ ਵਿਆਹੇ ਹੋਏ ਹੋ। ਤੁਸੀਂ ਤਾਂ ਮੇਰੇ ਫੁੱਫੜ ਲੱਗੇ।" ਸੁਣ ਕੇ ਮੈਨੂੰ ਹਾਸਾ ਵੀ ਆਇਆ ਅਤੇ ਮੇਰੇ ਖਾਨਿਓਂ ਵੀ ਗਈ। ਮੈਂ ਹਮੇਸ਼ਾ ਇਸ ਗੱਲ ਦਾ ਸ਼ੁਕਰ ਮਨਾਇਆ ਹੈ ਕਿ ਮੈਨੂੰ ਫੁੱਫੜ ਕਹਿਣ ਵਾਲਾ ਕੋਈ ਨਹੀਂ। ਪਤਾ ਨਹੀਂ ਕਿਉਂ, ਮੈਨੂੰ 'ਫੁੱਫੜ' ਨਾਂ ਬਹੁਤਾ ਪਸੰਦ ਨਹੀਂ। ਪਰ ਹੁਣ ਅਜੈ ਕਦੇ ਕਦੇ ਫੁੱਫੜ ਜਾਂ ਫੁੱਫੜ ਯਾਰ ਕਹਿ ਕੇ ਵੀ ਬੁਲਾਉਂਦਾ ਹੈ।

ਅਜੈ ਜਦੋਂ ਡੀ. ਏ. ਵੀ. ਕਾਲਜ ਹੁਸ਼ਿਆਰਪੁਰ ਪੜ੍ਹਦਾ ਸੀ ਤਾਂ ਉਹ ਫੁੱਟਬਾਲ ਦੀ ਟੀਮ ਦਾ ਮੈਂਬਰ ਸੀ ਅਤੇ ਚੰਗਾ ਖਿਡਾਰੀ ਵੀ ਸੀ। ਉਸ ਦੇ ਸਰੀਰ ਦੀ ਬਣਤਰ ਵੀ ਖਿਡਾਰੀਆਂ ਵਰਗੀ ਲਗਦੀ ਹੈ। ਡੀਲ-ਡੌਲ ਵਾਲਾ ਸਰੀਰ, ਗੋਲ ਭਰਮਾਂ ਮੂੰਹ ਅਤੇ ਵਾਲ ਬਿਲਕੁਲ ਛੋਟੇ-ਛੋਟੇ। ਫੋਟੋ ਦੇਖ ਕੇ ਸੋਚ ਆਉਂਦੀ ਹੈ ਕਿ ਇਹੋ ਜਿਹਾ ਖਿਡਾਰੀ ਦਿਲ ਵਾਲਾ ਇਨਸਾਨ ਇੰਨੀਆਂ ਵਧੀਆ ਸੂਖਮ ਗਜ਼ਲਾਂ ਕਿਵੇਂ ਲਿਖ ਸਕਦਾ ਹੈ? ਪਰ ਇਹ ਅਜੀਬ ਸੁਮੇਲ ਹੈ, ਖਿਡਾਰੀ ਅਤੇ ਗਜ਼ਲਗੋ ਵਾਲੇ ਸੁਭਾਅ ਦਾ।




ਅਜੈ ਤਨਵੀਰ ਦੀਆਂ ਦੋ ਵੱਖ ਵੱਖ ਤਸਵੀਰਾਂ

ਅਜੈ ਗੱਲਾਂ ਕਰਦਾ ਇੰਜ ਲਗਦਾ ਹੈ ਜਿਵੇਂ ਉਹ ਤੁਹਾਡਾ ਸਾਲਾਂ ਤੋਂ ਦੋਸਤ ਹੋਵੇ। ਉਹ ਬਹੁਤ ਹੀ ਪਿਆਰ, ਸਤਿਕਾਰ ਅਤੇ ਅਪਣੱਤ ਨਾਲ ਖੁੱਲ੍ਹੇ-ਡੁੱਲ੍ਹੇ ਸੁਭਾਅ ਨਾਲ ਗੱਲ ਕਰੇਗਾ। ਗੱਲਾਂ ਕਰਦਿਆਂ ਬੇਧਿਆਨੇ ਹੀ 'ਸਾਲਾ' ਅਤੇ ਹਰ-ਦੂ-ਲਾਹਨਤ ਕਹਿਣਾ ਉਸ ਦੀ ਆਮ ਆਦਤ ਹੈ।

ਜਦੋਂ ਵੀ ਅਸੀਂ ਫੋਨ 'ਤੇ ਗੱਲਾਂ ਕਰਦੇ ਹਾਂ ਤਾਂ ਪੰਜਾਬੀ ਸਾਹਿਤ ਅਤੇ ਸਾਹਿਤਕਾਰਾਂ ਬਾਰੇ ਗੱਲਾਂ ਆਮ ਹੀ ਹੁੰਦੀਆਂ ਰਹਿੰਦੀਆਂ ਹਨ। ਉਹ ਰੋਜ਼ਾਨਾ ਸਾਹਿਤ ਬਾਰੇ ਕੁਝ ਨਾ ਕੁਝ ਪੜ੍ਹਦਾ ਹੈ। ਉਸ ਨੇ ਬਹੁਤ ਸਾਰੀਆਂ ਗਜ਼ਲਾਂ ਲਿਖੀਆਂ ਹਨ। ਉਸ ਕੋਲ ਇਕ ਪੂਰੀ ਕਿਤਾਬ ਤੋਂ ਵੀ ਵੱਧ ਗਜ਼ਲਾਂ ਹਨ। ਮੈਂ ਉਸ ਨੂੰ ਅਣਗਿਣਤ ਵਾਰੀ ਗਜ਼ਲਾਂ ਦੀ ਕਿਤਾਬ ਛਪਵਾਉਣ ਲਈ ਆਖਿਆ, ਪਰ ਉਹ ਇਸ ਪਾਸੇ ਬਹੁਤਾ ਧਿਆਨ ਨਹੀਂ ਦੇ ਰਿਹਾ। ਹਰ ਵਾਰੀ ਕਹੇਗਾ, "ਅੰਕਲ ਯਾਰ, ਕੀ ਕਰਾਂ! ਵਿਹਲ ਹੀ ਨਹੀਂ ਲਗਦਾ। ਘਰੋਂ ਕੰਮ, ਕੰਮੋਂ ਘਰ। ਕਦੇ ਬੱਚਿਆਂ ਨੂੰ ਸਕੂਲ ਛੱਡ, ਕਦੇ ਸਕੂਲੋਂ ਲਿਆ। ਮੈਂ ਦੋ-ਤਿੰਨ ਘੰਟੇ ਰੋਜ਼ ਪੜ੍ਹਦਾ ਵੀ ਜ਼ਰੂਰ ਹਾਂ।" ਇਕ ਦਿਨ ਕਹਿੰਦਾ, "ਅੰਕਲ, ਮੈਨੂੰ ਆਪਣੀਆਂ ਪੁਰਾਣੀਆਂ ਗਜ਼ਲਾਂ ਚੰਗੀਆਂ ਨਹੀਂ ਲਗਦੀਆਂ।" ਮੈਂ ਕਿਹਾ, "ਹੋਰ ਦੋ-ਚਾਰ ਸਾਲਾਂ ਨੂੰ ਅੱਜ ਵਾਲੀਆਂ ਗਜ਼ਲਾਂ ਵੀ ਤੈਨੂੰ ਚੰਗੀਆਂ ਨਹੀਂ ਲੱਗਣੀਆਂ। ਇਸੇ ਲਈ ਛੇਤੀ ਤੋਂ ਛੇਤੀ ਕਿਤਾਬ ਛਪਾ ਦੇ।"

ਅਜੈ ਡਾ. ਜਗਤਾਰ ਦਾ ਸ਼ਾਗਿਰਦ ਹੈ। ਉਹ ਮਾਹਿਲਪੁਰ ਕਾਲਜ ਵਿਚ ਡਾ. ਜਗਤਾਰ ਕੋਲ ਐਮ. ਏ. ਪੰਜਾਬੀ ਲਈ ਪੜ੍ਹਿਆ ਸੀ। ਡਾ. ਜਗਤਾਰ ਨੇ ਸਰਕਾਰੀ ਕਾਲਜ ਤੋਂ ਰਿਟਾਇਰ ਹੋ ਕੇ ਕੁਝ ਸਾਲ ਮਾਹਿਲਪੁਰ ਦੇ ਕਾਲਜ ਵਿਚ ਪੜ੍ਹਾਇਆ ਸੀ। ਅਜੈ ਦਾ ਕਹਿਣਾ ਹੈ ਕਿ ਉਸ ਕੋਲ ਡਾ. ਜਗਤਾਰ ਬਾਰੇ ਅਤੇ ਉਸ ਨਾਲ ਆਪਣੀ ਦੋਸਤੀ ਬਾਰੇ ਬਹੁਤ ਸਾਰੀਆਂ ਕਹਾਣੀਆਂ ਹਨ। ਮੈਂ ਅਜੈ ਨੂੰ ਕਈ ਬਾਰ ਕਿਹਾ ਹੈ ਕਿ ਉਹ ਡਾ. ਜਗਤਾਰ ਬਾਰੇ ਲੇਖ ਲਿਖੇ, ਪਰ ਉਸ ਦਾ ਜਵਾਬ ਉਹੀ ਹੁੰਦਾ, "ਅੰਕਲ ਯਾਰ ਕੀ ਕਰਾਂ, ਘਰ ਦਾ ਕੰਮ, ਦੁਕਾਨ ਦਾ ਕੰਮ, ਬੱਚਿਆਂ ਨੂੰ ਸਕੂਲ ਛੱਡਣਾ, ਬੱਚਿਆਂ ਨੂੰ ਸਕੂਲੋਂ ਲਿਆਉਣਾ। ਬੱਸ ਵਿਹਲ ਹੀ ਨਹੀਂ ਲਗਦਾ।" ਡਾ. ਜਗਤਾਰ ਦਾ ਸ਼ਾਗਿਰਦ ਹੋ ਕੇ ਅਜੈ ਹਲਕੀ ਗਜ਼ਲ ਕਦੇ ਵੀ ਨਹੀਂ ਲਿਖੇਗਾ, ਇਹ ਮੇਰਾ ਯਕੀਨ ਹੈ। ਉਸ ਦੀਆਂ ਗਜ਼ਲਾਂ ਦੇ ਸ਼ੇਅਰ ਕਮਾਲ ਦੇ ਹਨ। ਜਦੋਂ ਅਜੈ ਦੇ ਇਕ ਪ੍ਰੋਫੈਸਰ ਨੇ ਉਸ ਨੂੰ ਡਾ. ਜਗਤਾਰ ਨਾਲ ਜਾਣੂ ਕਰਾਇਆ ਤਾਂ ਡਾ. ਜਗਤਾਰ ਨੇ ਅਜੈ ਨੂੰ ਪੁੱਛਿਆ, "ਤੇਰਾ ਨਾਂ ਕੀ ਹੈ?" ਅਜੈ ਨੇ ਦੱਸਿਆ ਕਿ ਉਸ ਦਾ ਨਾਂ 'ਅਜੇ ਕੁਮਾਰ' ਹੈ। ਡਾ. ਜਗਤਾਰ ਕਹਿਣ ਲੱਗਾ, "ਇਹ ਅਜੇ ਨਹੀਂ, ਅਜੈ ਚਾਹੀਦਾ।" ਫਿਰ ਡਾ. ਜਗਤਾਰ ਦੇ ਪੁੱਛਣ 'ਤੇ ਜਦੋਂ ਅਜੈ ਨੇ ਦੱਸਿਆ ਕਿ ਉਹ ਲਿਖਦਾ ਹੈ ਤਾਂ ਡਾ. ਜਗਤਾਰ ਨੇ ਉਸ ਨੂੰ ਕੁਝ ਸੁਣਾਉਣ ਲਈ ਕਿਹਾ। ਅਜੈ ਨੇ ਆਪਣੇ ਇਕ ਗੀਤ ਦੀਆਂ ਕੁਝ ਲਾਈਨਾਂ ਸੁਣਾ ਦਿੱਤੀਆਂ। ਡਾ. ਜਗਤਾਰ ਨੇ ਕਿਹਾ, "ਇਹ ਤੂੰ ਕੀ ਲਿਖੀ ਜਾਂਦਾਂ। ਗਜ਼ਲਾਂ ਲਿਖ। ...ਤੇਰੇ ਗੀਤ ਕਿਸ ਨਾਂ 'ਤੇ ਰਿਕਾਰਡ ਹੋਏ ਹਨ?" ਅਜੈ ਨੇ ਦੱਸਿਆ ਕਿ ਉਸ ਦੇ ਗੀਤ ਪੀਟਾ ਚੰਦੇਲੀ ਵਾਲਾ ਦੇ ਨਾਂ ਹੇਠ ਰਿਕਾਰਡ ਹੋਏ ਸਨ। ਡਾ. ਜਗਤਾਰ ਨੇ ਪੁੱਛਿਆ ਕਿ ਇਹ ਪੀਟਾ ਕੀ ਨਾਂ ਹੋਇਆ? ਅਜੈ ਨੇ ਦੱਸਿਆ ਕਿ ਉਸ ਦੀ ਦਾਦੀ ਨੂੰ ਅਜੇ ਕਹਿਣਾ ਨਹੀਂ ਸੀ ਆਉਂਦਾ ਅਤੇ ਉਹ ਉਸ ਨੂੰ ਪੀਟਾ ਕਹਿ ਕੇ ਬੁਲਾਉਂਦੀ ਸੀ। ਡਾ. ਜਗਤਾਰ ਕਹਿੰਦਾ, "ਜਦੋਂ ਤੂੰ ਬਜ਼ੁਰਗ ਹੋ ਗਿਆ ਤਾਂ ਲੋਕਾਂ ਨੇ ਤੈਨੂੰ ਪੀਟਾ ਜਾਂ ਪੀਟੂ ਕਹਿ ਕੇ ਬੁਲਾਇਆ ਕਰਨਾ।" ਅਜੈ ਦਾ ਕਹਿਣਾ ਹੈ ਕਿ ਉਸ ਦਾ ਤਖ਼ੱਲਸ 'ਤਨਵੀਰ' ਉਸ ਨੂੰ ਡਾ. ਜਗਤਾਰ ਨੇ ਹੀ ਦਿੱਤਾ ਸੀ ਆਪਣੇ ਪਾਕਿਸਤਾਨੀ ਦੋਸਤ ਤਨਵੀਰ ਬੁਖਾਰੀ ਦੇ ਨਾਂ 'ਤੇ।

ਅਜੈ ਜਿਸ ਨੂੰ ਪਿਆਰ ਕਰਦਾ ਹੈ, ਅਥਾਹ ਪਿਆਰ ਕਰਦਾ ਹੈ। ਜਿਸ ਦੀ ਸਿਫਤ ਕਰਦਾ ਹੈ, ਬੇਹੱਦ ਕਰਦਾ ਹੈ; ਪਰ ਉਹ ਜਿਸ ਨੂੰ ਨਫਰਤ ਕਰਦਾ ਹੈ, ਬੇਹਿਸਾਬ ਕਰਦਾ ਹੈ। ਮੈਂ ਖੁਦ ਜ਼ਿੰਦਗੀ ਵਿਚ ਬਹੁਤ ਘੱਟ ਲੋਕਾਂ ਨੂੰ ਨਫਰਤ ਕੀਤੀ ਹੈ, ਮਸਾਂ ਪੰਜ-ਛੇ ਲੋਕਾਂ ਨੂੰ ਹੀ। ਨਾ-ਪਸੰਦ ਹੋਣ ਵਾਲੇ ਤਾਂ ਕਾਫੀ ਹਨ, ਪਰ ਨਫਰਤ ਸਿਰਫ ਉਨ੍ਹਾਂ ਨਾਲ ਹੀ ਹੈ, ਜਿਨ੍ਹਾਂ ਨੇ ਮੇਰੇ ਕੋਲ ਝੂਠ ਬੋਲਿਆ ਹੈ, ਹੇਰਾ-ਫੇਰੀਆਂ ਕੀਤੀਆਂ ਹਨ, ਮੇਰੀ ਪਿੱਠ ਵਿਚ ਛੁਰੇ ਮਾਰੇ ਹਨ, ਆਦਿ।

ਕਈ ਵਾਰ ਮੈਨੂੰ ਹੈਰਾਨੀ ਹੁੰਦੀ ਹੈ ਕਿ ਗਜ਼ਲਾਂ ਲਿਖਣ ਵਾਲਾ ਲੇਖਕ ਇੰਨੀ ਵੱਡੀ ਦੁਕਾਨ ਕਿਵੇਂ ਚਲਾ ਸਕਦਾ। ਮੇਰੇ ਵਰਗਾ ਤਾਂ ਇਕ ਮਹੀਨੇ ਵਿਚ ਹੀ ਸਾਰੀ ਦੁਕਾਨ ਲੁਟਾ ਕੇ ਅਤੇ ਘਾਟਾ ਪਾ ਕੇ ਘਰ ਵਾਪਸ ਆ ਜਾਵੇ। ਜ਼ਿੰਦਗੀ ਵਿਚ ਮੈਨੂੰ ਕਈ ਦੋਸਤਾਂ ਨੇ ਵਪਾਰਕ ਕੰਮਾਂ ਵਿਚ ਹਿੱਸਾ ਪਾਉਣ ਨੂੰ ਕਿਹਾ, ਪਰ ਮੇਰਾ ਜਵਾਬ ਹਮੇਸ਼ਾ ਇਹੋ ਹੁੰਦਾ ਸੀ ਕਿ ਇਹ ਮੇਰੇ ਵੱਸ ਦਾ ਰੋਗ ਨਹੀਂ। ਪਰ ਅਜੈ ਅਤੇ ਰਾਣੋ ਕੈਲੀਫੋਰਨੀਆ ਦੇ ਇਕ ਛੋਟੇ ਜਿਹੇ ਸ਼ਹਿਰ ਵਿਚ ਬਹੁਤ ਵੱਡੀ ਦੁਕਾਨ ਚਲਾ ਰਹੇ ਹਨ, ਜਿੱਥੇ ਉਹ ਖਾਣ-ਪੀਣ ਤੇ ਘਰ ਵਿਚ ਵਰਤਣ ਵਾਲੀਆਂ ਚੀਜ਼ਾਂ, ਅਨੇਕਾਂ ਕਿਸਮ ਦੀ ਸ਼ਰਾਬ ਅਤੇ ਕਾਰਾਂ ਵਾਸਤੇ ਗੈਸ (ਪੈਟਰੋਲ) ਵੇਚਦੇ ਹਨ।

ਅਜੈ ਆਪਣੀ ਪਤਨੀ ਰਾਣੋ ਦੀਆਂ ਗੱਲਾਂ ਆਮ ਹੀ ਕਰਦਾ ਹੈ। ਦੋ-ਤਿੰਨ ਵਾਰੀ ਮੈਂ ਵੀ ਸਰਸਰੀ ਜਿਹੀ ਗੱਲ ਰਾਣੋ ਨਾਲ ਕੀਤੀ ਹੈ। ਇਕ ਦਿਨ ਅਜੈ ਮੈਨੂੰ ਕਹਿੰਦਾ, "ਮੇਰੀ ਸੱਸ ਬਹੁਤ ਚੰਗੀ ਹੈ। ਮੇਰੇ ਲਈ ਮੇਰੀ ਮਾਂ ਹੈ। ਮੈਂ ਅੱਜ ਜੋ ਵੀ ਹਾਂ, ਉਸ ਦੀ ਮਦਦ ਨਾਲ ਹੀ ਬਣਿਆ ਹਾਂ। ਮੇਰੇ ਦਿਲ ਵਿਚ ਉਸ ਲਈ ਬਹੁਤ ਪਿਆਰ ਅਤੇ ਸਤਿਕਾਰ ਹੈ।" ਇਹ ਅਜੈ ਦਾ ਵਡੱਪਣ ਹੈ ਕਿ ਉਸ ਦੇ ਦਿਲ ਵਿਚ ਆਪਣੀ ਸੱਸ ਲਈ ਇੰਨਾ ਪਿਆਰ, ਮਾਣ ਅਤੇ ਸਤਿਕਾਰ ਹੈ। ਰਾਣੋ ਦੇ ਮਾਤਾ-ਪਿਤਾ ਅਜੈ ਅਤੇ ਰਾਣੋ ਦੇ ਘਰ ਤੋਂ ਨੇੜੇ ਹੀ ਰਹਿੰਦੇ ਹਨ। ਅਜੈ ਦਾ ਕਹਿਣਾ ਹੈ ਕਿ ਉਸ ਦੀ ਸੱਸ ਹਰ ਹਫਤੇ ਸਾਨੂੰ ਮੱਖਣ ਦੇ ਕੇ ਜਾਂਦੀ ਹੈ। ਜਿਸ ਦਿਨ ਮੱਖਣ ਮੁੱਕਣ ਵਾਲਾ ਹੋਵੇ, ਉਸੇ ਦਿਨ ਹੋਰ ਆ ਜਾਂਦਾ ਹੈ।

ਜਿਵੇਂ ਮੈਂ ਪਹਿਲਾਂ ਵੀ ਕਿਹਾ ਹੈ, ਅਜੈ ਜਿਨ੍ਹਾਂ ਨੂੰ ਪਸੰਦ ਕਰਦਾ ਹੈ ਅਤੇ ਪਿਆਰ ਕਰਦਾ ਹੈ, ਬਹੁਤ ਕਰਦਾ ਹੈ। ਅਜੈ ਉਨ੍ਹਾਂ ਦੀਆਂ ਗੱਲਾਂ ਹਰ ਵੇਲੇ ਕਰਦਾ ਹੈ। ਬਲਬੀਰ ਮਾਧੋਪੁਰੀ ਉਸ ਦਾ ਬਹੁਤ ਪਿਆਰਾ ਦੋਸਤ ਹੈ ਅਤੇ ਬਹੁਤ ਪਸੰਦੀਦਾ ਲੇਖਕ ਵੀ। ਬਹੁਤੀ ਵਾਰੀ ਗੱਲ ਕਰਦਿਆਂ ਉਹ ਬਲਬੀਰ ਮਾਧੋਪੁਰੀ ਅਤੇ ਉਸ ਦੀਆਂ ਲਿਖਤਾਂ ਦੀਆਂ ਗੱਲਾਂ ਆਮ ਹੀ ਕਰੇਗਾ ਜਿਵੇਂ ਕਿ, "ਅੰਕਲ ਯਾਰ, ਬਲਬੀਰ ਅੰਕਲ ਦੀ ਕੀ ਗੱਲ ਕਰਨੀ ਐ! ਲੈ ਲੈ ਲੈ, ਉਸ ਵਰਗੇ ਇਨਸਾਨ ਬਹੁਤ ਘੱਟ ਹਨ। ਉਸ ਦੀ ਕਿਤਾਬ 'ਛਾਂਗਿਆ ਰੁੱਖ' ਪੜ੍ਹ ਕੇ ਦੇਖੋ, ਕਮਾਲ ਕੀਤੀ ਪਈ ਐ। ਕੋਈ ਗੱਲ ਲੁਕਾਈ ਨਹੀਂ।...ਲੈ ਲੈ ਲੈ, ਇੰਨੇ ਮਿਹਨਤੀ ਬੰਦੇ ਬਹੁਤ ਘੱਟ ਹੁੰਦੇ ਹਨ। ਇਕ ਵਾਰੀ ਬਾਹਰੋਂ ਇਕ ਲੇਖਕਾ ਆਈ ਤੇ ਉਹ ਬਲਬੀਰ ਅੰਕਲ ਨੂੰ ਮਿਲੀ। ਉਹ ਅੰਕਲ ਦੇ ਘਰ ਗਈ। ਉਹ ਅੰਕਲ ਦਾ ਘਰ ਦੇਖ ਕੇ ਹੈਰਾਨ ਰਹਿ ਗਈ ਕਿ ਇੰਨਾ ਵੱਡਾ ਲੇਖਕ ਇੰਨੇ ਛੋਟੇ ਘਰ ਵਿਚ ਰਹਿ ਰਿਹਾ।...ਅੰਕਲ ਯਾਰ, ਬਲਬੀਰ ਅੰਕਲ ਨੇ ਆਪਣੀ ਨਵੀਂ ਕਿਤਾਬ ਵਿਚ ਸਾਡੇ ਪਿੰਡ ਦੇ ਤਿੰਨ ਬੰਦਿਆਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਦੇ ਨਾਂ ਬਿਲਕੁਲ ਸਹੀ ਲਿਖੇ ਐ-ਪੁਨੂੰ, ਇੰਦਰ ਅਤੇ ਲੈਚੀ। ਜਦੋਂ ਬਲਬੀਰ ਅੰਕਲ ਨੇ ਮੈਨੂੰ ਦੱਸਿਆ ਤਾਂ ਮੈਂ ਕਿਹਾ ਇਹ ਤਾਂ ਸਾਡੇ ਆਪਣੇ ਹਨ। ਪੁਨੂੰ ਮੇਰਾ ਬਾਬਾ ਸੀ, ਇੰਦਰ ਮੇਰੇ ਬਾਬੇ ਦਾ ਭਰਾ ਸੀ ਅਤੇ ਲੈਚੀ ਮੇਰੇ ਬਾਬੇ ਦਾ ਚਾਚਾ ਸੀ। ਇਨ੍ਹਾਂ ਤਿੰਨਾਂ ਨੇ ਗਰੀਬ ਹੁੰਦਿਆਂ ਵੀ ਗਦਰੀ ਬਾਬੇ ਮੰਗੂ ਰਾਮ ਦੀ ਵਿਚਾਰਧਾਰਾ ਫੈਲਾਉਣ ਵਿਚ ਮਦਦ ਕੀਤੀ ਸੀ। ਇਨ੍ਹਾਂ ਨੇ ਇਕ ਸਮਾਜ ਸੁਧਾਰਕ ਰਾਜਨੀਤਕ ਪਾਰਟੀ ਵੀ ਬਣਾਈ ਸੀ।"

ਅਜੈ ਤਨਵੀਰ ਜੰਗ ਬਹਾਦੁਰ ਗੋਇਲ ਦਾ ਵੀ ਬਹੁਤ ਪ੍ਰਸ਼ੰਸਕ ਹੈ। ਉਹ ਅਕਸਰ ਹੀ ਉਨ੍ਹਾਂ ਦੀ ਤਾਰੀਫ ਕਰਦਾ ਰਹਿੰਦਾ ਹੈ: "ਅੰਕਲ, ਅੱਜ ਗੋਇਲ ਸਾਹਿਬ ਨਾਲ ਇਕ ਘੰਟਾ ਫੋਨ 'ਤੇ ਗੱਲ ਹੋਈ। ਯਾਰ ਇੰਨਾ ਇੰਟੈਲੀਜੈਂਟ ਤੇ ਇੰਨੀ ਨਿਮਰਤਾ ਵਾਲਾ ਇਨਸਾਨ।...ਉਨ੍ਹਾਂ ਨੂੰ ਵਿਦੇਸ਼ੀ ਸਾਹਿਤ ਬਾਰੇ ਇੰਨੀ ਜਾਣਕਾਰੀ ਹੈ। ਲੈ ਲੈ ਲੈ, ਉਨ੍ਹਾਂ ਦੇ ਲੇਖ ਪੜ੍ਹਨ ਵਾਲੇ ਹੁੰਦੇ ਆ। ਇੰਨਾ ਕੁਝ ਪੜ੍ਹ ਕੇ ਇੰਨਾ ਲਿਖਣਾ ਸੌਖਾ ਨਹੀਂ।...ਗੋਇਲ ਸਾਹਿਬ ਬਹੁਤ ਹੀ ਵਿਦਵਾਨ ਤੇ ਵਧੀਆ ਇਨਸਾਨ ਹਨ-ਬੱਸ ਪੁੱਛੋ ਨਾ।"

ਪੰਜਾਬੀ ਦੇ ਕਈ ਲੇਖਕ ਜਦੋਂ ਬੋਲਦੇ ਹਨ, ਲਿਖਦੇ ਹਨ ਜਾਂ ਭਾਸ਼ਣ ਦਿੰਦੇ ਹਨ ਤਾਂ ਆਪਣੀ ਵਿਦਵਤਾ ਦਿਖਾਉਣ ਲਈ ਰੂਸੀ ਸਾਹਿਤ ਜਾਂ ਹੋਰ ਵਿਦੇਸ਼ੀ ਸਾਹਿਤ ਦੀ ਗੱਲ ਕਰਦੇ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਰੂਸੀ ਸਾਹਿਤ ਅਤੇ ਹੋਰ ਕਈ ਮੁਲਕਾਂ ਦਾ ਸਾਹਿਤ ਬਹੁਤ ਵਧੀਆ ਹੈ, ਪਰ ਹਿੰਦੁਸਤਾਨ ਦੇ ਸਾਹਿਤ ਦੇ ਵੀ ਬਹੁਤ ਸਾਰੇ ਸਿਤਾਰੇ ਹਨ, ਜਿਨ੍ਹਾਂ ਦੀ ਗੱਲ ਕਰਦਿਆਂ ਅਸੀਂ ਸ਼ਰਮਾਉਂਦੇ ਹਾਂ। ਅੰਮ੍ਰਿਤਾ ਪ੍ਰੀਤਮ ਦੀਆਂ ਕਿਤਾਬਾਂ ਰੁਮਾਨੀਆ, ਹੰਗਰੀ, ਬਲਗਾਰੀਆ ਅਤੇ ਹੋਰ ਕਈ ਮੁਲਕਾਂ ਵਿਚ ਬਹੁਤ ਹਰਮਨ ਪਿਆਰੀਆਂ ਰਹੀਆਂ ਹਨ। ਅੰਮ੍ਰਿਤਾ ਪ੍ਰੀਤਮ ਨੂੰ ਕਈ ਬਾਹਰਲੇ ਮੁਲਕਾਂ ਤੋਂ ਸਾਹਿਤਕ ਇਨਾਮ ਮਿਲੇ ਸਨ, ਜਿਨ੍ਹਾਂ ਵਿਚ ਫਰਾਂਸ ਵਲੋਂ ਮਿਲਿਆ ਇਕ ਵੱਕਾਰੀ ਇਨਾਮ ਵੀ ਸ਼ਾਮਲ ਸੀ। ਹਿੰਦੁਸਤਾਨ ਨੇ ਸਆਦਤ ਹਸਨ ਮੰਟੋ, ਮੁਨਸ਼ੀ ਪ੍ਰੇਮ ਚੰਦ, ਕ੍ਰਿਸ਼ਨ ਚੰਦਰ, ਖੁਸ਼ਵੰਤ ਸਿੰਘ, ਰਾਜਿੰਦਰ ਸਿੰਘ ਬੇਦੀ ਅਤੇ ਟੈਗੋਰ ਵਰਗੇ ਚੋਟੀ ਦੇ ਲੇਖਕ ਪੈਦਾ ਕੀਤੇ ਹਨ। ਜੇ ਪੰਜਾਬੀ ਸਾਹਿਤ ਦੀ ਗੱਲ ਕਰੀਏ ਤਾਂ ਅੰਮ੍ਰਿਤਾ ਪ੍ਰੀਤਮ ਤੋਂ ਇਲਾਵਾ ਪ੍ਰੋ. ਮੋਹਨ ਸਿੰਘ, ਕੁਲਵੰਤ ਸਿੰਘ ਵਿਰਕ, ਗੁਰਦੇਵ ਸਿੰਘ ਰੁਪਾਣਾ, ਬਲਵੰਤ ਗਾਰਗੀ ਅਤੇ ਸ਼ਿਵ ਕੁਮਾਰ ਵਰਗੇ ਲੇਖਕਾਂ ਦੀਆਂ ਲਿਖਤਾਂ ਕਿਸੇ ਨਾਲੋਂ ਘੱਟ ਨਹੀਂ। ਅਸੀਂ ਆਮ ਹੀ ਬ੍ਰਿਟਿਸ਼ ਕਵੀ ਵਰਡਜ਼ਵਰਥ ਦੀ ਕਵਿਤਾ 'ਦੀ ਡੈਫੋਡਿਲਜ਼' ਦੀ ਗੱਲ ਕਰਦੇ ਹਾਂ, ਜੋ ਬਹੁਤ ਮਸ਼ਹੂਰ ਕਵਿਤਾ ਹੈ। ਕਵੀ ਦਾ ਕਹਿਣਾ ਹੈ ਕਿ ਕੁਝ ਚਿਰ ਪਹਿਲਾਂ ਉਸ ਨੇ ਇਕ ਬਾਗ ਵਿਚ ਡੈਫੋਡਿਲਜ਼ ਦੇ ਫੁੱਲ ਦੇਖੇ ਸਨ ਜਿਨ੍ਹਾਂ ਦੀ ਯਾਦ ਹਮੇਸ਼ਾ ਉਸ ਦੇ ਦਿਲ ਵਿਚ ਵਸ ਗਈ। ਜਦੋਂ ਵੀ ਉਹ ਉਦਾਸ ਹੁੰਦਾ ਹੈ ਤਾਂ ਉਨ੍ਹਾਂ ਫੁੱਲਾਂ ਦੀ ਯਾਦ ਆ ਕੇ ਉਸ ਨੂੰ ਉਦਾਸੀ ਵਿਚੋਂ ਬਾਹਰ ਕੱਢ ਲੈਂਦੀ ਹੈ। ਪਰ ਜੇ ਅਸੀਂ ਪ੍ਰੋ. ਮੋਹਨ ਸਿੰਘ ਦੀ 'ਕੁੜੀ ਪੋਠੋਹਾਰ ਦੀ' ਅਤੇ 'ਅੰਬੀ ਦਾ ਬੂਟਾ' ਬਾਰੇ ਸੋਚੀਏ ਤਾਂ ਇਨ੍ਹਾਂ ਖੂਬਸੂਰਤ ਕਵਿਤਾਵਾਂ ਦਾ ਅਰਥ ਵੀ ਇਹੋ ਨਿਕਲਦਾ ਹੈ, ਜੋ 'ਡੈਫੋਡਿਲਜ਼' ਕਵਿਤਾ ਦਾ ਹੈ। ਬੇਸ਼ੱਕ ਰੂਸੀ ਸਾਹਿਤ ਅਤੇ ਕਈ ਹੋਰ ਮੁਲਕਾਂ ਦਾ ਸਾਹਿਤ ਬਹੁਤ ਵਧੀਆ ਹੈ, ਪਰ ਸਾਨੂੰ ਆਪਣੀ ਮਾਂ-ਬੋਲੀ ਦਾ ਸਾਹਿਤ ਜ਼ਰੂਰ ਪੜ੍ਹਨਾ ਚਾਹੀਦਾ ਹੈ।

ਅਜੈ ਤਨਵੀਰ ਨੇ ਪੰਜਾਬੀ ਸਾਹਿਤ ਵੀ ਬਹੁਤ ਪੜ੍ਹਿਆ ਹੈ ਤੇ ਰੂਸੀ ਸਾਹਿਤ ਵੀ। ਉਸ ਨੇ ਪੰਜਾਬੀ ਤੋਂ ਇਲਾਵਾ ਹੋਰ ਭਾਰਤੀ ਭਾਸ਼ਾਵਾਂ ਦਾ ਸਾਹਿਤ ਵੀ ਪੜ੍ਹਿਆ ਹੈ। ਉਹ ਰੋਜ਼ਾਨਾ ਕੁਝ ਘੰਟੇ ਸਿਰਫ ਕਿਤਾਬਾਂ ਪੜ੍ਹਨ 'ਤੇ ਖਰਚਦਾ ਹੈ। ਉਹ ਪੜ੍ਹਦਾ ਬਹੁਤ ਜ਼ਿਆਦਾ ਅਤੇ ਲਿਖਦਾ ਬਹੁਤ ਘੱਟ ਹੈ। ਪੰਜਾਬੀ ਦੇ ਲੇਖਕਾਂ ਦੀ ਗੱਲ ਕਰਨ ਦੇ ਨਾਲ ਨਾਲ ਅਜੈ ਰੂਸੀ ਸਾਹਿਤ ਦੇ ਲੇਖਕਾਂ ਦੀ ਬਹੁਤ ਤਾਰੀਫ ਕਰਦਾ ਹੈ। ਉਹ ਚੈਖੋਵ, ਦੋਸਤੋਵਸਕੀ ਅਤੇ ਰਸੂਲ ਹਮਜ਼ਾਤੋਵ ਵਰਗੇ ਮਸ਼ਹੂਰ ਰੂਸੀ ਲੇਖਕਾਂ ਦਾ ਬਹੁਤ ਪ੍ਰਸ਼ੰਸਕ ਹੈ। ਉਹ ਜੰਗ ਬਹਾਦੁਰ ਗੋਇਲ

*(ਅਗਲੇ ਸਫੇ 'ਤੇ ਜਾਰੀ)*

# ਮੋਹ-ਮੁਹੱਬਤ ਦਾ ਮੁਜੱਸਮਾ ਅਜੈ ਤਨਵੀਰ

ਹੁਰਾਂ ਦੇ ਰੂਸੀ ਸਾਹਿਤ ਬਾਰੇ ਲਿਖੇ ਲੇਖਾਂ ਦਾ ਸਿਰਫ ਪ੍ਰਸ਼ੰਸਕ ਹੀ ਨਹੀਂ ਸਗੋਂ ਕਾਇਲ ਹੈ। ਉਹ ਆਮ ਹੀ ਮੇਰੇ ਨਾਲ ਫੋਨ 'ਤੇ ਗੱਲ ਕਰਨ ਵੇਲੇ ਗੋਇਲ ਹੁਰਾਂ ਦੇ ਲਿਖੇ ਲੇਖਾਂ ਦੀ ਗੱਲ ਕਰਦਾ ਹੈ। ਪਿਛਲੇ ਕੁਝ ਮਹੀਨਿਆਂ ਵਿਚ ਅਜੈ ਨਾਲ ਮੇਰੀ ਪੰਜਾਬੀ ਦੇ ਲੇਖਕਾਂ ਬਾਰੇ ਵੀ ਗੱਲ ਹੋਈ ਹੈ ਅਤੇ ਉਹ ਮੇਰੇ ਨਾਲ ਇਸ ਗੱਲ ਤੇ ਸਹਿਮਤ ਹੋਇਆ ਹੈ ਕਿ ਸਾਡੇ ਕੋਲ ਪੰਜਾਬੀ ਵਿਚ ਬਹੁਤ ਵਧੀਆ ਲੇਖਕ ਹੋਏ ਹਨ, ਪਰ ਅਸੀਂ ਉਨ੍ਹਾਂ ਦਾ ਮੁੱਲ ਨਹੀਂ ਪਾਉਂਦੇ। ਸੈਂਕੜੇ ਸਾਲ ਪਹਿਲਾਂ ਬੁੱਲ੍ਹੇ ਸ਼ਾਹ, ਸੁਲਤਾਨ ਬਾਹੂ, ਸ਼ਾਹ ਹੁਸੈਨ, ਵਾਰਿਸ ਸ਼ਾਹ, ਕਾਦਰਯਾਰ ਅਤੇ ਪੀਲੂ ਵਰਗੇ ਸਾਡੇ ਲੇਖਕਾਂ ਦੀਆਂ ਲਿਖਤਾਂ ਕਿਸੇ ਹੋਰ ਦੇਸ਼ ਦੇ ਲੇਖਕਾਂ ਦੀਆਂ ਲਿਖਤਾਂ ਤੋਂ ਘੱਟ ਨਹੀਂ। ਸਾਧੂ ਦਇਆ ਸਿੰਘ ਦਾ 'ਜ਼ਿੰਦਗੀ ਬਿਲਾਸ' ਇਕ ਮਾਅਰਕੇ ਦੀ ਰਚਨਾ ਹੈ। ਮੇਰੀਆਂ ਅਤੇ ਅਜੈ ਦੀਆਂ ਇਨ੍ਹਾਂ ਗੱਲਾਂ ਤੋਂ ਬਾਦ ਇਕ ਦਿਨ ਅਜੈ ਕਹਿਣ ਲੱਗਾ, "ਅੰਕਲ ਯਾਰ, ਸਾਡੇ ਕੋਲ ਤਾਂ ਕਮਾਲ ਦੇ ਲੇਖਕ ਹੋਏ ਹਨ। ਮੈਂ ਗੋਇਲ ਸਾਹਿਬ ਨੂੰ ਕਹਿਣਾ ਕਿ ਉਹ ਪੰਜਾਬੀ ਦੇ ਲੇਖਕਾਂ ਤੇ ਵੀ ਲੇਖ ਲਿਖਣ।"

ਅਜੈ ਨੇ ਸਰਘੀ ਦੀ ਕਹਾਣੀ "ਹਾਲੀਡੇ ਵਾਈਫ" ਪੜ੍ਹੀ ਤਾਂ ਉਹ ਸਰਘੀ ਦਾ ਪ੍ਰਸ਼ੰਸਕ ਬਣ ਗਿਆ। ਕਈ ਵਾਰੀ ਫੋਨ 'ਤੇ ਸਰਘੀ ਦੀ ਤਾਰੀਫ ਕਰਦਾ ਕਹਿੰਦਾ, "ਅੰਕਲ, ਸਰਘੀ ਕੋਲ ਤਾਂ ਇੰਨੀ ਜ਼ਿਆਦਾ ਕਹਾਣੀ ਲਿਖਣ ਦੀ ਕਲਾ ਹੈ, ਜਿਸ ਦਾ ਅੰਤ ਨਹੀਂ। ਉਸ ਨੇ ਤਾਂ ਇਸ ਕਹਾਣੀ ਵਿਚ ਕਮਾਲ ਕਰ ਦਿੱਤੀ। ...ਯਾਰ, ਇੱਦਾਂ ਲਗਦਾ ਜਿੱਦਾਂ ਉਹਦੇ ਵਿਚ ਆਪਣੇ ਪਿਤਾ ਦੀ ਲਿਖਣ ਕਲਾ ਦਾ ਜੀਨ ਹੋਵੇ।...ਸਰਘੀ ਨੂੰ ਚਾਹੀਦਾ ਹੋਰ ਜ਼ਿਆਦਾ ਲਿਖੇ।"

ਮੈਂ ਇਸ ਗੱਲ ਦਾ ਹਾਮੀ ਹਾਂ ਕਿ ਸਾਨੂੰ ਜ਼ਿਆਦਾ ਲਿਖਣ ਦੀ ਲੋੜ ਨਹੀਂ। ਸਾਨੂੰ ਘੱਟ, ਪਰ ਵਧੀਆ ਲਿਖਣ ਦੀ ਲੋੜ ਹੈ। ਮੈਂ ਅਜੈ ਨੂੰ ਸਰਘੀ ਦੀ ਕਹਾਣੀ 'ਰਾਡ' ਪੜ੍ਹਨ ਲਈ ਕਿਹਾ। ਉਸ ਨੇ ਕਹਾਣੀ ਪੜ੍ਹ ਕੇ ਸਰਘੀ ਨਾਲ ਫੋਨ 'ਤੇ ਗੱਲ ਕੀਤੀ ਤੇ ਉਸ ਦੀ ਕਹਾਣੀ-ਕਲਾ ਦੀ ਤਾਰੀਫ ਕੀਤੀ।

ਇਕ ਦਿਨ ਅਜੈ ਨੇ ਸਰਘੀ ਦੇ ਪਿਤਾ ਦਲਬੀਰ ਚੇਤਨ ਦੀ 'ਰਾਗ' ਵਿਚ ਛਪੀ ਪੁਰਾਣੀ ਕਹਾਣੀ 'ਰਿਸ਼ਤਿਆਂ ਦੇ ਆਰ-ਪਾਰ' ਪੜ੍ਹ ਕੇ ਉਸ ਦੀ ਬਹੁਤ ਪ੍ਰਸ਼ੰਸਾ ਕੀਤੀ। ਦਲਬੀਰ ਚੇਤਨ ਬਹੁਤ ਥੋੜ੍ਹੀ ਉਮਰ ਵਿਚ ਹੀ ਬਹੁਤ ਵਧੀਆ ਕਹਾਣੀਆਂ ਲਿਖ ਗਏ ਸਨ। ਹੁਣ ਤਾਂ ਉਨ੍ਹਾਂ ਨੂੰ ਇਸ ਸੰਸਾਰ ਤੋਂ ਗਿਆਂ ਵੀ ਬਹੁਤ ਸਾਲ ਹੋ ਗਏ ਹਨ। ਮੈਂ ਅਜੈ ਨੂੰ ਦਲਬੀਰ ਚੇਤਨ ਦੀਆਂ ਕੁਝ ਕਹਾਣੀਆਂ ਭੇਜ ਦਿੱਤੀਆਂ। ਉਸ ਪਿਛੋਂ ਫੋਨ 'ਤੇ ਕਹਿਣ ਲੱਗਾ, "ਅੰਕਲ ਦੇਖ ਲਓ, ਮੈਂ ਸਵੇਰ ਦਾ ਕੰਬਲ ਲੈ ਕੇ ਬੈੱਡ 'ਤੇ ਬੈਠਾ ਦਲਬੀਰ ਚੇਤਨ ਦੀਆਂ ਕਹਾਣੀਆਂ ਪੜ੍ਹ ਰਿਹਾਂ। ਅੰਕਲ ਯਾਰ, 'ਵਗਦੇ ਪਾਣੀ' ਕਮਾਲ ਦੀ ਕਹਾਣੀ ਹੈ। ਜਦੋਂ 'ਓਹਲਾ' ਪੜ੍ਹੀ ਤਾਂ ਉਹ ਉਸ ਤੋਂ ਵੀ ਵਧੀਆ ਲੱਗੀ। ਜਦੋਂ 'ਪਰਕਰਮਾ' ਪੜ੍ਹੀ ਤਾਂ ਉਹ ਦੋਹਾਂ ਤੋਂ ਵਧੀਆ ਲੱਗੀ। 'ਰਿਸ਼ਤਿਆਂ ਦੇ ਆਰ-ਪਾਰ' ਉਸ ਤੋਂ ਵੀ ਕਮਾਲ।... ਲੈ ਲੈ ਲੈ, ਬਾਪੂ ਯਾਰ, ਇਹ ਕਹਾਣੀਆਂ ਪੜ੍ਹ ਕੇ ਆਪਣੇ ਜਵਾਨੀ ਦੇ ਦਿਨ ਯਾਦ ਆ ਗਏ। ਜਵਾਨੀ ਉਸਲ ਵੱਟੇ ਲੈਂਦੀ, ਅਨੇਕਾਂ ਸੱਧਰਾਂ, ਕਈ ਗੀਤ ਰਿਕਾਰਡ ਹੋਏ, ਘਰ ਦੀਆਂ ਜ਼ਿੰਮੇਵਾਰੀਆਂ, ਗਰੀਬੀ-ਲਗਦਾ ਦਲਬੀਰ ਚੇਤਨ ਨੇ ਸਾਡੀਆਂ ਕਹਾਣੀਆਂ ਲਿਖੀਆਂ ਸੀ।...ਅੰਕਲ ਯਾਰ, ਸਰਘੀ ਨੂੰ ਕਹਿ ਆਪਣੇ ਡੈਡੀ ਦੀਆਂ ਸਾਰੀਆਂ ਕਹਾਣੀਆਂ ਦੀਆਂ ਕਿਤਾਬਾਂ ਛਪਾਵੇ। ਜੇ ਪੈਸਿਆਂ ਦੀ ਲੋੜ ਹੋਈ ਤਾਂ ਮੈਂ ਪੈਸੇ ਖਰਚਣ ਨੂੰ ਤਿਆਰ ਹਾਂ।" ਮੈਂ ਦੱਸਿਆ ਕਿ ਦਲਬੀਰ ਚੇਤਨ ਦੀਆਂ ਸਾਰੀਆਂ ਕਹਾਣੀਆਂ ਦੀ ਕਿਤਾਬ ਛਪੀ ਸੀ। ਸ਼ਾਇਦ ਲੋਕ ਗੀਤ ਵਾਲਿਆਂ ਨੇ ਛਾਪੀ ਸੀ। ਸ਼ਾਇਦ ਉਹ ਹੁਣ ਵੀ ਛਾਪ ਦੇਣ, ਜੇ ਸਰਘੀ ਆਖੇ।

ਇਕ ਦਿਨ ਅਜੈ ਨੇ ਰਾਜਿੰਦਰ ਸਿੰਘ ਬੇਦੀ ਬਾਰੇ ਗੱਲ ਛੋਹ ਲਈ, "ਅੰਕਲ ਯਾਰ, ਸਾਹਿਤ ਪੜ੍ਹ ਕੇ ਤੁਹਾਡਾ ਲਿਖਣ ਦਾ ਪੱਧਰ ਹੀ ਵੱਖਰਾ ਹੋ ਜਾਂਦਾ।... ਰਾਜਿੰਦਰ ਸਿੰਘ ਬੇਦੀ ਦੀ ਜੇਜੋਂ ਬਾਰੇ ਕਹਾਣੀ ਪੜ੍ਹਿਓ 'ਆਖਰੀ ਸਟੇਸ਼ਨ'।"

"ਬੇਦੀ ਨੇ ਜੇਜੋਂ ਬਾਰੇ ਕਹਾਣੀ ਲਿਖੀ ਐ? ਮੈਨੂੰ ਯਾਦ ਨਹੀਂ ਕਿ ਮੈਂ ਪੜ੍ਹੀ ਹੈ ਜਾਂ ਨਹੀਂ।" ਮੈਂ ਪੁੱਛਿਆ।

"ਲੈ ਲੈ ਲੈ, ਉਹ ਤਾਂ ਬਹੁਤ ਵਧੀਆ ਕਹਾਣੀ ਹੈ। ਬੇਦੀ ਜੇਜੋਂ ਆਉਂਦਾ ਰਹਿੰਦਾ ਸੀ। ਰਾਜ ਕਪੂਰ ਵੀ ਜੇਜੋਂ ਦੇ ਬਹੁਤ ਗੇੜੇ ਮਾਰਦਾ ਰਿਹਾ।...ਲੈ ਲੈ ਲੈ, ਕਦੇ ਬਲਬੀਰ ਅੰਕਲ ਨੂੰ ਪੁੱਛ ਕੇ ਦੇਖਿਓ। ਉਹ ਬੇਦੀ ਦੀਆਂ ਬਹੁਤ ਕਹਾਣੀਆਂ ਸੁਣਾਉਂਦਾ।" ਅਜੈ ਦਾ ਬਲਬੀਰ ਅੰਕਲ ਤੋਂ ਭਾਵ ਸੀ ਬਲਬੀਰ ਮਾਧੋਪੁਰੀ।

ਇਕ ਦਿਨ ਗੱਲਾਂ ਕਰਦਿਆਂ ਅਜੈ ਕਹਿਣ ਲੱਗਾ, "ਅੰਕਲ, ਗਵਾਰੇ ਦੀਆਂ ਫਲੀਆਂ ਦਾ ਸਾਗ ਬਹੁਤ ਸੁਆਦ ਹੁੰਦਾ।"

"ਗਵਾਰੇ ਦੀਆਂ ਫਲੀਆਂ ਦਾ? ਮੈਂ ਕਦੇ ਗਵਾਰੇ ਬਾਰੇ ਨਹੀਂ ਸੁਣਿਆ। ਸਾਡੇ ਵਲ ਤਾਂ ਚਰੀ ਤੇ ਬਾਜਰਾ ਹੁੰਦੇ ਆ।" ਮੈਂ ਕਿਹਾ।

"ਲੈ ਲੈ ਲੈ, ਗਵਾਰਾ ਤਾਂ ਬਹੁਤ ਮਸ਼ਹੂਰ ਹੈ।" ਪਰ ਮੈਨੂੰ ਗਵਾਰੇ ਬਾਰੇ ਬਿਲਕੁਲ ਯਾਦ ਨਹੀਂ। ਹੋ ਸਕਦਾ ਇਹ ਸਾਡੇ ਇਲਾਕੇ ਵਿਚ ਨਾ ਹੁੰਦਾ ਹੋਵੇ।


ਡਾ. ਸੁਰਜੀਤ ਪਾਤਰ ਅਤੇ ਡਾ. ਜਗਤਾਰ ਨਾਲ ਅਜੈ ਤਨਵੀਰ

ਇਕ ਵਾਰੀ ਅਜੈ ਦਾ ਤਿੰਨ ਕੁ ਦਿਨ ਫੋਨ ਨਾ ਆਇਆ ਤਾਂ ਮੈਂ ਮੈਸੇਜ ਭੇਜਿਆ, "ਲਗਦਾ ਛੁੱਟੀ 'ਤੇ ਚਲੇ ਗਏ।" ਅਜੈ ਦਾ ਫੋਨ ਕੁਝ ਮਿੰਟਾਂ ਵਿਚ ਹੀ ਆ ਗਿਆ ਤੇ ਕਹਿਣ ਲੱਗਾ, "ਅੰਕਲ, ਇੱਥੇ ਇਕ ਗੋਰਾ ਦੋਸਤ ਹੈ। ਉਹ ਫਾਰਮਰ ਹੈ। ਉਸ ਕੋਲ ਕਈ ਸੌ ਏਕੜ ਜ਼ਮੀਨ ਹੈ ਅਤੇ ਕਈ ਸੈਂਕੜੇ ਗਾਈਆਂ ਹਨ। ਉਹ ਕਣਕ ਬੀਜਦਾ। ਮੈਂ ਕਦੇ ਕਦੇ ਉਹਦੇ ਖੇਤਾਂ ਵਲ ਸੈਰ ਕਰਨ ਚਲੇ ਜਾਂਦਾਂ। ਉਸ ਨੂੰ ਪਕੌੜੇ ਬਹੁਤ ਪਸੰਦ ਹਨ। ਕੱਲ੍ਹ ਉਹ ਤੇ ਉਹਦੀ ਪਤਨੀ ਆ ਗਏ। ਰਾਣੋ ਨੇ ਪਕੌੜੇ ਬਣਾਏ ਤੇ ਫਿਰ ਖਾਣਾ ਤਿਆਰ ਕਰ ਲਿਆ। ਫਿਰ ਅਸੀਂ ਉਨ੍ਹਾਂ ਦੇ ਨਾਲ ਉਨ੍ਹਾਂ ਦੇ ਘਰ ਚਲੇ ਗਏ। ਗੋਰੇ ਨੇ ਸਾਨੂੰ ਆਉਣ ਲੱਗਿਆਂ ਨੂੰ ਗਾਂ ਦਾ ਸੱਜਰਾ ਦੁੱਧ ਦਿੱਤਾ।"

ਅਜੈ ਅਤੇ ਮੇਰੇ ਦਿਲ ਵਿਚ ਡਾ. ਰਘਬੀਰ ਸਿੰਘ ਲਈ ਬਹੁਤ ਸਤਿਕਾਰ ਹੈ। ਸਾਡਾ ਦੋਹਾਂ ਦਾ ਵਿਚਾਰ ਹੈ ਕਿ ਡਾ. ਰਘਬੀਰ ਸਿੰਘ ਬਹੁਤ ਦਿਆਨਤਦਾਰ, ਇਮਾਨਦਾਰ, ਅਤੇ ਉਚ ਪੱਧਰ ਦੇ ਸਾਹਿਤਕਾਰ ਹਨ। ਜਿਸ ਮਿਆਰੀ ਢੰਗ ਨਾਲ ਉਨ੍ਹਾਂ ਨੇ 'ਸਿਰਜਣਾ' ਨੂੰ ਇੰਨੇ ਸਾਲ ਸੰਪਾਦਿਤ ਕੀਤਾ ਹੈ, ਕੋਈ ਵਿਰਲਾ ਹੀ ਇਸ ਤਰ੍ਹਾਂ ਕਰ ਸਕਦਾ ਹੈ। ਉਨ੍ਹਾਂ ਨੇ ਅਨੇਕਾਂ ਨਵੇਂ ਲੇਖਕਾਂ ਨੂੰ 'ਸਿਰਜਣਾ' ਵਿਚ ਛਾਪ ਕੇ ਉਤਸ਼ਾਹ ਦਿੱਤਾ ਹੈ। ਇਕ ਦਿਨ ਅਜੈ ਕਹਿਣ ਲੱਗਾ, "ਅੰਕਲ, ਮੈਨੂੰ ਪਤਾ ਲੱਗਾ ਸੀ ਕਿ ਡਾ. ਰਘਬੀਰ ਸਿੰਘ ਦੀ ਸਿਹਤ ਠੀਕ ਨਹੀਂ। ਮੈਂ ਉਨ੍ਹਾਂ ਨੂੰ ਈਮੇਲ ਲਿਖੀ ਉਨ੍ਹਾਂ ਦਾ ਹਾਲ ਪੁੱਛਣ ਲਈ। ਦੋ ਕੁ ਦਿਨਾਂ ਵਿਚ ਹੀ ਉਨ੍ਹਾਂ ਦਾ ਲਿਖਿਆ ਬਹੁਤ ਪਿਆਰਾ ਜਵਾਬ ਆਇਆ। ਯਾਰ, ਇੰਨਾ ਵੱਡਾ ਬੰਦਾ ਹੋਵੇ ਤੇ ਮੇਰੇ ਵਰਗੇ ਦੀ ਈਮੇਲ ਦਾ ਜਵਾਬ ਦੇਵੇ? ਬਹੁਤ ਘੱਟ ਲੋਕ ਹਨ ਇਹੋ ਜਿਹੇ।"

ਮੈਂ ਅਜੈ ਨਾਲ ਪੂਰੀ ਤਰ੍ਹਾਂ ਹਾਮੀ ਭਰੀ ਅਤੇ ਆਖਿਆ, "ਜੋ ਸਾਹਿਤਕਾਰ ਡਾ. ਰਘਬੀਰ ਸਿੰਘ ਦੀ ਆਲੋਚਨਾ ਕਰਦੇ ਹਨ, ਉਹ ਲੋਕ ਤਾਂ ਕਿਸੇ ਪੱਖੋਂ ਵੀ ਉਨ੍ਹਾਂ ਦੇ ਨੇੜੇ-ਤੇੜੇ ਨਹੀਂ। ਕਈ ਸਾਹਿਤਕਾਰ ਉਨ੍ਹਾਂ ਨੂੰ ਬੁਰਾ-ਭਲਾ ਵੀ ਕਹਿੰਦੇ ਹਨ ਅਤੇ 'ਸਿਰਜਣਾ' ਵਿਚ ਛਪਣ ਲਈ ਆਪਣੀਆਂ ਲਿਖਤਾਂ ਵੀ ਭੇਜਦੇ ਹਨ। ਕੀ ਕਹੋਗੇ ਤੁਸੀਂ ਇਨ੍ਹਾਂ ਲੋਕਾਂ ਦੇ ਕਿਰਦਾਰ ਬਾਰੇ? ਜਦੋਂ ਮੈਨੂੰ ਢਾਹਾਂ ਇਨਾਮ ਦਾ ਚੇਅਰਮੈਨ ਬਣਾਇਆ ਗਿਆ ਤਾਂ ਇਕ ਲੇਖਕ ਨੇ ਤਾਂ ਕਿਸੇ ਕੋਲ ਇਹ ਵੀ ਕਹਿ ਦਿੱਤਾ ਕਿ ਪ੍ਰੇਮ ਮਾਨ ਤਾਂ ਸਿਰਫ ਪੇਪਰਾਂ ਵਿਚ ਹੀ ਚੇਅਰਮੈਨ ਹੈ, ਸਾਰਾ ਕੰਮ ਤਾਂ ਡਾ. ਰਘਬੀਰ ਸਿੰਘ ਨੇ ਹੀ ਕਰਨਾ। ਇਹ ਹੈ ਸਾਡੇ ਕੁਝ ਲੇਖਕਾਂ ਦਾ ਕਿਰਦਾਰ!"

ਇਕ ਦਿਨ ਫੋਨ 'ਤੇ ਅਜੈ ਕਹਿੰਦਾ, "ਅੰਕਲ, ਕੁਝ ਲੋਕਾਂ ਵਿਚ ਇੰਨੀ ਈਰਖਾ, ਇੰਨਾ ਹੰਕਾਰ, ਇੰਨੀ ਜ਼ਹਿਰ ਕਿਉਂ ਹੁੰਦੀ ਹੈ?"

"ਅਜੇ, ਸਾਡੇ ਸਭ ਦੇ ਖੂਨ ਵਿਚ ਇਨ੍ਹਾਂ ਗੱਲਾਂ ਦੇ ਅੰਸ਼ ਹਨ। ਸਾਡੇ ਖੂਨ ਵਿਚ ਚੰਗਿਆਈ ਦੇ ਅੰਸ਼ ਵੀ ਹਨ, ਬੁਰਿਆਈ ਦੇ ਵੀ, ਦੂਜਿਆਂ ਦੀ ਮਦਦ ਕਰਨ ਦੀ ਵਿਸ਼ੇਸ਼ਤਾਈ ਵੀ ਹੈ, ਖੂੰਖਾਰ ਜਾਨਵਰਾਂ ਵਰਗੇ ਵਿਹਾਰ ਦੇ ਅੰਸ਼ ਵੀ ਹਨ, ਹੰਕਾਰ ਵੀ ਹੈ, ਈਰਖਾ ਵੀ ਹੈ, ਹੇਰਾ-ਫੇਰੀ ਦੇ ਅੰਸ਼ ਵੀ ਹਨ, ਚੋਰੀ ਦੇ ਔਗੁਣ ਵੀ ਹਨ। ਇਹ ਸਾਡੇ 'ਤੇ ਨਿਰਭਰ ਕਰਦਾ ਹੈ ਕਿ ਅਸੀਂ ਕਿਨ੍ਹਾਂ ਅੰਸ਼ਾਂ ਨੂੰ ਦਬਾ ਕੇ ਰੱਖਣਾ ਹੈ ਅਤੇ ਕਿਨ੍ਹਾਂ ਨੂੰ ਖੁੱਲ੍ਹੇ ਛੱਡਣਾ। ਬਹੁਤੀ ਵਾਰੀ ਸਾਡੇ ਸੁਭਾਅ ਦੀ ਬਣਤਰ ਸਾਡੇ ਪਾਲਣ-ਪੋਸਣ 'ਤੇ ਵੀ ਨਿਰਭਰ ਕਰਦੀ ਹੈ।"

ਅਜੈ ਦੀ ਦੇਸ ਰਾਜ ਕਾਲੀ ਨਾਲ ਨਿੱਘੀ ਦੋਸਤੀ ਹੈ। ਇਕ ਵਾਰੀ ਫੋਨ 'ਤੇ ਗੱਲ ਕਰਦਿਆਂ ਅਜੈ ਕਹਿੰਦਾ, "ਅੰਕਲ, ਜਦੋਂ ਅਗਲੀ ਵਾਰੀ ਇੰਡੀਆ ਗਏ ਤਾਂ ਜਲੰਧਰ ਕਾਲੀ ਨੂੰ ਜ਼ਰੂਰ ਮਿਲਿਓ। ਕਾਲੀ ਬੋਲ-ਬੜੱਕ ਤੇ ਭੌਂਕੜ ਹੈ, ਪਰ ਬੰਦਾ ਮਾੜਾ ਨ੍ਹੀਂ। ਬਿਲਕੁਲ ਸਾਫ ਦਿਲ। ਇਹਦੇ ਨਾਵਲ ਦਾ ਅੰਗਰੇਜ਼ੀ ਅਨੁਵਾਦ ਹੋਇਆ ਅਤੇ ਉਹ ਨਾਵਲ ਬੰਗਾਲ ਦੀ ਇਕ ਯੂਨੀਵਰਸਿਟੀ ਵਿਚ ਸਿਲੇਬਸ ਵਿਚ ਲੱਗਾ ਰਿਹਾ।...ਇਹ ਬਾਕੀਆਂ ਨਾਲੋਂ ਚੰਗਾ ਬੰਦਾ। ਕੁਝ ਤਾਂ ਅਫਵਾਹਾਂ ਫੈਲਾਉਣ ਵਾਲੇ ਹਨ।"

ਇਕ ਵਾਰੀ ਗੱਲਾਂ ਕਰਦਿਆਂ ਅਜੈ ਕਹਿੰਦਾ, "ਟਾਲਸਟਾਏ ਅਤੇ ਤੁਰਗਨੇਵ ਜਦੋਂ ਮਿਲੇ ਤਾਂ ਉਨ੍ਹਾਂ ਨੇ ਕਿਹਾ ਕਿ ਇਹ ਮਿਲਣੀ ਜੰਗਲੀ ਸਟਰਾਅਬਰੀ ਦੀ ਖੁਸ਼ਬੋ ਵਰਗੀ ਹੈ। ਅੰਕਲ, ਉਨ੍ਹਾਂ ਦੋਹਾਂ ਦੀ ਦੋਸਤੀ ਵੀ ਬਹੁਤ ਸੀ ਅਤੇ ਉਹ ਲੜਦੇ ਵੀ ਬਹੁਤ ਸਨ। ਜਦੋਂ ਗਾਰਗੀ, ਅਜੀਤ ਕੌਰ ਅਤੇ ਸ਼ਿਵ ਕੁਮਾਰ ਮਿਲਦੇ ਹੋਣਗੇ ਖਬਰੇ ਕਿਹੋ ਜਿਹੀਆਂ ਗੱਲਾਂ ਹੁੰਦੀਆਂ ਹੋਣਗੀਆਂ।...ਗਾਰਗੀ ਦਾ ਕੀ ਕਹਿਣਾ। 'ਸ਼ਰਬਤ ਦੀਆਂ ਘੁੱਟਾਂ।' ਸ਼ਰਬਤ ਤਾਂ ਘੁੱਟਾਂ ਨਾਲ ਹੀ ਪੀ ਹੁੰਦਾ, ਇਕੋ ਵਾਰੀ ਨਹੀਂ। ਸੁਆਦੀ ਖਾਣਾ ਤਾਂ ਹੌਲੀ-ਹੌਲੀ ਖਾਧਾ ਜਾਂਦਾ।"

ਇਕ ਦਿਨ ਅਜੈ ਦਾ ਫੋਨ ਆਇਆ ਤਾਂ ਕਹਿੰਦਾ, "ਅੰਕਲ ਜੀ, ਅੱਜ... (ਫਲਾਣੇ ਲੇਖਕ) ਨਾਲ ਵੀਡੀਓ 'ਤੇ ਗੱਲ ਹੋਈ। ਉਹਦੀ ਨਵੀਂ ਕਿਤਾਬ ਛਪੀ ਹੈ। ਕਹਿੰਦਾ ਉਹਨੇ ਇਹ ਕਿਤਾਬ ਢਾਹਾਂ ਇਨਾਮ ਲਈ ਭੇਜਣੀ ਹੈ। ਮੈਂ ਉਸ ਨੂੰ ਮਜ਼ਾਕ ਨਾਲ ਕਿਹਾ ਕਿ ਪ੍ਰੇਮ ਮਾਨ ਮੇਰਾ ਫੁੱਫੜ ਲਗਦਾ। ਤੂੰ ਸਿੱਧਾ ਫੋਨ ਕਰਕੇ ਸਿਫਾਰਸ਼ ਨਾ ਕਰੀਂ। ਮੇਰੇ ਰਾਹੀਂ ਸਿਫਾਰਸ਼ ਕਰੀਂ।"

"ਅਜੈ ਤੂੰ ਬਾਦ ਵਿਚ ਇਹ ਵੀ ਕਹਿ ਦੇਣਾ ਸੀ ਕਿ ਫੁੱਫੜ ਤਾਂ ਬਹੁਤ ਚੰਦਰਾ। ਉਹ ਕਿਸੇ ਦੀ ਨ੍ਹੀਂ ਸੁਣਦਾ। ਨਾ ਉਹ ਕਿਸੇ ਦੀ ਸਿਫਾਰਸ਼ ਕਰਦਾ ਤੇ ਨਾ ਸੁਣਦਾ।" ਅਤੇ ਅਸੀਂ ਦੋਵੇਂ ਹੱਸ ਪਏ।

ਮੇਰਾ ਵਿਚਾਰ ਹੈ ਕਿ ਜਦੋਂ ਸਾਨੂੰ ਕੋਈ ਜ਼ਿੰਮੇਵਾਰੀ ਸੰਭਾਲੀ ਜਾਂਦੀ ਹੈ ਤਾਂ ਸਾਨੂੰ ਉਸ ਨੂੰ ਪੂਰੀ ਇਮਾਨਦਾਰੀ ਅਤੇ ਇਨਸਾਫ ਨਾਲ ਨਿਭਾਉਣਾ ਚਾਹੀਦਾ ਹੈ। ਮੈਂ 40 ਸਾਲ ਅਮਰੀਕਾ ਵਿਚ ਰਹਿ ਕੇ ਸਭ ਤੋਂ ਵੱਡੀ ਗੱਲ ਇਹੋ ਸਿੱਖੀ ਹੈ ਕਿ ਜਦੋਂ ਤੁਸੀਂ ਇਨਸਾਫ ਕਰਨ ਵਾਲੀ ਕੁਰਸੀ 'ਤੇ ਬੈਠੇ ਹੋਵੋਂ ਤਾਂ ਤੁਹਾਨੂੰ ਪੂਰੇ ਇਨਸਾਫ ਨਾਲ ਫੈਸਲਾ ਕਰਨਾ ਚਾਹੀਦਾ ਹੈ। ਫੈਸਲਾ ਦੋਸਤੀ ਅਤੇ ਦੁਸ਼ਮਣੀ ਦੇ ਆਧਾਰ 'ਤੇ ਨਹੀਂ ਹੋਣਾ ਚਾਹੀਦਾ। ਮੇਰਾ ਵਿਚਾਰ ਹੈ ਕਿ ਹਿੰਦੁਸਤਾਨ ਵਿਚ, ਪੰਜਾਬੀ ਸਾਹਿਤ ਦੇ ਇਨਾਮਾਂ ਵਿਚ ਬਹੁਤ ਪੱਖਪਾਤ ਹੁੰਦਾ। ਗੁਰਦੇਵ ਸਿੰਘ ਰੁਪਾਣਾ ਨੂੰ ਸਾਹਿਤ ਅਕੈਡਮੀ ਇਨਾਮ ਬਹੁਤ ਚਿਰ ਪਹਿਲਾਂ ਮਿਲ ਜਾਣਾ ਚਾਹੀਦਾ ਸੀ, ਪਰ ਨਹੀਂ ਮਿਲਿਆ। ਦੇਵਿੰਦਰ ਸਤਿਆਰਥੀ ਅਤੇ ਬਾਵਾ ਬਲਵੰਤ ਵੀ ਸਾਹਿਤ ਅਕੈਡਮੀ ਇਨਾਮ ਦੇ ਹੱਕਦਾਰ ਸਨ, ਪਰ ਉਨ੍ਹਾਂ ਨੂੰ ਵੀ ਇਹ ਇਨਾਮ ਨਹੀਂ ਸੀ ਦਿੱਤਾ ਗਿਆ।

ਇਕ ਦਿਨ ਅਜੈ ਕਹਿੰਦਾ, "ਅੰਕਲ, ਜਦੋਂ ਅਗਲੀ ਵਾਰੀ ਹਿੰਦੁਸਤਾਨ ਗਏ ਤਾਂ ਮੇਰੇ ਭਰਾਵਾਂ ਨੂੰ ਜ਼ਰੂਰ ਮਿਲ ਕੇ ਆਇਓ। ਉਹ ਤੁਹਾਨੂੰ ਜੇਜੋਂ ਦੇ ਪਹਾੜਾਂ ਦੀ ਸੈਰ ਵੀ ਕਰਾਉਣਗੇ ਅਤੇ ਉਥੇ ਦੀ ਮੱਛੀ ਵੀ ਖਲਾਉਣਗੇ। ਜੇਜੋਂ ਇਕ ਆਦਮੀ ਬਹੁਤ ਵਧੀਆ ਮੱਛੀ ਬਣਾਉਂਦਾ। ਤੁਸੀਂ ਉਹਦੇ ਵਰਗੀ ਮੱਛੀ ਕਦੇ ਨਹੀਂ ਖਾਧੀ ਹੋਣੀ।"

ਕਦੇ ਕਦੇ 'ਰਾਗ' ਬਾਰੇ ਗੱਲ ਹੁੰਦੀ ਹੈ ਤਾਂ ਮੈਂ ਅਜੈ ਨੂੰ ਹਮੇਸ਼ਾ ਇਹੋ ਕਹਿੰਦਾਂ, "ਅਜੈ, ਤੇਰਾ ਅਤੇ ਇੰਦਰਜੀਤ (ਪੁਰੇਵਾਲ) ਦਾ ਸਾਥ ਨਿਭਣਾ ਚਾਹੀਦਾ। ਹਾਸੋਹੀਣੀ ਗੱਲ ਨਾ ਹੋਵੇ। ਤੁਸੀਂ ਰਲ ਕੇ ਚੱਲੋ ਅਤੇ 'ਰਾਗ' ਨੂੰ ਵੱਧ ਤੋਂ ਵੱਧ ਸਫਲ ਬਣਾਓ। ਕਈ ਲੋਕ ਤਾਂ ਇਹ ਦੇਖਣ ਲਈ ਤਿਆਰ ਬੈਠੇ ਹਨ ਕਿ 'ਰਾਗ' ਕਦੋਂ ਮਰੇ। ਇਸ ਨੂੰ ਮਰਨ ਨਾ ਦਿਓ। ਜਿੰਨੇ ਲੇਖਕ-ਵਿਦਵਾਨ ਇਸ ਨਾਲ ਜੁੜੇ ਹਨ, ਉਨ੍ਹਾਂ ਨੂੰ ਪਿਆਰ ਅਤੇ ਸਤਿਕਾਰ ਨਾਲ ਜੋੜੀ ਰੱਖਣਾ ਤੁਹਾਡੇ ਦੋਹਾਂ ਦਾ ਕੰਮ ਹੈ।"

"ਅੰਕਲ ਯਾਰ, ਤੁਸੀਂ ਵੀ ਸਾਡੇ ਨਾਲ ਹੋ। ਤੁਸੀਂ ਵੀ 'ਰਾਗ' ਦਾ ਹਿੱਸਾ ਹੋ।"

"ਅਜੇ, ਠੀਕ ਹੈ ਕਿ ਮੈਂ ਵੀ ਤੁਹਾਡੇ ਨਾਲ ਹਾਂ ਪਰ ਮੈਂ ਤਾਂ ਸਿਰਫ ਇਕ ਸਲਾਹਕਾਰ ਹਾਂ। ਜਿੱਥੇ ਤੁਸੀਂ ਸਲਾਹ ਪੁੱਛੋਗੇ, ਉਥੇ ਮੈਂ ਸਹੀ ਸਲਾਹ ਦੇਵਾਂਗਾ। ਇੰਦਰਜੀਤ ਨੇ ਕੁਝ ਲੇਖ ਅਤੇ ਕਹਾਣੀਆਂ ਮੈਨੂੰ ਭੇਜੇ ਸਨ ਮੇਰੀ ਸਲਾਹ ਪੁੱਛਣ ਲਈ। ਮੈਂ ਆਪਣੀ ਠੀਕ ਠੀਕ ਸਲਾਹ ਦੇ ਦਿੱਤੀ। ਤੁਸੀਂ ਦੋਵੇਂ 'ਰਾਗ' ਦੇ ਮੁਖੀ ਹੋ, ਮਲਾਹ ਹੋ। ਇਹ ਹਿੱਸੇਦਾਰੀ ਤਾਂ ਹੀ ਨਿਭਣੀ ਐ ਜੇ ਹਰ ਕੰਮ ਸਲਾਹ ਨਾਲ ਕਰੋਗੇ...।"

ਅਜੈ ਤਨਵੀਰ ਪਹਿਲਾਂ ਗੀਤ ਲਿਖਦਾ ਹੁੰਦਾ ਸੀ। ਉਸ ਦੇ 30 ਦੇ ਕਰੀਬ ਵੱਖ-ਵੱਖ ਵਧੀਆ ਗਾਇਕਾਂ ਦੇ ਗਾਏ ਗੀਤ ਰਿਕਾਰਡ ਹੋ ਚੁਕੇ ਹਨ। ਅਜੈ ਦੇ ਗੀਤ ਪੀਟਾ ਚੰਦੇਲੀ ਵਾਲਾ ਦੇ ਨਾਂ ਹੇਠ ਰਿਕਾਰਡ ਹੋਏ ਸਨ। ਉਸ ਦਾ ਇਕ ਗੀਤ ਹੈ:

ਇਕ ਖਬਰ ਸੁਣੀ ਐ,
ਖਬਰੇ ਝੂਠੀ ਏ ਜਾਂ ਸੱਚੀ,
ਪਾ ਕੇ ਯਾਰਾਂ ਦੀਆਂ ਝਾਂਜਰਾਂ,
ਗੈਰਾਂ ਦੇ ਵਿਹੜੇ ਨੱਚੀ।

ਜਦੋਂ ਅਸੀਂ ਮਿਲੇ ਤਾਂ ਰਾਣੋ ਦੇ ਸਾਹਮਣੇ ਅਜੈ ਨੂੰ ਪੁੱਛਣਾ ਕਿ ਇਹ ਝਾਂਜਰਾਂ ਵਾਲੀ ਕੌਣ ਸੀ ਤੇ ਕਿਸ ਗੈਰ ਦੇ ਵਿਹੜੇ ਵਿਚ ਨੱਚੀ ਸੀ? ਵੈਸੇ ਗੀਤ ਬਹੁਤ ਸੋਹਣਾ। ਅਜੈ ਦੀ ਇਹ ਇਕੋ-ਇਕ ਕਮਜ਼ੋਰੀ ਹੈ ਕਿ ਉਹ ਤੁਹਾਡੀ ਪੂਰੀ ਗੱਲ ਕਈ ਵਾਰੀ ਸੁਣਨ ਤੋਂ ਪਹਿਲਾਂ ਹੀ ਤੁਹਾਨੂੰ ਟੋਕ ਦਿੰਦਾ।

### ਅਜੈ ਦੀਆਂ ਕੁਝ ਗਜ਼ਲਾਂ ਦੇ ਸ਼ਿਅਰ

ਬੁਦੇ ਖੱਦਰ ਦੀਆਂ ਲੀਰਾਂ 'ਚ
ਠਰਦੇ ਬਾਲ ਸੜਕਾਂ 'ਤੇ
ਦੁਸ਼ਾਲੇ ਮੰਦਿਰਾਂ ਵਿਚ
ਵੰਡਦਾ ਮਾਲਕ ਰਿਆਸਤ ਦਾ।

ਚਿਰਾਗਾਂ ਨੂੰ ਬੁਝਾ ਦਿੱਤਾ ਜੇ
ਨ੍ਹੇਰੀ ਨੇ ਤਾਂ ਕੀ ਹੋਇਆ
ਮੇਰੇ ਅੰਦਰ ਅਜੇ ਵੀ
ਚਮਕਦੇ ਜੁਗਨੂੰ ਉਮੰਗਾਂ ਦੇ।

ਦੇਸ ਸਾਡਾ ਵੇਖ ਲੈ
ਕਿੰਨੀ ਤਰੱਕੀ ਕਰ ਗਿਆ
ਲੋਕ ਬੂਟਾਂ ਦੀ ਜਗਾ ਚੱਪਲਾਂ 'ਚ
ਤਸਮੇ ਪਾ ਰਹੇ।

ਦਰਾਂ ਨੂੰ ਹੈ ਅਜੇ ਵੀ ਆਸ
ਇਕ ਦਿਨ ਦੇਣਗੇ ਦਸਤਕ
ਉਨ੍ਹਾਂ ਨੂੰ ਫਿਕਰ ਜੇ ਹੋਇਆ
ਕਦੇ ਆਪਣੀ ਵਿਰਾਸਤ ਦਾ।

ਅਸੀਂ ਸੁਣ ਕੇ ਤੇਰਾ ਫਤਵਾ
ਕਦੇ ਵੀ ਲਿਫ ਨਹੀਂ ਸਕਦੇ
ਰਿਸ਼ੀ ਸ਼ੰਬੂਕ ਵਸਦਾ ਹੈ
ਅਜੈ ਸਾਡੇ ਦਿਲਾਂ ਅੰਦਰ।

ਸਭ ਸੋਚਦੇ ਨੇ ਖਬਰੇ
ਸ਼ੈਤਾਨ ਬਣ ਗਿਆ ਉਹ
ਪਰ ਜਾਤ ਧਰਮ ਛੱਡ ਕੇ
ਇਨਸਾਨ ਬਣ ਗਿਆ ਉਹ।

# 'ਮੈਂ ਨੀ ਕੱਲ੍ਹ ਨੂੰ ਵਾਂਢੇ ਜਾਣਾ ਧਾਅਡੇ ਨਾਲ'

ਅਮਰ ਮੀਨੀਆਂ (ਗਲਾਸਗੋ)
ਫੋਨ: +00447868370984

ਕੈਨੇਡਾ ਤੋਂ ਇੱਕ ਦੋਸਤ ਨੇ ਦਸ ਕੁ ਮਿੰਟ ਦੀ ਵੀਡੀਓ ਭੇਜੀ, ਜੋ ਕਿਸੇ ਪਾਰਟੀ ਦੀ ਸੀ, ਜਿਸ ਵਿਚ ਵਿਆਹੁਤਾ ਜੋੜੇ ਆਪਣੇ ਆਪਣੇ ਪਾਰਟਨਰ ਨਾਲ ਪੰਜਾਬੀ ਗਾਣਿਆਂ ਉਪਰ ਸਟੇਜ 'ਤੇ ਨੱਚ ਰਹੇ ਸਨ। ਮਿੰਟ, ਅੱਧਾ ਮਿੰਟ ਇੱਕ ਜੋੜੀ ਆਪੋ-ਆਪਣੇ ਅੰਦਾਜ਼ ਵਿਚ ਨੱਚ ਕੇ ਥੱਲੇ ਉੱਤਰ ਜਾਂਦੀ ਤੇ ਦੂਜੀ ਜੋੜੀ ਸਟੇਜ 'ਤੇ ਆ ਜਾਂਦੀ। ਸਾਰਿਆਂ ਦੀ ਬਹੁਤ ਵਧੀਆ ਪਰਫਾਰਮੈਂਸ ਸੀ। ਇਨ੍ਹਾਂ ਜੋੜਿਆਂ ਵਿਚ ਜੁਆਨ ਜੋੜੇ ਵੀ ਸਨ ਤੇ ਬਜ਼ੁਰਗ ਵੀ, ਪਰ ਤਿੰਨ-ਚਾਰ ਜੋੜੇ ਅਜਿਹੇ ਆਏ, ਜੋ ਕੁਜੋੜ ਜਿਹੇ ਲੱਗੇ। ਬੰਦਿਆਂ ਦੇ ਲੰਬੀਆਂ ਚਿੱਟੀਆਂ ਜਾਂ ਟਾਂਵੇਂ ਟਾਂਵੇਂ ਕਾਲੇ ਵਾਲਾਂ ਵਾਲੀਆਂ ਦਾੜ੍ਹੀਆਂ ਤੇ ਉਨ੍ਹਾਂ ਦੀਆਂ ਸਾਥਣਾਂ ਖੂਬਸੂਰਤ ਜੁਆਨ, ਸੋਹਣੀਆਂ ਸੁਨੱਖੀਆਂ।

ਮੈਂ ਤੇ ਮੇਰੀ ਘਰਵਾਲੀ ਲੈਪਟਾਪ 'ਤੇ ਵੀਡੀਓ ਵੇਖ ਰਹੇ ਸਾਂ। ਉਨ੍ਹਾਂ ਜੋੜਿਆਂ ਵੱਲ ਵੇਖ ਕੇ, ਮੇਰੀ ਭੋਲੀ ਭਾਲੀ, ਮਝੈਲਣ ਘਰ ਵਾਲੀ ਭੜਕ ਪਈ, "ਹਯਾ ਨੀ ਆਉਂਦੀ ਇਨ੍ਹਾਂ ਚੌਰਿਆਂ ਨੂੰ? ਵੇਖ ਤਾਂ ਕਿਵੇਂ ਆਪਣੀਆਂ ਧੀਆਂ ਵਰਗੀਆਂ ਕੁੜੀਆਂ ਨਾਲ ਨੱਚਣ ਡਏ ਜੇ! ਉਹ ਵੀ ਗਾੜੀਓਂ ਮਾਸਾ ਨੀ ਕੂੰਦੀਆਂ, ਬਾਂਹਾਂ 'ਚ ਬਾਂਹਾਂ ਪਾ ਪਾ ਨੱਚਦੀਆਂ। ਜਦੋਂ ਇਨ੍ਹਾਂ ਨੂੰ ਕੋਈ ਸ਼ਰਮ ਨਹੀ,' ਫਿਰ ਧੌਲਿਆਂ ਵਾਲਿਆਂ ਨੂੰ ਕੀ ਕਹੀਏ?"

ਮੈਂ ਸਮਝਾਇਆ, "ਭਾਗਵਾਨੇ ਠੰਡ ਰੱਖ, ਉਹ ਕੋਈ ਬੇਗਾਨੀਆਂ ਨਹੀਂ, ਉਨ੍ਹਾਂ ਦੀਆਂ ਹੀ ਵਹੁਟੀਆਂ ਨੇ। ਬੱਸ ਫਰਕ ਇੰਨਾ ਹੈ ਕਿ ਉਹ ਬਿਉਟੀਪਾਰਲਰ ਤੋਂ ਚੰਗੀ ਤਰ੍ਹਾਂ ਡੈਂਟਿੰਗ ਪੇਂਟਿੰਗ ਕਰਵਾ ਕੇ ਆਈਆਂ ਤੇ ਮੇਰੇ ਵਰਗੇ ਮਹਾਤੜ ਪੱਗ ਬੰਨ੍ਹ ਕੇ ਤੇ ਦਾੜ੍ਹੀ 'ਚ ਕੰਘਾ ਮਾਰ ਕੇ ਆ ਗਏ। ਨਾਲੇ ਕਈ ਬੰਦਿਆਂ ਦੇ ਕਲਫ ਰਿਐਕਸ਼ਨ ਕਰ ਜਾਂਦੀ ਆ। ਖੁਰਕ ਲੜਦੀ ਤੇ ਧੱਫੜ ਪੈ ਜਾਂਦੇ ਆ। ਕਈ ਧਾਰਮਿਕ ਪਰੰਪਰਾ ਦਾ ਪਾਲਣ ਕਰਨ ਕਰਕੇ ਰੰਗ ਨਹੀਂ ਲਾਉਂਦੇ। ਇਸ ਕਰਕੇ ਇਹ ਵਡੇਰੀ ਉਮਰ ਦੇ ਲੱਗਦੇ ਆ।"

ਜਿਵੇਂ ਆਮ ਜਨਾਨੀਆਂ ਆਪਣੇ ਘਰ ਵਾਲੇ 'ਤੇ ਯਕੀਨ ਨਹੀਂ ਕਰਦੀਆਂ, ਉਸੇ ਤਰ੍ਹਾਂ ਮੇਰੇ ਵਾਲੀ ਵੀ ਮੈਨੂੰ ਜ਼ਿਆਦਾਤਰ ਮੋਦੀ ਵਰਗਾ ਫੈਂਕੂ ਹੀ ਸਮਝਦੀ ਆ। ਉਸ ਨੂੰ ਯਕੀਨ ਨਾ ਆਵੇ। ਮੈਂ ਮੇਰੇ ਸਹੁਰੇ ਪਰਿਵਾਰ ਵਿਚੋਂ ਹੀ ਅਮਰੀਕਾ ਵਾਲੇ ਨਿਹਾਲੇ ਭਾਊ ਦੀ ਮਿਸਾਲ ਚੁੱਕ ਕੇ ਉਸ ਨੂੰ ਯਕੀਨ ਕਰਵਾਉਣ ਦੀ ਕੋਸ਼ਿਸ਼ ਕੀਤੀ।

ਨਿਹਾਲਾ ਭਾਊ ਜੁਆਕਾਂ ਦਾ ਮਾਮਾ ਹੀ ਲੱਗਦਾ ਆ। 24-25 ਕੁ ਸਾਲ ਦਾ ਸੀ, ਜਦੋਂ ਮੈਕਸੀਕੋ ਦਾ ਬਾਰਡਰ ਟੱਪ ਅਮਰੀਕਾ 'ਚ ਜਾ ਵੜਿਆ। ਚਾਲੀਆਂ ਦੇ ਨੇੜੇ-ਤੇੜੇ ਹੋਵੇਗਾ ਜਦੋਂ ਪੱਕਾ ਹੋ ਕੇ ਪਿੰਡ ਆਇਆ ਤੇ 22-23 ਕੁ ਸਾਲ ਦੀ ਕੁੜੀ ਨਾਲ ਵਿਆਹ ਕਰਵਾ ਕੇ ਅਮਰੀਕਾ ਲੈ ਗਿਆ। ਹੁਣ ਤਾਂ ਭਾਊ ਵੀ ਸੱਠ ਦੇ ਨੇੜੇ ਤੇੜੇ ਹੋਵੇਗਾ, ਪਰ ਨੈਸ਼ਨਲ ਪੱਧਰ ਤੱਕ ਹਾਕੀ ਦਾ ਖਿਡਾਰੀ ਰਿਹਾ ਭਾਊ ਅਜੇ ਵੀ ਪੂਰਾ ਫਿੱਟ ਆ। ਰੋਜ਼ਾਨਾ ਜਿੰਮ ਜਾਂਦਾ। ਮਝੈਲ ਦੇਸੀ ਦਾਰੂ ਕੱਢਣ ਤੇ ਪੀਣ ਦੇ ਸ਼ੌਕੀਨ ਮੰਨੇ ਜਾਂਦੇ ਹਨ, ਪਰ ਨਿਹਾਲੇ ਨੇ ਅਜੇ ਤੱਕ ਸੁਆਦ ਵੀ ਨਹੀਂ ਵੇਖਿਆ, ਦੇਸੀ ਜਾਂ ਵਲੈਤੀ ਦਾ।

ਮੈਂ ਘਰ ਵਾਲੀ ਨੂੰ ਦੱਸਿਆ, "ਆਪਣੇ ਨਿਹਾਲੇ ਭਾਊ ਨੂੰ ਵੇਖ ਲੈ, ਕਲੀਨਸ਼ੇਵ ਤੇ ਸਿਹਤਮੰਦ ਹੋਣ ਕਰਕੇ ਮਹਿਸੂਸ ਨਹੀਂ ਹੁੰਦਾ। ਜੇ ਕੱਲ੍ਹ ਕਲੋਤਰ ਨੂੰ ਨਿਹਾਲਾ ਦਾੜ੍ਹੀ ਕੇਸ ਰੱਖ ਲਵੇ ਤੇ ਕਲਫ ਵੀ ਨਾ ਲਾਵੇ, ਓਧਰ ਭਰਜਾਈ ਸੁਰਖੀ ਬਿੰਦੀ ਹਾਰ ਸ਼ਿੰਗਾਰ ਲਾ ਕੇ ਭਾਊ ਨਾਲ ਠੁਮਕੇ ਮਾਰੇ ਤਾਂ ਕਿਵੇਂ ਲੱਗਣਗੇ?" ਗੱਲ ਉਸ ਦੇ ਖਾਨੇ ਪੈ ਗਈ ਸੀ, ਹੱਸਦੀ ਹੱਸਦੀ ਕਹਿੰਦੀ, "ਫੇਰ ਤਾਂ ਪਿਉ-ਧੀ ਹੀ ਲੱਗਣਗੇ ਕੇ।"

ਮੈਂ ਕਿਹਾ, "ਬੱਸ ਇਹ ਜੋੜੀਆਂ ਵੀ ਇੱਦਾਂ ਦੀਆਂ ਹੀ ਆ।" ਉਹ ਮੇਰੇ ਮੂੰਹ ਵੱਲ ਚੰਗੀ ਤਰ੍ਹਾਂ ਵੇਖ ਕੇ ਕਹਿਣ ਲੱਗੀ, "ਲੌਹਢਾ ਵੇਲਾ ਹੋਣ ਡਿਆ ਜੇ, ਸਿਆਲੂ ਦਿਨ ਆ ਤਕਾਲਾਂ ਵੀ ਜਲਦੀ ਪੈ ਜਾਂਦੀਆਂ। ਮੈਂ ਵੇਖਣ ਡਈ ਆਂ, ਧਾਅਡੇ ਵੀ ਦਾੜ੍ਹੀ 'ਚ ਚੋਖੇ ਚੋਖੇ ਚਿੱਟੇ ਝਾਤੀਆਂ ਮਾਰਨ ਡਏ ਜੇ, ਹੁਣੇ ਤੋਂ ਕਲਫ ਲਾਉਣੀ ਸ਼ੁਰੂ ਕਰੋ। ਨਹੀਂ ਮੈਂ ਨੀ ਕੱਲ੍ਹ ਨੂੰ ਵਾਂਢੇ ਜਾਣਾ ਧਾਅਡੇ ਨਾਲ।"

# ਮੁਆਫੀ ਮੰਗਣ ਦੀ ਹਿੰਮਤ ਕਿੱਥੋਂ ਆਵੇਗੀ?

## ਪ੍ਰਤੀਕਰਮ

'ਪੰਜਾਬ ਟਾਈਮਜ਼' ਦੇ 21 ਨਵੰਬਰ ਦੇ ਅੰਕ ਵਿਚ ਅਮਰਜੀਤ ਚੰਦਨ ਦੇ ਲੇਖ 'ਸੰਨ ਸੰਤਾਲੀ ਦੇ ਗੁਨਾਹਾਂ ਦਾ ਲੇਖਾ' ਨੇ ਸਾਡੇ ਜੁਰਮਾਂ ਤੇ ਗੁਨਾਹਾਂ ਦੀ ਅੱਲੇ ਜ਼ਖਮਾਂ ਵਾਲੀ ਰਗ 'ਤੇ ਹੱਥ ਲਾਇਆ ਹੈ। ਅਸੀਂ ਪੰਜਾਬੀ ਲੋਕਾਂ ਨੇ ਸੰਤਾਲੀ ਦੀ ਵੰਡ ਵੇਲੇ ਦੇ ਦੰਗਿਆਂ-ਫਸਾਦਾਂ ਦੌਰਾਨ ਇਕ-ਦੂਜੇ ਫਿਰਕੇ ਦੇ ਆਪਣੇ ਦਸ ਲੱਖ ਭੈਣ-ਭਰਾਵਾਂ, ਹਮਸਾਇਆਂ ਦੇ ਨਾਲ ਕਤਲ-ਓ-ਗਾਰਤ, ਜਬਰ-ਜਨਾਹ, ਆਤਿਸ਼ਜ਼ਨੀ ਦੇ ਬੇਇੰਤਹਾ ਜੁਰਮ ਕੀਤੇ; ਪਰ ਚੜ੍ਹਦੇ ਤੇ ਲਹਿੰਦੇ ਪੰਜਾਬ ਵਿਚ ਦੋਵੇਂ ਪਾਸੇ ਇਲਜ਼ਾਮ ਦੂਜੇ ਦੇ ਗਲ ਮੜ੍ਹ ਕੇ ਜੁਰਮ ਤੋਂ ਪਾਸਾ ਵੱਟਣ ਜਾਂ ਆਪਣੇ ਆਪ ਨੂੰ ਬਰੀ ਕਰਨ ਦੀ ਕੋਝੀ ਕੋਸ਼ਿਸ਼ ਕਰਦੇ ਰਹੇ ਹਾਂ। ਕਿੰਨਾ ਸੌਖਾ ਹੁੰਦਾ ਹੈ, ਦੂਜੇ ਸਿਰ ਪਹਿਲ ਦਾ ਇਲਜ਼ਾਮ ਲਾ ਕੇ ਆਪਣੇ ਪਾਗਲਪਨ ਜਾਂ ਚਿੱਟੇ-ਸਾਫ ਸਮੂਹਕ ਜੁਰਮ ਨੂੰ ਬਦਲੇ ਦੀ ਕਾਰਵਾਈ ਵਜੋਂ ਜਾਇਜ਼ ਕਰਾਰ ਦੇਣਾ ਤੇ ਆਪਣੇ ਜ਼ਮੀਰ 'ਤੇ ਕੋਈ ਭਾਰ ਨਾ ਪੈਣ ਦੇਣਾ।

ਅਸੀਂ ਆਪਣੇ-ਆਪਣੇ ਪਾਸੇ ਵੀ ਕਦੀ ਜੁੜ ਬੈਠ ਕੇ ਸੰਜੀਦਗੀ ਨਾਲ ਮਹਿਸੂਸ ਨਹੀਂ ਕੀਤਾ, ਵਿਚਾਰ ਨਹੀਂ ਕੀਤਾ ਕਿ ਸਾਡੇ ਚੰਗੇ-ਭਲੇ ਆਮ ਲੋਕਾਂ ਵਿਚ ਵੱਡੇ ਪੈਮਾਨੇ 'ਤੇ ਇੰਤਹਾ ਦੀ ਦਰਿੰਦਗੀ ਵਾਲੇ ਫਤੂਰ, ਇਕ-ਦੂਜੇ ਫਿਰਕੇ ਦੀਆਂ ਔਰਤਾਂ ਨਾਲ ਸ਼ੱਰੇਆਮ ਨਿਹਾਇਤ ਵਹਿਸ਼ੀਆਨਾ ਸਲੂਕ ਦੀ ਸ਼ਰਮ ਮੰਨਣ ਦੀ ਥਾਂ ਉਜੱਡਪੁਣਾ ਕਿਉਂ ਆ ਗਿਆ ਸੀ? ਕੀ ਐਸਾ ਫਿਰਕੂ ਰਾਖਸ਼ਪੁਣਾ ਸਾਡੇ ਅੰਦਰ ਹਾਲੇ ਵੀ ਛੁਪਿਆ ਤਾਂ ਨਹੀਂ ਪਿਆ? ਇੱਕੇ-ਦੁੱਕੇ ਹੱਸਾਸ ਸਿਆਣੇ ਬੰਦਿਆਂ ਨੂੰ ਛੱਡ ਕੇ ਅੱਜ ਤਾਈਂ ਕੋਈ ਖਾਸ ਤਸ਼ਵੀਸ਼ ਨਜ਼ਰ ਨਹੀਂ ਆਈ ਕਿ ਸਾਡੇ ਲੋਕਾਂ ਵਿਚ ਇਸ ਤਰ੍ਹਾਂ ਦਾ ਪਾਗਲਪਣ ਕਿਤੇ ਫੇਰ ਸਵਾਰ ਨਾ ਹੋ ਜਾਵੇ; ਕੋਈ ਉਪਰਾਲਾ ਸੋਚਿਆ ਜਾਵੇ, ਕੀਤਾ ਜਾਵੇ। ਸੰਨ 1984 ਵਿਚ ਹੋਏ ਦੰਗਿਆਂ ਵੇਲੇ ਬਹੁਤ ਸਾਰੇ ਡਰੇ ਹੋਏ ਲੋਕਾਂ ਨੂੰ ਕਾਫੀ ਹੱਦ ਤਕ ਸੰਨ ਸੰਤਾਲੀ ਦੀ ਭੁੱਲੀ ਹੋਈ ਵਹਿਸ਼ਤ ਤੇ ਦੰਗਿਆਂ ਦੀ ਯਾਦ ਆਈ ਸੀ।

ਅਮਰਜੀਤ ਚੰਦਨ ਸੋਚਦਾ ਤੇ ਮਹਿਸੂਸ ਕਰਦਾ ਹੈ ਕਿ ਪੰਜਾਬੀ ਲੋਕਾਂ ਦੇ ਸਿਰ 'ਤੇ ਸੰਤਾਲੀ ਦੇ ਗੁਨਾਹਾਂ ਦਾ ਪਿਆ ਭਾਰ ਕਫਾਰਾ ਕਰਨ ਪ੍ਰਾਸ਼ਚਿਤ ਕਰਨ ਨਾਲ ਭੁੱਲ ਬਖਸ਼ਾਉਣ ਨਾਲ ਹੀ ਹਟ ਸਕਦਾ ਹੈ। ਇਹਨੂੰ ਲੱਗਦਾ ਹੈ ਕਿ ਕੌਮੀ ਗੁਨਾਹਾਂ ਦਾ ਕਫਾਰਾ ਕਰਨ ਵਾਲੇ ਮੁਲਕਾਂ ਜਾਂ ਕੌਮਾਂ ਦੇ ਸਰਬਰਾਹ ਹੀ ਹੁੰਦੇ ਨੇ; ਪਰ ਇਸ ਵੇਲੇ ਦੋਵੇਂ ਪਾਸੇ ਦੇ ਪੰਜਾਬ ਵਿਚ ਕੋਈ ਐਸਾ ਸਰਕਾਰੀ ਅਹੁਦੇਦਾਰ ਜਾਂ ਕੋਈ ਹੋਰ ਸਿਰਕੱਢ ਲੀਡਰ, ਉੱਚੇ-ਸੁੱਚੇ ਇਖਲਾਕ ਵਾਲਾ ਬੰਦਾ ਹੈ ਨਹੀਂ, ਜੋ ਗੁਨਾਹਾਂ ਲਈ ਮੁਆਫੀ ਮੰਗੇ। ਜੋ ਧਿਰਾਂ ਉਸ ਵੇਲੇ ਹਥਿਆਰਾਂ ਨਾਲ ਲੈਸ ਜਥੇਬੰਦ ਹੋ ਕੇ ਇਕ-ਦੂਜੇ ਤਬਕੇ ਦੇ ਨਿਹੱਥੇ ਬੇਕਸੂਰ ਲੋਕਾਂ ਦੇ ਕਤਲ ਕਰਨ ਵਿਚ ਪੇਸ਼-ਪੇਸ਼ ਸਨ, ਉਨ੍ਹਾਂ ਕੋਲੋਂ ਐਸੀ ਉਮੀਦ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ। ਫੇਰ ਕੀਤਾ ਕੀ ਜਾਵੇ?

ਆਮ ਲੋਕ ਤਾਂ ਯਤਨ ਕਰ ਸਕਦੇ ਹਨ। ਜਿਵੇਂ 1971 ਵਿਚ ਪੂਰਬੀ ਬੰਗਾਲ (ਬੰਗਲਾਦੇਸ਼) ਵਿਚ ਔਰਤਾਂ ਨਾਲ ਪਾਕਿਸਤਾਨੀ ਫੌਜ ਦੇ ਢਾਹੇ ਜ਼ੁਲਮਾਂ ਲਈ ਪਾਕਿਸਤਾਨ ਦੇ ਵਿਮੇਨ'ਜ਼ ਐਕਸ਼ਨ ਫੋਰਮ ਨੇ ਪਾਕਿਸਤਾਨੀ ਜੁਰਮ ਦਾ ਇੰਕਸ਼ਾਫ ਕਰ ਕੇ ਸ਼ਰਮਿੰਦਗੀ ਜਾਹਰ ਕਰ ਕੇ ਮੁਆਫੀ ਮੰਗਣ ਦੀ ਹਿੰਮਤ ਕੀਤੀ ਸੀ।

ਪਰ ਐਸਾ ਉਪਰਾਲਾ ਵੀ ਉਦੋਂ ਹੀ ਮੁਮਕਿਨ ਹੁੰਦਾ ਹੈ, ਜੇ ਅਸੀਂ ਫਿਰਕੇ ਤੇ ਮੁਲਕੀ ਆਧਾਰ 'ਤੇ ਵੈਰ-ਭਾਵ ਤੇ ਰੜਕ ਤੋਂ ਮੁਕਤ ਹੋਈਏ। ਕਫਾਰੇ ਦੀ ਲੋੜ ਤਾਂ ਗੁਨਾਹ ਦੇ ਅਹਿਸਾਸ, ਸ਼ਰਮਿੰਦਗੀ, ਆਪਣੇ ਆਪ ਨਾਲ ਨਾਰਾਜ਼ਗੀ ਵਾਲੀ ਹਾਲਤ ਤੋਂ ਪੈਦਾ ਹੁੰਦੀ ਹੈ। ਇਹਦੀ ਤਹਿ ਵਿਚ ਸੁਲਾਹ-ਸਫਾਈ, ਜ਼ਖਮ ਭਰ ਕੇ, ਮਿੱਤਰਤਾ, ਭਾਈਚਾਰਾ ਕਾਇਮ ਕਰਨ ਦੀ ਖਾਹਿਸ਼ ਹੋਣੀ ਹੁੰਦੀ ਹੈ। ਜੇ ਪੰਜਾਬੀਆਂ ਨੇ ਆਪਸੀ ਪਛਾਣ ਹੀ ਫਿਰਕੇ ਦੇ ਤੌਰ 'ਤੇ ਵੰਡੇ ਹੋਏ ਲੋਕਾਂ ਵਾਲੀ ਬਣਾਈ ਹੋਵੇ, ਤਾਂ ਨਾ ਤੇ ਗੁਨਾਹਾਂ ਦੇ ਭਾਰ ਦਾ ਮਸਲਾ ਹੱਲ ਹੁੰਦਾ ਹੈ, ਨਾ ਹੀ ਕਫਾਰੇ ਦਾ ਸਵਾਲ। ਇਨਸਾਨੀ ਮੂਰਖਤਾ ਤੋਂ ਅਵੇਸਲਾ ਨਹੀਂ ਹੋਇਆ ਜਾ ਸਕਦਾ। ਇਨਸਾਨਾਂ ਵਿਚ ਗੈਰ-ਇਨਸਾਨੀ ਤੱਤ ਵੀ ਹੁੰਦਾ ਹੈ। ਵੈਸੇ ਵੀ ਇਸ ਯੁੱਗ ਨੂੰ 'ਏਜ ਆਵ ਐਂਗਰ' (ਗੁੱਸੇ ਵਾਲਾ ਯੁੱਗ) ਕਿਹਾ ਜਾਂਦਾ ਹੈ।

ਇਸ ਤੋਂ ਇਲਾਵਾ ਇਕ ਸੁਆਲ ਇਹ ਸੋਚਣ ਦਾ ਵੀ ਹੈ ਕਿ ਕੀ ਮੁਆਫੀ ਮੰਗਣ ਨਾਲ ਵਾਕਿਆ ਹੀ ਕੌਮਾਂ ਜਾਂ ਫਿਰਕਿਆਂ ਦੇ ਜ਼ਖਮ ਭਰ ਜਾਂਦੇ ਹਨ? ਕੀ ਵਿਕਟਿਮ ਦੀ ਦੂਜੀ ਧਿਰ ਦੀ ਸ਼ਮੂਲੀਅਤ ਤੋਂ ਬਿਨਾ ਮੁਆਫੀ ਹੋ ਸਕਦੀ ਹੈ? ਪਰ ਸ਼ਾਇਦ ਕਫਾਰਾ ਬਿਨਾ ਮੁਆਫੀ ਤੋਂ ਵੀ ਮੁਮਕਿਨ ਹੋ ਸਕਦਾ ਹੈ, ਜੇ ਪਹਿਲਾਂ ਫਿਰਕੇਦਾਰਾਨਾ ਦੂਸ਼ਣਬਾਜ਼ੀ ਨੂੰ ਰੋਕਿਆ ਜਾਵੇ, ਵੈਰ-ਭਾਵ ਤੋਂ ਮੁਕਤ ਹੋਇਆ ਜਾਵੇ, ਦੂਜਿਆਂ ਵਲ ਨਫਰਤ ਦੀ ਥਾਂ ਮੁਹੱਬਤੀ ਤੇ ਲਿਹਾਜ਼ਦਾਰ ਵਤੀਰਾ ਆਮ ਜਾਹਰ ਹੋਵੇ। ਐਸਾ ਰਵੱਈਆ ਤੇ ਸਲੂਕ ਖਾਮੋਸ਼ ਕਿਸਮ ਦੀ ਮੁਆਫੀ ਜਾਂ ਕਫਾਰੇ ਦਾ ਇਜ਼ਹਾਰ ਬਣ ਸਕਦਾ ਹੈ।

***-ਹਰੀਸ਼ ਪੁਰੀ (ਇਤਿਹਾਸਕਾਰ)***
***ਰਿਟਾਇਰਡ ਪ੍ਰੋਫੈਸਰ***
***ਗੁਰੂ ਨਾਨਕ ਦੇਵ ਯੂਨੀਵਰਸਟੀ।***

# ਆਪਣਾ ਦੁੱਖ ਜੁ ਸਾਂਝਾ ਹੈ...

ਪੰਜਾਬ 1947 ਮਨ ਚੋਟ ਹੈ। ਬਹੁਤਿਆਂ ਲਈ ਗਮਚੋਟ ਹੈ। ਅਮਰਜੀਤ ਚੰਦਨ ਨੇ ਲੇਖ ਸ਼ੁਰੂ ਫੈਜ਼ ਦੀ ਬਾਦਲੀਲ ਨਜ਼ਮ ਨਾਲ ਕੀਤਾ ਹੈ ਤੇ ਅੰਤ ਵੀ ਓਨੇ ਸੁਘੜ ਸੁਆਲ ਕਰਕੇ ਕਰ ਦਿੱਤਾ ਹੈ। ਅਖੀਰ 'ਚ ਤਾਂ ਗੇਂਦ ਨਿਰੀ ਪੰਜਾਬੀਆਂ ਦੇ ਪਾਲੇ ਵੱਲ ਨੂੰ ਕੀਤੀ ਹੈ-ਭਾਈ ਕੁਝ ਕਰ-ਮਰ ਲਓ। ਦੁਨੀਆਂ ਭਾਂਤ-ਭਾਂਤ ਦੀ ਹੈ। ਜੇ ਨਿਹੱਥਿਆਂ ਤੇ ਬੇਕਸੂਰਾਂ ਨੂੰ ਮਾਰਨ ਵਾਲੇ ਨਿਰਦੱਈਆਂ ਦਾ ਕੋਈ ਹਿਸਾਬ ਨਹੀਂ, ਤਾਂ ਜਾਨ ਜੋਖੋਂ 'ਚ ਪਾ ਕੇ ਸਰਬਤ ਦਾ ਭਲਾ ਸੋਚਣ ਵਾਲਿਆਂ ਦਾ ਵੀ ਕੋਈ ਅੰਤ ਨਹੀਂ। ਕਿਸੇ ਵੀ ਫਲ ਦੀ ਆਸ ਕੀਤਿਆਂ ਬਗੈਰ ਲੋਕਾਂ ਦੀ ਰੱਖਿਆ ਕਰਨ ਵਾਲੇ ਵੀ ਲੋਕ ਸਨ। ਉਹ ਕਾਮਰੇਡ ਸਨ।

ਸਾਡੇ ਪਿੰਡਾਂ ਲਾਗੇ ਕੋਟ ਬਾਦਲ ਖਾਨ ਤੇ ਤਲਵਣ 'ਚ ਸੁੱਖੀਂ-ਸਾਂਦੀਂ ਵਸਦੀ ਵੱਡੀ ਮੁਸਲਮਾਨ ਲੋਕਾਈ ਸੀ। ਰੌਲਿਆਂ 'ਚ ਇਨ੍ਹਾਂ ਦੀ ਜਾਨ ਬਚਾਉਂਦਾ ਕਾਮਰੇਡ ਨਿੱਕਾ ਬੀਰ ਸਿੰਘ ਜਾਨ ਦੇ ਗਿਆ ਸੀ। ਨਿੱਕੇ ਬੀਰ ਸਿੰਘ ਕਈ ਸਨ। ਹੋਰ ਤਾਂ ਹੋਰ ਅਕਾਲ ਸੈਨਿਕਾਂ ਨੇ ਤਾਂ ਕਾਮਰੇਡ ਗਹਿਲ ਸਿੰਘ ਛੱਜਲਵੱਡੀ ਨੂੰ ਵੀ ਨਹੀਂ ਸੀ ਬਖਸ਼ਿਆ। ਜਿਨ੍ਹਾਂ ਉਮਰਾਨੰਗਲੀਆਂ ਨੇ ਕਫਾਰਾ ਕਰ ਲਿਆ, ਆਪਣਾ ਮਨ ਦਾ ਭਾਰ ਲਾਹ ਲਿਆ; ਅੰਤਲੇ ਸਾਹ ਸੌਖੇ ਨਿਕਲੇ ਹੋਣਗੇ।

ਮੈਨੂੰ ਇਕ ਬਾਬਾ ਯਾਦ ਹੈ। ਹੁਣ ਇਸ ਦੁਨੀਆਂ 'ਚ ਤਾਂ ਹੈ ਨਹੀਂ। ਜਦ ਕਦੇ ਵੀ ਉਹਨੇ ਢਾਣੀ ਆ ਕੇ ਬਹਿਣਾ, ਛੇਤੀ ਕੇਸਾਂ 'ਚੋਂ ਕੰਘਾ ਕੱਢਣਾ ਤੇ ਲੱਤਾਂ-ਬਾਹਾਂ ਤੇ ਫੇਰਨ ਲੱਗ ਜਾਣਾ-ਕਦੇ ਕਦੇ ਬਹੁਤੇ ਜ਼ੋਰ ਨਾਲ। ਲਹੂ ਰਿਸਣ ਲੱਗਣਾ, ਤਾਂ ਕਈਆਂ ਨੂੰ ਅੱਲਕਾਂਦ ਆ ਜਾਣੀ ਤੇ ਉਹ ਮੂੰਹ ਪਰ੍ਹਾਂ ਕਰ ਲੈਂਦੇ; ਕਈ ਤਾਂ ਉੱਠ ਕੇ ਤੁਰ ਜਾਂਦੇ। ਉਹਨੂੰ ਚੰਬਲ ਹੋਈ-ਹੋਈ ਸੀ। ਕਿਸੇ ਨੇ ਕਹਿਣਾ, ਅਜੇ ਤਾਂ ਏਹਨੂੰ ਕੋਹੜ ਹੋਣਾ। ਰੌਲਿਆਂ 'ਚ ਇਹਨੇ ਨਿਹੱਥੇ ਮੁਸਲਮਾਨ ਮਾਰੇ ਹੋਏ ਆ। ਇਸ ਗੱਲ 'ਚ ਕਿੰਨੀ ਸੱਚਾਈ ਹੈ ਕਿ ਕਈਆਂ ਨੂੰ ਆਪਣਾ ਕੀਤਾ ਏਥੇ ਭੁਗਤਣਾ ਪੈਂਦਾ, ਕਈਆਂ ਨੂੰ ਅੱਗੇ ਜਾ ਕੇ। ਮੈਨੂੰ ਮਨੋ ਸਾਫ ਹੋ ਕੇ ਕਫਾਰਾ ਕਰ ਲੈਣ ਨਾਲੋਂ ਕੋਈ ਵੱਡਾ ਹੱਲ ਨਹੀਂ ਦਿਸਦਾ। ਜਿਨ੍ਹਾਂ ਦੇ ਸਾਹ ਹਨ, ਉਨ੍ਹਾਂ ਕੋਲ ਸੁਆਸ ਛੱਡਣ ਤੋਂ ਪਹਿਲਾਂ ਮੌਕਾ ਹੈ। ਇਹਦਾ ਫਾਇਦਾ ਲੈ ਲੈਣ ਤਾਂ ਭਲਾ ਹੋਊ! ਪਰ ਤੁਰ ਗਿਆਂ ਦੀ ਥਾਂ ਸਿਆਣੀ ਗੱਲ ਕੌਣ ਕਰੂ?

ਤਕਨੀਕੀ ਇਨਕਲਾਬ ਨਾਲ ਕਈ ਮੁਸ਼ਕਿਲਾਂ ਵੀ ਪੈਦਾ ਹੋ ਗਈਆਂ ਨੇ; ਪਰ ਸੌਖ ਵੀ ਹੋ ਗਈ ਹੈ। ਲਾਹੌਰ ਤੇ ਜਲੰਧਰ ਦੇ ਸੱਜਣ ਆਖਰੀ ਸਾਹਾਂ ਨੂੰ ਢੁੱਕੇ ਪੰਜਾਬੀ ਸਿਆਣਿਆਂ ਦੀਆਂ ਗੱਲਾਂ ਰਿਕਾਰਡ ਕਰ ਰਹੇ ਹਨ। ਇਨ੍ਹਾਂ 'ਚ ਸਭ ਤਰ੍ਹਾਂ ਦੀਆਂ ਕਹਾਣੀਆਂ ਹਨ-ਮਿੱਠੀਆਂ, ਖੱਟੀਆਂ ਤੇ ਥੂਹ ਕਰਨ ਵਾਲੀਆਂ ਕੌੜੀਆਂ; ਇਨ੍ਹਾਂ ਦੇ ਦੁੱਖ ਦੇਖੇ-ਸੁਣੇ ਨਹੀਂ ਜਾਂਦੇ। ਇਹ ਗੱਲਾਂ ਸੁਣ ਕੇ ਮੈਂ ਕਦੇ-ਕਦੇ ਲਾਹੌਰੀਆਂ ਨੂੰ ਫੋਨ ਕਰ ਲੈਂਦਾ ਹਾਂ। ਉਨ੍ਹਾਂ ਨਾਲ ਮਾੜੀ ਹੋਈ-ਕੀਤੀ ਦੀ ਮੁਆਫੀ ਮੰਗ ਲੈਂਦਾ ਹਾਂ। ਵਿਚ-ਵਿਚ ਕਈ ਪੁੱਛ ਲੈਂਦੇ ਹਨ: ਤੇਰੀ ਉਮਰ ਕਿੰਨੀ ਹੈ? ਮੈਂ ਦੱਸਦਾ ਹਾਂ ਕਿ ਮੇਰਾ ਜਨਮ ਰੌਲਿਆਂ ਤੋਂ ਨੌਂ ਦਸ-ਕੁ ਸਾਲ ਬਾਅਦ ਹੈ; ਮੇਰੇ ਘਰਦੇ ਵੀ ਲਾਇਲਪੁਰੋਂ ਉੱਜੜ ਕੇ ਆਏ ਸਨ। ਉਹ ਮੋੜ ਕੇ ਪੁੱਛਦੇ ਹਨ, ਤੇਰਾ ਕੀ ਕਸੂਰ, ਮਾਫੀ ਕਿਸ ਗੱਲ ਦੀ? ਮੈਂ ਆਖਦਾ ਹਾਂ, ਸਾਈਂ, ਆਪਣਾ ਦੁੱਖ ਜੁ ਸਾਂਝਾ ਹੈ।

ਜਿਨ੍ਹਾਂ ਤੋਂ ਹਿਸਾਬ ਮੰਗ ਸਕਦੇ ਸੀ, ਉਹ ਤਾਂ ਹੁਣ ਹੈ ਵੀ ਨਹੀ; ਜੇ ਹੁੰਦੇ ਵੀ ਤਾਂ ਕੀ ਉਹ ਪੈਰਾਂ 'ਤੇ ਪਾਣੀ ਪੈਣ ਦਿੰਦੇ? ਇਹ ਜ਼ਖਮ ਪੰਜਾਬੀਆਂ ਦਾ ਹੈ। ਇਹਦਾ ਇਲਾਜ ਵੀ ਅਸੀਂ ਹੀ ਕਰਨਾ ਹਾਂ।

***-ਸੁਖਦੇਵ ਸਿੱਧੂ***

## ਭਾਵਪੂਰਤ ਲਿਖਤ

'ਸੰਨ ਸੰਤਾਲੀ ਦੇ ਗੁਨਾਹਾਂ ਦਾ ਲੇਖਾ' ਉਸ ਵੇਲੇ ਦੇ ਸੰਗੀਨ ਹਾਲਾਤ ਬਾਰੇ ਅਮਰਜੀਤ ਚੰਦਨ ਦੀ ਬਹੁਤ ਹੀ ਭਾਵਪੂਰਤ ਲਿਖਤ ਹੈ। ਇਨ੍ਹਾਂ ਨੇ ਬਹੁਤ ਹੌਸਲੇ ਤੇ ਨਿਰਪੱਖਤਾ ਨਾਲ ਆਪਣੇ ਵਿਚਾਰ ਪੇਸ਼ ਕੀਤੇ ਹਨ। ਇਸ ਤਰ੍ਹਾਂ ਦੀਆਂ ਲਿਖਤਾਂ ਲਹਿੰਦੇ ਪੰਜਾਬੀਆਂ ਨੂੰ ਵੀ ਲਿਖਣੀਆਂ ਚਾਹੀਦੀਆਂ ਹਨ, ਤਾਂ ਕਿ ਦੋਹਾਂ ਪੰਜਾਬਾਂ ਵਿਚ ਸੰਤਾਲੀ ਦੇ ਘੱਲੂਘਾਰੇ ਬਾਰੇ ਨਿਰਪੱਖ ਹੋ ਕੇ ਜਾਣਿਆ ਜਾ ਸਕੇ; ਪਰ ਇਸ ਤਰ੍ਹਾਂ ਦੀਆਂ ਲਿਖਤਾਂ ਨੂੰ ਜੱਗ ਜਾਹਰ ਕਰਨ ਲਈ ਬਹੁਤ ਸਾਰੀਆਂ ਸਿਆਸੀ ਤੇ ਸਮਾਜੀ ਮੁਸ਼ਕਿਲਾਂ ਦਾ ਵੀ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਤਰ੍ਹਾਂ ਦੀ ਇਤਿਹਾਸਕ ਜਾਣਕਾਰੀ ਮਿਲਣ ਨਾਲ ਸਾਡਾ ਸਮਾਜ ਕਈ ਤਰ੍ਹਾਂ ਦੀਆਂ ਕੁਰੀਤੀਆਂ ਤੋਂ ਸੰਭਲ ਸਕਦਾ ਹੈ।

***-ਰੌਣਕੀ ਰਾਮ***
***ਸ਼ਹੀਦ ਭਗਤ ਸਿੰਘ ਚੇਅਰ ਪ੍ਰੋਫੈਸਰ,***
***ਪੰਜਾਬ ਯੂਨੀਵਰਸਿਟੀ ਚੰਡੀਗੜ੍ਹ।***

# ਸੰਨ ਸੰਤਾਲੀ ਦੇ ਗੁਨਾਹਾਂ ਦੇ ਲੇਖਾ: ਰੱਬ ਦੀ ਮਰਜ਼ੀ

**ਸਵਰਾਜਬੀਰ**

ਅਮਰਜੀਤ ਚੰਦਨ ਨੇ ਆਪਣੇ ਲੇਖ ਦਾ ਨਾਂ 'ਸੰਨ ਸੰਤਾਲੀ ਦੇ ਗੁਨਾਹਾਂ ਦਾ ਲੇਖਾ' ਰੱਖਿਆ ਹੈ। ਇਨ੍ਹਾਂ ਗੁਨਾਹਾਂ ਦਾ ਲੇਖਾ ਨਹੀਂ ਹੋ ਸਕਦਾ। ਮੈਂ ਛੇ-ਸੱਤ ਸਾਲ ਪਹਿਲਾਂ ਮਸ਼ਹੂਰ ਕਮਿਉਨਿਸਟ ਪੰਜਾਬੀ ਦਾਨਿਸ਼ਵਰ ਤਾਰਿਕ ਅਲੀ ਨਾਲ ਕੀਤੀ ਮੁਲਾਕਾਤ ਦੌਰਾਨ ਪੁੱਛਿਆ ਸੀ ਕਿ ਸੰਨ ਸੰਤਾਲੀ ਦੀ ਵੰਡ ਕਿਉਂ ਹੋਈ? ਉਹਨੂੰ ਅੱਗੋਂ ਗੱਲ ਨਾ ਅਹੁੜੀ। ਉਹਨੇ ਕਿਹਾ, "ਰੱਬ ਦੀ ਮਰਜ਼ੀ।"

ਮੈਂ ਆਪਣੇ ਨਾਟਕ 'ਪੁਲਸਿਰਾਤ' ਵਿਚ ਪਿੰਡ (ਮਲੌਵਾਲੀ/ਨਵਾਂ ਪਿੰਡ, ਜਿਲਾ ਗੁਰਦਾਸਪੁਰ) ਵਿਚ ਰਹਿੰਦੀ ਔਰਤ 'ਨਾਮੋ' ਦੀ ਕਹਾਣੀ ਲਿਖੀ ਹੈ, ਜੋ ਉਸ ਉਜਾੜੇ ਵੇਲੇ ਉਧਾਲੀ ਗਈ ਤੇ ਸਿੱਖ ਬਣਾ ਕੇ ਪਿੰਡ ਦੇ ਬੰਦੇ ਦੇ ਘਰ ਵਸਾਈ ਗਈ। ਉਹਦੇ ਦੋ ਪੁੱਤਰ ਸਨ। ਉਹ ਕਮਲੀ ਹੋ ਗਈ ਸੀ। ਉਹ ਸਵੇਰੇ ਉਠ ਕੇ ਸੂਏ 'ਤੇ ਨਹਾਉਣ ਜਾਂਦੀ ਤੇ ਨਹਾਉਂਦਿਆਂ-ਨਹਾਉਂਦਿਆਂ ਉੱਚੀ-ਉੱਚੀ ਬੋਲਦੀ, "ਨਾਮੋ ਸੁਵੱਖਤੇ ਉਠਦੀ ਐ...ਨਾਮੋ ਇਸ਼ਨਾਨ ਕਰਦੀ ਐ, ਭਾਈ (ਗੁਰਦੁਆਰੇ ਵਾਲਾ) ਉਠਦਾ ਈ ਨਹੀਂ; ਨਾਮੋ ਪਾਠ ਕਰਦੀ ਐ, ਭਾਈ ਪਾਠ ਨਹੀਂ ਕਰਦਾ; ਨਾਮੋ ਸਿੱਖ ਐ ਸਿੱਖ...ਭਾਈ...।"

ਉਹ ਏਦਾਂ ਕਿਉਂ ਬੋਲਦੀ ਸੀ? ਉਹਦੇ ਮਨ ਵਿਚ ਕੀ ਦੱਬਿਆ ਸੀ? ਕੀ ਜਬਰੀ ਕਿਸੇ ਦਾ ਧਰਮ ਬਦਲਣਾ ਜਾਨੋਂ ਮਾਰਨ ਤੋਂ ਵੀ ਵੱਡੀ ਸਜ਼ਾ ਹੈ? ਕੁਲਵੰਤ ਸਿੰਘ ਵਿਰਕ ਦਾ ਆਪਣੀ ਕਹਾਣੀ 'ਖੱਬਲ' ਵਿਚ ਕੱਢਿਆ ਨਤੀਜਾ ਗਲਤ ਵੀ ਹੈ ਤੇ ਠੀਕ ਵੀ। ਜੜ੍ਹੋਂ ਪੁੱਟੇ ਬੰਦੇ ਦੀ ਜੜ੍ਹ ਨਹੀਂ ਲੱਗਦੀ ਤੇ ਲੱਗ ਵੀ ਜਾਂਦੀ ਹੈ। ਕੁਲਵੰਤ ਸਿੰਘ ਵਿਰਕ ਬਹੁਤਾ ਠੀਕ ਨਹੀਂ ਹੈ। ਅਸੀਂ ਗੁਨਾਹਾਂ ਦਾ ਕਫਾਰਾ ਨਹੀਂ ਕਰਦੇ। ਅਸੀਂ ਗੁਨਾਹ ਕਰਦੇ ਜਾਂਦੇ ਹਾਂ। ਇਹ ਮਨੁੱਖੀ ਫਿਤਰਤ ਹੈ। ਮੈਂ ਇਹ ਨਾਟਕ ਕਿਉਂ ਲਿਖਿਆ? 1993 ਵਿਚ ਅੰਮ੍ਰਿਤਸਰ ਰਹਿੰਦਿਆਂ ਮੇਰੇ ਪਿਤਾ ਦਾ ਦੇਹਾਂਤ ਹੋ ਗਿਆ। ਪਿੰਡੋਂ ਇਕ ਬੰਦਾ ਉਸ ਟੱਬਰ 'ਚੋਂ ਅਫਸੋਸ ਕਰਨ ਆਇਆ, ਜਿਨ੍ਹਾਂ ਨੂੰ ਪਿੰਡ ਦੇ ਲੋਕ 'ਸਰਦਾਰ' (ਵੱਡੇ ਬੰਦੇ) ਕਹਿੰਦੇ ਸਨ। ਮੈਂ ਉਸ ਤੋਂ ਨਾਮੋ ਦਾ ਹਾਲ ਪੁੱਛਿਆ। ਮੇਰੀ ਯਾਦ (ਮੈਂ ਉਹਨੂੰ ਬਚਪਨ ਵਿਚ ਵੇਖਿਆ ਸੀ) ਵਿਚ ਉਹ ਡਰਦੀ ਹੋਈ, ਲੁਕ-ਲੁਕ ਬਹਿੰਦੀ ਚਿੱਟੇ ਵਾਲਾਂ ਵਾਲੀ ਔਰਤ ਸੀ; ਜਿਹਨੂੰ ਮੇਰੀ ਮਾਂ ਰੋਟੀ ਦਿੰਦੀ, ਤਾਂ ਉਹ ਵਿਹੜੇ ਦੀ ਨੁੱਕਰ ਵਿਚ ਜਾ ਕੇ ਖਾਂਦੀ; ਟੁੱਕਰ-ਟੁੱਕਰ ਏਧਰ ਓਧਰ ਵੇਂਹਦੀ ਰਹਿੰਦੀ ਜਿਵੇਂ ਰੋਟੀ ਕਿਸੇ ਨੇ ਖੋਹ ਲੈਣੀ ਹੋਵੇ। ਸਰਦਾਰ, ਜੋ ਮੇਰੇ ਤੋਂ ਕਾਫੀ ਵੱਡੀ ਉਮਰ ਦਾ ਸੀ, ਹੱਸਿਆ ਤੇ ਉਹਨੇ ਕਿਹਾ, "ਤੈਨੂੰ ਨਾਮੋ ਦਾ ਕੀ ਪਤਾ? ਅਸੀਂ ਜਦੋਂ ਜਵਾਨ ਸਾਂ, ਤਾਂ ਨਾਮੋ ਲਈ ਗਾਉਣ ਬਣਾਇਆ ਸੀ, 'ਛੋਲਿਆਂ ਦੀ ਦਾਲ ਕਰਾਰੀ, ਤੜਕਾ ਲਾ ਨਾਮੋ'।" ਮਤਲਬ ਉਹਦੇ ਪਰਿਵਾਰ ਨੂੰ ਮਾਰਨ, ਉਹਨੂੰ ਉਧਾਲ ਕੇ ਸਿੱਖ ਬਣਾਉਣ, ਜਬਰੀ ਵਿਆਹ ਕਰਨ, ਉਹਨੂੰ ਪਾਗਲ ਕਰ ਛੱਡਣ ਬਾਅਦ ਵੀ ਸਾਡਾ ਮਨ ਨਹੀਂ ਸੀ ਭਰਿਆ। ਉਹਦਾ ਘਰ ਵਾਲਾ ਮਰ ਗਿਆ ਸੀ। ਉਹ ਪਿੰਡ ਦੇ ਮੁੰਡਿਆਂ ਦਾ ਨਿਸ਼ਾਨਾ ਬਣੀ ਸੀ।

ਵੰਡ ਦੇ ਦੁੱਖਾਂ ਦੀਆਂ ਬਹੁਤ ਕਹਾਣੀਆਂ ਲਿਖੀਆਂ ਗਈਆਂ ਨੇ। ਮੰਟੋ, ਰਾਜਿੰਦਰ ਸਿੰਘ ਬੇਦੀ, ਅੰਮ੍ਰਿਤਾ ਪ੍ਰੀਤਮ, ਯਸ਼ਪਾਲ, ਅਹਿਮਦ ਨਦੀਮ ਕਾਸਮੀ, ਉਰਵਸ਼ੀ ਬੁਟਾਲੀਆ, ਰਿਤੂ ਮੈਨਨ, ਕਮਲਾ ਭਸੀਨ। ਸਾਹਿਤਕਾਰ, ਇਤਿਹਾਸਕਾਰ, ਸਮਾਜ ਸ਼ਾਸਤਰੀ-ਅਸੀਂ ਸਭ ਕੀ ਕਰ ਰਹੇ ਹਾਂ? ਗੁਰਦੇਵ ਸਿੰਘ ਰੁਪਾਣਾ ਆਪਣੀ ਕਹਾਣੀ 'ਸ਼ੀਸ਼ਾ' ਵਿਚ ਦੱਸਦਾ ਹੈ ਕਿ ਪਿੰਡ ਵਾਲੇ ਇਕ ਬੰਦੇ ਦੇ ਚੁੱਪ-ਚਾਪ ਬਿਨਾ ਤਕਲੀਫ ਤੋਂ ਮਰ ਜਾਣ ਦਾ ਕਾਰਨ ਉਹਦਾ ਸੰਤਾਲੀ ਵੇਲੇ ਕੀਤਾ 'ਪੁੰਨ' ਦੱਸਦੇ ਹਨ (ਜਦ ਧਾੜ ਨੇ ਮੁਸਲਮਾਨ ਮਰਦਾਂ ਔਰਤਾਂ ਨੂੰ ਮਾਰ ਦਿੱਤਾ, ਤਾਂ ਉਹਨੇ ਸਿਸਕਦੇ ਬਾਲਾਂ ਦੇ ਸਿਰ ਵੱਢ ਕੇ ਨਹਿਰ ਵਿਚ ਸੁੱਟੇ ਸਨ)। ਇਕ ਹੋਰ ਲੋਕ



ਗੀਤ ਹੈ,

ਮੰਜਾ ਹਿੱਲਿਆ, ਪੀੜ੍ਹੀ ਹਿੱਲੀ,
ਸੁੱਤੇ ਬਾਲ ਜਗਾ ਗਿਆ।
ਸੁੱਤੀ ਸੀ ਬੇਗਮ ਦੁਨੀਆਂ,
ਭੁਚਾਲ ਕਿੱਥੋਂ ਆ ਗਿਆ।
ਹਿੰਦੂ ਵੱਢੇ, ਮੁਸਲਮਾਨ ਵੱਢੇ,
ਸਿੱਖ ਸ਼ਹੀਦੀ ਪਾ ਗਿਆ।

'ਆਪਣੇ' ਸ਼ਹੀਦੀਆਂ ਪਾਉਂਦੇ ਹਨ; 'ਉਹ' ਬੇਗੁਨਾਹ ਤੇ ਮਾਸੂਮ ਹਨ; 'ਦੂਸਰੇ' ਵੱਢੇ ਜਾਂਦੇ ਹਨ; 'ਉਹ' ਜ਼ਾਲਮ ਹਨ।" ਗੁਨਾਹਾਂ ਦਾ ਕਫਾਰਾ ਕਿਹਨੇ ਕਰਨਾ ਹੈ; ਜਿਵੇਂ ਸਾਡੇ ਪਿੰਡ ਦੇ ਸਰਦਾਰ ਨੇ ਦੱਸਿਆ ਸੀ, ਅਸੀਂ ਤਾਂ ਉਧਾਲੀਆਂ-ਮਧੋਲੀਆਂ ਔਰਤਾਂ ਦੇ ਵੀ ਗਾਉਣ ਬਣਾ ਲਏ।

ਕਈਆਂ ਨੇ ਉਨ੍ਹਾਂ ਲੋਕਾਂ ਦੀਆਂ ਕਹਾਣੀਆਂ ਵੀ ਦੱਸੀਆਂ ਸਨ, ਜਿਨ੍ਹਾਂ ਨੇ ਮਜ਼ਲੂਮਾਂ ਨੂੰ ਬਚਾਇਆ। ਉਹ ਸੱਚੇ ਇਨਸਾਨ ਸਨ। ਇਸੇ ਲੇਖ ਵਿਚ ਅਮਰਜੀਤ ਚੰਦਨ ਨੇ ਕਾਮਰੇਡ ਤੇਜਾ ਸਿੰਘ ਸੁਤੰਤਰ ਤੇ ਇੰਦਰ ਸਿੰਘ ਮੁਰਾਰੀ ਦੀ ਬਾਤ ਪਾਈ ਹੈ। ਇਸ਼ਤਿਆਕ ਅਹਿਮਦ, ਸਾਂਵਲ ਧਾਮੀ ਤੇ ਹੋਰਨਾਂ ਨੇ ਅਜਿਹੇ ਹੋਰ ਸੱਜਣਾਂ ਬਾਰੇ ਲਿਖਿਆ ਹੈ। ਜਾਨਾਂ ਬਚਾਉਣ ਵਾਲਿਆਂ ਵਿਚ ਕਮਿਉਨਿਸਟਾਂ ਦੇ ਨਾਲ-ਨਾਲ ਆਮ ਲੋਕਾਂ ਦੇ ਨਾਂ ਵੀ ਆਉਂਦੇ ਹਨ। ਮਾਰਨ ਵਾਲਿਆਂ ਵਿਚ ਸਾਡਾ ਸਾਰਿਆਂ ਦਾ ਨਾਂ ਹੈ।

ਵੰਡ ਨੇ ਸਾਨੂੰ ਅੱਧੇ-ਅਧੂਰੇ ਕਰ ਦਿੱਤਾ। ਸਾਡੇ ਕੰਨਾਂ ਨੇ ਹੁਣ ਕਦੇ ਦਰਗਾਹਾਂ ਤੇ ਮਸੀਤਾਂ 'ਚੋਂ ਉੱਠਦੇ ਬੋਲ ਨਹੀਂ ਸੁਣਨੇ; ਲਹਿੰਦੇ ਪੰਜਾਬ ਦੇ ਪਿੰਡਾਂ ਵਿਚ ਗੁਰਦੁਆਰੇ ਤੇ ਮੰਦਿਰ ਹਮੇਸ਼ਾ ਲਈ ਖਾਮੋਸ਼ ਹੋ ਗਏ ਹਨ।

ਇਸ ਲੇਖ ਵਿਚ ਅਮਰਜੀਤ ਚੰਦਨ ਰੋ ਰਿਹਾ ਹੈ। ਉਹ ਕਿਹਨੂੰ ਸਵਾਲ ਪੁੱਛ ਰਿਹਾ ਹੈ? ਪੰਜਾਬ ਦੀ ਵੰਡ ਦੇ ਸਮਿਆਂ ਵਿਚੋਂ ਲੰਘਦਿਆਂ ਅਬਦੁੱਲਾ ਹੁਸੈਨ ਨੇ ਆਪਣੇ ਨਾਵਲ 'ਉਦਾਸ ਨਸਲੇਂ' ਵਿਚ ਵੰਡ ਦੇ ਸਮੇਂ ਨੂੰ ਏਤਰਾਂ ਚਿਤਰਿਆ ਸੀ,

ਨੰਗੀਆਂ ਟਾਹਣੀਆਂ 'ਤੇ ਬੈਠੇ ਪਰਿੰਦੇ
ਚੋਗ ਦੀ ਉਮੀਦ ਵਿਚ
ਇਕ ਦੂਸਰੇ ਨੂੰ ਦਿਲਾਸਾ ਦੇ ਰਹੇ ਨੇ।
ਥੱਲੇ ਉਨ੍ਹਾਂ ਦੇ ਖੁਦਾਵਾਂ ਦੇ ਕਾਰਵਾਂ
ਆਪਣੀ ਆਪਣੀ ਹਮਦੋ-ਸਨਾ (ਸ਼ਲਾਘਾ) ਗਾਉਂਦੇ
ਗੁਜ਼ਰ ਰਹੇ ਨੇ।
ਪਰ ਰੁੱਖ ਕਿੱਥੇ ਨੇ?

ਮੈਂ ਦੁਨੀਆਂ ਦੇ ਚੌਰਾਹਿਆਂ 'ਤੇ ਬਹਿ ਕੇ
ਭਿਖਿਆ ਮੰਗਦਾ ਹਾਂ
ਤੇ ਦੁਨੀਆਂ 'ਚ ਪੈਗੰਬਰ ਆਉਣੇ ਬੰਦ ਹੋ ਚੁਕੇ ਨੇ।
ਹੁਣ ਲੋਕ ਸਿਰਫ ਕਹਾਣੀਆਂ ਸੁਣਾ ਕੇ ਚਲੇ ਜਾਂਦੇ ਨੇ।
ਪਰ ਲੋਕ ਕਿੱਥੇ ਨੇ?

ਅਮਰਜੀਤ ਚੰਦਨ ਵੀ ਇਹੀ ਸਵਾਲ ਪੁੱਛ ਰਿਹਾ ਹੈ ਕਿ ਲੋਕ ਕਿੱਥੇ ਹਨ? ਉਹ ਆਪ ਹੀ ਨਿਤਾਰਾ ਕਰਦਾ ਹੈ ਕਿ ਜੇ ਪੰਜਾਬੀ ਕਿਤੇ ਰਲ ਬਹਿਣ ਬਾਰੇ ਸੋਚਣ ਵੀ ਤਾਂ, "ਸਾਰੇ ਰਲ ਕੇ ਬੈਠਣਗੇ ਕਿਹੜੀ ਥਾਂ? ਉਹ ਥਾਂ ਕਿੱਥੇ ਹੈ?" ਚੰਦਨ ਕਹਿੰਦਾ ਹੈ, "ਪੰਜਾਬੀ ਕੌਮ ਦਾ ਲੱਜਪਾਲ ਕੋਈ ਨਹੀਂ...ਵਾਹਗੇ ਦੇ ਦੋਹਵੀਂ ਪਾਸੀਂ ਪੰਜਾਬੀ ਹੁਕਮਰਾਨ ਜਮਾਤਾਂ ਨੇ ਉਹਦੀ (ਸਾਡੇ ਮਜਮੂਈ ਸ਼ਊਰ/ਕਲੈਕਟਿਵ ਕੌਨਸ਼ਿਐਂਸ ਦੀ) ਸੂਰਤ ਆਪਣੇ ਵਰਗੀ ਕੁਹਜੀ ਬਣਾ ਛੱਡੀ ਏ।" ਅਸੀਂ ਤਾਂ ਹੁਣ ਇਸੇ ਕੁਹਜ ਦੇ ਸਹਾਰੇ ਜੀਂਦੇ ਹਾਂ।

ਗੋਰਕੀ ਨੇ ਲਿਖਿਆ ਸੀ, "ਬੰਦਾ ਬੰਦੇ ਦੇ ਪਿਆਰ ਲਈ ਤਰਸਦਾ ਏ; ਤੇ ਜਦ ਬੰਦਾ ਭੁੱਖਾ ਹੋਵੇ, ਤਾਂ ਅੱਧਪੱਕਿਆ (ਅੱਧਾ ਕੱਚਾ) ਫੁਲਕਾ ਵੀ ਸਵਾਦ ਲੱਗਦਾ ਏ।" ਅਸੀਂ ਪੰਜਾਬੀ ਉਸ ਅਧਪੱਕੀ (ਅੱਧੀ ਕੱਚੀ) ਰੋਟੀ ਦੇ ਟੁੱਕ ਲਈ ਤਰਸ ਰਹੇ ਹਾਂ। ਸ਼ਾਇਦ, ਅਸੀਂ ਏਦਾਂ ਹੀ ਮਰ-ਮੁੱਕ ਜਾਣਾ ਹੈ। ਸਾਡੀ ਕੌਮ ਦੇ ਨਕਸ਼ ਹਮੇਸ਼ਾ ਅਧੂਰੇ ਰਹਿਣੇ ਹਨ। ਕਈ ਕੌਮਾਂ ਦੀ ਹੋਣੀ ਵਿਚ ਏਹੀ ਲਿਖਿਆ ਹੁੰਦਾ ਹੈ।


# ਚਾਰਲੀ ਚੈਪਲਿਨ ਦੀ ਸ਼ਾਹਕਾਰ ਫਿਲਮ: ਸਿਟੀ ਲਾਈਟਸ


ਵਿਰਾਸਤ-ਏ-ਸਿਨੇਮਾ



ਡਾ. ਕੁਲਦੀਪ ਕੌਰ
ਫੋਨ: +91-98554-04330


***ਡਾ. ਕੁਲਦੀਪ ਕੌਰ ਇਸ ਕਾਲਮ ਰਾਹੀਂ ਸੰਸਾਰ ਸਿਨੇਮਾ ਦੇ ਉਨ੍ਹਾਂ ਫਿਲਮਸਾਜ਼ਾਂ ਦੀ ਸਿਰਜਣਾ ਬਾਰੇ ਸੰਵਾਦ ਰਚਾ ਰਹੇ ਹਨ ਜਿਨ੍ਹਾਂ ਲਈ ਫਿਲਮਾਂ ਬਣਾਉਣਾ ਸਾਹ ਲੈਣ ਵਾਂਗ ਹੈ। ਐਤਕੀਂ ਸੰਸਾਰ ਪ੍ਰਸਿੱਧ ਫਿਲਮਸਾਜ਼ ਚਾਰਲੀ ਚੈਪਲਿਨ ਦੀ ਫਿਲਮ 'ਸਿਟੀ ਲਾਈਟਸ' ਬਾਰੇ ਚਰਚਾ ਕੀਤੀ ਗਈ ਹੈ। ਇਸ ਫਿਲਮ ਵਿਚ ਗੁਰਬਤ ਮਾਰੇ ਲੋਕਾਂ ਦੀ ਮਾਰਮਿਕ ਹਾਲਤ ਬਿਆਨ ਕੀਤੀ ਗਈ ਹੈ। -ਸੰਪਾਦਕ***






*ਫਿਲਮ 'ਸਿਟੀ ਲਾਈਟਸ' ਦਾ ਪੋਸਟਰ ਅਤੇ (ਸੱਜੇ) ਇਕ ਦ੍ਰਿਸ਼ ਵਿਚ ਚਾਰਲੀ ਚੈਪਲਿਨ ਤੇ ਅਦਾਕਾਰਾ ਵਰਜੀਨੀਆ ਸ਼ੈਰਿਲ।*

ਚਾਰਲੀ ਚੈਪਲਿਨ ਨੂੰ ਸਾਰੀ ਦੁਨੀਆ ਕਾਮੇਡੀ ਕਲਾਕਾਰ ਅਤੇ ਇਸ ਤੋਂ ਵੀ ਵੱਧ ਮਸਖਰੇ ਦੇ ਤੌਰ 'ਤੇ ਜਾਣਦੀ ਹੈ। ਉਸ ਦੀਆਂ ਫਿਲਮਾਂ ਵਿਚ ਤਰਾਸਦੀ ਹਾਸਿਆਂ ਥੱਲੇ ਲੁਕ ਜਾਂਦੀ ਹੈ ਅਤੇ ਸਦਮੇ ਉਸ ਦੀ ਸਰੀਰਕ ਲਚਕ ਤੇ ਤਰਲਤਾ ਅੱਗੇ ਰਵਾਂ ਹੋ ਜਾਂਦੇ ਹਨ। ਲੰਡਨ ਦੀ ਠੰਢੀਆਂ ਤੇ ਨਿਰਮੋਹੀਆਂ ਸੜਕਾਂ 'ਤੇ ਰੁਲਦਾ ਨਿੱਕੇ ਜਿਹੇ ਕੱਦ ਦਾ ਇਹ ਮੁੰਡਾ ਜਦੋਂ ਸੰਗੀਤਕ ਪੇਸ਼ਕਾਰੀਆਂ ਵਿਚ ਧਾਂਕ ਜਮਾਉਣ ਤੋਂ ਬਾਅਦ ਫਿਲਮ ਬਣਾਉਣ ਦੇ ਖੇਤਰ ਵਿਚ ਆਉਂਦਾ ਹੈ ਤਾਂ ਉਸ ਨੂੰ ਖੁਦ ਨੂੰ ਵੀ ਸ਼ਾਇਦ ਇਹ ਅੰਦਾਜ਼ਾ ਨਹੀਂ ਹੁੰਦਾ ਕਿ ਕਿਵੇਂ ਉਸ ਨੇ ਆਪਣੀ ਸਾਫਗੋਈ ਤੇ ਸਾਦਾ-ਦਿਲੀ ਨਾਲ ਦੁਨੀਆ ਦੇ ਕਰੋੜਾਂ ਲੋਕਾਂ ਦੇ ਦਿਲਾਂ 'ਤੇ ਰਾਜ ਕਰਨਾ ਹੈ।


ਚਾਰਲੀ ਚੈਪਲਿਨ ਨੇ ਜਦੋਂ 'ਸਿਟੀ ਲਾਈਟਸ' ਬਣਾਈ ਤਾਂ ਉਸ ਸਮੇਂ ਉਸ ਦਾ ਮੂਕ ਫਿਲਮਾਂ ਦੇ ਸਭ ਤੋਂ ਵੱਡੇ ਸਿਤਾਰੇ ਦੇ ਤੌਰ 'ਤੇ ਫਿਲਮੀ ਜਗਤ ਵਿਚ ਡੰਕਾ ਵੱਜ ਰਿਹਾ ਸੀ। ਉਸ ਦੇ ਸਾਥੀਆਂ ਨੇ ਉਸ ਨੂੰ ਸਲਾਹ ਦਿੱਤੀ ਕਿ ਉਹ ਹੁਣ ਮੂਕ ਫਿਲਮਾਂ ਦਾ ਮੋਹ ਛੱਡ ਕੇ ਬੋਲਣ ਵਾਲੀਆਂ ਫਿਲਮਾਂ ਬਣਾਵੇ ਕਿਉਂਕਿ ਮੂਕ ਫਿਲਮਾਂ ਦਾ ਦੌਰ ਉਤਾਰ 'ਤੇ ਹੈ। ਇਸ ਦੇ ਬਾਵਜੂਦ ਚਾਰਲੀ ਚੈਪਲਿਨ ਨੇ ਨਾ ਸਿਰਫ ਇਹ ਫਿਲਮ ਖੁਦ ਲਿਖੀ ਸਗੋਂ ਇਹ ਫਿਲਮ ਉਸ ਸਾਲ ਦੀ ਸਭ ਤੋਂ ਵੱਧ ਕਮਾਈ ਵਾਲੀ ਫਿਲਮ ਬਣ ਗਈ। ਇਸ ਦਾ ਕਾਰਨ ਸ਼ਾਇਦ ਇਹ ਸੀ ਕਿ ਉਹ ਆਪਣੇ ਦਰਸ਼ਕਾਂ ਦੀ ਨਬਜ਼ ਪੜ੍ਹ ਸਕਦਾ ਸੀ, ਉਸ ਕੋਲ ਉਨ੍ਹਾਂ ਦੀ ਜ਼ੁਬਾਨ ਵਿਚ ਗੱਲ ਕਰਨ ਦਾ ਹੁਨਰ ਸੀ ਤੇ ਉਹ ਆਪਣੇ ਦਰਸ਼ਕਾਂ ਦੇ ਲਗਾਤਾਰ ਕੁਤਕੁਤਾਰੀਆਂ ਕੱਢ ਸਕਦਾ ਸੀ। ਉਸ ਨੇ 'ਕਿਡ ਆਟੋ ਰੇਸਜ਼ ਐਟ ਵੀਨਸ' ਫਿਲਮ ਰਾਹੀ ਟਰੈਂਪ ਨਾਮ ਦਾ ਕਿਰਦਾਰ ਪੈਦਾ ਕੀਤਾ ਜਿਸ ਨੂੰ ਉਸ ਨੇ ਆਪਣੇ ਫਿਲਮੀ ਜੀਵਨ ਦਾ ਮੁੱਖ ਧੁਰਾ ਬਣਾ ਲਿਆ। ਉਹ ਇਸ ਕਿਰਦਾਰ ਨਾਲ ਇੰਨਾ ਇੱਕ-ਮਿੱਕ ਹੋ ਗਿਆ ਕਿ ਹੌਲੀ-ਹੌਲੀ ਲੋਕਾਂ ਨੂੰ ਅਸਲ ਚਾਰਲੀ ਚੈਪਲਿਨ ਭੁੱਲ ਹੀ ਗਿਆ। ਇਹ ਸ਼ਾਇਦ ਪਹਿਲੀ ਅਜਿਹੀ ਉਦਾਹਰਨ ਹੈ ਜਿੱਥੇ ਸਿਰਜਣਹਾਰੇ ਤੋਂ ਉਸ ਦੇ ਸਿਰਜੇ ਕਿਰਦਾਰ ਨੇ ਉਸ ਦੀ ਪਛਾਣ ਹੀ ਚੋਰੀ ਕਰ ਲਈ ਪਰ ਉਸ ਨੂੰ ਹਮੇਸ਼ਾ ਲਈ ਇਤਿਹਾਸ ਦੇ ਪੰਨਿਆਂ 'ਤੇ ਅਮਰ ਕਰ ਦਿੱਤਾ।

ਸ਼ੁਰੂਆਤੀ ਦੌਰ ਵਿਚ ਉਸ ਦਾ ਇਹ ਕਿਰਦਾਰ ਅਮਰੀਕਾ ਵਿਚ ਪਹੁੰਚ ਰਹੇ ਨਵੇਂ-ਨਵੇਂ ਰਫਿਊਜੀਆਂ ਅਤੇ ਪਰਵਾਸੀਆਂ ਦੇ ਤਜਰਬਿਆਂ, ਉਨ੍ਹਾਂ ਦੀਆਂ ਰੋਜ਼ਮੱਰਾ ਸੱਮਸਿਆਵਾਂ ਤੇ ਉਨ੍ਹਾਂ ਦੇ ਨਵੀਂ ਜ਼ਿੰਦਗੀ ਦੇ ਡਰਾਂ/ਸੰਸਿਆਂ ਨੂੰ ਸੰਬੋਧਿਤ ਹੁੰਦਾ ਹੈ। ਉਨ੍ਹਾਂ ਲੋਕਾਂ ਨੂੰ ਅਮਰੀਕੀ ਘਰਾਂ ਤੇ ਬਾਜ਼ਾਰਾਂ ਵਿਚ ਕਿਵੇਂ ਦੇਖਿਆ ਤੇ ਸਮਝਿਆ ਜਾਂਦਾ ਹੈ, ਉਹ ਆਪਣੇ ਪਾਲਣ-ਪੋਸ਼ਣ ਲਈ ਕਿਸ ਤਰ੍ਹਾਂ ਦੇ ਕੰਮ-ਧੰਦਿਆਂ ਦੀ ਚੋਣ ਕਰਦੇ ਹਨ, ਉਨ੍ਹਾਂ ਦਾ ਅਮਰੀਕੀ ਤਰਜ਼ੇ-ਜ਼ਿੰਦਗੀ ਵਿਚ ਕੀ ਦਖਲ ਹੈ, ਉਸ ਦੇ ਕਿਰਦਾਰ ਨੂੰ ਪੂਰੀ ਸਮਝ ਹੈ ਕਿ ਉਸ ਨੂੰ ਵੀ ਇਨ੍ਹਾਂ ਰਫਿਊਜੀਆਂ ਤੇ ਪਰਵਾਸੀਆਂ ਵਾਂਗ ਕਿਤੇਂ ਵੀ ਕੋਈ ਬਹੁਤਾ ਪਸੰਦ ਨਹੀਂ ਕਰਦਾ ਪਰ ਉਸ ਦਾ ਕਿਰਦਾਰ ਹਰ ਤਰ੍ਹਾਂ ਦੀ ਗਤੀਵਿਧੀ ਵਿਚ ਧੱਕੇ ਨਾਲ ਜਾ ਵੜਦਾ ਹੈ ਤੇ ਉਦੋਂ ਤੱਕ ਹਾਰ ਨਹੀਂ ਮੰਨਦਾ ਜਦੋਂ ਤੱਕ ਉਸ ਨੂੰ ਸਰਕਾਰੀ ਮਸ਼ੀਨਰੀ (ਪੁਲਿਸ ਵਾਲੇ ਤੇ ਫੌਜੀ ਜੋ ਉਸ ਦੀਆਂ ਫਿਲਮਾਂ ਦਾ ਜ਼ਰੂਰੀ ਅੰਗ ਹਨ) ਚੁੱਕ ਕੇ ਬਾਹਰ ਨਹੀਂ ਸੁੱਟ ਦਿੰਦੀ।

ਚਾਰਲੀ ਚੈਪਲਿਨ ਨੇ ਆਪਣਾ ਫਿਲਮੀ ਕਰੀਅਰ 'ਮੇਕਿੰਗ ਏ ਲਿਵਿੰਗ' ਤੋਂ ਸ਼ੁਰੂ ਕੀਤਾ। ਉਨ੍ਹਾਂ ਦਿਨਾਂ ਵਿਚ ਛੋਟੀਆਂ ਕਾਮੇਡੀ ਫਿਲਮਾਂ ਦਾ ਬੋਲਬਾਲਾ ਸੀ ਅਤੇ ਇਨ੍ਹਾਂ ਬਾਬਤ ਦਰਸ਼ਕਾਂ ਵਿਚ ਜਗਿਆਸਾ ਵੀ ਬਹੁਤ ਸੀ। ਕੁਝ ਮੁਢਲੀਆਂ ਤੇ ਸਸਤੀਆਂ ਜਿਹੀਆਂ ਫਿਲਮਾਂ ਬਣਾਉਣ ਤੋਂ ਬਾਅਦ ਉਸ ਦੇ ਸਟੂਡੀਓ ਦੇ ਮਾਲਕ ਤੇ ਆਪਣੇ ਨਿਰਮਾਤਾ ਨਾਲ ਮਤਭੇਦ ਸ਼ੁਰੂ ਹੋ ਗਏ ਜਿਨ੍ਹਾਂ ਦਾ ਕਾਰਨ ਵਿਚਾਰਧਾਰਕ ਤੇ ਸਿਆਸੀ ਪਹੁੰਚ ਦਾ ਵਖਰੇਂਵਾਂ ਸੀ। ਉਸ ਨੂੰ ਸਮਝ ਆ ਗਿਆ ਕਿ ਫਿਲਮ ਬਹੁਤ ਸਮਰੱਥ ਵਿਚਾਰਧਾਰਕ ਮਾਧਿਅਮ ਦੇ ਤੌਰ 'ਤੇ ਆਮ ਲੋਕਾਂ ਦੀ ਜ਼ਿੰਦਗੀ ਨੂੰ ਸੋਚਣ-ਸਮਝਣ ਲਈ ਵਰਤਿਆ ਜਾ ਸਕਦਾ ਹੈ ਅਤੇ ਸਿਰਫ ਮਨੋਰੰਜਨ ਕਰਨਾ ਇਸ ਦਾ ਅੰਤਿਮ ਉਦੇਸ਼ ਨਹੀਂ ਹੋ ਸਕਦਾ। ਇਸ ਤੋਂ ਬਾਅਦ ਉਸ ਨੇ ਖੁਦ ਹੀ ਫਿਲਮਾਂ ਦੇ ਨਿਰਮਾਣ 'ਤੇ ਜ਼ੋਰ ਦੇ ਦਿੱਤਾ। ਇਹ ਉਸ ਦੀ ਮਿਹਨਤ ਦਾ ਹੀ ਨਤੀਜਾ ਸੀ ਕਿ ਅਗਲੇ ਕੁਝ ਸਾਲਾਂ ਵਿਚ ਉਸ ਦਾ ਜਾਦੂ ਅਮਰੀਕੀ ਫਿਲਮ ਜਗਤ ਦੇ ਸਿਰ ਚੜ੍ਹ ਬੋਲਣ ਲੱਗਾ।

ਫਿਲਮ 'ਸਿਟੀ ਲਾਈਟਸ' ਦੀ ਕਹਾਣੀ ਵਿਚ ਚਾਰਲੀ ਚੈਪਲਿਨ ਇੱਕ ਸਾਮਰਾਜੀ ਮੁਲਕ ਦੀਆਂ ਗਲੀਆਂ ਵਿਚ ਗਰੀਬਾਂ ਦੀ ਹੋਣੀ 'ਤੇ ਤਿੱਖਾ ਵਿਅੰਗ ਕਰਦਾ ਹੈ। ਉਸ ਨੂੰ ਫੁੱਲ ਵੇਚਣ ਵਾਲੀ ਇਕ ਕੁੜੀ ਜੋ ਦੇਖ ਨਹੀਂ ਸਕਦੀ, ਨਾਲ ਮੁਹੱਬਤ ਹੋ ਜਾਂਦੀ ਹੈ। ਉਹ ਵੱਖੋ-ਵੱਖਰੇ ਢੰਗਾਂ ਨਾਲ ਉਸ ਦੀ ਮਦਦ ਕਰਨਾ ਚਾਹੁੰਦਾ ਹੈ ਪਰ ਉਸ ਨੂੰ ਪਤਾ ਹੈ ਕਿ ਇਸ ਪ੍ਰਬੰਧ ਵਿਚ ਉਸ ਦੇ ਇਹ ਯਤਨ ਕਿੰਨੇ ਨਾਕਾਫੀ ਹਨ। ਉਸ ਨੂੰ ਸਮਝ ਹੈ ਕਿ ਮਸਲਾ ਸਿਰਫ ਕੁੜੀ ਦੇ ਗਰੀਬ ਹੋਣ ਦਾ ਨਹੀਂ ਸਗੋਂ ਗਰੀਬਾਂ ਨੂੰ ਹਮੇਸ਼ਾ ਗਰੀਬ ਰੱਖਣ ਦੀ ਸਿਆਸਤ ਨਾਲ ਜੁੜਿਆ ਹੋਇਆ ਹੈ। ਫਿਲਮ ਵਿਚ ਉਹ ਅਮੀਰੀ ਅਤੇ ਗਰੀਬੀ ਦੀਆਂ ਵੱਖ-ਵੱਖ ਹਾਲਤਾਂ ਵਿਚੋਂ ਗੁਜ਼ਰਦਾ ਹੈ। ਉਸ ਦੁਆਰਾ ਇੱਕ ਅਮੀਰ ਬੰਦੇ ਦੀ ਜਾਨ ਬਚਾਉਣ ਕਾਰਨ ਉਹ ਬੰਦਾ ਉਸ ਨੂੰ ਆਪਣੇ ਘਰ ਰੱਖ ਕੇ ਉਸ ਨੂੰ ਅਮੀਰਾਂ ਦੀ ਖੋਖਲੀ ਤੇ ਫੂੰ-ਫਾਂ ਵਾਲੀ ਦੁਨੀਆ ਦੇਖਣ ਦਾ ਮੌਕਾ ਦਿੰਦਾ ਹੈ। ਦੂਜੇ ਪਾਸੇ ਫੁੱਲ ਵੇਚਣ ਵਾਲੀ ਕੁੜੀ ਤੇ ਉਸ ਦੀ ਦਾਦੀ ਉਹਨੂੰ ਮਾਨਵੀ ਮੁੱਲਾਂ ਤੇ ਇਮਾਨਦਾਰੀ ਨਾਲ ਜੋੜੀ ਰੱਖਦੇ ਹਨ।

ਇਸ ਫਿਲਮ ਵਿਚ ਚਾਰਲੀ ਚੈਪਲਿਨ ਮੁੱਖ ਤੌਰ 'ਤੇ ਸ਼ਹਿਰਾਂ ਦੀਆਂ ਗਲੀਆਂ ਵਿਚ ਛੋਟਾ ਮੋਟਾ ਸਾਮਾਨ ਵੇਚ ਕੇ ਗੁਜ਼ਾਰਾ ਕਰ ਰਹੇ ਲੋਕਾਂ ਦੀ ਜ਼ਿੰਦਗੀ ਨੂੰ ਦਰਸ਼ਕਾਂ ਸਾਹਮਣੇ ਪੇਸ਼ ਕਰਦਾ ਹੈ। ਅਮਰੀਕੀ ਵਿਕਾਸ ਮਾਡਲ ਨੇ ਉਸ ਦੌਰ ਵਿਚ ਹੀ ਆਉਣ ਵਾਲੇ ਸਾਲਾਂ ਲਈ ਅਜਿਹੀ ਦੁਨੀਆ ਦੀ ਨੀਂਹ ਰੱਖ ਦਿੱਤੀ ਸੀ ਜਿੱਥੇ ਆਰਥਿਕ ਅਸਮਾਨਤਾ ਅਤੇ ਸਮਾਜਿਕ ਪਾੜਿਆਂ ਦੌਰਾਨ ਲੱਖਾਂ ਲੋਕਾਂ ਨੂੰ ਦਿਹਾਤੀ ਇਲਾਕਿਆਂ ਅਤੇ ਅਵਿਕਸਿਤ ਮੁਲਕਾਂ ਤੋਂ ਰੋਜ਼ੀ-ਰੋਟੀ ਦੀ ਤਲਾਸ਼ ਵਿਚ ਵੱਡੇ ਸ਼ਹਿਰਾਂ ਦਾ ਰੁਖ ਕਰਨਾ ਪਿਆ। ਇਹ ਲੰਗੜਾ ਵਿਕਾਸ ਹੁਣ ਤੱਕ ਜਾਰੀ ਹੈ। ਇਸ ਸਾਰੇ ਬਿਰਤਾਂਤ ਵਿਚ ਚਾਰਲੀ ਚੈਪਲਿਨ ਵਰਗੇ ਸੁਹਿਰਦ ਕਲਾਕਾਰ ਤੇ ਸੰਵੇਦਨਸ਼ੀਲ ਫਿਲਮਸਾਜ਼ ਦੀਆਂ ਕੋਸ਼ਿਸਾਂ ਨੂੰ ਕਿਵੇਂ ਭੁੱਲਿਆ ਜਾ ਸਕਦਾ ਹੈ ਜਿਸ ਨੂੰ ਇਸ ਸਰਮਾਏਦਾਰੀ ਤੇ ਸਾਮਰਾਜੀ-ਪ੍ਰਬੰਧ ਦੀ ਆਲੋਚਨਾ ਕਾਰਨ ਅਮਰੀਕਾ ਤੋਂ ਜਲਾਵਤਨ ਹੋਣਾ ਪਿਆ ਤੇ ਆਪਣੇ ਕਰੀਅਰ ਨੂੰ ਦਾਅ 'ਤੇ ਲਗਾਉਣਾ ਪਿਆ!








*ਖੱਬਿਓਂ: ਅਮਰੀਕੀ ਸ਼ਹਿਰ ਲਾਸ ਏਂਜਲਸ ਵਿਚ 1931 ਵਿਚ ਫਿਲਮ 'ਸਿਟੀ ਲਾਈਟਸ' ਦੇ ਪ੍ਰੀਮੀਅਰ ਮੌਕੇ ਉਘੇ ਵਿਦਵਾਨ ਅਲਬਰਟ ਆਈਨਸਟਾਈਨ ਨਾਲ ਚਾਰਲੀ ਚੈਪਲਿਨ ਅਤੇ ਫਿਲਮ ਦੇ ਦੋ ਦ੍ਰਿਸ਼।*

# ਕਿਸਾਨਾਂ ਦੇ ਹੱਕ ਵਿਚ ਨਿੱਤਰੇ ਫਿਲਮੀ ਸਿਤਾਰੇ

ਖੇਤੀ ਕਾਨੂੰਨਾਂ ਖਿਲਾਫ ਅੰਦੋਲਨ ਕਰ ਰਹੇ ਕਿਸਾਨਾਂ ਨੂੰ ਸਿਆਸੀ ਧਿਰਾਂ ਤੋਂ ਹਮਾਇਤ ਮਿਲਣ ਮਗਰੋਂ ਬਾਲੀਵੁੱਡ ਵੀ ਉਨ੍ਹਾਂ ਦੀ ਪਿੱਠ 'ਤੇ ਆ ਗਿਆ ਹੈ। ਅਦਾਕਾਰਾ ਪ੍ਰਿਯੰਕਾ ਚੋਪੜਾ ਅਤੇ ਸੋਨਮ ਕਪੂਰ ਸਮੇਤ ਹੋਰ ਹਸਤੀਆਂ ਨੇ ਕਿਸਾਨਾਂ ਦੇ ਸੰਘਰਸ਼ ਨੂੰ ਹਮਾਇਤ ਦਿੱਤੀ ਹੈ। ਅਦਾਕਾਰ ਦਿਲਜੀਤ ਦੁਸਾਂਝ, ਹਰਭਜਨ ਮਾਨ, ਜਸਬੀਰ ਜੱਸੀ, ਰਿਤੇਸ਼ ਦੇਸ਼ਮੁਖ, ਡਾਇਰੈਕਟਰ ਹੰਸਲ ਮਹਿਤਾ ਅਤੇ ਹੋਰ ਪਹਿਲਾਂ ਹੀ ਕਿਸਾਨਾਂ ਦੇ ਪੱਖ 'ਚ ਆ ਚੁੱਕੇ ਹਨ। ਦਿਲਜੀਤ ਵੱਲੋਂ ਦਿੱਲੀ 'ਚ ਪ੍ਰਦਰਸ਼ਨ ਵਾਲੀ ਥਾਂ ਤੋਂ ਇਕਜੁੱਟਤਾ ਦੇ ਦਿੱਤੇ ਗਏ ਸੁਨੇਹੇ ਦੇ ਜਵਾਬ 'ਚ ਪ੍ਰਿਯੰਕਾ ਨੇ ਟਵੀਟ ਕਰਕੇ ਕਿਹਾ ਕਿ ਕਿਸਾਨਾਂ ਦੇ ਤੌਖਲਿਆਂ ਦਾ ਛੇਤੀ ਨਿਬੇੜਾ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ, "ਸਾਡੇ ਕਿਸਾਨ ਮੁਲਕ ਦੇ ਅੰਨਦਾਤੇ ਹਨ। ਉਨ੍ਹਾਂ ਦੇ ਖਦਸ਼ਿਆਂ ਨੂੰ ਦੂਰ ਕਰਨ ਦੀ ਲੋੜ ਹੈ। ਸਫਲ ਲੋਕਤੰਤਰ ਹੋਣ ਕਾਰਨ ਸਾਨੂੰ ਦੇਰੀ ਨਾਲੋਂ ਛੇਤੀ ਮਸਲਾ ਸੁਲਝਾਉਣਾ ਚਾਹੀਦਾ ਹੈ।" ਸੋਨਮ ਕਪੂਰ ਨੇ ਟਵਿੱਟਰ 'ਤੇ ਕਿਸਾਨਾਂ ਨੂੰ 'ਮਨੁੱਖੀ ਸੱਭਿਅਤਾ ਦੇ ਬਾਨੀ' ਕਰਾਰ ਦਿੱਤਾ ਹੈ। ਅਦਾਕਾਰਾ ਪ੍ਰਿਟੀ ਜ਼ਿੰਟਾ ਨੇ ਕਿਸਾਨਾਂ ਨੂੰ 'ਧਰਤੀ ਦੇ ਰਾਖੇ' ਕਰਾਰ ਦਿੰਦਿਆਂ ਕਿਹਾ ਕਿ ਮਹਾਮਾਰੀ ਅਤੇ ਠੰਢ ਦੌਰਾਨ ਅੰਦੋਲਨ ਕਰ ਰਹੇ ਕਿਸਾਨ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਉਹ ਫਿਕਰਮੰਦ ਹੈ। ਰਿਤੇਸ਼ ਦੇਸ਼ਮੁਖ ਨੇ ਕਿਹਾ ਕਿ ਜਦੋਂ ਅੰਨ ਖਾਣ ਲੱਗੋ ਤਾਂ ਕਿਸਾਨਾਂ ਦਾ ਧੰਨਵਾਦ ਜ਼ਰੂਰ ਕਰੋ। ਉਨ੍ਹਾਂ 'ਜੈ ਕਿਸਾਨ' ਦਾ ਨਾਅਰਾ ਬੁਲੰਦ ਕਰਦਿਆਂ ਦੇਸ਼ ਦੇ ਕਿਸਾਨਾਂ ਨਾਲ ਇਕਜੁੱਟਤਾ ਪ੍ਰਗਟਾਈ। ਅਦਾਕਾਰਾ ਚਿਤਰਾਂਗਦਾ ਸਿੰਘ ਨੇ ਕਿਹਾ ਕਿ ਕਿਸਾਨ ਆਪਣੇ ਖੂਨ-ਪਸੀਨੇ ਨਾਲ ਬਿਨਾਂ ਥੱਕੇ ਖੇਤੀ ਕਰਕੇ ਸਾਰਿਆਂ ਦਾ ਢਿੱਡ ਭਰਦੇ ਹਨ ਜਿਸ ਕਰਕੇ ਕਿਸਾਨਾਂ ਦਾ ਸਤਿਕਾਰ ਕੀਤਾ ਜਾਵੇ। ਅਦਾਕਾਰਾ ਰਿਚਾ ਚੱਢਾ, ਤਾਪਸੀ ਪਨੂੰ, ਸਵਰਾ ਭਾਸਕਰ ਅਤੇ ਮੁਹੰਮਦ ਜ਼ੀਸ਼ਾਨ ਅਯੂਬ ਨੇ ਵੀ ਟਵੀਟ ਕਰਕੇ ਕਿਸਾਨਾਂ ਨੂੰ ਹਮਾਇਤ ਦਿੱਤੀ ਹੈ।

ਦੂਜੇ ਬੰਨੇ ਕੰਗਨਾ ਰਣੌਤ ਵਰਗੀਆਂ ਅਦਾਕਾਰਾਵਾਂ ਵੀ ਹਨ ਜੋ ਸੱਤਾਧਾਰੀਆਂ ਦੀ ਚਾਪਲੂਸੀ ਕਰਦੀਆਂ ਕਰਦੀਆਂ ਘੋਲ ਕਰ ਰਹੇ ਕਿਸਾਨਾਂ ਨੂੰ ਅਤਿਵਾਦੀ ਤੱਕ ਆਖ ਰਹੀਆਂ ਹਨ।







*ਸੋਨਮ ਕਪੂਰ, ਰਿਤੇਸ਼ ਦੇਸ਼ਮੁਖ ਅਤੇ ਚਿਤਰਾਂਗਦਾ ਸਿੰਘ।*

Tel.: 317-426-5410
Ext. 2001 & 2403

XPressCargo

100% ਓਨਰ ਆਪਰੇਟਰ ਕੰਪਨੀ

Pay Every Week

Pay Single 48 Cent + Team 58 Cent

100% OWNER OPERATOR COMPANY

IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ

ਵੀਕਲੀ ਹੋਮ

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

Hiring Owner Operators and Drivers

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com